‘ਮਾਨ’ ਪੰਜਾਬ ਦੇ

## ਨਿੰਦਰ ਘੁਗਿਆਣਵੀ ਦੀਆਂ ਹੋਰ ਪੁਸਤਕਾਂ

1. ਤੂੰਬੀ ਦੇ ਵਾਰਿਸ (ਜੀਵਨੀਆਂ) 1994
2. ਗੋਧਾ ਅਰਦਲੀ (ਨਾਵਲੈੱਟ) 1997
3. ਅਮਰ ਆਵਾਜ਼ (ਜੀਵਨੀ-ਯਮਲਾ ਜੱਟ) 1997
4. ਕੁੱਲੀ ਵਾਲਾ ਫ਼ਕੀਰ (ਜੀਵਨੀ-ਪੂਰਨ ਸ਼ਾਹਕੋਟੀ) 1998
5. ਲੋਕ-ਗੀਤ ਵਰਗਾ ਹੰਸ (ਹੰਸ ਰਾਜ ਹੰਸ ਬਾਰੇ) 1999
6. ਗੁਰਚਰਨ ਵਿਰਕ ਦਾ ਗੀਤ ਸੰਸਾਰ (ਜੀਵਨੀ ਤੇ ਕਲਾ) 1999
7. ਸ਼ਰਧਾਂਜਲੀ : ਡਾ. ਸੰਜੇ ਬਲਰਾਜ (ਸੰਪਾਦਨਾ) 1999
8. ਕਰਨੈਲ ਸਿੰਘ ਪਾਰਸ-ਜੀਵਨ ਤੇ ਰਚਨਾ - 2000
9. ਜਗਦੇਵ ਸਿੰਘ ਜੱਸੋਵਾਲ : ਜੀਵਨ ਤੇ ਸ਼ਖ਼ਸੀਅਤ - 2000
10. Jagdev Singh Jassowal living legend of Punjabi Culture (ਅੰਗਰੇਜ਼ੀ ਅਨੁਵਾਦ) - 2001
11. ਇਤਿਹਾਸ ਦੇ ਖ਼ਾਲੀ ਪੰਨੇ (ਹਿੰਦੀ ਕਹਾਣੀਆਂ ਦਾ ਪੰਜਾਬੀ ਅਨੁਵਾਦ)-2000
12. ਵਡਮੁੱਲਾ ਪਾਰਸ (ਕਰਨੈਲ ਸਿੰਘ ਪਾਰਸ ਬਾਰੇ - ਸੰਪਾਦਨ) - 2001
13. ਮੈਂ ਸਾਂ ਜੱਜ ਦਾ ਅਰਦਲੀ - (ਵਾਰਤਕ-2001)
14. ਮਾਨ ਪੰਜਾਬ ਦੇ - (ਰੇਖਾ-ਚਿਤਰ-2001)
15. eSa vkSj esjk lkgc - (ਹਿੰਦੀ ਅਨੁਵਾਦ-2001)
16. ਪੰਜ ਫੁੱਲ - (ਸ਼ਬਦ ਚਿਤਰ)
17. ਰੰਗੀਲੜੇ ਕਲਾਕਾਰ - (ਸ਼ਬਦ ਚਿਤਰ)
18. ਮਿੱਠੀਆਂ-ਲੂਣੀਆਂ ਪਕੌੜੀਆਂ - (ਵਿਅੰਗ)
19. ਸੁਰਾਂ ਦੇ ਪੁਜਾਰੀ - (55 ਗਾਇਕਾਂ ਬਾਰੇ ਹਿੰਦੀ ਲੇਖਾਂ ਦਾ ਪੰਜਾਬੀ ਅਨੁਵਾਦ) ਸੂਚਨਾ ਅਤੇ ਪ੍ਰਸਾਰਨ ਵਿਭਾਗ ਭਾਰਤ ਸਰਕਾਰ ਵੱਲੋਂ

# 'ਮਾਨ' ਪੰਜਾਬ ਦੇ

(ਰੇਖਾ-ਚਿਤਰ ਅਤੇ ਲੇਖ)

*ਨਿੰਦਰ ਘੁਗਿਆਣਵੀ*

**ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ**

**'ਮਾਨ' ਪੰਜਾਬ ਦੇ**
(ਰੇਖਾ-ਚਿਤਰ ਅਤੇ ਲੇਖ)

*ਨਿੰਦਰ ਘੁਗਿਆਣਵੀ*
V.P.O. ਘੁਗਿਆਣਾ
ਜ਼ਿਲ੍ਹਾ ਤੇ ਤਹਿ. ਫਰੀਦਕੋਟ - 151203
01639-28077 (R)
20398 (O)

ਪਹਿਲੀ ਵਾਰ : ਜੁਲਾਈ, 2001

© ਲੇਖਕ

**ਪ੍ਰਕਾਸ਼ਕ :**
*ਵਿਸ਼ਵ ਭਾਰਤੀ ਪ੍ਰਕਾਸ਼ਨ,*
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 01679-33244, 41744
e-mail : amitter@jla.vsnl.net.in
www.thepunjabi.com

**ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।**

**ਕੀਮਤ :ਪੇਪਰ ਬੈਕ 60 ਰੁਪਏ**

ਪੰਜਾਬੀ ਗੀਤਾਂ ਦੇ ਬਾਦਸ਼ਾਹ

ਬਾਬੂ ਸਿੰਘ ਮਾਨ

ਮਰਾੜ੍ਹਾਂ ਵਾਲੇ

ਦੀ

ਮੋਹ-ਭਿੱਜੀ

ਅਤੇ

ਨਰੋਈ ਕਲਮ ਨੂੰ!



# ਮਾਨਾਂ ਬਾਰੇ

ਜਿੱਧਰ ਦੇਖੋ, 'ਮਾਨ ਹੀ ਮਾਨ' ਛਾਏ ਹੋਏ ਹਨ, ਬੜੀ ਚੜ੍ਹਤ ਹੈ ਮਾਨਾਂ ਦੀ! ਕੋਈ ਵੀ ਖੇਤਰ ਲੈ ਲਵੋ, ਫਿਲਮਾਂ 'ਚ ਮਾਨ, ਗਵੱਈਏ ਮਾਨ, ਗੀਤਕਾਰ ਮਾਨ, ਖਿਡਾਰੀ ਮਾਨ, ਸਾਹਿਤਕਾਰ ਮਾਨ, ਪੱਤਰਕਾਰ ਮਾਨ ਤੇ ਸਿਆਸਤ ਵਿਚ ਵੀ ਮਾਨ। ਇਸ ਪੁਸਤਕ ਵਿਚ 'ਸਿਆਸਤੀ ਮਾਨ' ਸ਼ਾਮਲ ਨਹੀਂ ਹਨ, ਸਿਰਫ਼ ਕਲਾ ਖੇਤਰ ਦੇ ਮਾਨ ਹੀ ਲਏ ਗਏ ਹਨ, ਕਿਉਂਕਿ ਕਲਾ ਅਤੇ ਸਿਆਸਤ ਦਾ ਆਪਸੀ ਕੋਈ ਜੋੜ-ਮੇਲ ਨਹੀਂ, ਇਹ ਗੱਲ ਵੱਖ ਐ ਕਿ ਅੱਜ, ਕਲਾ ਦੇ ਖੇਤਰ ਵਿਚ ਵੀ ਸਿਆਸਤ ਆਣ ਘੁਸੀ ਹੈ, ਜੋ ਕਲਾ ਅਤੇ ਕਲਾਕਾਰਾਂ ਲਈ ਬੜੀ ਹੀ ਮੰਦਭਾਗੀ ਹੈ।

ਹਥਲੀ ਪੁਸਤਕ ਵਿਚ ਜਿਹੜਿਆਂ ਮਾਨਾਂ ਬਾਰੇ ਲਿਖਿਆ ਹੈ, ਇਹ ਸੱਭੇ ਆਪੋ-ਆਪਣੇ ਕਲਾ ਖੇਤਰ ਵਿਚ ਪਰਵਾਨ ਚੜ੍ਹੇ ਹੋਏ ਹਨ। ਕੁਝ ਜਿਹੜੇ ਨਵਿਆਂ ਬਾਰੇ ਲਿਖਿਆ ਹੈ, ਉਹ ਵੀ ਆਪਣੇ ਖੇਤਰ ਵਿਚ ਚਰਚਿਤ ਹਨ। ਤੇ ਹੋਰ ਪ੍ਰਸਿੱਧੀ ਲਈ ਯਤਨ ਕਰਨ 'ਚ ਜੁਟੇ ਹੋਏ ਹਨ। ਇਹਨਾਂ ਵਿਚੋਂ ਬਹੁਤਿਆਂ ਨਾਲ ਮੇਰਾ ਨੇੜਲਾ ਵਾਹ ਵੀ ਹੈ ਅਤੇ ਮੈਂ ਏਥੇ ਇਹ ਦਾਅਵਾ ਵੀ ਬਿਲਕੁਲ ਨਹੀਂ ਕਰਾਂਗਾ ਕਿ ਮੈਂ ਇਹਨਾਂ ਮਾਨਾਂ ਨੂੰ ਐਨ ਅੰਦਰੋਂ-ਬਾਹਰੋਂ ਦੇਖ-ਪਰਖ ਕੇ ਹੀ ਇਹਨਾਂ ਬਾਰੇ ਲਿਖਿਆ ਹੈ। ਇਹ ਤਾਂ ਏਨਾ ਕੁ ਹੰਭਲਾ (ਛੋਟਾ ਜਿਆ) ਕਿਹਾ ਜਾ ਸਕਦੈ ਬਈ ਇਕੋ ਤਬਕੇ ਦੇ ਕੁਝ ਉੱਘੇ ਬੰਦਿਆਂ ਨੂੰ ਇਸ ਪੁਸਤਕ ਵਿਚ ਇਕੱਠਿਆਂ ਕੀਤਾ ਗਿਆ ਹੈ। ਇਹਨਾਂ ਬਾਰੇ ਲਿਖਣ ਖਾਤਰ ਇਹਨਾਂ ਮਗਰ ਕਈ-ਕਈ ਗੇੜੇ ਘੱਤੇ, ਕਈ-ਕਈ ਵਾਰ ਫ਼ੋਨ ਘੁਮਾਏ, ਚਿੱਠੀਆਂ ਲਿਖੀਆਂ, ਸੁਨੇਹੇ ਘੱਲੇ-ਘਲਵਾਏ। ਗੁਰਦਾਸ ਮਾਨ ਹੀ ਇਸ ਪੁਸਤਕ ਵਿਚਲਾ ਉਹ ਕਲਾਕਾਰ ਹੈ, ਜਿਹਨੂੰ ਮੈਂ ਯਤਨ ਕਰਨ 'ਤੇ ਵੀ ਮਿਲ ਨਹੀਂ ਸਕਿਆ, ਤੇ ਬਿਨਾਂ ਮਿਲੇ ਉਹਦੇ ਬਾਬਤ ਇਥੇ ਲਿਖਿਆ ਹੈ। ਬਾਕੀ ਸਭਨਾਂ ਨੂੰ ਕਈ-ਕਈ ਵੇਰੀ ਮਿਲਿਆ ਹਾਂ, ਉਹਨਾਂ ਬਾਰੇ ਪੜ੍ਹਿਆ ਹੈ, ਸੁਣਿਆ ਹੈ, ਵੇਖਿਆ ਹੈ, ਨਾਲ ਤੁਰਿਆ-ਫਿਰਿਆ ਹਾਂ ਤੇ ਫੇਰ ਲਿਖਿਆ ਹੈ ਅਤੇ ਜਿੰਨ੍ਹਾਂ ਬਾਰੇ ਸੰਖੇਪ ਰੂਪ ਵਿਚ ਲਿਖਿਆ ਹੈ, ਇਹਨਾਂ ਨੂੰ ਵੀ ਮੈਂ, ਨਹੀਂ ਮਿਲਿਆ, ਘੱਟ ਮਿਲਿਆ ਹਾਂ।

ਗੁਰਦੇਵ ਸਿੰਘ ਮਾਨ 'ਮਿੱਤਰਾਂ ਦੀ ਲੂਣ ਦੀ ਡਲੀ' ਗੀਤ ਲਿਖਕੇ ਮਸ਼ਹੂਰ ਹੋਇਆ ਸੀ। ਗੀਤਕਾਰ ਦੇ ਨਾਲ ਉਹ ਉੱਘਾ ਸਾਹਿਤਕਾਰ ਵੀ ਹੈ। 'ਸ਼੍ਰੋਮਣੀ ਪੁਰਸਕਾਰ' ਨਾਲ ਉਸ ਨੂੰ ਪੰਜਾਬ ਸਰਕਾਰ ਨੇ ਸਨਮਾਨਿਆ ਹੈ। ਤੇਜਵੰਤ ਸਿੰਘ ਮਾਨ ਪੰਜਾਬੀ ਲੇਖਕਾਂ ਤੇ ਮਾਂ ਬੋਲੀ ਦਾ ਸੱਚਾ ਹਮਦਰਦ ਹੈ, ਕਿੰਨ੍ਹੀਆਂ ਹੀ ਪੁਸਤਕਾਂ ਦਾ ਲਿਖਾਰੀ ਤੇ ਸਾਹਿਤ-ਜਗਤ 'ਚ ਖ਼ੂਬ ਮੰਨਿਆ ਹੋਇਆ ਚਰਚਿਤ ਬੰਦਾ। ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ ਤਿੰਨਾਂ ਪੀੜ੍ਹੀਆਂ ਦਾ ਮੰਨਿਆ ਹੋਇਆ ਗੀਤਕਾਰ, ਅੱਜ ਫੇਰ ਬਹੁ-ਪ੍ਰਸਿੱਧ ਹੈ, ਨਵੀਂ ਪੀੜ੍ਹੀ ਦੇ ਗਵੱਈਏ ਉਹਦੇ ਗੀਤ ਗਾਉਣਾ ਆਪਣੀ ਪ੍ਰਾਪਤੀ ਸਮਝਦੇ ਹਨ। ਗਾਇਕਾਂ ਵਿਚ ਗੁਰਦਾਸ ਮਾਨ, ਹਰਭਜਨ ਮਾਨ, ਬੱਬੂ ਮਾਨ, ਗੁਰਸੇਵਕ ਮਾਨ, ਰੰਗਾ ਸਿੰਘ ਮਾਨ ਹੋਰਾਂ ਨੂੰ ਭਲਾ ਕਿਹੜਾ ਪੰਜਾਬੀ ਨਹੀਂ ਜਾਣਦਾ ? ਹੁਣ ਤਾਂ ਹੋਰ ਵੀ ਬੜੇ ਮਾਨ (ਜੋ ਉਭਰਦੇ ਗਾਇਕ-ਗੀਤਕਾਰ ਹਨ) ਇਸ ਖੇਤਰ ਵੰਨੀਂ ਵਹੀਰਾਂ ਘੱਤੀ ਆ ਰਹੇ ਹਨ। ਕਵੀ, ਕਹਾਣੀਕਾਰ ਅਤੇ ਗ਼ਜ਼ਲਗੋ, ਨਾਟਕਕਾਰ ਤੇ

ਡਾਇਰੈਕਟਰ ਵੀ ਹਨ ਮਾਨ, ਚਾਹੇ ਉਹ ਘੱਟ ਮਸ਼ਹੂਰ ਹਨ। ਭਗਵੰਤ ਮਾਨ ਦੀ ਆਪਣੀ ਵਿਲੱਖਣਤਾ ਹੈ। ਜਗਜੀਤ ਮਾਨ ਪੰਜਾਬ ਦਾ ਪਹਿਲਾ ਸਿਵਲ ਆਫੀਸਰ ਹੈ, ਜਿਹੜਾ ਪੈਰਾਗਲਾਈਡ ਦੇ ਖੇਤਰ ਵਿਚ ਚਰਚਿਤ ਹੋਇਐ ਤੇ ਪੰਜ ਹਜ਼ਾਰ ਫੁੱਟ ਉੱਚੀ ਉਡਾਣ ਭਰ ਆਇਆ ਹੈ।

ਸਾਰਿਆਂ ਬਾਰੇ ਏਸ ਪੁਸਤਕ ਵਿਚ ਨਾ ਲਿਖ ਸਕਣਾ, ਮੇਰੀ ਮਜਬੂਰੀ ਸੀ, ਏਸ ਲਈ ਮਾਫ਼ੀ!

ਮਾਨ ਗੋਤ ਦੇ ਪਿਛੋਕੜ ਬਾਰੇ ਇਹ ਪਤਾ ਚਲਦਾ ਹੈ ਕਿ ਇਹਨਾਂ ਦੇ ਵਡੇਰੇ ਦਾ ਨਾਂ ਮਾਨ ਪਾਲ ਸੀ। ਸ਼ੱਕ ਜਾਤੀ ਦੇ ਇਹ ਲੋਕ ਈਸਾ ਤੋਂ 160 ਵਰ੍ਹੇ ਪਹਿਲਾਂ ਟੈਕਸਲਾ (ਅੱਜ ਕੱਲ੍ਹ ਪਾਕਿਸਤਾਨ ਵਿਚ) ਮੱਧ ਏਸ਼ੀਆ ਤੋਂ ਆਣ ਕੇ ਵੱਸੇ ਸਨ। ਆਰੀਆ ਲੋਕਾਂ ਦੇ ਵੱਖੋ-ਵੱਖ ਕਬੀਲੇ ਮੱਧ ਏਸ਼ੀਆ ਤੋਂ ਚੱਲ ਕੇ ਵੱਖ-ਵੱਖ ਦੇਸ਼ ਘੁੰਮਦੇ-ਘੁਮਾਂਦੇ ਅੱਜ ਕੱਲ੍ਹ ਦੇ ਪੰਜਾਬ ਅਤੇ ਰਾਜਸਥਾਨ ਪੁੱਜੇ ਅਤੇ ਕੁਝ ਮੱਧ ਏਸ਼ੀਆ ਤੋਂ ਹੀ ਯੂਰਪ ਅਤੇ ਯੂਨਾਨ ਵੱਲ ਚੱਲ ਪਏ ਸਨ। ਯੂਨਾਨ ਅਤੇ ਯੂਰਪ ਵਿਚ ਵੀ ਮਾਨ ਗੋਤਰ ਪਾਇਆ ਜਾਂਦਾ ਹੈ। ਥਾਮਸ ਮਾਨ ਯੂਰਪ ਦਾ ਵੱਡਾ ਤੇ ਨਾਮਵਰ ਸਾਹਿਤਕਾਰ ਹੋਇਆ ਹੈ।

ਇਹ ਲੋਕ ਸ਼ਿਵ ਗੋਤਰੀ ਹਨ, ਇਹਨਾਂ ਦੇ ਵੱਡੇ-ਵਡੇਰੇ ਸ਼ਿਵ ਦੀ ਪੂਜਾ ਕਰਦੇ ਸਨ, ਇਸੇ ਲਈ ਇਹਨਾਂ ਨੂੰ ਸ਼ਿਵ ਗੋਤਰੀ ਆਖਿਆ ਜਾਣ ਲੱਗਿਆ। ਕਨਿਸ਼ਕ ਰਾਜੇ ਦੇ ਰਾਜ ਕਾਲ ਸਮੇਂ ਵੀ ਇਹ ਲੋਕ ਪਾਏ ਜਾਂਦੇ ਸਨ। ਹੁਣ ਇਹ ਪੂਰੇ ਪੰਜਾਬ, ਖ਼ਾਸ ਕਰ ਮਾਲਵੇ ਵਿਚ ਬਹੁਤਾਤ ਰੂਪ ਵਿਚ ਵਸੇ ਹੋਏ ਹਨ। 'ਮਹਾਨ ਕੋਸ਼' ਵਿਚ ਦਰਜ ਕੀਤਾ ਮਿਲਦਾ ਹੈ ਕਿ ਹੁਸ਼ਿਆਰਪੁਰ ਦੇ ਬਾਰਾਂ ਪਿੰਡਾਂ ਵਿਚ ਪੂਰੇ ਮਾਨ ਵਸੇ ਹੋਏ ਹਨ। ਬਠਿੰਡਾ ਜ਼ਿਲ੍ਹੇ ਵਿਚ ਵੀ ਇਹ ਆਮ ਹਨ।

...... ...... ......

ਹਥਲੀ ਪੁਸਤਕ ਦਾ ਖਰੜਾ, ਸਾਡੇ ਪਿੰਡ ਲਾਗਲੇ ਕਸਬੇ ਸਾਦਿਕ ਵਿਖੇ ਆਪਣੇ ਮਿੱਤਰ ਡਾ. ਕੇਵਲ ਅਰੋੜਾ, ਅਮਰਜੀਤ ਅਰੋੜਾ ਤੇ ਸੁਖਜਿੰਦਰ ਅਰੋੜਾ ਹੋਰਾਂ ਦੇ ਮੈਡੀਕਲ ਸਟੋਰ ਵਿਚ ਬੈਠ ਕੇ ਮੈਂ ਤਿਆਰ ਕਰਦਾ ਰਿਹਾ। ਇਹ ਮੇਰੇ ਮਿੱਤਰ ਅਤੇ ਇਹਨਾਂ ਦਾ ਸਹਾਇਕ ਗੁਰਪ੍ਰੀਤ ਮਾਨੀਵਾਲਾ ਮੇਰਾ ਪੂਰਾ-ਪੂਰਾ ਖਿਆਲ ਰਖਦੇ, ਪੁਛਦੇ, "ਚਾਹ ਆਵੇ ਹੁਣ ?"

"ਬਸ ਕਰਜਾ ਹੁਣ, ਪਹਿਲਾਂ ਰੋਟੀ ਖਾ ਲਈਏ.... ਫੇ ਲਿਖ ਲੀਂ।"

ਮੇਰੇ ਇਕ ਹੋਰ ਮਿੱਤਰ ਨਵਪ੍ਰੀਤ ਸੰਧੂ (ਮਾਸਟਰ ਜੀ), ਅਮਨਦੀਪ ਢਿੱਲੋਂ ਅਤੇ ਗਾਇਕ ਕੁਲਵਿੰਦਰ ਕੰਵਲ ਨੇ ਮਾਨਾਂ ਬਾਰੇ ਕਾਫੀ ਕੁਝ ਦੱਸਿਆ। ਸਭਨਾਂ ਦਾ ਦਿਲੋਂ ਸ਼ੁਕਰੀਆ।

**- ਨਿੰਦਰ ਘੁਗਿਆਣਵੀ**
ਪਿੰਡ ਤੇ ਡਾਕ : ਘੁਗਿਆਣਾ
ਜ਼ਿਲ੍ਹਾ ਤੇ ਤਹਿ : ਫਰੀਦਕੋਟ - 151203
ਫੋਨ : 01639-28077 (ਘਰ)



# ਤਤਕਰਾ

ਮਾਨਾਂ ਬਾਰੇ/ਨਿੰਦਰ ਘੁਗਿਆਣਵੀ 6
1. ਮਾਨਾਂ ਵਿਚੋਂ ਮਾਨ — ਗੁਰਦੇਵ ਸਿੰਘ ਮਾਨ 9
2. ਸ਼ਹਿਦ ਦਾ ਮੱਘਾ — ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ 21
3. ਲੇਖਕਾਂ ਦਾ ਜਰਨੈਲ — ਡਾ. ਤੇਜਵੰਤ ਸਿੰਘ ਮਾਨ 43
4. ਰੰਗੀਲੜਾ ਮਾਨ — ਰੰਗਾ ਸਿੰਘ ਮਾਨ ਮੁਕਤਸਰੀ 51
5. ਗੁਰੂਆਂ ਦਾ ਦਾਸ — ਗੁਰਦਾਸ ਮਾਨ 61
6. ਉੱਚੀਆਂ ਉਡਾਰੀਆਂ ਭਰਦਾ — ਜਗਜੀਤ ਸਿੰਘ ਮਾਨ 73
7. ਚਿੱਟਿਆਂ ਦੰਦਾਂ ਦਾ ਹਾਸਾ... — ਹਰਭਜਨ ਮਾਨ 81
8. ਕਿਸੇ ਪਰੀ ਦੇਸ਼ ਦਾ ਰਾਜਕੁਮਾਰ (ਕਾਵਿ-ਚਿਤਰ) 94
9. ਹਾਸ-ਕਲਾ ਦਾ ਬਾਦਸ਼ਾਹ — ਭਗਵੰਤ ਮਾਨ 97
10. ਅਨੋਖਾ ਮਾਨ — ਬੱਬੂ ਮਾਨ 113
11. ਕੱਚ ਦਾ ਕੰਗਣ — ਸੰਨ੍ਹੀ ਮਾਨ 121
12. ਸੱਚਾ ਤੇ ਚੰਗਾ ਬੰਦਾ — ਬਲਜਿੰਦਰ ਮਾਨ 127
13. ਪਾਇਲਟ ਅਤੇ ਗਵੱਈਆ ਵੀ — ਗੁਰਸੇਵਕ ਮਾਨ 131

# ਮਾਨਾਂ ਵਿਚੋਂ ਮਾਨ

ਮਾਨਾਂ ਵਿਚੋਂ ਮਾਨ - ਗੁਰਦੇਵ ਸਿੰਘ ਮਾਨ ਇਕ ਅਜਿਹੀ ਸ਼ਖ਼ਸੀਅਤ ਹਨ ਜਿਹਨਾਂ ਪੰਜਾਬੀ ਸਾਹਿਤ ਜਗਤ ਵਿਚ ਤਕੜਾ - ਢੇਰ ਕੰਮ ਬੜੀ ਸੁਹਿਰਦਤਾ ਅਤੇ ਲਗਨ ਨਾਲ ਕੀਤਾ ਹੈ, ਇਸ ਲਈ ਉਹ ਬਹੁ-ਸਨਮਾਨ ਦੇ ਹੱਕਦਾਰ ਹਨ ਅਤੇ ਪੰਜਾਬ ਦੀਆਂ ਕੁਝ ਲੇਖਕ-ਸਭਾਵਾਂ ਤੋਂ ਬਿਨਾਂ ਕੈਨੇਡਾ ਅਤੇ ਹੋਰਾਂ ਦੇਸ਼ਾਂ-ਬਿਦੇਸ਼ਾਂ ਵਿਚ ਵੀ ਉਨ੍ਹਾਂ ਦੇ ਮਾਣ-ਸਨਮਾਨ ਹੋਏ ਹਨ ਅਤੇ ਸਾਲ 2000 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਉਹਨਾਂ ਨੂੰ "ਪਰਵਾਸੀ ਪੰਜਾਬੀ ਸ਼੍ਰੋਮਣੀ ਸਾਹਿਤਕਾਰ" ਦਾ ਸਨਮਾਨ ਦਿੱਤਾ ਹੈ, ਜਿਸ ਵਿਚ ਸ਼ੋਭਾ ਪੱਤਰ, ਦੋਸ਼ਾਲਾ, ਯਾਦ-ਚਿੰਨ੍ਹ ਅਤੇ ਸਵਾ ਲੱਖ ਰੁਪਏ ਦੀ ਨਕਦ ਰਾਸ਼ੀ ਵੀ ਉਹਨਾਂ ਨੂੰ ਮਿਲੀ ਹੈ। ਗੁਰਦੇਵ ਸਿੰਘ ਮਾਨ ਵਰਗੇ ਬਹੁ-ਪੱਖੀ ਸਾਹਿਤਕਾਰ ਦਾ ਸਨਮਾਨ ਕਰਨਾ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ ਹੈ।

ਤਿੰਨ ਕੁ ਵਰ੍ਹੇ ਪਹਿਲੋਂ ਜਦੋਂ ਮਾਨ ਸਾਹਬ ਕੈਨੇਡਾ ਤੋਂ ਇੱਧਰ ਆਏ ਤਾਂ ਉਹਨਾਂ ਦੇ ਸ਼ਾਗਿਰਦ ਗੁਲਜ਼ਾਰ ਸਿੰਘ ਸ਼ੌਂਕੀ ਨਾਲ ਮਲੇਰਕੋਟਲੇ ਉਹਨਾਂ ਦੇ ਘਰ ਜਾ ਕੇ ਦਰਸ਼ਨ ਕੀਤੇ ਸਨ। ਮਿਲਾਪੜੀ, ਖੁਸ਼-ਤਬੀਅਤ, ਰੰਗੀਨੀ ਅਤੇ ਸੂਝਵਾਨ-ਸਾਹਿਤਕ ਸ਼ਖ਼ਸੀਅਤ ਦੇ ਦਰਸ਼ਨ ਕਰਕੇ ਜਿੱਥੇ ਮੈਂ ਖੁਸ਼ ਹੋਇਆ ਸਾਂ ਉੱਥੇ ਇਹ ਇੱਛਾ ਵੀ ਪੈਦਾ ਹੋਈ ਕਿ ਮਾਨ ਸਾਹਬ ਦਾ ਰਚਿਆ ਸਾਹਿਤ ਵੀ ਪੜ੍ਹਿਆ ਜਾਏ। ਅਸੀਂ ਮਾਨ ਸਾਹਬ ਕੋਲ ਕੋਈ ਦੋ-ਢਾਈ ਘੰਟੇ ਬੈਠੇ ਉਹਨਾਂ ਦੀਆਂ ਗਿਆਨ-ਵਧਾਊ ਅਤੇ ਹਾਸ-ਭਰਪੂਰ ਗੱਲਾਂ ਦਾ ਆਨੰਦ ਮਾਣਦੇ ਰਹੇ ਸਨ ਅਤੇ ਇਉਂ ਲੱਗਾ ਸੀ ਜਿਵੇਂ ਦੋ-ਢਾਈ ਘੰਟੇ ਦੋ-ਢਾਈ ਮਿੰਟਾਂ ਵਾਂਗ ਹੀ ਲੰਘ ਗਏ ਹੋਣ!

ਮਾਨ ਸਾਹਬ ਦੀ ਲਿਖੀ ਨਿਬੰਧਾਂ ਅਤੇ ਹਾਸ-ਵਿਅੰਗਾਂ ਦੀ ਪੁਸਤਕ, "ਦਾਤਾ ਤੇਰੇ ਰੰਗ" ਬਾਰੇ ਲਿਖਣ ਲਈ 'ਨਵਾਂ ਜ਼ਮਾਨਾ' ਵੱਲੋਂ ਭੇਜੀ ਗਈ ਤਾਂ ਸਾਰੀ ਪੁਸਤਕ ਇੱਕੋ ਵਾਰੀ ਵਿਚ ਹੀ ਪੜ੍ਹ ਲਈ, ਹਾਸੇ ਬਿਖੇਰਦੇ ਜਾਣਕਾਰੀ ਭਰਪੂਰ, ਰੌਚਕ ਲੇਖਾਂ ਦੀ ਪੁਸਤਕ ਬਾਰੇ ਨਵਾਂ ਜ਼ਮਾਨਾ ਲਈ ਲਿਖਿਆ। ਉਸ ਪੁਸਤਕ ਵਿਚੋਂ ਖ਼ਾਸ ਤੌਰ 'ਤੇ ਮੈਨੂੰ ਮਾਨ ਸਾਹਬ ਦੇ ਲਿਖੇ ਹੋਏ ਸ਼ਬਦ-ਚਿੱਤਰ, ਜੋ ਮੱਖਣ ਸਿੰਘ ਨਿਹੰਗ, ਲਸੂੜੀ ਸ਼ਾਹ, ਬਾਬਾ ਹਾਕੂ, ਘੀਲਾ ਬਾਹਮਣ, ਭਾਨਾ ਬਘਿਆੜ, ਪੰਡਤ ਘੁਸਮੁਸਾ ਰਾਮ, ਕਮਲਾ ਜੱਗੂ, ਤੇਗੀ ਭਰਜਾਈ, ਜਲਸਾ ਸਿੰਘ ਭੇਤੀ, ਤਾਇਆ ਧਿਆਨਾ ਅਤੇ ਲੱਡੂਆਂ ਬਾਰੇ ਲਿਖਿਆ ਲੇਖ ਪਸੰਦ ਆਏ। ਇਹ ਰਚਨਾਵਾਂ ਸਾਡੇ ਜੀਂਦੇ-ਜਾਗਦੇ ਪੇਂਡੂ ਪਾਤਰਾਂ ਦੀਆਂ ਵੰਨ-ਸੁਵੰਨੀਆਂ ਅਤੇ ਰੰਗ-ਬਰੰਗੀਆਂ ਸ਼ਖ਼ਸੀਅਤਾਂ, ਉਹਨਾਂ ਦੇ ਗੁਣ-ਔਗੁਣ, ਸੁਭਾਅ, ਆਦਤਾਂ ਅਤੇ ਉਹਨਾਂ ਦੇ ਵਿਲੱਖਣ ਕਾਰਨਾਮੇ ਪ੍ਰਗਟ ਕਰਦੀਆਂ ਹਨ, ਅਜਿਹੇ ਪਾਤਰ ਪਿੰਡਾਂ ਦੀ ਬਹੁਮੁੱਲੀ ਰੌਣਕ ਹੁੰਦੇ ਹਨ।

ਨੈਸ਼ਨਲ ਬੁੱਕ ਟਰਸਟ ਇੰਡੀਆ ਵੱਲੋਂ ਪਿਆਰਾ ਸਿੰਘ ਦਾਤਾ ਦੀ ਸੰਪਾਦਤ ਕੀਤੀ ਗਈ ਪ੍ਰਕਾਸ਼ਤ ਪੁਸਤਕ "ਚੋਣਵਾਂ ਹਾਸ ਵਿਅੰਗ ਸਾਹਿਤ" ਵਿਚੋਂ ਮਾਨ ਸਾਹਬ ਦੇ ਦੋ ਚੋਣਵੇਂ ਹਾਸ-ਵਿਅੰਗ "ਜੇਬ੍ਹ ਕਤਰੇ" ਅਤੇ "ਦੰਦ ਚੰਬੇ ਦੀ ਕਲੀ ਕਿ ਹੰਸ ਮੋਤੀ", ਪੜ੍ਹੇ ਤਾਂ ਉਹਨਾਂ ਦੀਆਂ ਹੋਰ ਲਿਖਤਾਂ ਪੜ੍ਹਨੇ ਲਈ ਉਤਸ਼ਾਹ ਪੈਦਾ ਹੋ ਗਿਆ।



ਗ਼ਜ਼ਲ ਦੇ ਬਾਦਸ਼ਾਹ ਜਨਾਬ ਦੀਪਕ ਜੈਤੋਈ ਬਾਰੇ ਉਹਨਾਂ ਦਾ ਲਿਖਿਆ ਸ਼ਬਦ-ਚਿੱਤਰ ਸਾਡੇ ਵੱਲੋਂ ਪ੍ਰਕਾਸ਼ਤ ਹੁੰਦੇ ਮਾਸਿਕ ਮੈਗਜ਼ੀਨ 'ਮਿਊਜ਼ਿਕ ਟਾਈਮਜ਼' ਵਿਚ ਛਪਣੇ ਲਈ ਪੁੱਜਾ ਸੀ, ਜਦ ਉਹ ਲੇਖ ਪ੍ਰਕਾਸ਼ਤ ਹੋ ਕੇ ਆਇਆ ਤਾਂ ਪਾਠਕਾਂ ਵੱਲੋਂ ਢੇਰ ਸਾਰੇ ਖ਼ਤ ਭੇਜ ਕੇ ਉਸ ਲੇਖ ਦੀ ਉਚੇਚੀ ਸ਼ੋਭਾ-ਸਿਫ਼ਤ ਕੀਤੀ ਗਈ ਸੀ।

ਗੁਰਦੇਵ ਸਿੰਘ ਮਾਨ ਦੀਆਂ ਸਾਰੀਆਂ ਭਾਵੇਂ ਨਹੀਂ ਪਰ ਕੁਝ ਕੁ ਲਿਖਤਾਂ ਸੰਗ ਇਉਂ ਹੀ ਮੋਹ ਪਿਆ ਹੈ। ਸਾਡੇ ਪਿੰਡੋਂ ਸਾਡਾ ਲਿਖਾਰੀ ਸੱਜਣ ਸ੍ਰ. ਦਸੌਂਧਾ ਸਿੰਘ ਪੈਲ (ਜੋ ਕੁਝ ਮਹੀਨੇ ਪਹਿਲੋਂ ਸਦੀਵੀ ਵਿਛੋੜਾ ਦੇ ਗਿਆ ਸੀ) ਉਸਨੇ ਮਾਨ ਸਾਹਬ ਦਾ ਕਾਫੀ ਸਾਹਿਤ ਪੜ੍ਹਿਆ ਹੋਇਆ ਸੀ ਤੇ ਉਹ ਮੈਨੂੰ ਵੀ "ਮਾਨ ਸਰੋਵਰ" ਪੁਸਤਕ ਪੜ੍ਹਨੇ ਲਈ ਕਹਿੰਦਾ ਰਹਿੰਦਾ ਸੀ ਅਤੇ ਮਾਨ ਸਾਹਬ ਦੀਆਂ ਲਿਖਤਾਂ ਦਾ ਅਕਸਰ ਹੀ ਜ਼ਿਕਰ ਛੇੜਦਾ ਹੁੰਦਾ ਸੀ। ਗੁਲਜ਼ਾਰ ਸਿੰਘ ਸ਼ੌਂਕੀ ਅਤੇ ਪੱਤਰਕਾਰ ਰਘਬੀਰ ਸਿੰਘ ਦੇ ਸਹਿਯੋਗ ਸਦਕੇ ਅਸੀਂ 'ਮਿਊਜ਼ਿਕ ਟਾਈਮਜ਼' ਮਈ 1999 "ਗੁਰਦੇਵ ਸਿੰਘ ਮਾਨ ਵਿਸ਼ੇਸ਼ ਅੰਕ" ਪ੍ਰਕਾਸ਼ਿਤ ਕੀਤਾ ਸੀ, ਜੋ ਪਾਠਕਾਂ-ਪਿਆਰਿਆਂ ਵੱਲੋਂ ਪੜ੍ਹਿਆ ਅਤੇ ਖੂਬ ਸਲਾਹਿਆ ਗਿਆ ਸੀ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੁਰਦੇਵ ਸਿੰਘ ਮਾਨ ਦੇ ਨਾਮ ਅਤੇ ਪ੍ਰਸਿੱਧੀ ਤੋਂ ਨਵੀਂ-ਪੀੜ੍ਹੀ ਨਾਵਾਕਿਫ਼ ਹੀ ਹੈ। ਹੁਣ ਵਾਲਿਆਂ ਵਿਚੋਂ ਟਾਂਵਿਆਂ ਕੁ ਨੇ ਹੀ ਮਾਨ ਸਾਹਬ ਦੇ ਲਿਖੇ ਰਿਕਾਡਿਡ ਗੀਤ ਸੁਣੇ ਹੋਣਗੇ ਅਤੇ ਉਹਨਾਂ ਨੂੰ ਇਸ ਗੱਲ ਦਾ ਇਲਮ ਵੀ ਨਹੀਂ ਹੋਵੇਗਾ ਕਿ ਇਹਨਾਂ ਗੀਤਾਂ ਦਾ ਰਚੈਤਾ ਕੌਣ ਹੈ ? ਇਕ ਮਿਸਾਲ ਸਾਂਝੀ ਕਰਦੇ ਹਾਂ : ਕੁਲਜੀਤ ਉੱਘਾ ਸੰਗੀਤਕਾਰ ਹੈ, ਸੈਂਕੜੇ ਕੈਸਿਟਾਂ ਵਿਚ ਉਸਨੇ ਆਪਣਾ ਸੰਗੀਤ ਦਿੱਤਾ ਹੈ ਪਰੰਤੂ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਉਹ "ਮਿੱਤਰਾਂ ਦੀ ਲੂਣ ਦੀ ਡਲੀ, ਨੀ ਤੂੰ ਮਿਸ਼ਰੀ ਬਰੋਬਰ ਜਾਣੀਂ" ਗੀਤ ਦੇ ਰਚਨਹਾਰੇ ਗੁਰਦੇਵ ਸਿੰਘ ਮਾਨ ਦੇ ਨਾਮ ਤੋਂ ਉਹ ਉੱਕਾ ਹੀ ਜਾਣੂੰ ਨਹੀਂ ਸੀ.... ਜਦੋਂ 'ਮਿਊਜ਼ਿਕ ਟਾਈਮਜ਼' ਦਾ ਵਿਸ਼ੇਸ਼ ਅੰਕ ਤਿਆਰ ਕੀਤਾ ਜਾ ਰਿਹਾ ਸੀ ਤਾਂ ਦਫ਼ਤਰ ਬੈਠਿਆਂ ਉਸਨੇ ਮੈਥੋਂ ਪੁੱਛਿਆ ਸੀ, - "ਬਈ ਇਹ ਕੌਣ ਆਂ ਗੁਰਦੇਵ ਸਿੰਘ ਮਾਨ ?" ਤਾਂ ਮੈਂ ਹੈਰਾਨ ਹੋ ਕੇ ਆਖਿਆ ਸੀ, "ਤੂੰ ਨਹੀਂ ਜਾਣਦਾ ? ਪ੍ਰਸਿੱਧ ਗੀਤਾਂ ਦੇ ਲੇਖਕ ਅਤੇ ਉੱਘੇ ਗੀਤਕਾਰ - ਲੇਖਕ ਗੁਰਦੇਵ ਸਿੰਘ ਮਾਨ ਨੂੰ ?" ਤਾਂ ਕੁਲਜੀਤ ਨੇ ਆਖਿਆ, "ਮੈਂ ਤਾਂ ਅੱਜ ਪਹਿਲੀ ਵਾਰੀ ਏਹ ਨਾਂ ਤੈਥੋਂ ਈ ਸੁਣਿਐ।"

ਜਦ ਮੈਂ ਕੁਲਜੀਤ ਨੂੰ ਮਾਨ ਸਾਹਬ ਦੇ ਲਿਖੇ ਅਤੇ ਪ੍ਰਸਿੱਧ ਹੋਏ ਗੀਤਾਂ ਬਾਰੇ ਦੱਸਿਆ ਤਾਂ ਸੁਣਦਾ ਉਹ ਹੈਰਾਨ ਈ ਹੋਈ ਜਾਏ ਤੇ ਮੂੰਹ 'ਚ ਉਂਗਲਾਂ ਪਿਆ ਪਾਵੇ। ਪਹਿਲਾਂ ਗੱਲ ਮਾਨ ਸਾਹਬ ਦੇ ਗੀਤਾ ਬਾਰੇ ਕਰਦੇ ਹਾਂ। ਮਾਨ ਸਾਹਬ ਨੇ ਆਪਣੀ ਇਕ ਮੁਲਾਕਾਤ ਵਿਚ ਦੱਸਿਆ ਕਿ ਉਹਨਾਂ ਗੀਤ ਲਿਖਿਆ ਸੀ - "ਜੇ ਮੁੰਡਿਆ ਤੈਂ ਸਾਥੋਂ ਰੋਟੀਆਂ ਢੋਆਉਣੀਆਂ - ਗੜਵਾ ਲੈ ਦੇ ਚਾਂਦੀ ਦਾ, ਵੇ ਲੱਕ ਹਿਲੇ ਮਜਾਜਣ ਜਾਂਦੀ ਦਾ।" ਨਰਿੰਦਰ ਬੀਬਾ ਉਹਨਾਂ ਤੋਂ ਇਹ ਗੀਤ ਲੈ ਆਈ। ਹਰਚਰਨ ਗਰੇਵਾਲ ਨੇ ਵੀ ਕਿਧਰੇ ਸੁਣ ਲਿਆ ਸੀ, ਆਖਣ ਲੱਗਾ, "ਮਾਨ ਸਾਅ੍ਹਬ ਏਹ ਗੀਤ ਚੱਲਣ ਵਾਲਾ ਐ, ਮੈਨੂੰ ਦੇ ਦਿਓ ਮੈਂ ਰਿਕਾਰਡ ਕਰਵਾ ਦੂੰਗਾ।" ਇਹਨਾਂ ਆਖਿਆ ਕਿ ਗੀਤ ਬੀਬਾ ਲੈ ਗਈ ਹੈ ਉਸਨੇ ਰਿਕਾਰਡ ਕਰਵਾਣਾ ਹੈ। ਮਾਨ ਸਾਹਬ ਨੇ ਬੀਬਾ

ਨੂੰ ਵੀ ਆਖਿਆ ਕਿ ਗੀਤ ਜਲਦੀ ਰਿਕਾਰਡ ਕਰਵਾ ਦੇ, ਕਿਤੇ ਗਰੇਵਾਲ ਨਾ ਰਿਕਾਡ ਕਰਵਾ ਜਾਏ। ਬੀਬਾ ਆਖਣ ਲੱਗੀ, "ਗਰੇਵਾਲ ਤਾਂ ਕੀ ? ਕੋਈ ਵੀ ਨਹੀਂ ਕਰਵਾ ਸਕਦਾ... ਮੈਂ ਐਚ.ਐਮ.ਵੀ. ਵਾਲੇ ਸੰਤ ਰਾਮ ਨੂੰ ਆਖਿਆ ਹੋਇਆ।" ਪਰ ਪਤਾ ਹੀ ਉਦੋਂ ਲੱਗਾ ਜਦ ਗਰੇਵਾਲ ਨੇ ਗੀਤ ਦਾ ਮੁੱਖੜਾ ਹਸਨਪੁਰੀ ਨੂੰ ਸੁਣਾ ਕੇ, ਉਹਤੋਂ ਗੀਤ ਨਵਾਂ ਲਿਖਵਾ ਕੇ ਰਿਕਾਰਡ ਕਰਵਾ ਦਿੱਤਾ, "ਜੇ ਮੁੰਡਿਆ ਤੈਂ ਸਾਡੀ ਤੋਰ ਵੇ ਵੇਖਣੀ - ਗੜਵਾ ਲੈ ਦੇ ਚਾਂਦੀ ਦਾ, ਲੱਕ ਹਿੱਲੇ ਮਜਾਜਣ ਜਾਂਦੀ ਦਾ।"

ਮਾਨ ਸਾਹਬ ਆਖਦੇ ਹਨ ਕਿ, "ਭਲਾ ਤੋਰ ਦਾ ਗੜਵੇ ਨਾਲ ਕੀ ਸੰਬੰਧ ਹੋਇਆ ?"

ਗੁਰਦੇਵ ਸਿੰਘ ਮਾਨ ਦੇ ਪਹਿਲੇ ਦੋ ਗੀਤ 1942 ਵਿਚ, ਇਕ ਫ਼ਕੀਰ ਕਿਸਮ ਦੇ ਕਲਾਕਾਰ ਸਾਂਈ ਦੀਵਾਨਾ ਦੀ ਆਵਾਜ਼ 'ਚ ਐੱਚ.ਐੱਮ.ਵੀ. ਕੰਪਨੀ ਵਿਚ ਰਿਕਾਰਡ ਹੋਏ ਸਨ। ਮਾਨ ਸਾਹਬ ਸਾਂਈ ਦੀਵਾਨੇ ਬਾਰੇ ਵੇਰਵੇ ਦਿੰਦੇ ਹਨ ਕਿ, "ਉਹ ਬਿਲਕੁਲ ਫੱਕਰ ਆਦਮੀ ਸੀ, ਜਦੋਂ ਉਹ "ਹੀਰ" ਗਾਉਂਦਾ ਸੀ ਤਾਂ ਕਮਾਲਾਂ ਈ ਹੋ ਜਾਂਦੀਆਂ ਸਨ, ਲੋਕ ਉਹਨੂੰ ਚੁਆਨੀ-ਚੁਆਨੀ ਦੇ ਦੇਂਦੇ, ਬੜਾ ਸੁਰੀਲਾ ਗਲ਼ਾ ਸੀ ਉਹਦਾ! ਕੁਦਰਤੀ ਦਾਤ ਸੀ ਉਹਦੇ ਕੋਲ ਗਾਉਣ ਦੀ। ਗਾਉਂਦਾ-ਗਾਉਂਦਾ ਉਹ ਮਸਤ ਹੀ ਹੋ ਜਾਂਦਾ ਸੀ। ਇਉਂ ਹੀ ਲੋਕਾਂ ਦੀ ਚੁਆਨੀ-ਚੁਆਨੀ ਨਾਲ ਉਹ ਆਵਦਾ ਵੇਲਾ ਟਪਾਉਂਦਾ ਸੀ।"

ਸਾਈਂ ਦੀਵਾਨਾ ਦੀ ਆਵਾਜ਼ ਵਿਚ ਪਹਿਲਾ ਗੀਤ ਸੀ, "ਮੈਂ ਜੱਟੀ ਦੇਸ ਪੰਜਾਬ ਦੀ" ਅਤੇ ਦੂਸਰਾ ਧਾਰਮਿਕ 'ਬੇਦਾਅਵਾ' ਸੀ :

ਸਾਥੋਂ ਦਾਤਿਆ ਭੁੱਖ ਨਹੀਂ ਜਰੀ ਜਾਂਦੀ
ਅਸੀਂ ਰੱਜਗੇ ਹਾਂ ਭੁੱਖੇ ਰਹਿ-ਰਹਿ ਕੇ
ਸਾਨੂੰ ਚੁੱਪ-ਚੁਪੀਤਿਆਂ ਜਾਣ ਦੇ ਇਥੋਂ
ਅਸੀਂ ਥੱਕਗੇ ਆਂ ਤੈਨੂੰ ਕਹਿ-ਕਹਿ ਕੇ....

ਇਹ ਗੱਲਾਂ ਉਹਨਾਂ ਵੇਲਿਆਂ ਦੀਆਂ ਹਨ ਜਦੋਂ ਕੰਪਨੀ ਕਿਸੇ ਗੀਤਕਾਰ ਨੂੰ ਰਾਇਲਟੀ ਵਗੈਰਾ ਕੁਝ ਵੀ ਨਹੀਂ ਸੀ ਦਿੰਦੀ ਹੁੰਦੀ। ਜਦ ਸਾਂਈ ਦੀਵਾਨੇ ਦੇ ਗੀਤ ਰਿਕਾਰਡ ਹੋਏ ਤਾਂ ਮਾਨ ਸਾਹਬ ਨੂੰ ਕੰਟਰੈਕਟ ਫਾਰਮ ਭੇਜਿਆ ਗਿਆ। ਨੂਰਪੁਰੀ, ਤੇਜਾ ਸਿੰਘ ਸਾਬਰ ਅਤੇ ਫਿਰੋਜ਼ਦੀਨ ਸ਼ਰਫ ਨੂੰ ਵੀ ਪੰਜ ਰੁਪੱਈਏ ਡਿਸਕ (ਤਵੇ) ਦੇ ਇਕ ਪਾਸੇ ਦੇ ਮਿਲਦੇ ਹੁੰਦੇ ਸਨ। ਉਦੋਂ ਪੱਥਰ ਦੇ ਰਿਕਾਰਡ ਹੁੰਦੇ ਸਨ ਤੇ ਇਕ ਪਾਸੇ ਇਕੋ ਗੀਤ ਹੀ ਹੁੰਦਾ ਸੀ, ਇਉਂ ਇਹ ਦਸ ਰੁਪੱਈਆਂ ਵਿਚ ਦੋ ਗੀਤ ਵੇਚ ਦਿੰਦੇ ਸਨ। ਜਦ ਮਾਨ ਸਾਹਬ ਕੋਲ ਕੰਟਰੈਕਟ ਫਾਰਮ ਲੈ ਕੇ ਆਏ ਤਾਂ ਇਹਨਾਂ ਦਸਖਤ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਆਖਿਆ, "ਮੈਂ ਗੀਤਾਂ ਦੀ ਕੀਮਤ ਨਹੀਂ ਰਖਦਾ। ਮੈਂ ਕੰਪਨੀ ਨੂੰ ਫਰੀ ਡੁਨੇਸ਼ਨ ਦਿੰਨੈ, ਪਰ ਪੰਜਾਂ ਰੁਪੱਈਆਂ ਲਈ ਦਸਖ਼ਤ ਨਹੀਂ ਕਰੂੰਗਾ।"

ਉਹ ਆਖਣ ਲੱਗੇ, "ਦਸਖ਼ਤ ਕਰ ਦਿਓ ਇਕ ਵਾਰੀ, ਐਡੀ ਵੱਡੀ ਕੰਪਨੀ ਐਂ ਡੁਨੇਸ਼ਨ ਵੀ ਨਹੀਂ ਲਵੇਗੀ। ਕਿਰਪਾ ਕਰਕੇ ਤੁਸੀਂ ਦਸਖ਼ਤ ਕਰੋ...।"

ਮਾਨ ਸਾਹਬ ਨੇ ਆਖਿਆ, "ਜਿਹੜੇ ਤੁਸੀਂ ਲੈ ਲਏ ਉਹ ਵਾਪਸ ਨਹੀਂ, ਤੇ ਕੀਮਤ ਵੀ ਕੋਈ ਨਹੀਂ ਵਸੂਲਦਾ... ਪਰ ਮੇਰੀ ਪੱਕੀ ਧਾਰੀ ਹੋਈ ਐ ਕਿ ਪੰਜਾਂ



ਰੁਪੱਈਆਂ ਪਿੱਛੇ ਦਸਖ਼ਤ ਮੈਂ ਨਹੀਂ ਜੇ ਕਰਨੇ, ਮੈਂ ਤਾਂ ਉਵੇਂ ਰਾਇਲਟੀ ਲੈਣੀ ਐਂ, ਜਿਵੇਂ ਤੁਸੀਂ ਗੌਣ ਵਾਲਿਆਂ ਨੂੰ ਦਿੰਦੇ ਓ।"

ਉਦੋਂ ਗਾਉਣ ਵਾਲਿਆਂ ਨੂੰ ਪੰਜ ਪ੍ਰਤੀਸ਼ਤ ਰਾਇਲਟੀ ਮਿਲਦੀ ਹੁੰਦੀ ਸੀ। ਜਦ ਮਾਨ ਸਾਹਬ ਅੜੇ ਹੀ ਰਹੇ ਤਾਂ ਸਾਂਈ ਦੀਵਾਨਾ ਫਿਰ ਦਸਖ਼ਤ ਕਰਵਾਉਣ ਲਈ ਇਹਨਾਂ ਕੋਲ ਆ ਗਿਆ। ਇਹ ਅੱਗੋਂ ਖੇਤ ਗਏ ਹੋਏ ਸਨ, ਉਹ ਖੇਤ ਜਾ ਪੁੱਜਾ ਤੇ ਖੇਤ ਵਿਚ ਖਿੜੀ ਹੋਈ ਕਪਾਹ ਦੇ ਟੀਂਡਿਆਂ ਨੂੰ ਹੱਥ ਲਾ ਕੇ ਬੋਲਿਆ, "ਮਾਨ ਜੀ! ਦਸਖ਼ਤ ਕਰ ਦਿਓ, ਥੁਆਡੀ ਤੇ ਆਹੀ ਚਾਂਦੀ ਆ... ਰਹਿਮਤਾਂ ਹੋਈਆਂ ਪਈਆਂ ਨੇ।"

ਮਾਨ ਸਾਹਬ ਨੇ ਆਖਿਆ, "ਏਹ ਚਾਂਦੀ ਭਲਾ ਤੂੰ ਲੈ ਜਾ ਦੀਵਾਨਿਆਂ, ਪਰ ਮੈਂ ਦਸਖ਼ਤ ਨਹੀਂ ਕਰੂੰਗਾ।"

ਉਸ ਮਗਰੋਂ ਹੀ ਫਿਰ ਕੰਪਨੀ ਵਾਲਿਆਂ ਨੇ ਮੀਟਿੰਗ ਕਰਕੇ ਰਾਇਲਟੀ ਮੁਕੱਰਰ ਕਰ ਦਿੱਤੀ, ਮਾਨ ਸਾਹਬ ਨੂੰ ਪਹਿਲੀ ਵਾਰੀ ਦੇ 80 ਰੁਪਏ ਮਿਲੇ। ਫਿਰ ਉਦੋਂ ਹੀ ਕੰਪਨੀ ਨੇ ਹੋਰਾਂ ਗੀਤਕਾਰਾਂ ਨੂੰ ਵੀ ਚਿੱਠੀਆਂ ਕੱਢ ਦਿੱਤੀਆਂ ਕਿ, "ਤੁਹਾਨੂੰ ਵੀ ਅੱਗੋਂ ਲਈ ਰੈਗੂਲਰ ਢਾਈ ਪ੍ਰਤੀਸ਼ਤ ਰਾਇਲਟੀ ਮਿਲਿਆ ਕਰੇਗੀ।" ਬਣਦੀ ਰਾਇਲਟੀ ਗੀਤਕਾਰਾਂ ਦੇ ਘਰੋ-ਘਰੀਂ ਭੇਜੀ ਗਈ।

ਮਾਨ ਸਾਹਬ ਦੇ ਗੀਤ ਲਗਾਤਾਰ ਰਿਕਾਰਡ ਹੋਣ ਲੱਗ ਪਏ ਤੇ ਚਾਰੇ ਪਾਸੇ ਜਿਵੇਂ "ਮਾਨ - ਮਾਨ" ਹੋਣ ਲੱਗੀ। ਜਦ ਹਰਚਰਨ ਗਰੇਵਾਲ ਨੇ ਗੀਤ ਰਿਕਾਰਡ ਕਰਵਾਇਆ, "ਚੱਲ ਚੱਲੀਏ ਨਣਦ ਦਿਆ ਵੀਰਾ, ਵੇ ਮੇਲੇ ਮੁਕਤਸਰ ਦੇ।" ਤਾਂ ਇੱਕੋ ਗੀਤ ਨਾਲ ਹੀ ਮਾਨ ਸਾਹਬ ਦੀ ਪ੍ਰਸਿੱਧੀ ਵੀ ਸਿਖ਼ਰ 'ਤੇ ਹੋ ਗਈ। ਕੁਲਦੀਪ ਮਾਣਕ ਦਾ ਸਭ ਤੋਂ ਪਹਿਲਾ ਪੱਥਰ ਦੇ ਤਵੇ ਵਾਲਾ ਰਿਕਾਰਡ ਸੀ, "ਮਛਲੀ ਪਾਉਣਗੇ ਮਾਪੇ, ਲੌਂਗ ਕਰਾ ਮਿੱਤਰਾ।" ਨਰਿੰਦਰ ਬੀਬਾ ਨੇ ਗਾਇਆ :

ਰਾਤੀ ਸੀ ਉਡੀਕਾਂ ਤੇਰੀਆਂ
ਸੁੱਤੇ ਪਲ ਨਾ ਹਿਜ਼ਰ ਦੇ ਮਾਰੇ
ਦੁੱਖਾਂ ਦੀ ਕਹਾਣੀ ਸੁਣਦੇ
ਰਹੇ ਊਂਘਦੇ ਅੰਬਰ ਦੇ ਤਾਰੇ

ਸੁਰਿੰਦਰ ਕੌਰ ਦੇ ਗਾਏ ਗੀਤ, "ਧਰਤੀ ਨੂੰ ਕਲੀ ਕਰਾਦੇ - ਨੱਚੂੰਗੀ ਸਾਰੀ ਰਾਤ" ਕਾਕਾ ਕਰਮਜੀਤ ਸਿੰਘ ਧੂਰੀ ਦਾ ਗਾਇਆ ਗੀਤ ਜੋ ਬੱਚੇ-ਬੱਚੇ ਦੀ ਜ਼ੁਬਾਨ ਉੱਤੇ ਸੀ, ਪੁਰਾਣਿਆਂ ਸ੍ਰੋਤਿਆਂ ਨੂੰ ਤਾਂ ਹਾਲੇ ਵੀ ਚੇਤੇ ਹੈ,

ਮਿੱਤਰਾਂ ਦੀ ਲੂਣ ਦੀ ਡਲੀ
ਨੀ ਤੂੰ ਮਿਸ਼ਰੀ ਬਰੋਬਰ ਜਾਣੀਂ,
ਸੱਜਣਾਂ ਦੀ ਗੜਵੀ ਦਾ
ਸ਼ਰਬਤ ਵਰਗਾ ਪਾਣੀ।

ਜਗਮੋਹਨ ਕੌਰ ਦਾ ਗਾਇਆ ਗੀਤ, "ਮੇਰਾ ਬੜਾ ਕਰਾਰਾ ਪੂਦਨਾ ਮੇਰਾ ਬਾਗੀਂ ਰਹਿੰਦਾ ਪੂਦਨਾ" ਭਲਾ ਕਿਹਨੇ ਨਹੀਂ ਸੁਣਿਆ ? ਇਹਨਾਂ ਗੀਤਾਂ ਤੋਂ ਇਲਾਵਾ ਮਾਨ ਸਾਹਬ ਦੇ ਹੋਰ ਵੀ ਕਈ ਸਾਰੇ ਗੀਤ, ਜਿਹਨਾਂ ਵਿਚ ਧਾਰਮਿਕ ਗੀਤ ਵੀ ਹਨ,

ਬਹੁ-ਪ੍ਰਸਿੱਧ ਰਹੇ ਹਨ।

ਮਾਨ ਸਾਹਬ ਦੇ ਗੀਤਾਂ ਵਿਚੋਂ ਸੁਰਿੰਦਰ ਕੌਰ ਦੇ ਗਾਏ ਗੀਤ :

- ਜੱਟ ਵਰਗਾ ਯਾਰ ਨੀ ਥਿਐਣਾ
- ਤੂੰ ਕਾਹਦਾ ਲੰਬੜਦਾਰ ਵੇ ਦਰਵਾਜ਼ਾ ਹੈਨੀ
- ਮੋਟਰ ਮਿੱਤਰਾਂ ਦੀ ਚੱਲ ਬਰਨਾਲੇ ਚੱਲੀਏ
- ਦੋਸ਼ਾਲਾ ਮੇਰਾ ਰੇਸ਼ਮੀ ਮੈਂ ਕਿਹੜੀ ਕਿੱਲੀ ਟੰਗਾਂ
- ਤੇਰੀ ਰੁਠੜੀ ਜਾਂਦੀ ਹੀਰ ਰਾਂਝਣਾ ਮੋੜੀਂ ਵੇ
- ਉੱਚੇ ਟਿੱਬੇ ਮੈਂ ਤਾਣਾ ਤਣਦੀ, ਪੱਟ-ਪੱਟ ਸੁੱਟਦੀ ਕਾਨੇ
- ਘੜੀ ਹੱਸ ਨਾ ਗਿਉਂ, ਵੇ ਗੱਲ ਦੱਸ ਨਾ ਗਿਉਂ
- ਕੀ ਮੁਕਲਾਵਾ ਤਾਰੂ, ਮਿੱਤਰਾਂ ਨੂੰ ਧੋਖਾ ਦੇਣੀਏਂ
- ਤੇਰੀ ਮੇਰੀ ਇਉਂ ਟੁੱਟਗੀ, ਜਿਉਂ ਟੁੱਟਿਆ ਚਰ੍ਹੀ ਦਾ ਟਾਂਡਾ
- ਟੁੱਟੀ ਯਾਰੀ ਦਾ ਕੀ ਇਲਾਜ ਬਣਾਈਏ
- ਤਾਣ ਛਤਰੀ ਵੇ ਜਿਹੜੀ ਲੰਡਨੋਂ ਮੰਗਾਈ ਆ
- ਗੱਡੀ ਨੂੰ ਹੌਲੀ ਤੋਰ ਵੇ ਮੈਂ ਵਾਰੀ-ਵਾਰੀ ਕਹਿੰਦੀ
- ਰੁੜ੍ਹ-ਪੁੜ੍ਹ ਜਾਣਿਆਂ ਮੈਂ ਵੱਡਿਆਂ ਦੀ ਧੀ
- ਬਣ ਮੋਰ ਕੁੜੀਏ, ਨੱਚੀਂ ਹੋਰ ਕੁੜੀਏ

ਮਾਨ ਸਾਹਿਬ ਦੇ ਗੀਤਾਂ ਨੂੰ ਗਾਉਣ ਵਾਲੇ ਗਾਇਕਾਂ-ਗਾਇਕਾਵਾਂ ਦੀ ਸੂਚੀ ਉੱਤੇ ਉਡਦੀ ਜਿਹੀ ਨਜ਼ਰ ਮਾਰੀਏ ਤਾਂ ਪਹਿਲੇ ਕਲਾਕਾਰ ਸਾਂਈ ਦੀਵਾਨਾ ਤੋਂ ਲੈ ਕੇ ਹਰਚਰਨ ਗਰੇਵਾਲ ਤੇ ਬੀਬੀ ਸੀਮਾ, ਨਰਿੰਦਰ ਬੀਬਾ, ਜਗਮੋਹਨ ਕੌਰ, ਮੁਹੰਮਦ ਸਦੀਕ ਤੇ ਪੁਸ਼ਪਾ ਹੰਸ, ਸਵਰਨ ਲਤਾ, ਕੁਲਦੀਪ ਮਾਣਕ, ਕੇਹਰ ਸਿੰਘ ਸਪੇਰਾ, ਗੁਰਦੇਵ ਸਿੰਘ ਮਸਤਾਨਾ, ਕਰਮਜੀਤ ਧੂਰੀ, ਦੀਦਾਰ ਸੰਧੂ ਆਦਿ ਦੇ ਨਾਂ ਆਉਂਦੇ ਹਨ ਅਤੇ ਅੱਜ ਦੀ ਪੀੜ੍ਹੀ ਦੇ ਚਰਚਿਤ ਗਾਇਕਾਂ ਵਿਚੋਂ ਮਨਮੋਹਨ ਵਾਰਿਸ "ਫੁੱਲ ਕਢਦਾ ਫੁਲਕਾਰੀ" ਅਤੇ ਗਾਇਕ ਮਦਨ ਮੱਦੀ ਨੇ ਵੀ ਮਾਨ ਸਾਹਬ ਦੇ ਗੀਤ ਗਾਏ ਅਤੇ ਗਾ ਰਹੇ ਹਨ। ਹੋਰ ਵੀ ਕਈ ਨਵੇਂ ਗਾਇਕਾਂ ਦੀਆਂ ਕੈਸਿਟਾਂ ਵਿਚ ਮਾਨ ਸਾਹਬ ਦੇ ਗੀਤ ਰਿਕਾਰਡ ਹੋ ਰਹੇ ਹਨ।

ਗੁਰਦੇਵ ਸਿੰਘ ਮਾਨ ਦੇ ਰਚੇ ਗੀਤਾਂ ਦੀਆਂ ਪੁਸਤਕਾਂ, ਜੋ ਉਹਨਾਂ ਸਮਿਆਂ ਵਿਚ ਧੜਾਧੜ ਵਿਕਦੀਆਂ ਰਹੀਆਂ ਹਨ, ਇਹਨਾਂ ਵਿਚੋਂ, ਮਾਨ ਜੁਆਨੀ ਦਾ, ਫੁੱਲ ਕਢਦਾ ਫੁਲਕਾਰੀ, ਸਤਿਸੰਗ ਦੋ ਘੜੀਆਂ (ਧਾਰਮਿਕ), ਜੱਟ ਵਰਗਾ ਯਾਰ, ਮੈਂ ਅੰਗਰੇਜ਼ੀ ਬੋਤਲ, ਮਾਂ ਦੀਏ ਰਾਮ ਰੱਖੀਏ, ਪੁਸਤਕਾਂ ਖ਼ਾਸ ਜ਼ਿਕਰਯੋਗ ਹਨ।

ਮਾਨ ਸਾਹਬ ਦੇ ਗੀਤਾਂ ਨੂੰ ਹਰਮਨ-ਪਿਆਰਤਾ ਮਿਲਣ ਦਾ ਮੁੱਖ ਕਾਰਣ ਵੀ ਇਹੋ ਹੈ ਕਿ ਉਹਨਾਂ ਆਪਣੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਦਿਆਂ ਹੋਇਆਂ ਉਹਨਾਂ ਲਈ ਗੀਤ ਸਿਰਜਣਾ ਕੀਤੀ ਹੈ। ਲੋਕਾਂ ਦੇ ਸੁਹਜ-ਸੁਆਦ ਅਤੇ ਪਸੰਦ ਤੋਂ ਲੈ ਕੇ ਮਾਨ ਸਾਹਬ ਨੂੰ ਆਪਣੇ ਲੋਕਾਂ ਦੇ ਰਹਿਣ-ਸਹਿਣ, ਵਰਤਾਓ, ਦੁੱਖਾਂ-ਸੁੱਖਾਂ ਅਤੇ ਲੋਕਾਂ ਦੀਆਂ ਨਿੱਤ-ਦਿਨ ਪੈਦਾ ਹੁੰਦੀਆਂ ਸਮੱਸਿਆਵਾਂ ਅਤੇ ਲੋਕਾਈ ਦਾ ਡੂੰਘਾ ਅਤੇ ਨਿਆਰਾ ਭੇਤ ਹੈ। ਇਸ ਸਭ ਕਾਸੇ ਨੂੰ ਹੀ ਉਹਨਾਂ ਨੇ ਆਪਣੇ ਗੀਤਾਂ ਵਿਚ



ਬਾਖ਼ੂਬੀ ਚਿਤਰਿਆ ਹੈ।

ਉੱਘੇ ਆਲੋਚਕ ਅਤੇ ਲੇਖਕ ਡਾ. ਤੇਜਵੰਤ ਸਿੰਘ ਮਾਨ ਨੇ ਗੁਰਦੇਵ ਸਿੰਘ ਮਾਨ ਦੇ ਗੀਤਾਂ ਬਾਰੇ ਇਕ ਥਾਂਵੇ ਲਿਖਿਆ ਹੈ, "ਗੁਰਦੇਵ ਸਿੰਘ ਮਾਨ ਨੇ ਪੰਜਾਬੀ ਗੀਤਕਾਰੀ ਅਤੇ ਗਾਇਕੀ ਅੱਗੇ ਇਕ ਆਦਰਸ਼ ਸਥਾਪਤ ਕੀਤਾ ਹੈ ਕਿ ਗੀਤ ਉਹ ਹੋਵੇ, ਜੋ ਤੁਹਾਡੀ ਮਾਂ, ਭੈਣ, ਭਰਜਾਈ, ਭਰਾ ਅਤੇ ਪਿਓ ਦੇ ਸੱਚੇ-ਸੁੱਚੇ ਭਾਵਾਂ ਦੀ ਤਰਜ਼ਮਾਨੀ ਕਰਦਾ ਹੋਵੇ। ਇਸੇ ਲਈ ਅੱਜ ਵੀ ਗੁਰਦੇਵ ਸਿੰਘ ਮਾਨ ਦੇ ਰਚੇ ਗੀਤ, "ਮੇਲੇ ਮੁਕਤਸਰ ਦੇ ਚੱਲ ਚੱਲੀਏ ਨਣਦ ਦਿਆ ਵੀਰਾ" ਜਾਂ "ਮੈਂ ਜੱਟੀ ਦੇਸ਼ ਪੰਜਾਬ ਦੀ, ਉੱਡਦੀ ਵਿਚ ਹਵਾ" ਪੰਜਾਬੀਆਂ ਦੀ ਰੂਹ ਦਾ ਭਾਗ ਬਣੇ ਹੋਏ ਹਨ। ਗੁਰਦੇਵ ਸਿੰਘ ਮਾਨ ਪੰਜਾਬੀ ਸਾਹਿਤ ਦੀ ਸਤਰੰਗੀ ਪੀਂਘ ਹੈ।"

ਡਾ. ਮੀਤ ਖਟੜਾ ਦਾ ਮੱਤ ਇਹ ਹੈ, "ਮਿੱਤਰਾਂ ਦੀ ਲੂਣ ਦੀ ਡਲੀ" ਸਾਡੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਦੀ, ਮਹਿਲਾਂ ਵਾਲਿਆਂ ਨੂੰ ਲਲਕਾਰਦੀ, ਸ਼ਿੱਦਤ ਅਤੇ ਸੁੱਚਤਾ ਦੇ ਮਹਿਲ ਉਸਾਰਦੀ ਨਜ਼ਰ ਆਉਂਦੀ ਹੈ। ਪੰਜਾਬੀ ਲੋਕ-ਸੁਰ ਦਾ ਇਹ ਗੀਤਕਾਰ ਪੰਜਾਬੀ ਲੋਕ-ਸੁਰ ਅਤੇ ਲੋਕ-ਮੁਹਾਵਰੇ ਨੂੰ ਆਪਣੇ ਗੀਤਾਂ ਦਾ ਆਧਾਰ ਬਣਾ ਕੇ ਮਨੁੱਖੀ ਸਥਿਤੀਆਂ ਅਤੇ ਮਨੋਭਾਵਾਂ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕਰਦਾ ਹੈ। ਮਾਨ ਦੇ ਗੀਤਾਂ ਵਿਚ ਮਾਰੂਥਲ 'ਚ ਭਟਕਦੀ ਸੱਸੀ ਦੇ ਵਲੂੰਧਰੇ ਪੈਰਾਂ ਦਾ ਦਰਦ ਹੈ, ਸਾਹਿਬਾਂ ਦੇ ਹੱਥੀਂ ਯਾਰ ਮਰਵਾਉਣ ਦੇ ਤਾਹਨੇ ਹਨ, ਹੀਰ ਦੇ ਖੇੜੀਂ ਜਾ ਕੇ ਵਿਯੋਗੀਆਂ ਵਾਂਗ ਦਿਨ-ਕਟੀ ਕਰਨ ਦੇ ਕੀਰਨੇ ਹਨ। ਇਹੋ ਕਾਰਣ ਹੈ ਕਿ ਗੁਰਦੇਵ ਸਿੰਘ ਮਾਨ ਦੇ ਗੀਤ ਪੰਜਾਬੀ ਮਨਾਂ ਦੇ ਧੁਰ ਅੰਦਰ ਤੀਕ ਲਹਿ ਗਏ ਹਨ।"

ਪੰਜਾਬੀ ਸਭਿਆਚਾਰ ਦੇ ਮੁਦੱਈ ਜਗਦੇਵ ਸਿੰਘ ਜੱਸੋਵਾਲ ਨੇ ਮਾਨ ਸਾਹਬ ਦੇ ਗੀਤਾਂ ਬਾਰੇ ਇਕ ਸਟੇਜ ਉੱਤੋਂ ਆਪਣੇ ਭਾਸ਼ਣ ਵਿਚ ਇਹ ਗੱਲ ਆਖੀ ਸੀ, "ਮਾਨ ਦੇ ਗੀਤਾਂ ਬਾਬਤ ਮੇਰੀ ਧਾਰਨਾ ਇਹ ਬਣੀ ਹੋਈ ਹੈ ਕਿ ਮਾਨ ਇਕ ਪ੍ਰਮੁੱਖ ਲੋਕ-ਗੀਤਕਾਰ ਹੈ, ਉਸਦੇ ਗੀਤ ਲੋਕ-ਗੀਤਾਂ ਦਾ ਰੂਪ ਹਾਸਲ ਕਰ ਗਏ ਹਨ ਇਸੇ ਕਰਕੇ ਮਾਨ ਛੇ-ਦਹਾਕਿਆਂ ਦੇ ਵੀ ਵੱਧ ਸਮੇਂ ਤੋਂ ਲੋਕ-ਮਨਾਂ ਉੱਤੇ ਰਾਜ ਕਰ ਰਿਹਾ ਹੈ।"

ਗੀਤਾਂ ਤੋਂ ਮਗਰੋਂ ਹੁਣ ਚਰਚਾ ਕਰਦੇ ਹਾਂ ਗੁਰਦੇਵ ਸਿੰਘ ਮਾਨ ਦੀਆਂ ਰਚੀਆਂ ਹੋਰ ਸਾਹਿਤਕ ਪੁਸਤਕਾਂ ਬਾਰੇ। ਇਹਨਾਂ ਦਾ ਪਹਿਲਾ ਛਪਿਆ ਕਾਵਿ-ਸੰਗ੍ਰਹਿ ਉਰਦੂ ਅੱਖਰਾਂ ਵਿਚ, "ਮੈਂ ਜੱਟੀ ਦੇਸ਼ ਪੰਜਾਬ ਦੀ" ਹੈ ਅਤੇ "ਮਾਨ ਸਰੋਵਰ", "ਪੀਂਘਾਂ", "ਨਵੇਂ ਗੀਤ", "ਉਸਾਰੂ ਕਵੀ" ਕਾਵਿ-ਪੁਸਤਕਾਂ ਹਨ। ਨਾਟਕ ਰਚਨਾ ਦੇ ਖੇਤਰ ਵਿਚ ਵੀ ਮਾਨ ਕਿਸੇ ਤੋਂ ਪਿੱਛੇ ਨਹੀਂ ਰਿਹਾ, ਦੋ ਪੂਰੇ ਨਾਟਕਾਂ ਦੀਆਂ ਪੁਸਤਕਾਂ, "ਕੱਠ ਲੋਹੇ ਦੀ ਲੱਠ" ਅਤੇ "ਰਾਹ ਦੇ ਰੋੜੇ" ਪ੍ਰਕਾਸ਼ਤ ਹੋਈਆਂ, ਇਕਾਂਗੀ ਸੰਗ੍ਰਹਿ ਦੀਆਂ "ਕਿਸਾਨ ਜਾਗਿਆ"ਅਤੇ "ਚਾਨਣ", ਦੋ ਪੁਸਤਕਾਂ ਹਨ। ਪੈਰੋਡੀ ਸਾਹਿਤ ਵਿਚ "ਕਵੀ ਦਰਬਾਰ" ਅਤੇ "ਰੇਡੀਓ ਰਗੜਸਤਾਨ" ਹਾਸ-ਵਿਅੰਗ ਪੁਸਤਕਾਂ ਦੇ ਨਾਂ ਵਰਨਣਯੋਗ ਹਨ। ਭਾਸ਼ਾ ਵਿਭਾਗ ਪੰਜਾਬ ਦੁਆਰਾ ਬਾਲ-ਸਾਹਿਤ ਪੇਪਰ ਬੈਕ ਸੀਰੀਜ਼ ਅਧੀਨ ਪ੍ਰਕਾਸ਼ਤ ਪੁਸਤਕ "ਪੰਜਾਬ ਦੇ ਮੇਲੇ ਅਤੇ ਤਿਉਹਾਰਾਂ ਦੇ ਗੀਤ।" "ਸਤਿਗੁਰ ਨਾਨਕ ਪ੍ਰਗਟਿਆ" (ਓਪੇਰਾ), "ਤੇਗ ਬਹਾਦਰ ਬੋਲਿਆ"

(ਮਹਾਂਕਾਵਿ), "ਕੁੰਡਾ ਖੋਲ੍ਹ ਬਸੰਤਰੀਏ" (ਹਾਸ-ਵਿਅੰਗ), "ਦਾਤਾ ਤੇਰੇ ਰੰਗ" (ਵਿਅੰਗ ਲੇਖ) ਖ਼ਾਸ ਪੁਸਤਕਾਂ ਹਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਕੀਤੀ ਗਈ ਮਾਨ ਸਾਹਬ ਦੀ "ਸਾਹਿਤਕ ਸਵੈ-ਜੀਵਨੀ" ਵੀ ਛਪੀ ਹੈ। "ਸੂਲ ਸੁਰਾਹੀ" ਅਤੇ "ਮਹਿਫ਼ਲ ਮਿੱਤਰਾਂ ਦੀ" ਵਾਰਤਕ ਪੁਸਤਕਾਂ ਹਨ। "ਚੱਕਰ ਚਿਹਨ" ਅਤੇ "ਬੰਦੇ-ਕੁਬੰਦੇ" (ਕਲਮੀ ਚਿਹਰੇ), "ਅਮਾਨਤ" (ਨਾਵਲ), "ਚੜ੍ਹਿਆ ਸੋਧਣ ਧਰਤ ਲੁਕਾਈ" (ਮਹਾਂਕਾਵਿ) ਅਤੇ ਗ਼ਜ਼ਲਾਂ ਦੀ ਪੂਰੀ ਪੁਸਤਕ "ਗ਼ਜ਼ਲ ਮਹਿਫ਼ਲ" ਅਤੇ "ਯਾਤਰਾ ਲੇਖ" ਇਹ ਉਹ ਪੁਸਤਕਾਂ ਹਨ, ਜੋ ਅਜੇ ਪ੍ਰੈੱਸ ਵਿਚ ਹਨ ਅਤੇ ਕੁਝ ਦੇ ਖਰੜੇ ਤਿਆਰ ਪਏ ਹਨ। ਅਜੇ ਕੁਝ ਪੁਸਤਕਾਂ ਹੋਰ ਮਾਨ ਸਾਹਬ ਲਿਖੀ ਜਾ ਰਹੇ ਹਨ।

ਇਹਨਾਂ ਪੁਸਤਕਾਂ ਤੋਂ ਇਲਾਵਾ ਮਾਨ ਸਾਹਬ ਕੈਨੇਡਾ ਵਿਚ ਅਤੇ ਹੋਰ ਪ੍ਰਕਾਸ਼ਤ ਹੁੰਦੇ ਅਖ਼ਬਾਰਾਂ ਅਤੇ ਰਸਾਲਿਆਂ ਲਈ ਲਗਾਤਾਰ ਕਾਲਮ ਅਤੇ ਲੇਖ ਲਿਖਦੇ ਰਹਿੰਦੇ ਹਨ। ਜਦ ਮਾਨ ਸਾਹਬ ਨੂੰ ਪੁੱਛਿਆ ਕਿ ਆਪ ਜੀ ਨੂੰ ਇਹ ਚੇਟਕ ਕਿੱਦਾਂ ਲੱਗੀ ? ਤਾਂ ਉਹਨਾਂ ਦੱਸਿਆ ਕਿ ਸਾਹਿਤ ਅਤੇ ਗੀਤਾਂ ਦੀ ਲਗਨ ਉਹਨਾਂ ਦੇ ਪਿਤਾ ਸ੍ਰ. ਕਰਤਾਰ ਸਿੰਘ ਮਾਨ ਪਾਸੋਂ ਲੱਗੀ, ਜੋ ਕਿੱਸੇ ਪੜ੍ਹਦੇ ਹੁੰਦੇ ਸਨ ਤੇ ਉਹ ਕਿੱਸੇ ਇਹਨਾਂ ਪੜ੍ਹੇ, ਫਿਰ ਇਹ ਸਟੇਜੀ ਕਵਿਤਾ ਲਿਖਣ ਲੱਗ ਪਏ, ਉਦੋਂ ਅਜੇ ਆਪ ਸੱਤਵੀਂ ਜਮਾਤੇ ਪੜ੍ਹਦੇ ਸਨ। ਇਹਨਾਂ ਦੀ ਮਾਤਾ ਦਾ ਨਾਂ ਸ਼੍ਰੀਮਤੀ ਰਾਏ ਕੌਰ ਉਰਫ਼ ਬਸੰਤ ਕੌਰ ਸੀ। ਆਪ ਦੀ ਜਨਮ ਤਾਰੀਖ਼ 4 ਦਸੰਬਰ 1918 ਹੈ ਅਤੇ ਜਨਮ-ਸਥਾਨ ਲਾਇਲਪੁਰ ਚੱਕ ਨੰ: 97, ਝੰਗ ਬਰਾਂਚ (ਪਾਕਿਸਤਾਨ) ਹੈ। ਮਾਨ ਸਾਹਬ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਬੈਚੂਲਰ ਆਫ਼ ਸਿੱਖ ਡਿਵੀਨਿਟੀ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਮੁਢਲੀ ਪੜ੍ਹਾਈ ਇਨ੍ਹਾਂ ਦੀ ਪਾਕਿਸਤਾਨ ਦੀ ਹੀ ਹੈ।

ਮਹਾਨ ਲਿਖਾਰੀਆਂ ਜਾਂ ਕਲਾਕਾਰਾਂ ਦਾ ਮੁਢਲਾ ਜੀਵਨ ਸੰਘਰਸ਼ਮਈ ਅਤੇ ਕਠਿਨਾਈਆਂ ਭਰਿਆ ਹੁੰਦਾ ਹੈ, ਮਾਨ ਸਾਹਬ ਦਾ ਜੀਵਨ ਵੀ ਇਵੇਂ ਹੀ ਰਿਹਾ ਹੈ। ਜਦੋਂ ਦੇਸ਼ ਦੀ ਵੰਡ ਹੋਈ ਸੀ ਤਾਂ 9 ਸਤੰਬਰ 1947 ਵਾਲੇ ਦਿਨ, ਉਨੱਤੀ ਵਰ੍ਹਿਆਂ ਦਾ ਗੁਰਦੇਵ ਸਿੰਘ, ਉਧਰੋਂ ਏਧਰ ਆਉਣ ਲਈ ਜਹਾਜ਼ ਉੱਤੇ ਚੜ੍ਹਿਆ ਸੀ। ਪੂਰੇ ਦੇਸ਼ ਵਿਚ ਦੰਗਾ-ਫਸਾਦ ਅਤੇ ਵੱਢਾ-ਟੁੱਕੀ ਹੋ ਰਹੀ ਸੀ, ਉਦੋਂ ਹਾਲੇ ਰੇਡੀਉ ਵੀ ਨਵਾਂ-ਨਵਾਂ ਆਇਆ ਸੀ ਤੇ ਮਾਨ ਨੇ ਵੀ ਰੇਡੀਉ ਨਵਾਂ ਖਰੀਦਿਆ ਸੀ। ਉਸ ਖ਼ਬਰ ਸੁਣੀ ਕਿ ਲਾਇਲਪੁਰ ਹਵਾਈ ਅੱਡੇ ਉੱਤੇ ਜਹਾਜ਼ ਉੱਤਰੇਗਾ ਅਤੇ ਲੋਕਾਂ ਨੂੰ ਉਧਰ ਲਿਜਾਵੇਗਾ। ਲੋਕਾਂ ਦੇ ਮਨਾਂ ਵਿਚ ਭੈਅ ਸੀ ਤੇ ਘੱਟ ਹੀ ਕੋਈ ਜਹਾਜ਼ 'ਤੇ ਚੜ੍ਹਦਾ ਸੀ। ਗੁਰਦੇਵ ਸਿੰਘ ਮਾਨ ਨੇ ਆਪਣੇ ਪਿਓ ਨੂੰ ਆਖਿਆ, "ਬਾਪੂ ਜੀ, ਹੁਣ ਮੌਕਾ ਬਚਣ ਦਾ ਐ.... ਫੇਰ ਕੋਈ ਪਤਾ ਨਹੀਂ ਲੱਗਣਾ.... ਬਚੀਏ ਜਾਂ ਨਾ....।"

ਘਰਦੇ ਆਖਣ ਲੱਗੇ, "ਦੇਖ ਲੈ... ਪਰ ਤੈਨੂੰ 'ਕੱਲਿਆਂ ਭੇਜਣ ਨੂੰ ਜੀ ਨ੍ਹੀਂ ਕਰਦਾ ਪੁੱਤਾ...।" ਮਾਤਾ ਰੋਣ ਲੱਗੀ। ਕਿਉਂਕਿ ਇਕੋ-ਇਕ ਅਤੇ ਲਾਡਲਾ ਪੁੱਤਰ ਹੋਣ ਕਰਕੇ ਪਿਆਰ ਬਾਹਲ਼ਾ ਸੀ। ਗੁਰਦੇਵ ਸਿੰਘ ਨੇ ਆਖਿਆ, "ਖ਼ਤਰਾ ਤਾਂ ਹੈ ਈ... ਪਰ ਐਥੇ ਕਿਹੜਾ ਤੁਸੀਂ ਮੈਨੂੰ ਕੋਈ ਐਹੋ ਜੀ ਛਤਰੀ ਤਾਣ ਕੇ ਬਚਾਲੋਂਗੇ... ਮੈਨੂੰ ਜਾਣ ਦਿਓ, ਜੋ ਹੋਊ, ਦੇਖੀ ਜਾਊਗੀ। ਹੁਣ ਉਡੀਕਿਓ ਨਾ ਮੈਨੂੰ...।"



ਘੋੜੀ ਉੱਤੇ ਚੜ੍ਹਕੇ ਚੱਲ ਪਿਆ। ਧਾਂਦਰੇ ਪਿੰਡ ਰਾਤ ਕੱਟੀ। ਉਥੋਂ ਲਾਇਲਪੁਰ ਦਾ ਹਵਾਈ ਅੱਡਾ ਡੇਢ ਕਿਲੋਮੀਟਰ ਸੀ। ਇਹ ਅੱਡੇ ਪੁੱਜਾ, ਜਹਾਜ਼ ਉਤਰਿਆ। ਘੋੜੀ ਇਹਨੇ ਧਾਂਦਰੇ ਵਾਲੇ ਕਰਨੈਲ ਸਿੰਓ ਗਰੇਵਾਲ ਦੇ ਹਵਾਲੇ ਕਰ ਦਿੱਤੀ, ਉਹ ਘਰੇ ਛੱਡ ਗਿਆ। ਡਰਦਾ ਮਾਰਿਆ ਕੋਈ ਜਹਾਜ਼ ਚੜ੍ਹਨ ਨਾ ਆਇਆ। ਗੁਰਦੇਵ ਸਿੰਘ ਨਾਲ ਇਕੱਲਾ ਆਦਮੀ ਆਤਮਾ ਸਿੰਘ ਸੀ। ਤਿੰਨ ਸੌ ਰੁਪੱਈਆ ਭਾੜਾ ਲੱਗਿਆ। ਦਿੱਲੀ ਆ ਗਏ। ਦਸ ਦਿਨ ਬਿਰਲਾ ਮੰਦਰ ਵਿਚ ਕੱਟ ਲਏ, ਫਿਰ ਲੁਧਿਆਣੇ ਆਪਣੀ ਮਾਸੀ ਕੋਲ ਆ ਗਿਆ।

ਗੁਰਦੇਵ ਸਿੰਘ ਮਾਨ ਦਾ ਕਾਲਜ ਸਮੇਂ ਦੋਸਤ ਬਣਿਆ ਸੀ ਫੌਜਾ ਸਿੰਘ, ਉਹ ਏਧਰੋਂ ਫੌਜੀਆਂ ਦਾ ਕਾਫ਼ਲਾ ਲੈ ਕੇ ਉੱਧਰ ਲੋਕਾਂ ਨੂੰ ਛੱਡਣ ਗਿਆ ਤਾਂ ਉਹਦਾ ਪਿੰਡ ਵੀ ਇਹਨਾਂ ਦੇ ਪਿੰਡੋਂ 3 ਕੁ ਮੀਲ ਦੀ ਵਿੱਥੀ 'ਤੇ ਸੀ। ਉਹਨੇ ਇਹਨਾਂ ਦੇ ਪਿੰਡ ਜਾ ਕੇ ਪਤਾ ਕੀਤਾ ਅਤੇ ਉਹ ਮਾਤਾ ਜੀ ਨੂੰ ਆਪਣੇ ਨਾਲ ਏਧਰ ਲੈ ਆਇਆ। ਇਹਨਾਂ ਦੇ ਪਿਤਾ ਜੀ ਅਤੇ ਹੋਰ ਪਰਿਵਾਰ ਫੌਜੀ ਟਰੱਕ ਵਿਚ ਬੈਠਕੇ ਲਾਹੌਰ ਤੋਂ ਅੰਮ੍ਰਿਤਸਰ ਆ ਗਏ ਤੇ ਥੋੜ੍ਹੇ ਦਿਨਾਂ ਮਗਰੋਂ ਹੀ ਇਹ ਲੁਧਿਆਣੇ ਆ ਇਕੱਠੇ ਹੋ ਗਏ। ਤਿੰਨ ਕੁ ਵਰ੍ਹੇ ਸਰਾਭੇ ਗੁਜ਼ਾਰੇ ਅਤੇ ਫਿਰ ਉਧਰੋਂ ਆਇਆਂ ਨੂੰ ਸਰਕਾਰ ਨੇ (ਹੁਣ ਸੰਗਰੂਰ ਜ਼ਿਲ੍ਹੇ ਅਧੀਨ ਪੈਂਦਾ ਪਿੰਡ ਭੁਮਸੀ, ਜੋ ਚੌਂਦੇ ਨੇੜੇ ਹੈ) ਵਿਖੇ ਅਲਾਟਮੈਂਟ ਕਰ ਦਿੱਤੀ ਤੇ ਪੱਕੇ ਤੌਰ 'ਤੇ ਇੱਥੇ ਰਹਿਣ ਲੱਗ ਪਏ। ਹੁਣ ਤੱਕ ਆਪ ਨੇ ਸੈਂਕੜੇ ਗੀਤ ਲਿਖ ਲਏ ਸਨ।

1952 'ਚ ਗੁਰਦੇਵ ਸਿੰਘ ਮਾਨ ਨੂੰ ਪੰਜ ਸਾਲਾ ਯੋਜਨਾ ਬਾਰੇ ਬਣੇ ਕਮਿਊਨਟੀ ਪ੍ਰੋਜੈਕਟ ਵਿਚ ਨੌਕਰੀ ਮਿਲ ਗਈ, ਹੈਡਕੁਆਟਰ ਮਾਲੇਰਕੋਟਲੇ ਹੁੰਦਾ ਸੀ, ਇਥੇ ਨੌਕਰੀ ਕਰਦੇ ਰਹੇ ਅਤੇ ਫਿਰ 1958 ਵਿਚ ਗੀਤ ਅਤੇ ਡਰਾਮਾ ਅਫ਼ਸਰ ਵਜੋਂ ਨਿਯੁਕਤੀ ਹੋ ਗਈ। 1962 ਵਿਚ ਇਹਨਾਂ ਇਹ ਨੌਕਰੀ ਵੀ ਛੱਡ ਦਿੱਤੀ ਅਤੇ ਸਿਆਸਤ ਦੀ ਲਾਗ ਲੱਗ ਗਈ। ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਆਪ ਕਾਫ਼ੀ ਨੇੜੇ ਦੇ ਸਾਥੀ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਮਲੇਰਕੋਟਲਾ ਤੋਂ ਐਮ.ਐਲ.ਏ. ਦੀ ਟਿਕਟ ਮਿਲ ਗਈ। ਜਿਸ ਵਿਚ ਸਾਜਿਦਾ ਬੇਗਮ ਤੋਂ ਥੋੜ੍ਹੀਆਂ ਕੁ ਵੋਟਾਂ ਦੇ ਫਰਕ ਨਾਲ ਹਾਰ ਗਏ। ਫਿਰ ਹੌਲੀ-ਹੌਲੀ ਸਿਆਸਤ ਵੱਲੋਂ ਮੁਖ ਮੋੜ ਲਿਆ ਅਤੇ ਪੂਰੀ ਤਰ੍ਹਾਂ ਗੀਤ ਅਤੇ ਸਾਹਿਤ ਸਿਰਜਣਾ ਨੂੰ ਹੀ ਸਮਰਪਿਤ ਹੋ ਗਏ, ਸਮਰਪਿਤ ਤਾਂ ਭਾਵੇਂ ਪਹਿਲੋਂ ਹੀ ਸਨ ਪਰ ਮਨ ਨੂੰ ਪੂਰਨ ਸੰਤੁਸ਼ਟੀ ਇਧਰੋਂ ਹੀ ਮਿਲਦੀ ਹੋਣ ਕਰਕੇ ਪੂਰਾ-ਪੂਰਾ ਸਮਾਂ ਇਸੇ ਕੰਮ ਲਈ ਕੱਢਣ ਲੱਗੇ। ਫਿਰ ਕੁਝ ਚਿਰ ਹਫ਼ਤਾਵਾਰੀ ਅਖ਼ਬਾਰ, "ਦੇਗ ਤੇਗ" ਕੱਢਿਆ, ਚਾਰ-ਪੰਜ ਵਰ੍ਹੇ ਚਲਾਇਆ। 1980 ਵਿਚ ਆਪ ਕੈਨੇਡਾ ਚਲੇ ਗਏ ਅਤੇ ਉਦੋਂ ਦੇ ਉਥੇ ਹੀ ਰਹਿ ਰਹੇ ਹਨ। ਹੁਣ ਕਦੀ-ਕਦਾਈਂ ਜਦੋਂ ਕੋਈ ਵਿਆਹ-ਸ਼ਾਦੀ ਦਾ ਸਬੱਬ ਬਣਦਾ ਹੈ, ਏਧਰ ਗੇੜਾ ਮਾਰਨ ਆਉਂਦੇ ਹਨ, ਹੋਰ ਲੋਕਾਂ ਅਤੇ ਆਪਣੇ ਪੁਰਾਣੇ ਸਾਥੀਆਂ ਨੂੰ ਮਿਲਦੇ-ਗਿਲਦੇ ਹਨ।

ਮਾਨ ਸਾਹਬ ਨੇ ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ, "ਸੁਖ ਨਾਲ ਦਾਤੇ ਦੀ ਕਿਰਪਾ ਐ, ਬੜਾ ਲੰਮਾ-ਚੌੜਾ ਪਰਿਵਾਰ ਐ ਮੇਰਾ! ਛੇ ਲੜਕੇ ਐ ਅਤੇ ਚਾਰ ਲੜਕੀਆਂ ਨੇ। ਜਿਹਨਾਂ ਵਿਚੋਂ ਤਿੰਨ ਲੜਕੇ ਤੇ ਤਿੰਨ ਲੜਕੀਆਂ

ਵਿਦੇਸ਼ਾਂ ਵਿਚ ਰਹਿੰਦੇ ਨੇ, ਬਾਕੀ ਸਭ ਏਧਰ ਨੇ। ਸਭ ਹੀ ਆਪੋ-ਆਪਣੀ ਥਾਂਈ ਸੁਖੀ ਨੇ।"

ਇਸ ਵੇਲੇ ਗੁਰਦੇਵ ਸਿੰਘ ਮਾਨ ਦੀ ਉਮਰ 83 ਵਰ੍ਹਿਆਂ ਦੀ ਹੈ। ਸਰੀਰ ਕੁਝ ਭਾਰਾ ਹੋ ਗਿਆ ਹੈ। ਅੱਖਾਂ ਦੀ ਜੋਤ ਕਈ ਸਾਲਾਂ ਤੋਂ ਘੱਟ ਹੈ। ਦੋਵੇਂ ਕੰਨੋਂ ਠੀਕ ਸੁਣਦਾ ਹੈ। ਖੂੰਡੀ ਆਸਰੇ ਵਧੀਆ ਤੁਰ-ਫਿਰ ਲੈਂਦੇ ਹਨ। ਬੋਲ-ਬਾਣੀ ਵੀ ਚੰਗੀ ਹੈ ਤੇ ਯਾਦਸ਼ਤ ਵੀ। ਮਨ ਦੀ ਅਵਸਥਾ ਵੀ ਪੂਰੀ ਤਰ੍ਹਾਂ ਕਾਇਮ ਹੈ। ਕੋਈ ਖਿਝ-ਖਝਾਹਟ ਨਹੀਂ। ਫਿਕਰ-ਫ਼ਾਕਾ ਕੋਈ ਨਹੀਂ। ਹਾਂ, ਆਪਣੇ ਦੇਸ਼ ਅਤੇ ਦੇਸ਼ ਵਾਸੀਆਂ ਦਾ ਉਹਨਾਂ ਨੂੰ ਜ਼ਰੂਰ ਫ਼ਿਕਰ ਹੈ, ਅੱਜ ਜੋ ਸਮਾਜ ਅੰਦਰ ਫੈਲੀਆਂ ਬੁਰੀਆਂ ਅਲਾਮਤਾਂ ਅਤੇ ਅਫ਼ਰਾ-ਤਫਰੀ, ਜ਼ੁਲਮ, ਅੰਧਕਾਰ, ਭ੍ਰਿਸ਼ਟਾਚਾਰ, ਟੁੱਟ ਰਹੀਆਂ ਭਾਈਚਾਰਕ ਸਾਂਝਾਂ, ਟੁੱਟ ਰਹੇ ਰਿਸ਼ਤੇ ਅਤੇ ਸਫ਼ੈਦ ਹੋ ਰਿਹਾ ਲਹੂ, ਨਿਤ-ਦਿਨ ਪੈਦਾ ਹੋ ਰਹੀਆਂ ਲੋਕ-ਮਾਰੂ ਤੇਜ਼-ਤਰਾਰ ਸ਼ਕਤੀਆਂ ਵੰਨੀਂ ਦੇਖਕੇ ਮਾਨ ਸਾਹਬ ਚਿੰਤਾਤੁਰ ਹਨ। ਪੰਜਾਬ ਦਾ ਲੋਕ-ਸੰਗੀਤ, ਲੋਕ-ਬੋਲੀ, ਲੋਕ-ਸ਼ੈਲੀ, ਗੀਤ-ਕਲਾ ਅਤੇ ਅਮੀਰ ਸਭਿਆਚਾਰਕ ਵਿਰਾਸਤ ਦਾ ਜਿਸ ਤਰ੍ਹਾਂ ਅੱਜ ਘਾਣ ਕੀਤਾ ਜਾ ਰਿਹਾ ਹੈ, ਮਾਨ ਸਾਹਬ ਇਸ ਗੱਲੋਂ ਵੀ ਬੇਹੱਦ ਦੁਖੀ ਹੋਏ ਜਾਪਦੇ ਹਨ।

ਸ਼ਿਵ ਕੁਮਾਰ ਬਟਾਲਵੀ ਆਦਰ ਵਜੋਂ ਮਾਨ ਸਾਹਬ ਨੂੰ "ਚਾਚਾ" ਆਖਦਾ ਹੁੰਦਾ ਸੀ। ਮਾਨ ਸਾਹਬ ਦੇ ਸ਼ਾਗਿਰਦ ਵੀ ਬਥੇਰੇ ਹਨ, ਜਿਨ੍ਹਾਂ ਵਿਚੋਂ ਕਈ ਪੰਜਾਬ ਵਿਚ ਹਨ ਤੇ ਕਈ ਦੇਸਾਂ-ਬਿਦੇਸ਼ਾਂ ਵਿਚ। ਮਾਨ ਸਾਹਬ ਦੀ ਰਿਹਾਇਸ਼ ਕੈਨੇਡਾ ਦੇ ਸ਼ਹਿਰ ਐਬਟਸਫੋਰਡ (ਬੀ.ਸੀ.) ਵਿਖੇ ਹੈ। ਪੈਨਸ਼ਨ ਵੀ ਮਿਲਦੀ ਹੈ। ਸਵਃ ਪੱਤਰਕਾਰ ਤਾਰਾ ਸਿੰਘ ਹੇਅਰ ਆਪ ਦੇ ਨੇੜਲੇ ਮਿੱਤਰ ਸਨ। ਕੈਨੇਡਾ ਵਿਚ ਮਾਨ ਸਾਹਬ ਨੇ ਆਪਣੇ ਲੇਖਕ ਸਾਥੀਆਂ ਅਤੇ ਸਹਿਯੋਗੀਆਂ ਦੇ ਸਾਥ ਸਦਕਾ, "ਸੈਂਟਰਲ ਪੰਜਾਬੀ ਰਾਈਟਰਜ਼ ਐਸੋਸੀਏਸ਼ਨ" ਬਣਾਈ ਹੋਈ ਹੈ, ਵੱਡੇ-ਵੱਡੇ ਸਮਾਗਮਾਂ ਵਿਚ ਨਾਮੀ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਸਨਮਾਨਿਤ ਕਰ ਚੁੱਕੀ ਹੈ ਇਹ ਸਭਾ! ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਛਪਣ ਦਾ ਕਾਰਜ ਵੀ ਇਹ ਸੰਸਥਾ ਕਰਦੀ ਹੈ।

ਅੱਖਾਂ ਦੀ ਜੋਤੀ ਘੱਟ ਹੋਣ ਕਾਰਣ ਭਾਵੇਂ ਮਾਨ ਸਾਹਬ ਨੂੰ ਪੂਰੀ ਤਰ੍ਹਾਂ ਨਹੀਂ ਦਿਸਦਾ ਪਰ ਉਹ ਬੋਲ-ਬਾਣੀ ਅਤੇ ਗੱਲਬਾਤ ਤੇ ਸਲੀਕੇ ਆਦਿ ਤੋਂ ਵਿਅਕਤੀ ਦਾ ਵਿਹਾਰ ਅਤੇ ਸ਼ਖ਼ਸੀਅਤ ਪਛਾਨਣ ਵਿਚ ਪੂਰੇ-ਪੂਰੇ ਮਾਹਰ ਹਨ। ਜਦੋਂ ਮੈਂ ਉਹਨਾਂ ਨੂੰ ਪੁੱਛਿਆ ਕਿ, "ਹੁਣ ਤੁਸੀਂ ਲਿਖਦੇ ਕਿਵੇਂ ਹੋ ?" ਤਾਂ ਉਹਨਾਂ ਦੱਸਿਆ, "ਬਹੁਤੀ ਵਾਰ ਡਿਕਟੇਟ ਕਰਵਾ ਦਿੰਦਾ ਹਾਂ, ਜੇ ਕੋਈ ਕੋਲ ਨਾ ਹੋਵੇ ਮੌਕੇ ਸਿਰ, ਤਾਂ ਫੇਰ ਮੇਰੇ ਕੋਲ ਇਕ ਵਾਕ-ਮੈਨ (ਰਿਕਾਡਡ) ਹੈ ਉਸ ਵਿਚ ਰਿਕਾਰਡ ਕਰ ਲੈਂਦਾ ਹਾਂ ਬੋਲ-ਬੋਲ ਕੇ। ਫਿਰ ਮਗਰੋਂ ਉਸਨੂੰ ਕਾਗਜ਼ਾਂ ਉੱਤੇ ਚੜ੍ਹਵਾ ਦਿੰਦਾ ਹਾਂ ਤੇ ਇਉਂ ਈ ਕਿਤਾਬ ਦਾ ਖਰੜਾ ਤਿਆਰ ਹੋ ਜਾਂਦਾ ਐ। ਇਹੋ-ਜਿਹੇ ਬਹੁਤੇ ਕੰਮਾਂ ਵਿਚ ਗੁਲਜ਼ਾਰ ਸਿੰਘ ਸ਼ੌਂਕੀ (ਮੇਰਾ ਚਹੇਤਾ ਸ਼ਿਸ਼) ਮੇਰਾ ਸਹਾਇਕ ਬਣਦਾ ਹੈ। ਤੇ ਮੇਰੀਆਂ ਪੁਸਤਕਾਂ ਛਪਵਾਉਂਦਾ ਹੈ।"

ਇਉਂ ਇਹ ਗੱਲ ਪ੍ਰਤੀਤ ਹੁੰਦੀ ਹੈ ਕਿ ਮਾਨ ਸਾਹਬ ਦੀਆਂ ਬਾਹਰਲੀਆਂ ਅੱਖਾਂ ਦੀ ਜੋਤੀ ਭਾਵੇਂ ਮੱਧਮ ਪੈ ਗਈ ਹੈ ਪਰ ਅੰਦਰਲੀਆਂ ਅੱਖਾਂ ਦੀ ਨਹੀਂ। ਸਗੋਂ



ਉਹਨਾਂ ਦੇ ਅੰਦਰ ਤਾਂ ਸਾਹਿਤ ਰਚਨਾ ਦੀ ਜਿਹੜੀ ਜੋਤੀ ਬਲਦੀ ਹੈ ਉਹ ਪੂਰੀਆਂ ਲਾਟਾਂ ਕੱਢ-ਕੱਢ ਕੇ ਬਲ ਰਹੀ ਹੈ ਅਤੇ ਆਪਣਾ ਚਾਨਣ ਨਿਰੰਤਰ ਪਾਸਾਰ ਰਹੀ ਹੈ। ਇਸੇ ਜੋਤੀ ਸਦਕੇ ਹੀ ਉਹਨਾਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਉੱਪਰ ਕਲਮ ਅਜ਼ਮਾਈ ਕੀਤੀ ਹੈ ਅਤੇ ਕਰ ਰਹੇ ਹਨ।

ਮੰਚ ਉੱਪਰ ਬੋਲਣ ਅਤੇ ਕਵਿਤਾ ਪੜ੍ਹਨ ਦਾ ਅੰਦਾਜ਼ ਮਾਨ ਸਾਹਬ ਦਾ ਆਪਣਾ ਹੀ ਹੈ, ਕੋਈ ਵੇਲਾ ਸੀ ਜਦੋਂ ਉਹ ਕਾਵਿ-ਮੁਸ਼ਾਇਰੇ ਲੁੱਟ ਲਿਜਾਂਦੇ ਹੁੰਦੇ ਸਨ। ਸਾਡੇ ਨੇੜਲੇ ਪਿੰਡ ਭਾਗ ਸਿੰਘ ਵਾਲਾ ਤੋਂ ਮਾਸਟਰ ਸ਼ਾਮ ਸਿੰਘ ਬਰਾੜ ਨੇ ਮੈਨੂੰ ਦੱਸਿਆ, "ਇਹ ਗੱਲ ਕੋਈ ਅਠੱਤੀ-ਉਨਤਾਲੀ ਵਰ੍ਹਿਆਂ ਦੀ ਐ, ਨੇੜਲੇ ਇਤਿਹਾਸਕ ਪਿੰਡ ਜੰਡ ਸਾਹਬ ਦੇ ਗੁਰਦੁਵਾਰੇ ਵਿਚ ਲੱਗੇ ਰਾਤ ਦੇ ਦੀਵਾਨ ਵਿਚ ਮਾਨ ਸਾਹਬ ਨੇ ਸ਼ਾਮ ਸਿੰਘ ਅਟਾਰੀ ਬਾਰੇ ਲਿਖੀ ਵਾਰ ਪੜ੍ਹੀ, ਪੂਰਾ ਪੌਣਾ ਘੰਟਾ! ਕੀ ਮਜ਼ਾਲ ਸੀ ਕਿ ਸੰਗਤ ਵਿਚੋਂ ਕੋਈ ਹਿੱਲਿਆ ਵੀ ਹੋਵੇ। ਸਗੋਂ ਸੰਗਤਾਂ ਨੇ ਰੁਪੱਈਏ ਦੇ ਕੇ ਉਹਨਾਂ ਦੀ ਖੂਬ ਹੌਂਸਲਾ ਅਫ਼ਜ਼ਾਈ ਖੂਬ ਕੀਤੀ ਸੀ। ਉਸ ਦੀਵਾਨ ਵਾਲੀ ਰਾਤ ਮੈਨੂੰ ਅੱਜ ਵੀ ਚੇਤੇ ਐ, ਕਮਾਲ ਕਰ ਦਿੱਤੀ ਸੀ ਗੁਰਦੇਵ ਸਿੰਘ ਮਾਨ ਅਟਾਰੀ ਦੀ ਇਹ ਵਾਰ ਦੋ ਵਾਰੀ ਬੀ.ਬੀ.ਸੀ. ਲੰਡਨ ਤੋਂ ਵੀ ਪ੍ਰਸਾਰਿਤ ਹੋਈ ਸੀ।"

1974 ਵਿਚ ਭਾਰਤ ਸਰਕਾਰ ਨੇ ਰਿਪਬਲਿਕ ਡੇ ਮੌਕੇ ਮਾਨ ਸਾਹਬ ਨੂੰ "ਸਰਵੋਤਮ ਕਵੀ" ਵਜੋਂ ਪੁਰਸਕਾਰ ਪ੍ਰਦਾਨ ਕੀਤਾ। 26 ਜਨਵਰੀ ਮੌਕੇ ਗਣਰਾਜ ਦਿਵਸ ਸੰਬੰਧੀ ਜਦੋਂ ਭਾਰਤੀ ਭਾਸ਼ਾਵਾਂ ਵਿਚ ਪੰਦਰਾਂ ਭਾਸ਼ਾਵਾਂ ਦੇ ਨੈਸ਼ਨਲ ਸਿਮਪੋਜ਼ੀਅਮ ਵਿਚ ਪੰਜਾਬੀ ਭਾਸ਼ਾ ਦੀ ਪ੍ਰਤੀਨਿਧ ਕਵਿਤਾ ਵਜੋਂ ਉਹਨਾਂ ਦੀ ਇਕ ਨਜ਼ਮ ਦਾ ਅਨੁਵਾਦ ਹੋਇਆ, ਜੋ ਸਾਰੇ ਦੇਸ਼ ਦੇ ਆਕਾਸ਼ਵਾਣੀ ਕੇਂਦਰਾਂ ਤੋਂ ਵੱਖੋ-ਵੱਖ ਭਾਸ਼ਾਵਾਂ ਵਿਚ ਪ੍ਰਸਾਰਿਤ ਹੋਈ, ਉਸੇ ਨਜ਼ਮ ਦੇ ਕੁਝ ਬੋਲ ਪਾਠਕਾਂ ਨਾਲ ਸਾਂਝੇ ਕਰਨੇ ਬਣਦੇ ਹਨ :

ਆਓ, ਕਿ ਅੱਜ ਨੂੰ ਮਾਣੀਏਂ ਡਾਹਢਾ ਸਵਾਦ ਹੈ
ਆਓ, ਕਿ ਸੀਨਾ ਤਾਣੀਏਂ, ਮੌਸਮ ਆਜ਼ਾਦ ਹੈ
ਦਾਰੂ ਬਣਾ ਕੇ ਕੋਸਦੇ, ਜ਼ਖ਼ਮਾਂ ਦੀ ਪੀੜ ਨੂੰ
ਮੁਨਤਸਰ ਪਰ ਕਰ ਦਿਓ ਡਰ-ਭੌਂ ਦੀ ਭੀੜ ਨੂੰ
ਕੱਲ੍ਹ ਦਾ ਸਵਾਦ ਅੱਜ ਵੀ ਜੀਭ੍ਹਾਂ 'ਤੇ ਨੱਚਦੈ
ਵਸਲਾਂ ਦਾ ਦੀਵਾ, ਯਾਦ ਦੀ ਸੇਜ 'ਤੇ ਮੱਚਦੈ
ਮੋਇਆਂ ਦੇ ਖ਼ਾਬ ਨਾ ਲਵੋ, ਜਿਉਂਦੇ ਪਲਾਂ ਵਿਚ
ਸੱਸੀ ਨੂੰ ਕਾਹਨੂੰ ਰੋਲਣੈਂ, ਬੀਤੇ ਥਲਾਂ ਵਿਚ
ਆਓ ਕਿ ਅੱਜ ਨੂੰ ਮਾਣੀਏਂ, ਡਾਹਢਾ ਹਸੀਨ ਹੈ
ਆਓ ਕਿ ਸੀਨਾ ਤਾਣੀਏਂ, ਮੌਸਮ ਰੰਗੀਨ ਹੈ

ਜਦ ਮਾਨ ਸਾਹਬ ਨੂੰ ਇਹ ਪੁੱਛਿਆ ਕਿ ਗੀਤਕਾਰਾਂ ਨੂੰ ਤੇ ਲੇਖਕਾਂ ਨੂੰ ਕੀ ਸੰਦੇਸ਼ ਦਿਓਗੇ? ਤਾਂ ਉਹਨਾਂ ਆਖਿਆ, "ਪੜ੍ਹੋ ਲਿਖੋ ਅਤੇ ਹੰਢੇ ਹੋਏ ਉਸਤਾਦਾਂ ਤੋਂ ਰਚਨਾਤਮਕ ਗੱਲਾਂ ਸਿਖਕੇ ਲਿਖੋ! ਜ਼ਰੂਰੀ ਨਹੀਂ ਕਿ ਪ੍ਰਸਿੱਧ ਹੋਣ ਜਾਂ ਪੈਸੇ ਕਮਾਉਣ ਲਈ ਲੱਚਰਤਾ ਦਾ ਸਹਾਰਾ ਲਿਆ ਜਾਵੇ, ਸਮਾਜਿਕ, ਸਭਿਆਚਾਰਕ ਅਤੇ ਪਰਿਵਾਰਕ

ਗੀਤਾਂ ਦੀ ਰਚਨਾ ਕਰਕੇ ਵੀ ਸਥਾਪਤ ਹੋਇਆ ਜਾ ਸਕਦੈ। ਗੀਤਾਂ ਨਾਲ ਪੈਸੇ ਕਮਾਓ, ਪਰ ਆਪਣੀ ਕਲਮ ਨੂੰ ਵਿਕਾਊ ਨਾ ਬਣਾਓ। ਚੰਗਾ ਲਿਖੋਗੇ ਤਾਂ ਲੋਕ ਤੁਹਾਡੀਆਂ ਲਿਖਤਾਂ ਨੂੰ ਆਪਣੇ ਦਿਲਾਂ ਵਿਚ ਵਸਾਈ ਰੱਖਣਗੇ।"

ਇਕ ਦਿਨ ਮੈਂ ਜਗਦੇਵ ਸਿੰਘ ਜੱਸੋਵਾਲ ਦੇ ਘਰ ਗਿਆ, ਅੱਗੋਂ ਉਹ ਵੀ ਕਿਧਰੇ ਬਾਹਰ ਜਾਣ ਲਈ ਤਿਆਰ ਬੈਠੇ ਸਨ, ਆਖਣ ਲੱਗੇ, "ਘੁਗਿਆਣਵੀ, ਮੇਰੀ ਪੱਗ ਦੀ ਪੂਣੀ ਕਰਵਾ ਛੇਤੀ, ਆਪਾਂ ਕਿਤੇ ਜਾਣਾ ਹੈ।" ਮੈਂ ਪੁੱਛਿਆ, "ਕਿੱਥੇ ਜਾਣਾ ਹੈ ?" ਤਾਂ ਸ੍ਰ. ਜੱਸੋਵਾਲ ਨੇ ਦੱਸਿਆ ਕਿ, "ਪੰਜਾਬੀ ਗੀਤਾਂ ਦੇ ਬਾਦਸ਼ਾਹ ਅਤੇ ਸਾਹਿਤਕਾਰ ਗੁਰਦੇਵ ਸਿੰਘ ਮਾਨ ਦੇ ਪਿਤਾ ਸ੍ਰ. ਕਰਤਾਰ ਸਿੰਘ ਦਾ ਭੋਗ ਹੈ ਅੱਜ, ਉਨ੍ਹਾਂ ਦੇ ਪਿੰਡ ਜਾਣੈ।"

ਜਦ ਅਸੀਂ ਪੁਛਦੇ-ਪੁਛਾਂਦੇ ਮਾਨ ਸਾਹਬ ਦੇ ਪਿੰਡ ਪੁੱਜੇ ਤਾਂ ਧੂੜੋ-ਧੂੜ ਕੱਚੀਆਂ ਗਲੀਆਂ ਵਿਚ ਕਾਰ ਫਸ ਗਈ। ਜੱਸੋਵਾਲ ਨੇ ਕਿਹਾ, "ਦੇਖ ਲੈ ਘੁਗਿਆਣਵੀ, ਇਹ ਮਿੱਟੀ ਕਿੰਨੀ ਮਹਾਨ ਐਂ, ਏਹ ਮਿੱਟੀ ਗੁਰਦੇਵ ਸਿੰਘ ਮਾਨ ਦੇ ਪਿੰਡ ਦੀ ਮਿੱਟੀ ਆ... ਜਿਸਨੇ ਅਣਮੁੱਲੇ ਗੀਤ ਅਤੇ ਬਹੁਤ ਸਾਰੀਆਂ ਪੁਸਤਕਾਂ ਲਿਖਕੇ ਸਾਹਿਤ ਭੰਡਾਰ ਭਰਿਐ।"

ਮਾਨ ਸਾਹਬ ਦੇ ਘਰ ਪੁੱਜੇ, ਬੇਅੰਤ ਇਕੱਠ ਸੀ। ਏਨੀ ਭੀੜ, ਕਾਰਾਂ, ਟਰੱਕਾਂ, ਸਕੂਟਰਾਂ ਤੇ ਟਰੈਕਟਰ-ਟਰਾਲੀਆਂ ਦੀ, ਕਿ ਸਾਨੂੰ ਕਾਰ ਖਲੋਤੀ ਕਰਨ ਨੂੰ ਜਗ੍ਹਾ ਨਾ ਲੱਭੇ। ਜੱਸੋਵਾਲ ਨੇ ਆਖਿਆ, "ਇਹ ਸਾਰੀ ਭੀੜ ਇਹ ਗੱਲ ਦਸਦੀ ਆ ਕਿ ਗੁਰਦੇਵ ਸਿੰਘ ਮਾਨ ਦਾ ਪਿਓ ਦੁਨੀਆਂ ਵਿਚ ਕਿੰਨਾ ਪਿਆਰਿਆ-ਸਤਿਕਾਰਿਆ ਬੰਦਾ ਸੀ ਅਤੇ ਅੱਗੋਂ ਉਹਦਾ ਪੁੱਤਰ ਵੀ ਓਨਾ ਈ ਪਿਆਰਿਆ ਸਤਿਕਾਰਿਆ ਬੰਦਾ ਐ।"

...... ...... ......

ਗੁਰਦੇਵ ਸਿੰਘ ਮਾਨ ਨੂੰ ਮੈਂ ਬਹੁਤ ਘੱਟ ਜਾਣਦਾ ਹੋਇਆ ਵੀ ਬਹੁਤਾ ਜਾਣਦਾ ਹਾਂ ਕਿਉਂਕਿ ਉਹਨਾਂ ਦੀਆਂ ਲਿਖਤਾਂ ਨਾਲ ਮੈਨੂੰ ਬੇਹੱਦ ਮੋਹ ਤੇ ਲਗਾਓ ਹੈ। ਵਾਰਤਕ ਵਿਚ ਉਹਨਾਂ ਦਾ ਜੁਆਬ ਕੋਈ ਨਹੀਂ, ਪੜ੍ਹਿਆਂ ਹੀ ਬਣਦੀ ਹੈ ਉਹਨਾਂ ਦੀ ਵਾਰਤਕ ਸ਼ੈਲੀ! ਉਹਨਾਂ ਦੀਆਂ ਲਿਖਤਾਂ ਦਾ ਮੈਂ ਸ਼ਰਧਾਲੂ-ਪਾਠਕ ਹਾਂ।

ਜਿਵੇਂ ਕਿ ਮੈਂ ਲੇਖ ਵਿਚ ਪਹਿਲੋਂ ਵੀ ਜ਼ਿਕਰ ਕਰ ਚੁੱਕਾ ਹਾਂ ਕਿ ਮਾਨ ਸਾਹਬ ਹਰੇਕ ਮਿਲਣ-ਗਿਲਣ ਵਾਲੇ ਨੂੰ ਉਹਦੀਆਂ ਗੱਲਾਂ-ਬਾਤਾਂ, ਤੌਰ-ਤਰੀਕੇ ਆਦਿ ਤੋਂ ਝੱਟ ਪਛਾਣ ਲੈਂਦੇ ਹਨ। ਜਦ ਮੈਂ ਅਤੇ ਸ਼ੌਂਕੀ ਉਹਨਾਂ ਪਾਸ ਬੈਠੇ ਗੱਲਾਂ ਮਾਰ ਰਹੇ ਸਾਂ, ਤੇ ਸ਼ੌਂਕੀ ਨੇ ਗੱਲੀਂ-ਗੱਲੀਂ ਹੀ ਮਾਨ ਸਾਹਬ ਨੂੰ ਦੱਸਿਆ, "ਉਸਤਾਦ ਜੀ, ਏਹੇ ਘੁਗਿਆਣਵੀ, ਜੱਜਾਂ ਕੋਲ ਅਰਦਲੀਪੁਣਾ ਵੀ ਕਰਦਾ ਰਿਹੈ।"

ਮਾਨ ਸਾਹਿਬ ਨੇ ਆਖਿਆ, "ਅੱਛਾ ਬਈ ? ਜੱਜਾਂ ਨੂੰ ਤਾਂ ਏਹੇ ਦਾਖੂੰ-ਦਾਣੇ ਚਬਾ ਕੇ ਆਇਆ ਹੋਊਗਾ। ਬੜਾ ਤਿੱਖਾ ਐ ਛੋਹਰਾ ਜਿਆ.... ਏਹਦੀਆਂ ਗੱਲਾਂ ਈਂ ਦਸਦੀਐਂ ਬਈ ਇਹ ਉਥੇ ਕੋਈ "ਪੁਆੜਾ" ਪਾ ਕੇ ਆਇਆ ਹੋਊਗਾ, ਜੱਜਾਂ ਕੋਲ।"

ਇਹ ਕਹਿੰਦਿਆਂ ਮਾਨ ਸਾਹਬ ਜ਼ੋਰ-ਜ਼ੋਰ ਦੀ ਹੱਸਣ ਲੱਗੇ। ਮਾਨ ਸਾਹਬ ਹੱਸ



ਰਹੇ ਸਨ ਤੇ ਨਾਲ-ਨਾਲ ਉਹਨਾਂ ਦਾ ਮੋਟਾ ਢਿੱਡ ਵੀ ਹਿੱਲ-ਹਿੱਲ ਕੇ, ਹੱਸ ਰਿਹਾ ਸੀ.... ਮੋਟੇ ਢਿੱਡ ਦਾ ਹਾਸਾ ਮੈਨੂੰ ਬੜਾ ਚੰਗਾ ਲੱਗਿਆ।

# ਸ਼ਹਿਦ ਦਾ ਮੱਘਾ

ਜੇ ਪਿੰਡਾਂ ਦੇ ਹਿਸਾਬ-ਕਿਤਾਬ ਨਾਲ ਦੇਖਦਾ ਹਾਂ, ਤਾਂ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਨਾਲ ਮੇਰੀਆਂ ਦੋ ਸਕੀਰੀਆਂ ਰਲਦੀਆਂ ਨੇ, ਇੱਕ ਪਾਸਿਓਂ ਉਹ ਮੇਰਾ ਮਾਮਾ ਵੀ ਲਗਦੈ ਦੂਜੇ ਪਾਸਿਓਂ ਤੇ ਤਾਇਆ ਵੀ! ਮਾਮਾ ਏਸ ਕਰਕੇ ਲਗਦੈ ਕਿਉਂਕਿ ਮੇਰਾ ਨਾਨਕਾ ਪਿੰਡ ਸ਼ਰੀਂਹ ਵਾਲਾ, ਮਰਾੜ੍ਹਾਂ ਤੋਂ ਚਾਰ ਕੁ ਕਿਲੋਮੀਟਰ ਦੀ ਵਿੱਥੀ 'ਤੇ ਪੈਂਦਾ ਹੈ ਤੇ ਏਧਰੋਂ ਮੇਰਾ ਪਿੰਡ ਘੁਗਿਆਣਾ, ਮਰਾੜ੍ਹਾਂ ਤੋਂ ਅੱਠ ਕੁ ਕਿਲੋਮੀਟਰ ਦੂਰੀ 'ਤੇ ਵਸਦਾ ਹੈ। ਪਰ ਮੈਂ ਮਾਨ ਸਾਹਿਬ ਨੂੰ 'ਮਾਮਾ' ਜਾਂ 'ਤਾਇਆ' ਕਦੀ ਨਹੀਂ ਆਖਿਆ, ਸਗੋਂ 'ਮਾਨ ਸਾਹਬ' ਆਖਕੇ ਹੀ ਬੁਲਾਉਂਦਾ ਹਾਂ।

ਮਾਨ ਸਾਹਬ ਨੂੰ ਸਤਾਰਾਂ-ਅਠਾਰਾਂ ਵਰ੍ਹੇ ਪਹਿਲੋਂ ਜਿਹੋ-ਜਿਹਾ ਦੇਖਦਾ ਸਾਂ, ਉਹੋ-ਜਿਹਾ ਹੀ ਅੱਜ ਦੇਖਦਾ ਹਾਂ। ਮੇਰੇ ਬਾਪੂ ਜੀ ਸਦੀਕ ਤੇ ਰਣਜੀਤ ਕੌਰ ਨੂੰ ਸੁਣਨ ਦੇ ਬੜੇ ਸ਼ੌਕੀਨ ਹਨ, ਤੇ ਜਦ ਕਦੀ ਵੀ ਸਾਡੇ ਨੇੜੇ-ਤੇੜੇ ਦੇ ਪਿੰਡੀਂ ਇਹਨਾਂ ਦਾ ਅਖਾੜਾ ਲਗਦਾ ਹੁੰਦਾ ਤਾਂ ਮੈਂ ਬਾਪੂ ਜੀ ਦੀ ਉਂਗਲੀ ਫੜਕੇ ਅਖਾੜਾ ਸੁਣਨ ਜ਼ਰੂਰ



ਜਾਂਦਾ ਹੁੰਦਾ। ਉੱਥੇ ਮਾਨ ਸਾਹਬ ਵੀ ਲਾਜ਼ਮੀ ਪਹੁੰਚੇ ਹੁੰਦੇ ਤੇ ਸਟੇਜ ਉੱਤੇ ਫਬਦੇ! ਲੰਮਾ ਕੱਦ, ਕਾਲ਼ੀ ਦਾਹੜੀ ਪ੍ਰੈੱਸ ਕੀਤੀ ਹੋਈ, ਸੁਨੱਖਾ ਚੇਹਰਾ, ਕਿਸੇ ਗੂਹੜੇ ਰੰਗ ਦੀ ਪੋਚਵੀਂ ਪੱਗ ਤੇ ਜਚਵੇਂ-ਮੇਚਵੇਂ ਕੱਪੜੇ ਪਾਈ ਮਾਨ ਸਾਹਬ ਕਦੀ ਸਦੀਕ ਦੇ ਪਿੱਛੇ ਹੋ-ਹੋ ਖਲੋਂਦੇ ਤੇ ਕਦੀ ਰਣਜੀਤ ਕੌਰ ਪਿੱਛੇ ਖਲੋਤੇ ਮੁੱਛਾਂ ਉੱਤੇ ਹੱਥ ਫੇਰ ਰਹੇ ਹੁੰਦੇ! ਲੋਕੀਂ ਗੱਲਾਂ ਮਾਰਦੇ, "ਉਏ ਵੇਖ ਕਿਮੇਂ ਮਾਨ ਮਰਾੜ੍ਹਾਂ ਆਲ਼ਾ ਖੜ੍ਹੈ ਆਕੜਿਆ।"

ਕੋਈ ਆਂਹਦਾ, "ਯਾਰ, ਏਹੇ ਪਤੰਦਰ ਬੁੜ੍ਹਾ ਈ ਨੀ ਹੋਣ 'ਚ ਆਉਂਦਾ... ਉਹੋ ਜਾ ਈ ਪਿਐ ਅਜੇ ਵੀ।"

ਸੱਚਮੁਚ ਹੀ ਅੱਜ ਵੀ ਬਾਬੂ ਸਿੰਘ ਮਾਨ ਦੀ ਚਾਲ-ਢਾਲ, ਤੋਰ-ਫੋਰ ਤੇ ਦੇਖਣੀ-ਪਾਖਣੀ 'ਚ ਭੋਰਾ ਫਰਕ ਨਹੀਂ ਦੀਂਹਦਾ। ਰੋਟੀ ਖਾਂਦਾ-ਖਾਂਦਾ ਉਹ ਪਾਣੀ ਪੀਣਾ ਭਾਵੇਂ ਭੁੱਲ ਜਾਵੇ ਪਰ ਦਾਹੜੀ ਨੂੰ ਕਲਫ਼ ਲਾਉਣੀ ਉੱਕਾ ਨਹੀਂ ਭੁਲਦਾ! ਉਹਦੀ ਆਵਾਜ਼ ਬੜੀ ਭਾਰੀ, ਬੇਸ ਵਾਲੀ ਹੈ, ਇਉਂ ਵੀ ਲੱਗਦਾ ਹੈ ਜਿਵੇਂ ਉਹ ਕਿਸੇ ਰੇਡੀਓ ਸਟੇਸ਼ਨ ਤੋਂ ਅਨਾਊਂਸਰ ਰਿਟਾਇਰ ਹੋਇਆ ਹੋਵੇ! ਪਰ ਕਦੀ-ਕਦੀ ਗੱਲਾਂ ਮਾਰਦਿਆਂ ਆਵਾਜ਼ ਭਰੜਾ ਜਿਹੀ ਜਾਂਦੀ ਹੈ ਜਿਵੇਂ ਫੱਗੂ ਮਰਾਸੀ ਦੀ ਢੋਲਕੀ ਦਾ ਤਲਾ ਪਾਟ ਗਿਆ ਹੋਵੇ! ਮਾਈਕ ਵਿੱਚ ਉਹ ਫੱਬ ਕੇ ਤੇ ਪੂਰੇ ਚੱਜ ਨਾਲ ਬੋਲਦਾ ਹੈ, ਲੋਕ ਨੀਝ ਨਾਲ ਸੁਣਦੇ ਹਨ ਪਰ ਬਹੁਤੀ ਵੇਰੀ ਉਹ ਬੈਠਾ-ਬੈਠਾ ਏਨੀ ਕਾਹਲ਼ੀ ਵਿੱਚ ਬੋਲ ਜਾਂਦੈ ਕਿ ਲਾਗੇ ਬੈਠੇ ਨੂੰ ਕੱਖ ਪੱਲੇ ਨਹੀਂ ਪੈਂਦਾ ਕਿ ਮਾਨ ਸਾਅ੍ਹਬ ਨੇ ਕੀ ਆਖਿਆ ਹੈ ? ਗੱਲ ਦਾ ਘਾਲ਼ਾ-ਮਾਲ਼ਾ ਜਿਹਾ ਹੋ ਜਾਂਦੈ। ਉਸ ਦੇ 'ਚੇਤੇ ਦੀ ਤੌਂੜੀ' ਜਿਉਂ ਦੀ ਤਿਉਂ ਕਾਇਮ ਹੈ, ਟੁਣਕਾਓ ਤਾਂ ਪੂਰੀ ਟੁਣਕਦੀ ਹੈ।

ਜਦੋਂ ਬਾਬੂ ਸਿੰਘ ਮਾਨ ਨੇ ਕੋਟ-ਪੈਂਟ ਪਾਇਆ ਹੋਵੇ, ਟਾਈ ਲਟਕਾਈ ਹੋਵੇ, ਕਾਲ਼ੇ ਬੂਟ ਲਿਸ਼ਕਾਏ ਹੋਣ ਤੇ ਟੌਹਰ ਨਾਲ ਖਲੋਤਾ ਠਹਾਕੇ ਮਾਰ-ਮਾਰ ਹਸਦਾ ਹੋਵੇ ਤਾਂ ਇੰਝ ਲੱਗਦੈ ਜਿਵੇਂ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਣੇ-ਹੁਣੇ ਹੀ ਕਿਸੇ ਕੇਸ ਵਿੱਚ ਸੰਬੰਧਤ ਪਾਰਟੀ ਤੋਂ ਭਾਰੀ-ਭਰਕਮ ਰਿਸ਼ਵਤ ਲੈ ਕੇ ਆਇਆ ਹੈ.... ਤੇ ਹੁਣ ਉਸਤੋਂ ਇਹ ਖੁਸ਼ੀ ਸਾਂਭੀ ਨਹੀਂ ਜਾ ਰਹੀ....। ਤੇ ਕਦੇ-ਕਦੇ ਉਹਦੇ ਚਿੱਟਾ ਕੁੜਤਾ-ਪਜਾਮਾ ਪਾਇਆ ਹੁੰਦੈ, ਚਿੱਟੀ ਪਗੜੀ ਬੰਨ੍ਹੀ ਹੁੰਦੀ ਹੈ ਤਾਂ ਉਦੋਂ ਉਹ ਵਿਸ਼ਾਲ ਕਾਨਫਰੰਸ ਨੂੰ ਸੰਬੋਧਨ ਕਰਨ ਜਾ ਰਿਹਾ 'ਘਾਗ ਕਾਂਗਰਸੀ' ਲਗਦਾ ਹੈ।

ਸਦਾ ਖੁਸ਼ ਰਹਿਣ ਦਾ ਵੱਲ ਤਾਂ ਕੋਈ ਬਾਬੂ ਸਿੰਘ ਮਾਨ ਤੋਂ ਸਿੱਖੇ! ਕਦੀ ਮੱਥੇ ਤਿਊੜੀ ਨਹੀਂ, ਕਿਸੇ ਗੱਲ ਦਾ ਉਦਰੇਵਾਂ ਨਹੀਂ! ਸੁਭਾਅ ਦਾ ਏਨਾ ਮਿੱਠਾ ਕਿ ਜਿੰਨਾ ਡੂੰਮਣੇ ਦੀਆਂ ਮੱਖੀਆਂ ਦੇ ਸ਼ੁੱਧ-ਸ਼ਹਿਦ ਦਾ ਮੱਘਾ ਨੱਕੋ-ਨੱਕ ਭਰਿਆ ਪਿਆ ਵਗੀ ਜਾਂਦਾ ਹੋਵੇ!

ਪਰ ਕਈ ਵੇਰੀ ਇਹ 'ਸ਼ਹਿਦ ਦਾ ਮੱਘਾ' ਮੂਧ ਵੀ ਜਾਂਦਾ ਹੈ ਜਦ 'ਮਾਨ ਜੱਟ' ਆਪਣੀ ਆਈ 'ਤੇ ਆ ਜਾਵੇ। ਫਿਰ ਤਾਂ ਉਹ ਘਰ ਆਏ ਨੂੰ ਵੀ 'ਸ਼ੁੱਧ ਸ਼ਹਿਦ' ਦੇ ਚਮਚੇ ਭਰ-ਭਰ ਦੇਣ 'ਚ ਸੂੰਮਪੁਣਾ ਨਹੀਂ ਕਰਦਾ, ਮੇਰਾ ਭਾਵ 'ਥਪੜਿਆਂ' ਤੋਂ ਹੈ। ਉਂਜ ਉਸਦਾ ਵਾਹ-ਵਾਸਤਾ ਬੜੇ 'ਹਲ਼ਕੇ' ਅਤੇ 'ਹਲ੍ਹਕੇ' ਬੰਦਿਆਂ ਨਾਲ ਵੀ ਪੈਂਦਾ ਰਿਹੈ। ਪਰ ਉਸਨੇ ਬੜੀ ਘੱਟ ਗਰਮੀ ਖਾਧੀ ਹੈ। ਗੁੱਸੇ ਨੂੰ ਤਾਂ ਉਹ ਡੀਕ ਲਾ ਪੀ ਜਾਂਦੈ। ਕਿਸੇ ਵਿਰਲੇ-ਟਾਂਵੇ ਭਾਗਾਂ ਵਾਲੇ ਨੂੰ ਹੀ ਉਸਨੇ ਥਪੜੇ ਦੀ ਬਖਸ਼ਿਸ਼ ਕੀਤੀ

ਹੋਵੇਗੀ, ਲਓ ਇਹੋ ਜਿਹੀ ਗੱਲ ਇੱਕ ਸੁਣ ਹੀ ਲਓ!

ਮਾਨ ਸਾਹਬ ਦੀ ਸਰਦਾਰਨੀ ਗੁਰਨਾਮ ਕੌਰ ਨੇ ਆਪਣਾ ਪਾਸਪੋਰਟ ਅਪਲਾਈ ਕੀਤਾ ਹੋਇਆ ਸੀ, ਕੋਈ ਯੱਕ੍ਹਲ ਜਿਹਾ ਪੁਲਸ ਵਾਲਾ ਇਨਕੁਆਰੀ ਕਰਨ ਲਈ ਘਰ ਗਿਆ। ਵਾਪਸ ਮੁੜਦਾ ਬੋਲਿਆ, "ਬਾਬੂ ਸਿੰਓ ਨੂੰ ਥਾਣੇ ਭੇਜਿਓ ਜਦ ਵੀ ਘਰੇ ਆਵੇ... ਦੇਰ ਨਾ ਲਾਵੇ... ਨਾਲੇ ਸਾਡਾ ਚਾਹ-ਪਾਣੀ ਵੀ ਦੇਵੇ। ਐਵੇਂ ਨੀ ਬਣਨਾ ਪਾਸਪੋਰਟ ਥੋਡਾ... ਹੁਣ ਦਸਤਾ ਮੈਂ... ਫੇਰ ਆਖੋਂਗੇ।"

ਬਾਬੂ ਸਿੰਘ ਮਾਨ ਤਾਂ ਉਦੋਂ ਘਰ ਦੇ ਅੰਦਰੇ ਹੀ ਬੈਠਾ ਗੀਤ ਜੋੜ ਰਿਹਾ ਸੀ। ਉਹ ਏਨੀ ਗੱਲ ਸੁਣਦਿਆਂ ਭੱਜ ਕੇ ਕਮਰੇ 'ਚੋਂ ਬਾਹਰ ਆ ਗਿਆ ਤੇ ਆਉਂਦੇ ਸਾਰ ਪੁਲਸ ਵਾਲੇ ਨੂੰ ਗਲਮਿਓਂ ਫੜ੍ਹਕੇ ਸ਼ੁੱਧ-ਸ਼ਹਿਦ ਦੇ ਚਮਚੇ ਭਰ-ਭਰ ਚਟਾਉਣ ਲੱਗਿਆ। ਪੁਲਿਸ ਵਾਲਾ ਸ਼ਹਿਦ ਚਟਦਾ-ਚਟਦਾ ਮਿੱਠੀ ਹੋਈ ਜੀਭ੍ਹੀ ਦੇ ਸੁਆਦ 'ਚ ਗੜੂੰਦ ਸੀ, ਹੱਥ ਜੋੜਕੇ ਬੋਲਿਆ, "ਸਰਦਾਰ ਜੀ, ਮਾਨ ਸਾਅ੍ਹਬ ਗਲਤੀ ਹੋਗੀ ਮੈਥੋਂ... ਮੈਨੂੰ ਮਾਫ਼ ਕਰ ਦਿਓ! ਤੌਬਾ ਮੇਰੀ... ਤੌਬਾ ਮੇਰੇ ਪਿਓ ਦੀ... ਮਾਫ਼ ਕਰ ਦਿਓ ਸਰਦਾਰ ਜੀ! 'ਗਾਹਾਂ ਤੋਂ ਨ੍ਹੀ ਇਓਂ ਬੋਲਦਾ ਮੈਂ...।"

ਮਸੀਂ ਖਹਿੜਾ ਛੁਡਾ ਕੇ ਉਹ ਭੱਜਿਆ, ਹੁਣ ਵੀ ਜਦ ਕਦੇ ਗਾਹੇ-ਬਗਾਹੇ ਮਾਨ ਸਾਹਬ ਨੂੰ ਮਿਲਦੈ ਤਾਂ ਗੋਡੀਂ ਹੱਥ ਲਾਉਂਦਾ ਹੈ।

ਬਾਬੂ ਸਿੰਘ ਮਾਨ ਜੱਟ ਹੈ, ਪਰ ਮਚਲਾ ਨਹੀਂ ਹੈ। ਖੁੱਲ੍ਹ ਦਿਲਾ ਏਨਾ ਕਿ ਜਿਸਦਾ ਕੋਈ ਹਿਸਾਬ-ਕਿਤਾਬ ਹੀ ਨਹੀਂ! ਉਹ ਜਿਸ ਮਹਿਫ਼ਲ ਵਿੱਚ ਬੈਠਿਆ ਹੋਵੇ ਉਥੇ ਮੁੱਖ-ਵਕਤਾ ਤੇ ਹੀਰੋ ਉਹੀਓ ਈ ਹੁੰਦੈ! ਕੀ ਮਜਾਲ ਹੈ ਕਿ ਕੋਈ ਹੋਰ ਓਥੇ ਬੈਠਾ, ਉਹਦੀ ਗੱਲ ਤੋਂ ਚੜ੍ਹਦੀ ਗੱਲ ਕਰ ਜਾਵੇ ਤੇ ਉਹਦੇ ਜਿੰਨੇ ਪੂਰੇ-ਪੂਰੇ ਨੰਬਰ ਖੱਟ ਲਵੇ! ਪਤਾ ਨਹੀਂ ਲਗਦਾ ਉਹਨੂੰ ਗੱਲਾਂ ਦੇ ਗੱਫ਼ੇ ਕਿੱਥੋਂ ਲੱਥੇ ਆਉਂਦੇ ਹਨ। ਹਾਸਿਆਂ ਤੇ ਚਟਖਾਰਿਆਂ ਭਰੀਆਂ ਅਭੁੱਲ ਯਾਦਾਂ, ਗਿਆਨ-ਵਧਾਊ ਗੱਲਾਂ! ਜੇ ਗੱਲ ਰਸ ਵਾਲੀ ਨਾ ਵੀ ਹੋਵੇ ਤਾਂ ਰਸ ਉਹ ਆਪਣੇ ਕੋਲੋਂ ਵਾਹਵਾ-ਖ਼ਾਸਾ ਭਰ ਦਿੰਦਾ ਹੈ, ਕਈ ਵਾਰੀ ਰਸ ਵਾਲੀ ਅਣਮੁੱਲੀ ਗੱਲ ਸੁਣਾਉਂਦਾ-ਸੁਣਾਉਂਦਾ ਗੱਲ ਨੂੰ ਉਹ ਆਪਣੇ ਮੂੰਹ ਵਿੱਚ ਹੀ ਖਾ ਜਾਂਦਾ ਹੈ, ਜਦੋਂ ਸਮਝ ਹੀ ਨਹੀਂ ਪੈਂਦੀ ਕਿ ਉਸ ਨੇ ਕੀ ਕਿਹੈ ? ਖ਼ੈਰ, ਜਿੱਥੇ ਬਾਬੂ ਸਿੰਘ ਮਾਨ ਬੈਠਿਆ ਹੋਵੇ ਉੱਥੇ ਉਦਾਸੀ ਵਾਲੀਆਂ ਤੇ ਰਊਂ-ਰਊਂ ਗੱਲਾਂ ਕਰਨ ਦਾ ਕੀ ਵਾਸਤਾ ਹੈ ਭਲਾ ?

ਮਾਨ ਸਾਹਬ ਦੀ ਗੀਤ-ਕਲਾ ਨੂੰ ਤਾਂ ਲੋਕ ਮੰਨਦੇ ਹੀ ਹਨ ਪਰ ਹਾਜ਼ਰ ਜੁਆਬੀ ਵਿੱਚ ਵੀ ਉਹਨਾਂ ਦਾ ਜੁਆਬ ਕੋਈ ਨਹੀਂ, ਬੜੇ-ਬੜੇ ਮੰਨਦੇ ਹਨ ਉਹਨਾਂ ਦੀ ਹਾਜ਼ਰ ਜੁਆਬੀ ਨੂੰ। ਵੱਡੇ-ਵੱਡੇ ਲੀਹੋਂ-ਲਾਹ ਲਾਹ ਸੁੱਟੇ ਹਨ।

ਕਿਸੇ ਨੇ ਮਾਨ ਸਾਹਬ ਨੂੰ ਗੁਰਦਾਸ ਮਾਨ ਦੀ ਗਾਇਕੀ ਤੇ ਗੀਤਕਾਰੀ ਬਾਰੇ ਪੁੱਛਿਆ ਸੀ ਕਿ ਤੁਹਾਡਾ ਕੀ ਵਿਚਾਰ ਹੈ ਗੁਰਦਾਸ ਬਾਰੇ ? ਤਾਂ ਮਾਨ ਸਾਹਬ ਨੇ ਆਖਿਆ ਸੀ, "ਹਾਂ ਠੀਕ ਐ... ਲਿਖਣ ਵਾਲਿਆਂ ਨਾਲੋਂ ਵਧੀਆ ਗਾ ਲੈਂਦਾ ਐ... ਤੇ ਗਾਉਣ ਵਾਲਿਆਂ ਨਾਲੋਂ ਵਧੀਆ ਲਿਖ ਲੈਂਦਾ ਐ।" ਇਉਂ ਗੱਲ ਗੰਧਾਲ-ਚਾਲੇ ਜਿਹੀ ਪਾ ਦਿੱਤੀ ਮਾਨ ਸਾਹਬ ਨੇ, ਸਪੱਸ਼ਟ ਨਾ ਕੀਤੀ। ਅਗਲਾ ਸੋਚੀ ਜਾਏ!

ਮਾਨ ਸਾਹਬ ਤੇ ਚਰਨਜੀਤ ਆਹੂਜਾ ਬੈਠੇ ਭੁੱਜੇ ਹੋਏ ਛੋਲੇ ਖਾਂਦੇ ਰਹੇ।



ਵਾਹਵਾ ਚਿਰ ਬੀਤ ਗਿਆ। ਛੋਲੇ ਵੀ ਮੁੱਕ ਗਏ। ਆਹੂਜੇ ਨੇ ਛੋਲਿਆਂ ਦੀ ਆਖਰੀ ਫੱਕੀ ਮਾਰਦਿਆਂ ਆਖਿਆ, "ਮਾਨ ਸਾਅ੍ਹਬ ਹੁਣ ਕੀ ਪ੍ਰੋਗਰਾਮ ਹੈ ?"

ਮਾਨ ਸਾਹਬ ਨੇ ਆਖਿਆ, "ਹੁਣ ਤਾਂ ਹਿਣਕਣ ਦੀ ਲੋੜ ਐ।"

ਸਦੀਕ ਤੇ ਰਣਜੀਤ ਕੌਰ ਦਾ ਅਖਾੜਾ ਖੁਣਖਣ ਕਲਾਂ ਪਿੰਡ ਵਿੱਚ ਲੱਗਣਾ ਸੀ। ਮਾਨ ਵੀ ਨਾਲ ਸੀ। ਖੁਣਖੁਣ ਕਲਾਂ ਪਿੰਡ ਨਹੀਂ ਸੀ ਲਭਦਾ! ਬੜੀ ਥਾਂਈ ਕਾਰ ਰੋਕ-ਰੋਕ ਕੇ ਪੁੱਛਿਆ। ਖਪਦੇ-ਖਪਾਉਂਦੇ ਖੁਣਖਣ ਕਲਾਂ ਦੇ ਨੇੜਲੇ ਕਿਸੇ ਪਿੰਡ 'ਚ ਪੁੱਜੇ ਤੇ ਕਾਰ ਦੇ ਸ਼ੀਸ਼ੇ ਵਿਚਦੀ ਮੂੰਹ ਕੱਢਕੇ ਮਾਨ ਨੇ ਤੁਰੇ ਜਾਂਦੇ ਇੱਕ ਬੁੜ੍ਹੇ ਨੂੰ ਪੁੱਛਿਆ, "ਖੁਣਖਣ ਜਾਣੈ ਜੀ, ਕਿੱਥੇ ਕੁ ਆ ?"

ਬਜ਼ੁਰਗ ਨੇ ਕੰਨ ਤੋਂ ਪਰਨਾ ਉਤਾਂਹ ਚੁੱਕ ਕੇ ਪੁੱਛਿਆ, "ਕਿੱਥੇ ਜਾਣੈ ਜੀ ?"

ਮਾਨ ਨੇ ਕਿਹਾ, "ਖੁਣਖਣ ਜਾਣੈ, ਖੁਣਖਣ।"

ਬਜ਼ੁਰਗ ਨੇ ਫਿਰ ਪੁੱਛਿਆ, "ਛੋਟੀ ਖੁਣਖਣ ਜਾਣੈ, ਕਿ ਵੱਡੀ ਖੁਣਖੁਣ ਜਾਣੈ ?"

ਮਾਨ ਸਾਹਬ ਖਿਝ ਗਏ ਤੇ ਬਜ਼ੁਰਗ ਨੂੰ ਕਿਹਾ, "ਕੀ ਗੱਲ ? ਬਾਹਲ਼ਾ ਚੰਗਾ ਨਾਂ ਐਂ ? ਜਿਹੜੇ ਦੋ ਪਿੰਡ ਬੰਨ੍ਹ ਲਏ।" ਬਜ਼ੁਰਗ ਕੱਚਾ-ਕੱਚਾ ਜਿਹਾ ਹੱਸਣ ਲੱਗਿਆ।

ਪੁਰਾਣੀ ਗੱਲ ਹੈ। ਮਾਨ ਤੇ ਸਦੀਕ ਰੇਡੀਓ ਸਟੇਸ਼ਨ ਗਏ। ਬਰਾਂਡਿਆਂ ਵਿੱਚ ਟਹਿਲ ਰਹੇ ਸਨ। ਸਕਿਉਰਟੀ ਵਾਲੇ ਨੇ ਮਖੌਲ 'ਚ ਪੁੱਛਿਆ, "ਤੁਸੀਂ ਕੌਣ ਓ ਭਾਈ ?"

ਮਾਨ ਸਾਹਬ ਨੇ ਆਖਿਆ, "ਮੈਂ ਮਾਨ ਆਂ... ਤੇ ਆਹ ਮੇਰੇ ਨਾਲ ਦਾ ਮੁਸਲਮਾਨ ਐਂ।"

ਸਕਿਉਰਟੀ ਵਾਲਿਆਂ ਦੇ ਹਾਸੇ ਛੁਟ ਗਏ!

ਸਦੀਕ ਦੇ ਮੂੰਹ 'ਤੇ ਪਏ ਮਾਤਾ ਦੇ ਦਾਗ ਦੇਖਕੇ ਮਾਨ ਨੇ ਪੁੱਛਿਆ, "ਸਦੀਕ, ਆਹ ਤੇਰੇ ਕੀ ਹੋਇਆ ਸੀ ਯਾਰ ?"

ਸਦੀਕ ਨੇ ਦੱਸਿਆ, "ਮਾਨ ਸਾਹਿਬ, ਮੇਰੇ ਮਾਤਾ ਨਿਕਲੀ ਸੀ।"

ਮਾਨ ਨੇ ਕਿਹਾ, "ਤੇਰੇ ਪਤੰਦਰਾ ਮਾਤਾ ਕਿੱਥੋਂ ਨਿਕਲ ਆਈ... ਮੁਸਲਮਾਨਾਂ ਦੇ ਤਾਂ ਪੀਰ ਮੌਲਾ ਨਿਕਲਦਾ ਹੁੰਦੈ...।"

ਇਕੇਰਾਂ ਮਾਨ ਇੱਕ ਵਿਆਹ-ਪਾਰਟੀ 'ਤੇ ਗਿਆ। ਉਥੇ ਉਹਦੇ ਹੋਰ ਵੀ ਪੁਰਾਣੇ ਸੱਜਣ-ਬੇਲੀ ਆਏ ਹੋਏ ਸਨ। ਇੱਕ ਜਮਾਤੀ, ਜੋ ਸਿੱਖਿਆ ਵਿਭਾਗ ਵਿਚ ਉੱਚ-ਅਫ਼ਸਰ ਸੀ, ਉਹ ਵੀ ਲਾਗੇ ਖਲੋਤਾ ਹੋਇਆ ਸੀ। ਸਾਰੇ ਲੋਕ ਆਣ-ਆਣ ਕੇ ਮਾਨ ਸਾਹਬ ਨੂੰ ਸਤਿਕਾਰ ਦੇਈ ਜਾਣ, ਹਾਲ-ਚਾਲ ਪੁੱਛਣ! 'ਅਫ਼ਸਰ ਬੇਚਾਰਾ' ਗੁੰਗਾ ਜਿਹਾ ਬਣਿਆ ਖੜ੍ਹਾ ਏਧਰ-ਉਧਰ ਝਾਕੀ ਜਾਵੇ, ਉਹਨੂੰ ਕੋਈ ਨਾ ਬੁਲਾਵੇ! ਆਖਰ ਬੇਚਾਰਾ ਆਪਣੇ ਖੰਭ ਆਪੇ ਈ ਸਾੜਨ ਲੱਗਿਆ, ਆਪਣੇ ਨਾਲ ਖਲੋਤੇ ਨੂੰ ਬੋਲਿਆ, "ਓ ਕੀ ਆ ਯਾਰ, ਬਾਊ ਸਿੰਘ – ਬਾਊ ਸਿੰਘ ਲਾਈ ਆ... ਮੇਰੇ ਨਾਲ ਈ ਪੜ੍ਹਦਾ ਰਿਹੈ... ਚਾਰ ਗੀਤ ਲਿਖਤੇ...!"

ਮਾਨ ਸਾਹਬ ਨੇ ਸੁਣ ਲਿਆ ਤੇ ਤੁਰੰਤ ਮੌਕਾ ਸਾਂਭਦਿਆਂ ਆਖਿਆ, "ਤੇਰੇ

ਵਾਸਤੇ ਏਦੂੰ ਹੋਰ ਖੁਸ਼ਨਸੀਬੀ ਕੀ ਹੋ ਸਕਦੀ ਐ... ਜੇ ਤੇਰੇ ਨਾਲ ਬਾਬੂ ਸਿੰਘ ਮਾਨ ਪੜ੍ਹਦਾ ਰਿਹੈ... ਚਾਰ ਬੰਦਿਆਂ ਨੂੰ ਦੱਸਣ ਜੋਗਾ ਤਾਂ ਹੈਗਾ ਐਂ....।"

ਅਫ਼ਸਰ ਬੇਚਾਰਾ ਖ਼ਸਿਆਨਾ ਜਿਹਾ ਹਸਦਾ, ਕੱਛਾਂ 'ਚ ਹੱਥ ਦੇਈ ਪਰ੍ਹੇ ਨੂੰ ਜਾ ਖਲੋਇਆ।

ਸ੍ਰ. ਭਗਤ ਸਿੰਘ ਪੰਜਾਬ ਸਰਕਾਰ 'ਚ ਮੰਤਰੀ ਹੁੰਦੇ ਸਨ। ਕਿਸੇ ਪ੍ਰੋਗਰਾਮ 'ਤੇ ਮਾਨ ਸਾਹਬ ਨਾਲ ਉਹਨਾਂ ਦਾ ਮੇਲ ਹੋਇਆ। ਉਥੇ ਕਈ ਗਾਇਕ ਤੇ ਗਾਇਕ ਜੋੜੀਆਂ ਪੁੱਜੀਆਂ ਹੋਈਆਂ ਸਨ। ਗਾਇਕ ਤੇ ਗਾਇਕਾਵਾਂ ਨੂੰ ਦੇਖਕੇ ਸ੍ਰ. ਭਗਤ ਸਿੰਘ ਨੇ ਮਾਨ ਸਾਹਬ ਨੂੰ ਆਖਿਆ, "ਬਈ ਤੁਸੀਂ ਹਰੇਕ ਸਟੇਜ ਉੱਤੇ ਗੌਣ ਵਾਲੇ ਤੇ ਗੌਣ ਵਾਲੀਆਂ ਨੂੰ ਸੱਦਦੇ ਓ... ਕਦੇ ਕਿਸੇ ਢਾਡੀ ਕਵੀਸ਼ਰ ਨੂੰ ਵੀ ਸੱਦ ਲਿਆ ਕਰੋ।"

ਮਾਨ ਸਾਹਬ ਨੇ ਬੜਾ ਤਸੱਲੀ ਬਖਸ਼ ਜੁਆਬ ਦਿੱਤਾ। ਆਖਿਆ, "ਸ੍ਰ. ਭਗਤ ਸਿੰਘ ਜੀ, ਢਾਡੀਆਂ ਨੂੰ ਅਸੀਂ ਕਿੱਥੋਂ ਸੱਦੀਏ... ਸਾਰੇ ਢਾਡੀ ਕਵੀਸ਼ਰ ਤਾਂ ਤੁਸੀਂ ਵਜ਼ੀਰ ਤੇ ਐਮ.ਐਲ.ਏ. ਬਣਾ ਛੱਡੇ ਆ।"

ਉਦੋਂ ਸ੍ਰ. ਧੰਨਾ ਸਿੰਘ ਗੁਲਸ਼ਨ, ਗੁਰਦੇਵ ਸਿੰਘ ਸ਼ਾਂਤ, ਸੰਪੂਰਨ ਸਿੰਘ ਰਾਮਾ, ਬਲਵੰਤ ਸਿੰਘ ਰਾਮੂੰਵਾਲੀਆ ਤੇ ਗੁਰਦੇਵ ਸਿੰਘ ਬਾਦਲ ਵਰਗੇ ਕਈ ਐਮ.ਐਲ.ਏ. ਤੇ ਕਈ ਵਜ਼ੀਰ, ਸਿਆਸਤ ਵਿਚ ਸਰਗਰਮ ਸਨ। ਇਹ ਸੁਣ ਕੇ ਭਗਤ ਸਿੰਘ ਨੂੰ ਕੋਈ ਗੱਲ ਨਾ ਅਹੁੜੀ ਤੇ ਫੋਕਾ ਜਿਆ ਹੱਸਣ ਜੋਗੇ ਹੀ ਰਹਿ ਗਏ!

ਮਾਨ ਸਾਹਬ ਦੀਆਂ ਹਾਜ਼ਰ-ਜਵਾਬੀਆਂ ਤੇ ਅਜਿਹੀਆਂ ਹਲਕੀਆਂ-ਫੁਲਕੀਆਂ ਬੇਹਿਸਾਬੀਆਂ ਹਨ।

...... ...... ......

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ ਉਹਨਾਂ ਧੜੱਲੇਦਾਰ ਗੀਤਕਾਰਾਂ ਵਿਚ ਸਭਨਾਂ ਤੋਂ ਮੂਹਰੇ ਹੈ ਜਿਹਨਾਂ ਨੂੰ ਆਪਣੇ ਗੀਤਾਂ ਦੀਆਂ ਕਾਪੀਆਂ ਚੁੱਕ ਕੇ ਗਾਉਣ ਵਾਲਿਆਂ ਕੋਲ ਜਾ-ਜਾ ਕੇ ਮਿੰਨਤਾਂ ਨਹੀਂ ਕੱਢਣੀਆਂ ਪਈਆਂ ਕਿ ਮੇਰੇ ਗੀਤ ਗਾਓ! ਸਗੋਂ ਕਈ ਗਾਉਣ ਵਾਲੇ ਤੇ ਗਾਉਣ ਵਾਲੀਆਂ ਨੇ ਉਸ ਕੋਲ ਆ-ਆ ਮਿੰਨਤਾਂ ਕੀਤੀਆਂ ਕਿ, "ਮਾਨ ਸਾਹਬ ਸਾਨੂੰ ਗੀਤ ਲਿਖਕੇ ਦਿਓ, ਸਾਡਾ ਬੇੜਾ ਪਾਰ ਲਾਓ।" ਇਉਂ ਮਾਨ ਸਾਹਬ ਕਹਿੰਦੇ ਹਨ, "ਮੈਂ ਸਦਾ ਖ਼ੈਰ ਪਾਈ ਹੀ ਹੈ... ਕਦੇ ਕਿਤੋਂ ਮੰਗੀ ਨਹੀਂ।"

ਇੱਕ ਸਿਆਣੇ ਸਰੋਤੇ ਨੇ ਆਖਿਆ ਸੀ, "ਜੇਕਰ ਬਾਬੂ ਸਿੰਘ ਮਾਨ ਨਾ ਹੁੰਦਾ, ਤਾਂ ਸਦੀਕ ਤੇ ਰਣਜੀਤ ਕੌਰ ਨਾ ਹੁੰਦੇ, ਅਤੇ ਜੇਕਰ ਦੇਵ ਥਰੀਕਿਆਂ ਵਾਲਾ ਨਾ ਹੁੰਦਾ, ਤਾਂ ਮਾਣਕ ਨਾ ਹੁੰਦਾ।"

ਸਿਆਣੇ ਸਰੋਤੇ ਦੀ ਗੱਲ ਸੌ-ਫ਼ੀਸਦੀ ਸਹੀ ਜਾਪਦੀ ਹੈ। ਮਾਨ ਮਰਾੜ੍ਹਾਂ ਵਾਲੇ ਵੰਨੀਂ ਦੇਖਕੇ ਬਹੁਤਿਆਂ ਗੀਤਕਾਰਾਂ ਨੇ ਆਪਣੇ ਪਿੰਡ ਦਾ ਨਾਂ ਆਪਣੇ ਨਾਂ ਨਾਲ ਜੋੜਿਆ। ਗਾਇਕੀ ਤੇ ਗੀਤਕਾਰੀ ਦੀਆਂ ਤਿੰਨ ਪੀੜ੍ਹੀਆਂ ਦਾ ਉਹ ਸਤਿਕਾਰਯੋਗ ਤੇ ਮਾਣਮੱਤਾ ਸਿਰਮੌਰ ਗੀਤਕਾਰ ਹੈ। ਉਸਦੀ ਝੰਡੀ ਉਸਦੇ ਆਰੰਭ ਵੇਲੇ ਤੋਂ ਹੀ ਉੱਚੀ ਹੋ ਕੇ ਝੂਲਦੀ ਦੀਂਹਦੀ ਹੈ। ਉਸਦੇ ਗੀਤ ਬੁੱਢੇ ਹੋਣ ਵਾਲੇ ਨਹੀਂ, ਏਸੇ ਲਈ ਮਾਨ



ਹੱਸ ਕੇ ਆਖਦਾ ਹੈ, "ਮੇਰੇ ਗੀਤ ਹੀ ਮੈਨੂੰ ਬੁੱਢਾ ਨਹੀਂ ਹੋਣ ਦੇਂਦੇ! ਮੇਰੇ ਗੀਤ ਹੀ ਮੇਰੀ ਜ਼ਿੰਦਗੀ ਹਨ। ਮੈਂ ਸਮੁੱਚਾ ਆਪਣਾ ਆਪਾ ਇਹਨਾਂ ਵਿਚ ਘੋਲਿਆ ਐ। ਰੁੱਤਾਂ ਰਾਂਗਲੀਆਂ ਵੀ ਆਈਆਂ, ਤੇ ਪਤਝੜ ਵੀ... ਪਰ ਗੀਤਾਂ ਵਿਚਲੀ ਤਾਜ਼ਗੀ ਦੇ ਜੀਂਦੇ-ਜਾਗਦੇ ਅਹਿਸਾਸ ਅਤੇ ਲੋਕ-ਮੋਹ ਨੇ ਮੈਨੂੰ ਹਮੇਸ਼ਾ ਆਪਣੀ ਕਲਾ ਨਾਲ ਇਕ-ਮਿਕ ਕਰਕੇ ਰੱਖਿਐ।"

ਬਾਬੂ ਸਿੰਘ ਮਾਨ ਦੀ ਲਿਖਣ ਪ੍ਰਕਿਰਿਆ ਸਭਨਾਂ ਨਾਲੋਂ ਵਿਲੱਖਣ ਤਰ੍ਹਾਂ ਦੀ ਹੈ। ਉਸਨੇ ਲੋਕੀਂ ਗੱਲਾਂ ਕਰਦੇ ਸੁਣੇ, ਗੀਤ ਬਣ ਗਏ। ਖੇਤ ਗਿਆ, ਫਸਲਾਂ ਤੱਕੀਆਂ, ਗੀਤ ਬਣ ਗਏ। ਲੋਕ ਹਸਦੇ ਵੇਖੇ, ਰੋਂਦੇ ਵੇਖੇ, ਸ਼ਗਨ ਕਰਦੇ ਵੇਖੇ, ਸਿਆਪੇ-ਪਿਟਦੇ ਵੇਖੇ, ਗੀਤ ਬਣ ਗਏ। ਯਾਰੀਆਂ ਵੇਖੀਆਂ, ਦੁਸ਼ਮਣੀਆਂ ਵੇਖੀਆਂ, ਗੀਤ ਬਣ ਗਏ। ਹਾਲੇ ਮਾਨ ਗੀਤ ਲਿਖਣ ਲੱਗਿਆ-ਲੱਗਿਆ ਹੀ ਸੀ, ਸੜਕੇ-ਸੜਕੇ ਆਪਣੇ ਪਿੰਡ ਨੂੰ ਜਾ ਰਿਹਾ ਸੀ। ਲਾਗਲੇ ਖੇਤ ਵਿਚ ਬੁੜ੍ਹੀਆਂ ਕਪਾਹ ਚੁਗ ਰਹੀਆਂ ਸਨ। ਉਮਰ 'ਚ ਵੱਡੀ ਬੁੜ੍ਹੀ ਨੇ ਤੁਰੇ ਜਾਂਦੇ ਮਾਨ ਨੂੰ ਛੇੜਿਆ, "ਬੇ ਬਾਊ ਸਿੰਆਂ... ਤੂੰ ਗੀਤ-ਗੂਤ ਜੋੜਦਾ ਐਂ... ਮੈਂ ਤੈਨੂੰ ਤਾਂ ਮੰਨੂੰ... ਜੇ ਸਾਡਾ ਕਪਾਹ ਚੁਗਦੀਆਂ ਦਾ ਗੀਤ ਜੋੜੇਂਗਾ...।"

ਮਾਨ ਸਾਹਬ ਨੇ ਉਸੇ ਵੇਲੇ ਹੀ ਤੁਰਦਿਆਂ-ਤੁਰਦਿਆਂ ਗੀਤ ਜੋੜਕੇ ਸੁਣਾ ਦਿੱਤਾ :

ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਨੀ ਪੱਤ ਹਰੇ-ਹਰੇ
ਆਖ ਨੀ ਨਣਾਨੇ ਤੇਰੇ ਵੀਰ ਨੂੰ
ਕਦੇ ਤਾਂ ਭੈੜਾ ਹੱਸਿਆ ਕਰੇ

ਮੁਹੱਬਤ ਭਰੇ ਜਜ਼ਬੇ, ਰਸਮਾਂ-ਰਿਵਾਜ਼, ਸਮਾਜਿਕ ਰਿਸ਼ਤਿਆਂ ਦੇ ਰੰਗ-ਢੰਗ, ਕਲੇਸ਼ ਤੇ ਏਕਾ, ਜਵਾਨੀ ਤੇ ਬੁਢੇਪਾ, ਮੱਧ ਵਰਗ ਦੀ ਆਰਥਿਕਤਾ, ਆਮ ਜਨ-ਜੀਵਨ ਵਿਚ ਉਲਝੇ ਤਾਣੇ-ਬਾਣੇ, ਜਿੰਨੀ ਸਹਿਜਤਾ ਤੇ ਨੀਝਤਾ ਨਾਲ ਬਾਬੂ ਸਿੰਘ ਮਾਨ ਨੇ ਇਸ ਸਭ ਕਾਸੇ ਨੂੰ ਲਿਖਿਆ-ਪਰਖਿਆ ਤੇ ਘੋਖਿਆ ਹੈ, ਇਉਂ ਕਰਨਾ ਹਰੇਕ ਕਿਸੇ ਗੀਤਕਾਰ ਦੇ ਹਿੱਸੇ ਨਹੀਂ ਆਇਆ।

ਬਾਬੂ ਸਿੰਘ ਮਾਨ ਦਾ ਜਨਮ ਹੋਇਆ 10 ਅਕਤੂਬਰ 1942 ਨੂੰ ਪਿੰਡ ਮਰਾੜ੍ਹ ਵਿਖੇ। ਉਹਨੀਂ ਦਿਨੀਂ "ਬਾਬੂ" ਦੀ ਨੌਕਰੀ ਬੜੀ ਟੌਹਰ ਵਾਲੀ ਮੰਨੀ ਜਾਂਦੀ ਸੀ। ਮਾਨ ਸਾਹਬ ਦੇ ਦਾਦਾ ਸ੍ਰ. ਲਾਲ ਸਿੰਘ ਨੇ ਆਖਿਆ, "ਮੇਰਾ ਪੋਤਰਾ ਤਾਂ ਬਾਬੂ ਬਣੂੰਗਾ ਵੱਡਾ ਹੋ ਕੇ।" ਇਉਂ ਉਸਦਾ ਨਾਂ ਬਾਬੂ ਸਿੰਘ ਹੀ ਰੱਖ ਦਿੱਤਾ ਗਿਆ।

ਮਰਾੜ੍ਹ ਤੋਂ ਤਿੰਨ ਕੁ ਕਿਲੋਮੀਟਰ ਦੂਰੀ 'ਤੇ ਇਤਿਹਾਸਕ ਕਸਬਾ ਜੰਡ ਸਾਹਬ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਇਆ ਗਿਆ, ਇਹਨਾਂ ਦੇ ਘਰਾਂ ਵਿਚੋਂ ਮੁੰਡਾ ਸੋਹਣ ਸਿੰਘ ਵੀ ਜੰਡ ਸਾਹਬ ਪੜ੍ਹਦਾ ਸੀ। ਮਾਨ ਦੇ ਬਾਪੂ ਨੇ ਆਖਿਆ, "ਸੋਹਣਿਆ, ਸਾਡੇ ਬਾਬੂ ਨੂੰ ਵੀ ਆਬਦੇ ਨਾਲ ਲੈਜਿਆ ਕਰ। ਦਾਦੇ ਤੋਂ ਡਰਦਾ ਬਾਬੂ ਸਿੰਘ, ਸੋਹਣ ਨਾਲ ਸਕੂਲ ਜਾਣ ਲੱਗ ਪਿਆ ਪਰ ਰਾਹ ਵਿਚ ਉਹ ਸੋਹਣ ਨੂੰ ਗਾਹਲ਼ਾਂ ਦਿੰਦਾ ਤੇ ਲੜਦਾ ਜਾਂਦਾ, "ਤੂੰ ਮੈਨੂੰ ਆਵਦੇ ਨਾਲ ਮੱਲੋ-ਮੱਲੀ ਕਿਉਂ ਲਿਔਨਾਂ ਹੁੰਨੈਂ ਓਏ,

ਭੰਨਾਂ ਤੇਰੇ ਪਾਸੇ....।"

ਜੰਡ ਸਾਹਬ ਛੇਵੀਂ ਜਮਾਤ ਵਿਚ ਪੜ੍ਹਦਿਆਂ ਮਾਨ ਨੇ ਸਕੂਲ ਦੀਆਂ ਸਭਿਆਚਾਰਕ ਤੇ ਖੇਡ ਗਤੀਵਿਧੀਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ। ਉਹਨੀਂ ਦਿਨੀਂ ਪਿੰਡਾਂ ਤੇ ਕਸਬਿਆਂ ਵਿਚ ਜਲਸੇ ਤੇ ਡਰਾਮੇ ਆਮ ਹੋਇਆ ਕਰਦੇ ਸਨ, ਜਿਹਨਾਂ ਨੂੰ ਦੇਖ ਕੇ ਮਾਨ ਨੂੰ ਡਰਾਮਿਆਂ ਦੇ ਕਲਾਕਾਰਾਂ ਦੀਆਂ ਨਕਲਾਂ ਲਾਹੁੰਣ ਦੀ ਚੇਟਕ ਲੱਗ ਗਈ। ਸਕੂਲ ਵਿੱਚ ਸਮਾਗਮ ਸੀ। ਗਿਆਨੀ ਜ਼ੈਲ ਸਿੰਘ ਮੁੱਖ-ਮਹਿਮਾਨ ਵਜੋਂ ਪਧਾਰੇ ਸਨ। ਡਿਪਟੀ ਕਮਿਸ਼ਨਰ ਮੁਨਸ਼ੀ ਰਾਮ ਨੇ ਪ੍ਰਧਾਨਗੀ ਕੀਤੀ ਸੀ। ਮਾਨ ਤੇ ਉਹਦੇ ਸਾਥੀਆਂ ਨੇ ਡਰਾਮਾ ਤਿਆਰ ਕੀਤਾ, ਜੋ ਸ਼ਰਾਬ ਛੁਡਵਾਉਣ ਬਾਰੇ ਸੀ ਅਤੇ ਉਸ ਵਿਚ ਮਾਨ ਨੇ ਸ਼ਰਾਬੀ ਦਾ ਰੋਲ ਏਨੀ ਕਲਾਤਮਿਕਤਾ ਨਾਲ ਨਿਭਾਇਆ ਸੀ ਕਿ ਦੇਖਣ ਵਾਲੇ ਸਭ ਦੰਗ ਹੀ ਰਹਿ ਗਏ ਸਨ। ਉਦੋਂ ਹੀ ਗਿਆਨੀ ਜ਼ੈਲ ਸਿੰਘ ਨੇ ਮਾਨ ਨੂੰ ਥਾਪੀ ਦੇ ਕੇ ਆਖਿਆ ਸੀ, "ਕਾਕਾ, ਤੂੰ ਇਕ ਦਿਨ ਨੂੰ ਜ਼ਰੂਰ ਕੁਝ ਨਾ ਕੁਝ ਬਣੇਂਗਾ।" ਡਿਪਟੀ ਕਮਿਸ਼ਨਰ ਮੁਨਸ਼ੀ ਰਾਮ ਨੇ ਡਰਾਮਾ ਪਾਰਟੀ (ਟੀਮ) ਨੂੰ ਸਪੈਸ਼ਲ ਇਨਾਮ ਵੀ ਦਿੱਤਾ ਸੀ ਤੇ ਇਹਨਾਂ ਤੋਂ ਉਹੋ ਡਰਾਮਾ ਹੋਰ ਥਾਂਈ ਪੇਸ਼ ਕਰਨ ਲਈ ਸਕਰਿਪਟ ਵੀ ਮੰਗੀ ਸੀ। ਇਸ ਸਮਾਗਮ ਤੋਂ ਮਗਰੋਂ ਮਾਨ ਸਕੂਲ ਦੇ ਸਮਾਗਮਾਂ ਤੇ ਬਾਲ-ਸਭਾ ਵਿਚ ਪੂਰਾ-ਪੂਰਾ ਹਿੱਸਾ ਲੈਣ ਲੱਗ ਪਿਆ ਤੇ ਨਾਲ ਨਾਲ ਕਵਿਤਾ ਜੋੜਨ ਤੇ ਤੁਕਬੰਦੀ ਕਰਨ ਲੱਗਿਆ, ਡਰਾਮੇ ਦੀ ਰੂਪ-ਰੇਖਾ ਅਨੁਸਾਰ ਹੀ ਉਹ ਕਵਿਤਾ ਲਿਖਦਾ ਹੁੰਦਾ।

ਜਦ ਬਰਜਿੰਦਰਾ ਕਾਲਜ ਫਰੀਦਕੋਟ ਵਿਚ ਦਾਖਲ ਹੋਇਆ, ਤਾਂ ਉਦੋਂ ਇਥੇ ਉੱਘੇ ਵਿਦਵਾਨ-ਲੇਖਕ ਸੁਰਿੰਦਰ ਸਿੰਘ ਨਰੂਲਾ ਪ੍ਰੋਫ਼ੈਸਰ ਲੱਗੇ ਹੋਏ ਸਨ। ਮਾਨ ਨੇ ਖੁੱਲ੍ਹੀਆਂ ਕਵਿਤਾਵਾਂ (ਜੋ ਕਿਸੇ ਨੂੰ ਸਮਝ ਨਹੀਂ ਪੈਂਦੀਆਂ) ਲਿਖ-ਲਿਖ ਕੇ ਨਰੂਲਾ ਸਾਹਬ ਨੂੰ ਸੁਣਾਉਣੀਆਂ, ਉਹ ਸੁਣਦੇ ਤੇ ਸਾਬਾਸ਼ ਦੇਂਦੇ। ਫਿਰ ਇਕ ਦਿਨ ਉਹਨਾਂ ਮਾਨ ਨੂੰ ਆਖ ਹੀ ਦਿੱਤਾ, "ਬੇਟਾ, ਤੂੰ ਜੱਟਾਂ ਦਾ ਮੁੰਡਾ ਏਂ, ਪੇਂਡੂ ਏਂ, ਪਰ ਜੋ ਤੂੰ ਮੈਨੂੰ ਕਵਿਤਾਵਾਂ ਲਿਖ-ਲਿਖ ਸੁਣਾਂਦਾ ਏਂ.... ਏਹ ਪੇਂਡੂ ਮਾਹੌਲ ਅਨੁਸਾਰ ਤੇ ਰਤਾ ਵੀ ਨਹੀਂ, ਇਹ ਤੇ ਉਹ ਗੱਲ ਏ, ਜਿੱਦਾਂ ਬੰਤੀ ਵਿਚਾਰੀ ਦੇ ਹੱਥੀਂ ਕਿਧਰੋਂ ਪਾਊਡਰ ਦਾ ਡੱਬਾ ਲੱਗ ਗਿਆ ਹੋਵੇ, ਤੇ ਉਹ ਆਪਣੇ ਮੂੰਹ ਉੱਤੇ ਬੇ-ਹਿਸਾਬਾ ਪਾਊਡਰ ਥੱਪ-ਥੱਪ ਕੇ ਏਦਾਂ ਸਮਝੇ ਪਈ ਕਿ ਮੈਂ ਬੜੀ ਸੁਨੱਖੀ ਆਂ। ਏਦਾਂ ਦਾ ਈ ਤੇਰਾ ਹਾਲ ਏ। ਇਹ ਕਵਿਤਾਵਾਂ ਸਾੜ ਸੁੱਟ ਬੇਟਾ! ਪੇਂਡੂ ਮਾਹੌਲ ਅਨੁਸਾਰ ਲਿਖ ਕੁਝ, ਜੇ ਲਿਖਣਾ ਏਂ ਤਾਂ... ਆਪਣਾ ਆਲਾ-ਦੁਆਲਾ ਦੇਖ, ਲੋਕਾਂ ਨੂੰ ਸਮਝ, ਲੋਕ ਬੋਲੀ 'ਚ ਲਿਖ ਫੇਰ ਬਣੇਂਗਾ ਤੂੰ ਲੋਕ-ਲੇਖਕ......।"

ਪ੍ਰੋਫ਼ੈਸਰ ਨਰੂਲਾ ਤੋਂ ਕਵਿਤਾਵਾਂ ਸਾੜ ਸੁੱਟਣ ਵਾਲੀ ਗੱਲ ਸੁਣਕੇ ਮਾਨ ਨੂੰ ਬੜੀ ਨਿਰਾਸਾ ਹੋਈ। ਫਿਰ ਥੋੜ੍ਹੇ ਦਿਨਾਂ ਮਗਰੋਂ ਉਸਨੇ ਇੱਕ ਹਾਸ-ਰਸ ਕਵਿਤਾ ਲਿਖੀ, "ਸੁਪਨਾ", ਜਿਸਦੇ ਨਮੂਨੇ ਵਜੋਂ ਕੁਝ ਬੋਲ :

ਲੱਲੀ-ਛੱਲੀ ਸਾਧ ਬੂਬਨੇ
ਗੰਜੀ ਟੋਟਣ
ਚੋਲ਼ਿਆਂ ਵਾਲੇ



ਭੁੱਖੇ-ਨੰਗੇ, ਨੰਗ-ਧੜੰਗੇ
ਵਹੁਟੀ ਬਿਨਾਂ
ਵਿਚੋਲਿਆਂ ਵਾਲੇ

ਕਾਲਜ ਵਿਚ ਯੁਵਕ ਮੇਲਾ ਸੀ। ਮਾਨ ਨੇ ਇਹ ਕਵਿਤਾ ਕਾਵਿ-ਮੁਕਾਬਲੇ ਵਿੱਚ ਪੜ੍ਹੀ ਤਾਂ ਸਭ ਨੂੰ ਬੇਹੱਦ ਚੰਗੀ ਲੱਗੀ। ਖ਼ੂਬ ਹਾਸਾ ਪਿਆ। ਪ੍ਰੋਫ਼ੈਸਰ ਨਰੂਲਾ ਵੀ ਜੱਜਾਂ ਵਿਚ ਸਨ। ਮਾਨ ਨੂੰ ਪਹਿਲਾ ਇਨਾਮ ਮਿਲਿਆ। ਪ੍ਰੋਫ਼ੈਸਰ ਸਾਹਿਬ ਨੇ ਮਾਨ ਨੂੰ ਆਪਣੇ ਕੋਲ ਸੱਦ ਕੇ ਆਖਿਆ, "ਦੇਖਿਆ ਬੇਟਾ, ਜੇ ਏਦਾਂ ਦੀ ਗੱਲ ਲਿਖੇਂਗਾ, ਜ਼ਰੂਰ ਹੀ ਚੰਗੀ ਗੱਲ ਹੋਏਗੀ। ਏਦਾਂ ਈ ਲਿਖਿਆ ਕਰ! ਹਾਸ ਰਸ ਵੀ ਲਿਖ, ਗੀਤ ਵੀ ਲਿਖ, ਗੰਭੀਰ ਵੀ ਲਿਖ, ਪਰ ਏਦਾਂ ਦਾ ਗੰਭੀਰ ਨਾ ਲਿਖਿਆ ਹੋਵੇ ਜਿਹੜਾ ਲੋਕਾਂ ਨੂੰ ਸਮਝ ਈ ਨਾ ਆਵੇ।"

ਉਸ ਦਿਨ ਤੋਂ ਮਾਨ ਉਤਸ਼ਾਹ ਵਿਚ ਹੋ ਗਿਆ। ਗੀਤ-ਕਵਿਤਾਵਾਂ ਹੋਰ-ਹੋਰ ਫੁੱਟਣ ਲੱਗੀਆਂ। ਖੇਤ ਚਲਿਆ ਜਾਂਦਾ, ਬੈਠਾ ਲਿਖੀ ਜਾਂਦਾ। ਕਾਲਜ ਵਿਚ ਉਸਦੀ ਸ਼ਾਇਰ ਤੇ ਗੀਤਕਾਰ ਵਜੋਂ ਪੂਰੀ-ਪੂਰੀ ਗੱਲ ਬਣਨ ਲੱਗ ਪਈ। ਉਹਨਾਂ ਦਿਨਾਂ ਵਿਚ ਕਰਤਾਰ ਸਿੰਘ ਬਲੱਗਣ ਦਾ ਰਸਾਲਾ 'ਕਵਿਤਾ' ਬੜਾ ਮਸ਼ਹੂਰ ਸੀ ਤੇ ਉਹਦੇ ਵਿਚ ਛਪਣਾ, ਹਰੇਕ ਲਿਖਾਰੀ ਆਪਣਾ ਮਾਣ ਸਮਝਦਾ ਸੀ, ਪਰ ਛਪਦਾ ਟਾਵਾਂ-ਵਿਰਲਾ ਹੀ ਸੀ, 'ਕਵਿਤਾ' ਵਿਚ ਛਪਣਾ ਬੜੀ ਵੱਡੀ ਗੱਲ ਸੀ। ਉਦੋਂ ਮਾਨ ਨੇ ਦੋ ਗੀਤ ਲਿਖਕੇ ਰਸਾਲੇ ਵਿਚ ਛਪਣ ਲਈ ਭੇਜੇ, ਬੋਲ ਸਨ :

ਤੇਰੀ ਯਾਦ ਕੀ ਬੇਦਰਦਾ ਆਈ
ਅੱਖੀਆਂ ਨਾ ਜਾਣ ਪੂੰਝੀਆਂ

✪

ਤੇਰੀਆਂ ਉਡੀਕਾਂ ਹਾਣੀਆ
ਦੁੱਧ ਕਾੜ੍ਹਕੇ ਜਾਗ ਨਾ ਲਾਵਾਂ

ਜਦੋਂ ਇਹ ਦੋਵੇਂ ਗੀਤ ਰਸਾਲੇ ਵਿਚ ਛਪੇ ਤਾਂ ਮਾਨ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਉਹਨੂੰ ਜਿਵੇਂ 'ਗੀਤਕਾਰ' ਹੋਣ ਦਾ ਪ੍ਰਮਾਣ-ਪੱਤਰ ਹੀ ਮਿਲ ਗਿਆ ਹੋਵੇ। ਇਉਂ ਹੌਸਲੇ ਵਿਚ ਹੋ ਕੇ ਮਾਨ ਦਿਨੋ-ਦਿਨ ਨਵੇਂ-ਨਵੇਂ ਗੀਤ ਲਿਖਦਾ ਗਿਆ।

ਫਰੀਦਕੋਟ ਰਹਿੰਦੇ ਇਨਕਲਾਬੀ ਸ਼ਾਇਰ ਬਿਸਮਲ ਫਰੀਦਕੋਟੀ ਨਾਲ ਉਹਦਾ ਮੇਲ-ਜੋਲ ਵਧ ਗਿਆ। ਬਿਸਮਲ ਦੀ ਉਦੋਂ ਪੂਰੀ ਚੜ੍ਹਤ ਸੀ। ਕਸ਼ਮੀਰ ਵਿਚ ਕਾਵਿ-ਮੁਸ਼ਾਇਰਾ ਸੀ, ਬਿਸਮਲ ਮਾਨ ਨੂੰ ਉਥੇ ਆਪਣੇ ਨਾਲ ਲੈ ਗਿਆ। 1962 ਦੀ ਜੰਗ ਵਿਚ ਫਰੀਦਕੋਟ ਦਾ ਕੋਈ ਲੈਫਟੀਨੈਂਟ ਮੁੰਡਾ ਸ਼ਹੀਦ ਹੋਇਆ ਸੀ। ਮਾਨ ਨੇ ਉਸਨੂੰ ਸ਼ਰਧਾਂਜਲੀ ਵਜੋਂ ਗੀਤ ਲਿਖਿਆ, ਮੁਸ਼ਾਇਰੇ ਵਿਚ ਪੜ੍ਹਿਆ, ਬੋਲ ਇਉਂ ਸਨ :

ਸਿਖ਼ਰ ਦੁਪਹਿਰੇ ਵਿਚ ਅਸਮਾਨੋਂ
ਭੁਰ-ਭੁਰ ਟੁੱਟਿਆ ਤਾਰਾ
ਵਿਚ ਜੰਗ ਦੇ ਸ਼ਹੀਦ ਹੋ ਗਿਆ
ਸਾਡਾ ਵੀਰ ਪਿਆਰਾ

ਬੜੀ ਸਲਾਹੁਤਾ ਹੋਈ। ਇਉਂ ਮਾਨ ਬਿਸਮਿਲ ਫਰੀਦਕੋਟੀ ਨਾਲ ਕਈ ਥਾਵਾਂ 'ਤੇ ਗਿਆ। ਬਿਸਮਿਲ ਨੂੰ ਆਪਣੇ ਖੇਤ ਲੈ ਆਉਂਦਾ ਤੇ ਘਰ ਦੀ ਕੱਢੀ ਦਾਰੂ ਪੀ-ਪੀ ਕੇ ਬਿਸਮਿਲ ਲੋਟ-ਪੋਟ ਹੋ ਜਾਂਦਾ। ਮਾਨ ਗੀਤ ਲਿਖ-ਲਿਖ ਬਿਸਮਿਲ ਨੂੰ ਸੁਣਾਉਂਦਾ ਤਾਂ ਬਿਸਮਿਲ ਖੁਸ਼ੀ ਵਿਚ ਚਾਂਭੁਲ-ਚਾਂਭੁਲ ਕੇ ਨੱਚਣ ਲੱਗ ਪੈਂਦਾ।

ਜਦ ਮਾਨ ਕੋਲ ਕਾਫ਼ੀ ਸਾਰੇ ਗੀਤ ਇਕੱਠੇ ਹੋ ਗਏ ਤਾਂ ਭਾਈ ਚਤਰ ਸਿੰਘ ਜੀਵਨ ਸਿੰਘ ਹੋਰਾਂ ਕੋਲ ਲੈ ਗਿਆ। ਉਹਨਾਂ ਕਿਤਾਬ ਛਾਪ ਦਿੱਤੀ, ਮੁੱਲ ਰੱਖਿਆ ਦੋ ਜਾਂ ਢਾਈ ਰੁਪਏ। ਕਿਤਾਬ ਦਾ ਟਾਈਟਲ ਸੀ, 'ਗੀਤਾਂ ਦਾ ਵਣਜਾਰਾ!' ਕਿਤਾਬ ਛਪ ਜਾਣੀ ਮਾਨ ਦੀ ਬਹੁਤ ਵੱਡੀ ਪ੍ਰਾਪਤੀ ਤਾਂ ਸੀ ਹੀ, ਪਰ ਚੰਗੇਰੀ ਗੱਲ ਇਹ ਸੀ ਕਿ ਕਿਤਾਬ ਅਨੇਕਾਂ ਲੋਕਾਂ ਦੇ ਹੱਥਾਂ ਵਿਚ ਗਈ ਸੀ ਅਤੇ ਮਾਨ ਦੇ ਗੀਤ ਲੋਕਾਂ ਬੜੇ ਚਾਅ ਤੇ ਸ਼ੌਕ ਨਾਲ ਪੜ੍ਹੇ, ਇਹ ਗੱਲ 1963 ਦੀ ਹੈ।

ਵਰਮਾ ਗ੍ਰਾਮੋਫ਼ੋਨ ਕੰਪਨੀ ਮੋਗਾ ਵਾਲਿਆਂ ਨੇ ਫਰੀਦਕੋਟ ਅਤੇ ਇਲਾਕੇ ਦੇ ਲੋਕ-ਗਾਇਕਾਂ ਦੀਆਂ ਆਵਾਜ਼ਾਂ ਵਿਚ ਮਾਨ ਦੇ ਗੀਤ ਰਿਕਾਰਡ ਕਰ ਲਏ। ਹਰਨੇਕ ਸਿੰਘ ਰਾਣਾ ਦੇ ਦੋ ਗੀਤ ਸਨ :

ਕਾਲ਼ੇ ਕੁਰਮ ਦੀ ਜੁੱਤੀ ਸਵਾਦੇ
ਹੇਠ ਲੁਆਦੇ ਖੁਰੀਆਂ
ਪਾਣੀ ਭਰਦੀ ਦੇ
ਵੱਜਣ ਕਲੇਜੇ ਛੁਰੀਆਂ

✪

ਰੰਗ ਦੇ ਦੁਪੱਟਾ ਮੇਰਾ ਲਾਲ ਵੇ ਲਲਾਰੀਆ
ਚੀਚ ਵਹੁਟੀਆਂ ਦੇ ਰੰਗ ਨਾਲ ਵੇ ਲਲਾਰੀਆ
ਰੰਗ ਦੇ ਦੁਪੱਟਾ ਮੇਰਾ ਲਾਲ......

ਕੋਟਕਪੂਰੇ ਦੇ ਗਾਇਕ, 'ਪਾਲੀ ਪਾਣੀ ਖੂਹ ਤੋਂ ਭਰੇ' ਵਾਲੇ ਗੁਰਪਾਲ ਸਿੰਘ ਪਾਲ ਦੀ ਆਵਾਜ਼ ਵਿਚ ਗੀਤ ਸਨ :

ਮੈਨੂੰ ਵਿਦਾ ਕਰੋ ਸਖੀਓ
ਮੇਰੀ ਵਾਟ ਲੰਮੇਰੀ ਏ

✪

ਨਹੀਂ ਨਿਭਣੀ ਜਠਾਣੀ ਨਾਲ
ਢੋਲਾ ਵੇ ਮੇਰੀ ਨਹੀਂ ਨਿਭਣੀ

✪

ਚੰਦਰੇ ਨੂੰ ਖੌਫ਼ ਕੋਈ ਨਾ
ਸਾਡੀ ਪਿੰਡ 'ਚ ਚੱਲੇ ਸਰਦਾਰੀ
ਛੋਟਾ ਵੀਰ ਲੱਗਾ ਮੁਣਸ਼ੀ
ਵੱਡਾ ਪੱਚੀਆਂ ਪਿੰਡਾਂ ਦਾ ਪਟਵਾਰੀ
"ਬਾਬੂ ਸਿੰਘ ਮਾਨ" ਵਰਗੇ ਤੇਰੇ ਘਰਦਾ
ਬਣਾਉਣਗੇ ਡੇਰਾ



ਵੇਖ-ਵੇਖ ਰੋਏਂਗਾ ਜੱਟਾ
ਕਾਲ਼ਾ ਘੱਗਰਾ ਸੰਦੂਕ ਵਿੱਚ ਮੇਰਾ

✪

ਸੌਹਰਿਆਂ ਦੀ ਦਿੱਤੀ ਹੋਈ ਮੁੰਦਰੀ ਗੁਆਚ ਗਈ
ਸਾਰਾ ਦਿਨ ਰੋਈ, ਨਾਲੇ ਭਾਲ਼ਿਆ
ਨਰਮੇ ਦੇ ਖੇਤ ਦਾ ਮੈਂ ਚੱਪਾ-ਚੱਪਾ ਛਾਣ ਆਈ
ਮੁੰਦਰੀ ਲੱਭੀ ਨਾ, ਦਿਨ ਗਾਲ਼ਿਆ

✪

ਭੁੱਖੇ ਤੇਰੇ ਮਾਪੇ, ਜਿਹੜੇ ਖਾ ਗੇ ਵੇਚ ਮੁੰਦਰੀ ਨੂੰ
ਹੁਣ ਕਾਹਨੂੰ ਪਾਉਣੀ ਏਂ ਤੂੰ ਪੜਦੇ
ਮੁੰਦਰੀ ਘੜਦੇ ਵੇ,
ਘੜਦੇ ਵੇ ਸੁਨਿਆਰਿਆ
ਮੁੰਦਰੀ ਘੜਦੇ......

ਜਸਵੰਤ ਭੰਵਰਾ ਨੇ ਕਿਸੇ ਬੁੱਕ-ਸਟਾਲ ਤੋਂ ਕਿਤਾਬ ਖਰੀਦ ਲਈ ਤੇ ਪੜ੍ਹੀ। ਉਸਨੂੰ ਚੰਗੀ ਲੱਗੀ। ਜਸਵੰਤ ਭੰਵਰਾ ਉਦੋਂ ਹਰਚਰਨ ਗਰੇਵਾਲ ਤੇ ਰਾਜਿੰਦਰ ਰਾਜਨ ਨਾਲ ਹੁੰਦਾ ਸੀ। ਇਹਨਾਂ ਮਰਾੜ੍ਹ ਨੇੜੇ ਪਿੰਡ ਘੁੱਦੂ ਵਾਲੇ ਵਿਆਹ 'ਤੇ ਗਾਉਣ ਆਉਣਾ ਸੀ ਤੇ ਪੁਛਦੇ-ਪੁਛਾਉਂਦੇ ਇਹ ਮਾਨ ਸਾਹਬ ਕੋਲ ਘਰ ਆ ਗਏ। ਭੰਵਰੇ ਨੇ ਆਖਿਆ, "ਯਾਰ, ਤੂੰ ਤਾਂ ਹੀਰਾ ਐਂ ਹੀਰਾ। ਐਥੇ ਕਿੱਥੇ ਲੁਕਿਆ ਬੈਠਾ ਐਂ। ਐਨੇ ਚੰਗੇ ਗੀਤ ਲਿਖਣ ਵਾਲਾ.... ਤੇਰੀ ਕਲਮ ਚੁੰਮਣ ਨੂੰ ਜੀ ਕਰਦਾ ਐ.... ਤੂੰ ਸਾਡੇ ਗਾਉਣ ਲਈ ਡਿਊਟ ਗੀਤ ਲਿਖ।"

ਮਾਨ ਸਾਹਬ ਨੂੰ ਡਿਊਟ-ਗੀਤਾਂ ਬਾਰੇ ਕੋਈ ਅਜੇ ਬਹੁਤੀ ਵਾਕਫੀ ਨਹੀਂ ਸੀ ਹੋਈ। ਭੰਵਰੇ ਹੋਰਾਂ ਮਿਸਾਲ ਦੇ ਤੌਰ 'ਤੇ ਕੁਝ ਗੀਤ ਸੁਣਾਏ, ਜੋ ਹਸਨਪੁਰੀ ਤੇ ਗੁਰਦੇਵ ਸਿੰਘ ਮਾਨ ਦੇ ਲਿਖੇ ਹੋਏ ਸਨ। ਉਥੇ ਬੈਠੇ-ਬੈਠੇ ਮਾਨ ਨੇ ਆਖਿਆ, "ਲਓ, ਇਕ ਗੀਤ ਮੇਰਾ ਵੀ ਸੁਣੋ।"

ਇਹ ਗੱਲ ਉਸੇ ਦਿਨ ਦੁਪਹਿਰ ਦੀ ਸੀ। ਮਾਨ ਆਪਣੇ ਕੋਠੇ ਦੀ ਛੱਤ ਉੱਤੇ ਖਲੋਤਾ ਸੀ। ਨਵੀਂ-ਨਵੀਂ ਵਿਆਹੀ ਮੁਟਿਆਰ ਨੇ ਗਲੀ ਵਿਚ ਆਇਆ ਵਣਜਾਰਾ ਦੇਖਕੇ ਆਪਣੀ ਭਾਬੀ ਨੂੰ ਆਵਾਜ਼ ਮਾਰੀ ਸੀ, "ਨੀ ਭਾਬੀਏ... ਆਜਾ ਨੀ ਭੱਜ ਕੇ, ਆਹ ਵੇਖ, ਵਣਜਾਰਾ ਆਇਐ... ਚੂੜੀਆਂ ਚੜ੍ਹਾ ਲੈ ਨੀ....।"

ਉਦੋਂ ਤੋਂ ਹੀ ਮਾਨ ਜੋੜ-ਤੋੜ ਜਿਹਾ ਕਰੀ ਜਾ ਰਿਹਾ ਸੀ ਤੇ ਫੇਰ ਦੋ ਪੈੱਗ ਲਾ ਕੇ ਉਸ ਨੇ ਗੀਤ ਪੂਰਾ ਕਰ ਲਿਆ ਸੀ। "ਆ ਗਿਆ ਵਣਜਾਰਾ ਨੀਂ, ਚੜ੍ਹਾ ਲੈ ਭਾਬੀ ਚੂੜ੍ਹੀਆਂ"। ਇਹ ਗੀਤ ਸੁਣਕੇ ਭੰਵਰੇ ਹੋਰੀਂ ਬੜੇ ਬਾਗ਼ੋ-ਬਾਗ ਹੋਏ। ਆਖਣ ਲੱਗੇ, "ਯਾਰ ਮਾਨ, ਸਾਡੇ ਨਾਲ ਈ ਚੱਲ ਘੱਦੂ ਵਾਲੇ ਪ੍ਰੋਗਰਾਮ 'ਤੇ, ਉਥੇ ਗਾਵਾਂਗੇ ਇਹੋ ਗੀਤ।" ਜਦ ਉੱਥੇ ਉਹਨਾਂ ਨੇ ਇਹ ਗੀਤ ਗਾਇਆ ਤਾਂ ਕਮਾਲਾਂ ਈ ਹੋ ਗਈਆਂ। ਮਾਨ ਆਪ ਵੀ ਖੁਸ਼ ਸੀ ਤੇ ਹੋਰ ਸਾਰੇ ਸੁਣਨ ਵਾਲੇ ਵੀ ਖੁਸ਼ ਸਨ। ਥੋੜ੍ਹੇ ਸਮੇਂ ਬਾਅਦ ਹੀ ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਨੇ ਇਹ ਗੀਤ ਐੱਚ.ਐਮ.ਵੀ.

'ਚ ਰਿਕਾਰਡ ਕਰਵਾ ਦਿੱਤਾ, ਦੁਨੀਆਂ ਦੇ ਜਿੱਥੇ ਕਿਸੇ ਕੋਨੇ ਵਿਚ ਵੀ ਪੰਜਾਬੀ ਵੱਸ ਰਿਹਾ ਸੀ, ਉਥੇ ਇਹ ਗੀਤ ਧੂਮ-ਧਾਮ ਨਾਲ ਵਜਦਾ ਸੁਣੀਂਦਾ। ਇਉਂ "ਮਾਨ ਮਰਾੜ੍ਹਾਂ ਵਾਲਾ ਬਾਬੂ ਸਿੰਘ" ਦਿਨਾਂ ਵਿਚ ਹੀ ਮਸ਼ਹੂਰ ਹੋ ਗਿਆ। ਭਾਵੇਂ ਕਿ ਇਸ ਗੀਤ ਦੀ ਰਿਕਾਰਡਿੰਗ ਤੋਂ ਪਹਿਲੋਂ ਪੰਮੀ ਪੋਹਲੀ ਨੇ ਇਕ ਗੀਤ, "ਪੁੱਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸ਼ਰਾਬਾਂ" ਰਿਕਾਰਡ ਕਰਵਾ ਲਿਆ ਸੀ, "ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ" ਗੀਤ, ਗਰੇਵਾਲ ਤੇ ਸੁਰਿੰਦਰ ਕੋਰ ਦੀਆਂ ਆਵਾਜ਼ਾਂ 'ਚ ਰਿਕਾਰਡ ਹੋਣ ਸਾਰ ਈ ਪ੍ਰਚਲਤ ਹੋ ਗਿਆ ਸੀ। 'ਬਹਿਕੇ ਮੂੜ ਬਣਾਈਏ ਠੇਕਾ ਮਿੱਤਰਾਂ ਦਾ', ਗੀਤ ਸਮੇਤ ਗਰੇਵਾਲ ਤੇ ਸੁਰਿੰਦਰ ਕੌਰ ਨੇ ਮਾਨ ਦੇ ਸੋਲ੍ਹਾਂ ਗੀਤ ਹੋਰ ਰਿਕਾਰਡ ਕਰਵਾਏ।

ਨੇੜਲੇ ਪਿੰਡ ਦੀਪ ਸਿੰਘ ਵਾਲਾ ਵਿਖੇ ਕੋਈ ਸਿਆਸੀ ਪ੍ਰੋਗਰਾਮ ਸੀ, ਹਰਚਰਨ ਗਰੇਵਾਲ, ਰਾਜਨ ਤੇ ਭੰਵਰਾ ਆਏ ਹੋਏ ਸਨ, ਨਾਲ ਮੁਹੰਮਦ ਸਦੀਕ ਵੀ ਸੀ, ਭੰਵਰਾ ਸਦੀਕ ਨੂੰ ਲੋਕ ਸੰਪਰਕ ਵਿਭਾਗ ਵਿਚੋਂ ਨੌਕਰੀ ਛੁਡਵਾ ਕੇ ਲਿਆਇਆ ਸੀ। ਏਥੇ ਮਾਨ ਨੇ ਪਹਿਲੀ ਵਾਰੀ ਸਦੀਕ ਨੂੰ ਗਾਉਂਦੇ ਸੁਣਿਆ ਸੀ। ਫਿਰ ਕਿਸੇ ਗੱਲੋਂ ਭੰਵਰਾ ਗਰੇਵਾਲ ਹੋਰਾਂ ਤੋਂ ਵੱਖ ਹੋ ਗਿਆ। ਸਦੀਕ ਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ 'ਚ ਮਾਨ ਦਾ ਗੀਤ, "ਨਿਗ੍ਹਾ ਮਾਰਦਾ ਆਈਂ ਵੇ, ਮੇਰਾ ਲੌਂਗ ਗੁਆਚਾ" ਰਿਕਾਰਡ ਹੋਇਆ ਤਾਂ ਇਹ ਗੀਤ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਦੇਸ਼ਾਂ-ਬਦੇਸ਼ਾਂ ਵਿਚ ਵੀ ਵੱਜਿਆ। ਕਈ ਪਾਕਿਸਤਾਨੀ ਕਲਾਕਾਰਾਂ ਨੇ ਵੀ ਗਾਇਆ। ਉਸ ਮਗਰੋਂ ਸਦੀਕ ਤੇ ਸੁਰਿੰਦਰ ਕੌਰ ਨੇ ਮਾਨ ਦੇ ਸੱਤ ਗੀਤ ਹੋਰ ਭਰਵਾਏ, ਜਿੰਨਾਂ ਵਿਚੋਂ :

- ਛੋਟਾ ਘੜਾ ਚੁੱਕ ਬੱਲੀਏ, ਤੇਰੇ ਲੱਕ ਨੂੰ ਜਰਬ ਨਾ ਆਵੇ
- ਹਾਸੇ ਨਾਲ ਸੀ ਚਲਾਵਾਂ ਫੁੱਲ ਮਾਰਿਆ, ਗੱਲ੍ਹ ਉੱਤੇ ਨੀਲ ਪੈ ਗਿਆ
- ਚਰਖ਼ੇ ਨੇ ਸੂਤ ਲਈਆਂ, ਵੰਗਾਂ ਵਾਲੀਆਂ ਪਤਲੀਆਂ ਬਾਹਵਾਂ
- ਜੇ ਛੜਿਆ ਤੇਰਾ ਵਿਆਹ ਨੀ ਹੁੰਦਾ, ਮੋਗਿਓਂ ਇਲਾਜ ਕਰਾ ਲੈ
- ਭੁੱਬਾਂ ਮਾਰੇਂਗਾ ਵਣਾਂ ਦੇ ਥੱਲੇ ਬਹਿਕੇ ਰਾਂਝਣਾ
- ਵਧਗੀ ਮੈਂ ਵੇਲੇ ਦੀ ਤਰ੍ਹਾਂ, ਮੇਰੇ ਘੱਗਰਾ ਮੇਚ ਨਾ ਆਇਆ

1967-68 ਵਿਚ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਬਣ ਗਈ। ਮਾਨ ਇਹਨਾਂ ਲਈ ਲਿਖਣ ਲੱਗਿਆ, ਇਹ ਗਾਉਣ ਲੱਗੇ। ਸਭ ਤੋਂ ਵਧੇਰੇ ਗੀਤ ਮਾਨ ਦੇ ਇਸ ਜੋੜੀ ਨੇ ਹੀ ਗਾਏ ਤੇ ਭਰਵਾਏ, ਜੇ ਇਉਂ ਆਖ ਲਈਏ ਬਈ ਸਦੀਕ ਤੇ ਰਣਜੀਤ ਨੇ, ਇੱਕਾ-ਦੁੱਕਾ ਨੂੰ ਛੱਡਕੇ, ਲਗਭਗ ਮਾਨ ਮਰਾੜ੍ਹਾਂ ਵਾਲੇ ਨੂੰ ਹੀ ਗਾਇਐ ਤਾਂ ਕੋਈ ਔਖੀ-ਭਾਰੀ ਗੱਲ ਨਹੀਂ। ਮਾਨ ਦੇ ਗੀਤ ਸਦੀਕ ਤੇ ਰਣਜੀਤ ਕੌਰ ਦੀਆਂ ਆਵਾਜ਼ਾਂ 'ਚ ਅਜਿਹੇ ਫੱਬੇ ਕਿ ਪੰਜਾਬ ਦੇ ਸਾਰੇ ਗੀਤਕਾਰਾਂ ਵਿਚੋਂ 'ਮਾਨ ਨੰਬਰ ਵੰਨ' ਹੀ ਦਿਸਦਾ! ਏਸ ਤਿੱਕੜੀ ਨੇ ਲੰਮਾ ਸਮਾਂ ਪੰਜਾਬੀਆਂ ਦੇ ਮਨਾਂ ਉੱਤੇ ਰਾਜ ਕੀਤਾ ਹੈ, ਸਮੇਂ ਦੀ ਗਰਦਿਸ਼ ਨੇ ਸਦੀਕ ਤੇ ਰਣਜੀਤ ਕੌਰ ਦੀ ਗਾਇਕੀ ਦੀ ਕਦਰ ਭਾਵੇਂ ਘਟਾ ਦਿੱਤੀ ਹੈ ਪਰ ਇਹਨਾਂ ਨੂੰ ਭੁਲਾਉਣਾ ਸੌਖਾ ਨਹੀਂ ਹੈ। ਮਾਨ ਨੇ ਇਹਨਾਂ ਲਈ ਰੱਜ-ਰੱਜ ਲਿਖਿਆ, ਇਹਨਾਂ ਰੱਜ-ਰੱਜ ਗਾਇਆ, ਨਾਵਾਂ ਵੀ ਰੱਜ-ਰੱਜ ਕਮਾਇਆ ਤੇ ਨਾਮਣਾ ਵੀ!



ਮਾਨ ਦੀ ਮਸ਼ਹੂਰੀ ਜਦੋਂ ਸਿਖ਼ਰ 'ਤੇ ਹੋ ਗਈ ਤਾਂ ਗਾਉਣ ਵਾਲੇ ਵਹੀਰਾਂ ਘੱਤੀਂ ਆਉਣ ਲੱਗੇ।

ਮਾਨ ਸਾਹਬ ਪਹਿਲੀ ਵਾਰੀ 25 ਸਾਲ ਦੀ ਉਮਰ ਵਿਚ ਸਰਵ-ਸੰਮਤੀ ਨਾਲ ਪਿੰਡ ਦੇ ਸਰਪੰਚ ਬਣੇ, ਫਿਰ ਤਿੰਨ ਵਾਰੀ ਵੋਟਾਂ ਨਾਲ ਸਰਪੰਚੀ ਲਈ, ਤੇ ਇਉਂ ਲਗਭਗ 30 ਵਰ੍ਹੇ ਪਿੰਡ ਦੇ ਸਰਪੰਚ ਰਹੇ ਹਨ। ਵਿਹੜੇ ਵਿਚ ਮੰਜੇ ਡੱਠੇ ਹੁੰਦੇ, ਮਾਨ ਸਾਹਬ ਦੇ ਆਲ਼ੇ-ਦੁਆਲ਼ੇ ਕਲਾਕਾਰ ਬੈਠੇ ਹੁੰਦੇ ਗੀਤ ਲੈਣ ਨੂੰ, ਤੇ ਉਧਰੋਂ ਪਿੰਡ ਵਾਲੇ ਆਪਣੇ ਝਗੜੇ-ਝਮੇਲੇ ਆ ਸੁਣਾਈ ਜਾਂਦੇ। ਕੋਈ ਆਖਦਾ, "ਬਈ ਸਰਪੰਚਾ, ਗੀਤ ਫੇਰ ਲਿਖ ਲਈਂ... ਪਹਿਲਾਂ ਸਾਡਾ ਯੱਭ੍ਹ ਨਬੇੜ ਪਰ੍ਹੇ... ਰਾਤ ਰੁਲੀਏ ਦੇ ਮੁੰਡੇ ਘੋਨੇ ਨੇ, ਜਬਰੂ ਦਾ ਸਿਰ ਪਾੜਤਾ ਡਾਂਗ ਮਾਰਕੇ।"

ਇਉਂ ਮਾਨ ਨਾਲੋ-ਨਾਲ ਲੋਕਾਂ ਦੇ ਯੱਭ੍ਹ ਨਿਪਟਾਈ ਜਾਂਦਾ ਤੇ ਕਲਾਕਾਰਾਂ ਨੂੰ ਗੀਤਾਂ ਦੇ ਮੁਖੜੇ ਵੀ ਸੁਣਾਈ-ਸਮਝਾਈ ਜਾਂਦਾ।

ਕਾਂਗਰਸ ਪਾਰਟੀ ਨਾਲ ਜੁਆਨੀ ਵੇਲੇ ਜੁੜ ਗਿਆ। ਗਿਆਨੀ ਜ਼ੈਲ ਸਿੰਘ ਦੀ ਸਰਪ੍ਰਸਤੀ ਹੇਠ ਰਾਜਨੀਤੀ 'ਚ ਵਿਚਰਨਾ ਸ਼ੁਰੂ ਕੀਤਾ। ਕੌਮੀ ਨੌਜਵਾਨ ਸਭਾ ਦੇ ਪਹਿਲੇ ਪ੍ਰਧਾਨ ਵਜੋਂ ਚੋਣ ਮਾਨ ਸਾਹਬ ਦੀ ਹੋਈ। 1975 ਵਿਚ ਬਲਾਕ ਸੰਮਤੀ ਦਾ ਚੇਅਰਮੈਨ ਥਾਪ ਦਿੱਤਾ। ਯੂਥ ਕਾਂਗਰਸ ਪੰਜਾਬ ਵਿੱਚ ਸਕੱਤਰ ਵਜੋਂ ਵੀ ਕੰਮ ਕੀਤਾ ਸੀ। ਗਿਆਨੀ ਜ਼ੈਲ ਸਿੰਘ ਮਾਨ ਸਾਹਬ ਦੀਆਂ ਸਭਿਆਚਾਰਕ, ਸਮਾਜਕ ਤੇ ਰਾਜਨੀਤਿਕ ਸਰਗਰਮੀਆਂ ਦੇਖਕੇ ਫੁੱਲੇ ਨਾ ਸਮਾਉਂਦੇ ਤੇ ਉਹ ਵੇਲਾ ਯਾਦ ਕਰਵਾਉਂਦੇ, "ਬਾਬੂ ਸਿੰਘ, ਤੈਨੂੰ ਮੈਂ ਜੰਡ ਸਾਹਬ ਦੇ ਸਕੂਲ 'ਚ ਜੋ ਆਖਿਆ ਸੀ, ਅੱਜ ਉਹ ਸੱਚ ਹੋ ਗਿਆ ਐ, ਤੂੰ ਆਪਣੀ ਮੰਜ਼ਲ ਪਾ ਲਈ ਐ.... ਮੈਂ ਖੁਸ਼ ਆਂ।"

"ਵਿਸਾਖੀ ਦਾ ਮੇਲਾ" ਪਹਿਲਾ ਐੱਲ.ਪੀ. ਰਿਕਾਰਡ ਮਾਨ ਸਾਹਬ ਨੇ ਹੀ ਬਣਾਇਆ, ਜਿਸ ਵਿਚ ਸਵਰਨ ਲਤਾ, ਨਰਿੰਦਰ ਬੀਬਾ ਤੇ ਕਈ ਹੋਰ ਕਲਾਕਾਰਾਂ ਨੇ ਗਾਇਆ ਸੀ। ਫਿਰ ਮਾਨ ਸਾਹਬ ਨੇ ਉਪੇਰੇ ਲਿਖੇ, ਸੱਸੀ, ਸੋਹਣੀ, ਹੀਰ, ਮਿਰਜ਼ਾ ਆਦਿ। ਮਾਨ ਸਾਹਬ ਦੀ ਲਿਖੀ ਸੁੱਚੇ ਸੂਰਮੇ ਦੀ ਕਲੀ ਜਦੋਂ ਸਦੀਕ ਪੂਰੇ ਰੋਅਬ-ਦਾਬ ਨਾਲ ਗਾਉਂਦਾ ਤਾਂ ਨੋਟਾਂ ਦਾ ਮੀਂਹ ਵਰ੍ਹਦਾ, ਅੱਜ ਵੀ ਲੋਕਾਂ ਨੂੰ ਇਹ ਕਲੀ ਪੂਰੀ-ਪੂਰੀ ਚੇਤੇ ਹੈ :

ਲਾ ਲਾ ਹੋਗੀ ਖਾੜਾ ਗਿਆ ਹੱਲ ਸੀ
ਘਰੋਂ-ਘਰੀਂ ਤੋਰਤੇ ਸੁੱਚਾ ਤੇ ਮੱਲ ਸੀ
ਵਿਚ ਪੈਗੇ ਬੰਦੇ ਕੁਝ ਜ਼ੁੰਮੇਵਾਰ ਸੀ
ਸ਼ੁਰੂ ਹੋਗੀ ਫੇਰ ਤੋਂ ਦੁੱਲੇ ਵੀ ਵਾਰ ਸੀ
ਯਾਰ 'ਕੱਠੇ ਹੋ ਗੇ ਸੀ ਘੁੱਕਰ ਮੱਲਦੇ
ਤਿੱਖੇ ਕਰੀ ਫਿਰਦੇ ਗੰਡਾਸੇ ਕੱਲ੍ਹ ਦੇ
ਕਹਿੰਦੇ ਮੱਲਾ ਸੁੱਚੇ ਦੇ ਕਰਾਂਗੇ ਡੱਕਰੇ
ਦਾਰੂ ਪੀ ਕੇ ਬੀਹਾਂ 'ਚ ਬਲੌਣ ਬੱਕਰੇ
ਮੁੱਛ ਫੁੱਟ ਮੁੰਡੇ ਹੋ ਗੇ ਦੋ-ਦੋ ਹਾੜ੍ਹੇ 'ਚ
ਚੋਬਰਾਂ ਦੀ ਢਾਣੀ ਫਿਰ ਆਗੀ ਖਾੜੇ 'ਚ

ਦੂਜੇ ਪਾਸੇ ਸੁੱਚੇ ਸੂਰਮੇ ਦਲੇਰ ਨੇ
ਇਕੋ ਸਾਹ 'ਚ ਅਧੀਆ ਮੁਕਾ ਤਾ ਸ਼ੇਰ ਨੇ
ਚੰਗੀ ਪੱਗ ਵੱਟੀਆਂ ਦੀ ਪਾਲ਼ੀ ਲੱਜ ਤੂੰ
ਬਚਕੇ ਨੀ ਜਾਂਦਾ ਅੱਜ ਮੇਰੇ ਹੱਥ ਤੂੰ
ਪਹਿਲੀ ਗੋਲ਼ੀ ਮਾਰੀ ਘੁੱਕਰ ਦੇ ਪੱਟ 'ਚ
ਗੇੜਾ ਖਾ ਕੇ ਡਿੱਗ ਪਿਆ, ਜ਼ਿਮੀਂ ਦੇ ਟੱਕ 'ਚ......

ਇਸ ਕਲੀ ਨੂੰ ਗਾਉਣ ਵਿਚ ਪੂਰਾ-ਪੂਰਾ ਇਨਸਾਫ਼ ਸਦੀਕ ਹੀ ਦੇ ਸਕਿਆ ਹੈ, ਉਸਦੇ ਗਾਉਂਦੇ ਸਮੇਂ ਕੀਤੇ ਜਾਂਦੇ ਐਕਸ਼ਨ ਵੀ ਬੜੇ ਖਿੱਚ ਭਰਪੂਰ ਹੁੰਦੇ, ਜਦੋਂ ਸਦੀਕ ਪੱਟ ਉੱਤੇ ਥਾਪੀ ਮਾਰਦਾ ਸੀ ਜਾਂ ਤੂੰਬੀ ਦੀ ਬੰਦੂਕ ਬਣਾ ਲੈਂਦਾ, ਤਾਂ ਸਰੋਤੇ ਦੇਖਦੇ ਦੰਗ ਹੀ ਰਹਿ ਜਾਂਦੇ ਸਨ।

ਜਗਮੋਹਣ ਕੌਰ ਨੇ ਮਾਨ ਸਾਹਬ ਦਾ ਲਿਖਿਆ ਗੀਤ ਰਿਕਾਰਡ ਕਰਵਾਇਆ :

ਹਰ ਹਰ ਗੰਗੇ, ਨਰੈਣ ਗੰਗੇ
ਮੱਛੀ ਨੇ ਫੜਾਇਆ ਮੁੱਛ ਦਾ ਵਾਲ
ਹਰ ਹਰ ਗੰਗੇ, ਭਾਈ ਜੀ, ਹਰ ਹਰ ਗੰਗੇ

ਗੀਤ ਰਿਕਾਰਡ ਹੋਇਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਨ ਸਾਹਬ ਨੂੰ ਨੋਟਿਸ ਆ ਗਿਆ ਕਿ, "ਤੁਸੀਂ ਭਾਈ ਜੀ ਸ਼ਬਦ ਵਰਤ ਕੇ ਸਿੱਖ ਪੰਥ ਦੀ ਹੱਤਕ ਕੀਤੀ ਹੈ।"

ਮਾਨ ਸਾਹਬ ਨੇ ਜੁਆਬ ਲਿਖ ਭੇਜਿਆ ਕਿ, "ਸਾਡੇ ਮਾਲਵੇ ਵਿਚ 'ਭਾਈ ਜੀ' ਜੇਠ ਨੂੰ ਆਖਿਆ ਜਾਂਦਾ ਹੈ।"

ਖ਼ੈਰ, ਗੱਲ ਆਈ-ਗਈ ਜਿਹੀ ਹੋ ਗਈ।

ਮਾਨ ਸਾਹਬ ਦੇ ਸੈਂਕੜੇ ਗੀਤ ਵੀ ਰਿਕਾਰਡ ਹੋ ਚੁੱਕੇ ਸਨ, ਜਦੋਂ ਮਾਨ ਸਾਹਬ ਨੇ ਫਿਲਮਾਂ ਵੱਲ ਮੁਖ ਕੀਤਾ। ਪਹਿਲੀ ਵਾਰੀ ਮਾਨ ਸਾਹਿਬ ਨੇ 'ਕੁੱਲੀ ਯਾਰ ਦੀ' ਫਿਲਮ ਲਈ ਗੀਤ ਲਿਖੇ। ਸਦੀਕ ਅਤੇ ਦਾਨੀ ਸਾਹਬ ਨਾਲ ਮਿਲਕੇ "ਸੈਦਾ ਜੋਗਨ" ਫਿਲਮ ਬਣਾਈ, ਬੂਟਾ ਸਿੰਘ ਸ਼ਾਦ ਨੇ ਡਾਇਰੈਕਟ ਕੀਤੀ, ਫਿਲਮ ਹਿੱਟ ਹੋਈ। ਫਿਰ "ਰਾਣੋ" ਬਣਾਈ, ਉਹ ਹਿੱਟ ਹੋਈ। "ਗੁੱਡੋ" ਸ਼ੁਰੂ ਕੀਤੀ, ਵਿੱਚੇ ਰਹਿ ਗਈ। ਹਿੱਸੇਦਾਰਾਂ ਦੇ ਰੌਲ਼ੇ ਵਿਚ ਰੁਲ਼ ਗਈ।

ਮਾਨ ਸਾਹਬ ਦੀਆਂ ਬਹੁਤੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਭਾਈ ਚਤਰ ਸਿੰਘ-ਜੀਵਨ ਸਿੰਘ ਨੇ, ਕੁਝ ਦਰਬਾਰ ਪਬਲਿਸ਼ਰਜ਼ ਨੇ। ਪਹਿਲੀਆਂ ਕੁਝ ਕਿਤਾਬਾਂ ਦੀ ਰਾਇਲਟੀ ਨਹੀਂ ਮਿਲੀ, ਫਿਰ ਬਾਕੀਆਂ 24-25 ਕਿਤਾਬਾਂ ਦੀ ਰਾਇਲਟੀ ਪੂਰੀ-ਪੂਰੀ ਮਿਲੀ। ਕਿਤਾਬਾਂ ਵਿਚੋਂ ਕੁਝ ਦੇ ਨਾਂ ਹਨ, ਰੂਪ ਕੁਆਰੀ ਦਾ, ਜਨਾਨਾ ਅਸਵਾਰੀ, ਸੁਰਮਾ ਢਾਈ ਰੱਤੀਆਂ, ਛਣਕਾਟਾ ਪੈਂਦਾ ਗਲੀ-ਗਲੀ, ਹੱਸਦੀ ਨੇ ਫੁੱਲ ਮੰਗਿਆ, ਸੱਜਰੀ ਪੈੜ ਦਾ ਰੇਤਾ, ਮਿੱਤਰਾਂ ਦੇ ਤਿੱਤਰਾਂ ਨੂੰ, ਮਾਨ ਦੇ ਗੀਤ, ਰੇਸ਼ਮਾ (ਇਹ ਪੁਸਤਕ ਲੱਖਾਂ ਦੀ ਗਿਣਤੀ 'ਚ ਵਿਕੀ)। 1998 ਵਿਚ ਲੋਕ ਗੀਤ ਪ੍ਰਕਾਸ਼ਨ ਸਰਹੰਦ ਨੇ "ਮੇਰਾ ਲੌਂਗ ਗੁਆਚਾ" ਨਾਂ ਹੇਠ ਮਾਨ ਸਾਹਬ ਦੇ ਸੌ ਤੋਂ ਵਧੇਰੇ ਗੀਤਾਂ ਨੂੰ



ਛਾਪਿਆ।

ਕਿਤਾਬਾਂ ਦੀ ਰਾਇਲਟੀ ਵੀ ਮਿਲੀ, ਰਿਕਾਰਡ ਗੀਤਾਂ ਦੀ ਰਾਇਲਟੀ ਵੀ ਤੇ ਫਿਲਮਾਂ 'ਚੋਂ ਵੀ ਪੈਸੇ ਮਿਲੇ, ਪਰ ਮਾਨ ਸਾਹਬ ਨੇ ਕਦੀ ਪੈਸੇ ਪਿੱਛੇ ਕਿਸੇ ਨਾਲ ਛੇਤੀ ਕੀਤਿਆਂ ਗੁਆਈ ਨਹੀਂ, ਝਗੜਾ ਨਹੀਂ ਪਾਇਆ। ਪੈਸਾ ਮੁੱਖ ਨਹੀਂ ਰੱਖਿਆ। ਗੀਤਾਂ ਦੀ ਰਾਇਲਟੀ ਤਾਂ ਮਾਨ ਸਾਹਬ ਨੂੰ ਬੱਝਵੇਂ ਰੂਪ 'ਚ ਇਉਂ ਮਿਲਦੀ ਰਹੀ ਹੈ, ਜਿੰਨੀ ਜਿਵੇਂ ਦੋ ਸੀਨੀਅਰ ਆਈ.ਏ.ਐਸ. ਅਫ਼ਸਰਾਂ ਨੂੰ ਉਦੋਂ ਤਨਖ਼ਾਹ ਮਿਲਦੀ ਹੁੰਦੀ ਸੀ।

ਉਸਤਾਦ ਲਾਲ ਚੰਦ ਯਮਲਾ ਜੱਟ ਅਤੇ ਇਕ ਦੋ ਹੋਰ ਗਾਇਕਾਂ ਨੂੰ ਛੱਡਕੇ, ਬਾਕੀ ਸਭ ਨੇ ਮਾਨ ਸਾਹਬ ਦੇ ਗੀਤਾਂ ਨੂੰ ਗਾਇਆ ਹੈ। ਲਤਾ ਮੰਗੇਸ਼ਕਰ ਤੋਂ ਲੈ ਕੇ ਸਿਮਰਨ ਕੌਰ, ਤ੍ਰਿਪਤ ਕੌਰ ਨੇ ਵੀ ਮਾਨ ਸਾਹਬ ਨੂੰ ਗਾਇਐ। ਸ਼ੌਕਤ ਅਲੀ, ਜਗਜੀਤ ਸਿੰਘ ਤੋਂ ਲੈ ਕੇ ਫ਼ਿਰੋਜ਼ ਖ਼ਾਨ ਤੱਕ ਦੇ ਨਵੇਂ ਗਾਇਕ ਨੇ ਵੀ। ਦਿਲਸ਼ਾਦ ਅਖ਼ਤਰ ਅਤੇ ਸੁਖਵਿੰਦਰ ਨੂੰ ਮਾਰਕੀਟ 'ਚ ਲਿਆਉਣ ਵਾਲੇ ਮਾਨ ਸਾਹਬ ਹੀ ਹਨ। ਅੱਜ ਦੇ ਚਰਚਿਤ ਤੇ ਸਿਰਮੌਰ ਗਾਇਕਾਂ ਵਿਚੋਂ ਹੰਸ ਰਾਜ ਹੰਸ, ਹਰਭਜਨ ਮਾਨ, ਸਰਦੂਲ ਸਿਕੰਦਰ, ਜਸਵੀਰ ਜੱਸੀ ਲੱਕੀ ਸਿੰਘ, ਸੁਖਵਿੰਦਰ, ਜਗਜੀਤ ਸਿੰਘ ਆਦਿ ਸਮੇਤ ਕਈਆਂ ਨੇ ਮਾਨ ਸਾਹਬ ਦੇ ਗੀਤਾਂ ਨੂੰ ਗਾਇਆ ਤੇ ਗਾ ਰਹੇ ਹਨ। ਹੁਣ ਮਾਨ ਸਾਹਬ ਫਿਰ ਉਵੇਂ ਚਰਚਾ ਵਿਚ ਹਨ, ਜਿਵੇਂ ਸਦੀਕ-ਰਣਜੀਤ ਵੇਲੇ ਹੁੰਦੇ ਸਨ।

1967-68 'ਚ ਮਾਨ ਸਾਹਬ ਦੇ ਗੀਤ ਆਕਾਸ਼ਵਾਣੀ ਕੇਂਦਰ ਜਲੰਧਰ ਤੋਂ ਅਪਰੂਵਡ ਹੋ ਗਏ ਤੇ ਮਾਨ ਸਾਹਬ ਖੁਦ ਵੀ ਆਕਾਸ਼ਵਾਣੀ ਦੇ ਕਵੀ-ਦਰਬਾਰਾਂ ਤੇ ਹੋਰ ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਜਾਣ ਲੱਗੇ। ਇਹਨਾਂ ਵਰ੍ਹਿਆਂ ਦੀ ਹੀ ਗੱਲ ਹੈ ਜਦੋਂ ਮਾਨ ਸਾਹਬ ਨੂੰ ਪੰਜਾਬ ਸਰਕਾਰ ਨੇ 'ਵਧੀਆ ਗੀਤ-ਲੇਖਕ' ਵਜੋਂ ਤੇ ਸੁਰਿੰਦਰ ਕੌਰ ਨੂੰ 'ਵਧੀਆ ਗਾਇਕਾ' ਵਜੋਂ ਸਨਮਾਨਿਆ ਸੀ। ਉਦੋਂ ਦੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਇਹ ਸਨਮਾਨ ਭੇਟਾ ਕੀਤੇ ਸਨ। ਜਦੋਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ ਤਾਂ ਮਾਨ ਸਾਹਬ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਗੀਤਕਾਰ ਵਜੋਂ ਸਨਮਾਨਣ ਦਾ ਫੈਸਲਾ ਹੋਇਆ, ਮਾਨ ਸਾਹਬ ਨੇ ਗਿਆਨੀ ਜੀ ਨੂੰ ਆਖਿਆ, "ਗਿਆਨੀ ਜੀ, ਲੋਕ ਚਰਚਾ ਕਰਨਗੇ, ਸਭ ਨੂੰ ਥੋੜੀ-ਮੇਰੀ ਨੇੜਤਾ ਦਾ ਪਤੈ, ਰਹਿਣ ਦਿਓ ਮੇਰਾ ਸਨਮਾਨ।"

ਗਿਆਨੀ ਜੀ ਸਮਝ ਗਏ।

...... ...... ......

ਜਿਵੇਂ ਮਾਨ ਸਾਹਬ ਨੇ ਆਪਣੇ ਗੀਤਾਂ ਵਿਚ ਲੋਕ-ਮੁਹਾਵਰੇ, ਅਖਾਣ ਤੇ ਲੋਕ-ਬੋਲੀ ਦੀ ਸਰਲ ਸ਼ੈਲੀ ਸੰਜਮ ਨਾਲ ਵਰਤੀ ਹੈ ਇਉਂ ਬਹੁਤ ਘੱਟ ਨੇ ਕੀਤਾ ਹੈ। ਦਿਉਰ ਭਰਜਾਈ ਦੀ ਨੋਕ-ਝੋਕ ਤੇ ਜੇਠ-ਭਰਜਾਈ ਦੀ ਘੈਂਸ-ਘੈਂਸ, ਤੀਵੀਂ-ਮਰਦ ਦੇ ਮੋਹ, ਅਟੁੱਟ ਰਿਸ਼ਤੇ ਤੇ ਝਗੜੇ-ਝਮੇਲੇ ਨੂੰ ਮਾਨ ਸਾਹਬ ਨੇ ਏਨੀ ਪੁਖਤਗੀ ਨਾਲ ਪੇਸ਼ ਕੀਤਾ ਹੈ ਕਿ ਬਹੁਤੇ ਗੀਤ ਲੋਕਾਂ ਦੇ ਪੂਰੇ-ਪੂਰੇ ਚੇਤੇ ਹਨ। ਅਮਲੀਆਂ, ਛੜਿਆਂ, ਪੈਂਚਾਂ, ਸਰਪੰਚਾਂ, ਡਰੈਵਰਾਂ, ਪਟਵਾਰੀਆਂ, ਸਾਧਾਂ-ਸੰਤਾਂ, ਬਾਣੀਆਂ ਤੇ ਜੱਟਾਂ ਅਤੇ

ਵਿਹਲੜ ਰੰਨਾਂ ਆਦਿ ਦੇ ਚਰਿੱਤਰਾਂ, ਆਦਤਾਂ ਤੇ ਸੁਭਾਆਂ ਨੂੰ ਜਿੰਨੀ ਡੂੰਘਾਈ ਨਾਲ ਮਾਨ ਸਾਹਬ ਨੇ ਆਪਣੇ ਗੀਤਾਂ ਵਿਚ ਚਿਤਰਿਆ, ਓਨਾ ਹੀ ਰਸਦਾਇਕ ਬਣਾਕੇ ਗਾਇਕਾਂ ਨੇ ਗਾਇਆ। ਮਾਨ ਸਾਹਬ ਦੇ ਬਹੁਤੇ ਗੀਤ ਤਾਂ ਆਪਣੇ ਪਿੰਡ ਦੇ ਲੋਕਾਂ ਤੇ ਆਂਢ-ਗੁਆਂਢ ਜਾਂ ਆਲ਼ੇ-ਦੁਆਲ਼ੇ ਉੱਤੇ ਹੀ ਘੁੰਮਦੇ ਹਨ।

ਮਾਨ ਤੁਰਿਆ ਜਾਵੇ। ਇਕ ਬੰਦਾ ਭੇਡ ਦੇ ਵਾਲ ਪੱਟੀ ਜਾਵੇ, ਕੋਲ ਬੈਠੀ ਬੁੜ੍ਹੀ ਮੱਝ ਚੋਈ ਜਾਵੇ। ਕਿਸੇ ਨੇ ਆਖਿਆ, "ਬਾਊ ਸਿੰਘ ਤਾਂ ਤੁਰਿਆ-ਤੁਰਿਆ ਜਾਂਦਾ ਗੀਤ ਜੋੜਦਾ ਐ ਭਾਈ।" ਮਾਨ ਨੇ ਉਦੋਂ ਹੀ ਗੀਤ ਜੋੜ ਲਿਆ,

ਛੜਿਆਂ ਦੇ ਘਰ ਭੇਡ ਲਵੇਰੀ
ਵੰਡ ਵੜੇਵੇਂ ਚਾਰੇ
ਨੀ ਅੱਧਾ ਦੁੱਧ ਲੈ ਜੀਂ ਵੰਡਕੇ
ਸਾਡੀ ਧਾਰ ਕੱਢ ਜਾ ਮੁਟਿਆਰੇ

ਨਰਿੰਦਰ ਬੀਬਾ ਦੇ ਗਾਏ ਗੀਤਾਂ 'ਚੋਂ ਮਾਨ ਸਾਹਬ ਦਾ ਇਕ ਬੜਾ ਖ਼ੂਬਸੂਰਤ ਗੀਤ ਹੈ, ਜਿਸ ਵਿੱਚ ਇਕ ਨਵ-ਵਿਆਹੀ ਫੌਜਣ ਦੇ ਭੋਲ਼ੇ-ਭਾਲ਼ੇ ਜਜ਼ਬਾਤ ਹਨ। ਫੌਜਣ ਆਪਣੇ ਪ੍ਰਦੇਸੀ-ਫੌਜੀ ਖਾਵੰਦ ਨੂੰ ਛੁੱਟੀ ਲੈ ਕੇ ਘਰ ਆਉਣ ਲਈ ਤਰਲੇ ਕਰਦੀ ਹੈ –

ਮਾਹੀ ਵੇ ਲੈ ਕੇ ਛੁੱਟੀਆਂ
ਮਹੀਨੇ ਦੀਆਂ ਆ
ਮੈਨੂੰ ਜਾਪਦਾ ਕੁਆਰਾ
ਤੇਰਾ ਸਾਅ੍ਹਬ ਵੇ
ਨਹੀਂ ਤਾਂ ਛੁੱਟੀ ਤੋਂ ਨਾ
ਦਿੰਦਾ ਉਹ ਜੁਆਬ ਵੇ
ਕਿਸੇ ਪੱਜ-ਢੰਗ ਨਾਲ
ਉਹਨੂੰ ਸਾਰ ਹਾਲ-ਚਾਲ
ਦੇਵੀਂ ਕਿਵੇਂ ਨਾ ਕਿਵੇਂ ਸਮਝਾ
ਮਾਹੀ ਵੇ ਲੈ ਕੇ ਛੁੱਟੀਆਂ
ਮਹੀਨੇ ਦੀਆਂ ਆ

ਜਦ ਮਾਨ ਸਾਹਬ ਸਰਪੰਚ ਬਣੇ ਤਾਂ 'ਸਰਪੰਚੀ' ਲਿਖ ਦਿਤੀ :

ਦਾਰੂ ਪੀ ਕੇ ਸ਼ੁਗਲ ਮਨਾਏ
ਜਦੋਂ ਮਿਲੀ ਸਰਪੰਚੀ
ਕੱਛ, ਕੜਾ, ਕਿਰਪਾਨ ਖ਼੍ਰੀਦੇ
ਵੇਚ ਮੋਚਣਾ ਕੈਂਚੀ
ਚਾਕੂ ਲਾਕੇ, ਫਿਕਸੋ ਲਾ ਕੇ,
ਖ਼ੂਬ ਜਮਾਈ ਦਾਹੜੀ
ਪਿਓ ਦਾਦੇ ਦੀ ਗੁੱਡੀ ਅੱਜ
ਵਿਚ ਅਸਮਾਨਾਂ ਚਾੜ੍ਹੀ



ਔਤਰਿਆਂ ਦੀਆਂ ਮੜ੍ਹੀਆਂ ਵਰਗਾ
ਮੈਂ ਚਿੱਟਾ ਪਾਇਆ ਝੱਗਾ
ਸੈਕੰਡ ਹੈਂਡ ਲਿਆਂਦੀ ਘੋੜੀ
ਵੇਚ ਪੰਜਾਲੀ ਢੱਗਾ

ਕਿਸੇ ਦਾ ਜੇਠ ਪਾਥੀਆਂ ਪੱਥ ਰਿਹਾ ਸੀ। ਉਹ ਆਪਣੀ ਸਹੇਲੀ ਨੂੰ ਬੋਲੀ, 'ਨੀਂ' ਮੈਂ ਮਰਗੀ ਨੀਂ, ਮੇਰਾ ਤਾਂ ਜੇਠ ਪਾਥੀਆਂ ਪਥਦੈ।" ਮਾਨ ਸਾਹਬ ਨੇ ਗੀਤ ਜੋੜਿਆ :

ਬੂ ਮੈਂ ਮਰਗੀ ਹਾਣਦੀਓ
ਨੀ ਮੇਰਾ ਜੇਠ ਪਾਥੀਆਂ ਪੱਥੇ

ਜਦੋਂ ਗੀਤ ਲਿਖਿਆ, "ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ", ਰਿਕਾਰਡ ਹੋ ਕੇ ਵੱਜਣ ਲੱਗਿਆ, ਤਾਂ ਬਾਬੇ ਬਖਤੌਰੇ ਨੂੰ ਟੇਕ ਭਲਾ ਕਿਵੇਂ ਆਉਂਦੀ ? ਗੀਤ ਦਾ ਅਗਲਾ ਅੰਤਰਾ ਇਉਂ ਸੀ :

ਬਾਬੇ ਬਖਤੌਰੇ ਚੌਰੇ ਨੂੰ
ਮੈਂ ਕਈ ਵਾਰ ਸਮਝਾਇਆ
ਜਰਬ੍ਹਾਂ-ਤਕਸੀਮਾਂ ਦੇ-ਦੇ ਕੇ
ਤੈਨੂੰ ਰਿਸ਼ਤੇਦਾਰ ਬਣਾਇਆ
ਜਿਸ ਦਿਨ ਦਾ ਬੁਢੜਾ ਵਿਆਹਿਆ ਗਿਆ
ਉਸ ਦਿਨ ਤੋਂ ਆਪਣੇ ਖੂੰਡੇ ਨੂੰ
ਖੂੰਜੇ ਵਿਚ ਲਾ ਕੇ ਧਰ ਗਿਆ ਨੀ
ਬਾਬਾ ਬਖਤੌਰਾ......

ਬਾਬਾ ਨਿੱਤ ਸ਼ਰਾਬ ਪੀ ਕੇ ਦਰਵਾਜ਼ੇ ਮੂਹਰੇ ਆ-ਆ ਕੇ ਅਵ੍ਹਾ-ਤਵ੍ਹਾ ਬੋਲਦਾ। ਕਿਸੇ ਨੇ ਮੱਤ ਦਿੱਤੀ, "ਗੱਲ ਸੁਣ ਬਖਤੌਰਿਆ, ਤੂੰ ਬਾਊ ਸਿੰਘ ਦਾ ਕੀ ਕਰਲੇਂਗਾ... ਕਿਉਂ ਸਿਰ ਖਪਾਈ ਕਰਦਾ ਫਿਰਦਾ ਐਂ, ਜੇ ਏਹਨੇ ਪਤੰਦਰ ਨੇ ਤੇਰੇ ਹੋਰ ਵੀਹ 'ਰਕਾਟ ਜੋੜ ਕੇ ਭਰਾ ਤੇ, ਫੇਰ ਕੀ ਕਰੇਂਗਾ ?" ਇਉਂ ਬਖਤੌਰ ਸਿੰਓਂ ਆਪੇ ਈ ਚੁੱਪ ਹੋ ਗਿਆ।

ਮੁਕਗੀ ਫੀਮ ਡੱਬੀ 'ਚੋਂ ਯਾਰੋ
ਅੱਜ ਕੋਈ ਅਮਲੀ ਦਾ ਡੰਗ ਸਾਰੋ
ਸਾਡੀ ਰੁੱਸੀ ਫਿਰੇ ਕਰਤਾਰੋ
ਕੌਣ ਬੰਨ੍ਹਾਵੇ ਧੀਰ ਨੂੰ
ਹਾਏ, ਜਿੰਦ ਨਿੱਕਲ ਚੱਲੀ
ਲੱਗੀ ਤੋੜ ਸਰੀਰ ਨੂੰ......

ਇਹ ਵੀ ਪਿੰਡੋਂ ਹੀ ਕਿਸੇ ਦਾ ਸੱਚ ਹੈ।

ਸਦੀਕ, ਰਾਜਨ ਤੇ ਮਾਨ ਕਿਸੇ ਪ੍ਰੋਗਰਾਮ 'ਤੇ ਜਾ ਰਹੇ ਸਨ। ਅੰਬੈਸਡਰ ਕਾਰ ਸੀ। ਇਹ ਤਿੰਨੋ ਪਿੱਛੇ ਬੈਠੇ ਹੋਏ ਸਨ, ਵਿਚਾਲੇ ਇਹਨਾਂ ਦੇ ਰਾਜਨ ਬੈਠੀ ਹੋਈ ਸੀ। ਰਾਜਨ ਰੰਗ ਦੀ ਗੋਰੀ ਤੇ ਸੁਨੱਖੀ! ਮਾਨ ਕਦੇ ਰਾਜਨ ਵੰਨੀਂ ਦੇਖਦਾ, ਕਦੇ ਸਦੀਕ ਵੰਨੀਂ। ਜਾਂਦੇ-ਜਾਂਦੇ ਹੀ ਗੀਤ ਲਿਖ ਧਰਿਆ :

ਮੈਂ ਖ਼ਰਬੂਜੇ ਵਰਗੀ ਜੱਟੀ
ਹਾਏ, ਖਾ ਲਈ ਕਾਲ਼ੇ ਨਾਗ਼ ਨੇ

ਅਜੋਕੇ ਸਮੇਂ ਦਾ ਯਥਾਰਥ ਪੇਸ਼ ਕਰਦਾ ਗੀਤ ਹੈ, ਜਦੋਂ ਅੱਜ ਚਿੱਠੀਆਂ ਦੀ ਮਹੱਤਤਾ ਘਟ ਗਈ ਹੈ :

ਚਿੱਠੀਆਂ ਪਾਉਣੀਆਂ ਭੁੱਲਗੇ
ਜਦੋਂ ਦਾ ਟੈਲੀਫੋਨ ਲੱਗਿਆ
ਇਕ ਇਕ ਚਿੱਠੀ ਨੂੰ ਅਨੇਕਾਂ ਵਾਰ ਵਾਚਣਾ
ਫੇਰ ਇਕ ਦੂਜੇ ਦੇ ਖ਼ਿਆਲਾਂ 'ਚ ਗੁਆਚਣਾ
ਗੁੱਡੇ-ਗੁੱਡੀਆਂ ਉਡਾਉਣੀਆਂ ਭੁੱਲਗੇ
ਜਦੋਂ ਦਾ ਟੈਲੀਫ਼ੋਨ ਲੱਗਿਆ......

ਮੀਡੀਆ ਦੇ ਪਾਸਾਰ ਅਤੇ ਲੋਕਾਂ ਦੇ ਬਦਲ ਗਏ ਮੇਲ-ਮਿਲਾਪ ਸਾਧਨਾਂ ਵਿਚ ਆਈਆਂ ਵੱਡੀਆਂ ਭਾਰੀਆਂ ਤਬਦੀਲੀਆਂ ਨੂੰ ਮੁੱਖ ਰੱਖਕੇ ਮਾਨ ਸਾਹਬ ਨੇ ਇਕ ਪ੍ਰੇਮੀ ਦਾ ਪ੍ਰੇਮਿਕਾ ਨੂੰ ਸ਼ਿਕਵਾ ਲਿਖਿਆ, ਜੋ ਸਫ਼ਲ ਗਾਇਕ ਕੁਲਵਿੰਦਰ ਕੰਵਲ ਦੀ ਆਵਾਜ਼ 'ਚ ਰਿਕਾਰਡ ਹੋਇਆ। ਗੀਤ ਹੈ :

ਕਈ ਵੀਕ ਬੀਤ ਗਏ ਨੀ
ਤੇਰਾ ਟੈਲੀਫ਼ੋਨ ਨੀ ਆਇਆ
ਜਦ ਕਾਲ ਤੇਰੀ ਮੈਨੂੰ ਆਂਦੀ ਸੀ
ਝੱਟ ਬੈੱਲ ਪਛਾਣੀ ਜਾਂਦੀ ਸੀ
ਹੁਣ ਸਦਾ ਫੋਨ ਇੰਗੇਜ਼ ਮਿਲੇ
ਤੇਰਾ ਜਦ ਵੀ ਫ਼ੋਨ ਮਿਲਾਇਆ
ਕਈ ਵੀਕ ਬੀਤ ਗਏ ਨੀ....

ਅਜੋਕੇ ਸਮੇਂ ਵਿਚ ਜਦੋਂ ਭੈਣਾਂ-ਭਰਾਵਾਂ ਦੇ ਪਿਆਰ ਵੀ ਤਿੜਕ ਗਏ ਹਨ, ਇੱਕ ਭਰਾ ਆਪਣੀ ਭੈਣ ਨਾਲ ਗਿਲਾ ਕਰਦਾ ਹੈ :

ਨੀ ਬਹੁਤਿਆਂ ਪਿਆਰਾਂ ਵਾਲੀਏ
ਤੇਰੀ ਰੱਖੜੀ ਡਾਕ ਵਿਚ ਆਈ

ਜਦ ਟੈਲੀਵੀਜ਼ਨ ਹਾਲੇ ਆਇਆ-ਆਇਆ ਹੀ ਸੀ, ਤਾਂ ਮਾਨ ਸਾਹਬ ਨੇ ਗੀਤ ਲਿਖਿਆ ਸੀ :

ਟੈਲੀਵੀਜ਼ਨ ਲੈ ਦੇ ਵੇ
ਤਸਵੀਰਾਂ ਬੋਲਦੀਆਂ

ਤੀਵੀਂ ਤੇ ਮਰਦ ਦੇ ਤੜਫ਼ਦੇ ਜਜ਼ਬਾਤ ਹਨ, ਜਦੋਂ ਧੀ ਜੰਮਦੀ ਹੈ, ਫਿਰ ਮੁਟਿਆਰ ਹੁੰਦੀ ਹੈ। ਮੁਟਿਆਰ ਧੀ ਦੀ ਹਾਜ਼ਰੀ ਵਿਚ ਤੀਵੀਂ-ਮਰਦ ਮੰਜੀਆਂ ਡਾਹ ਜੋੜ ਕੇ ਨਹੀਂ ਸੌਂ ਸਕਦੇ:

ਜਦੋਂ ਦੀ ਜੰਗੀਰੋ ਜੰਮ ਪਈ
ਕਦੀ ਜੋੜ ਮੰਜੀਆਂ ਨਾ ਡਾਹੀਆਂ
ਅਸੀਂ ਮੁੰਡੇ-ਖੁੰਡੇ ਜਦੋਂ ਨਵੇਂ ਵਿਆਹੇ ਹੁੰਨੇ ਆਂ



ਜਾਪਦਾ ਏ ਜਿਵੇਂ ਅਸੀਂ ਮੇਲੇ ਆਏ ਹੁੰਨੇ ਆਂ
ਜਦੋਂ ਸਾਡੇ ਸਿਰ 'ਤੇ ਕਬੀਲਦਾਰੀ ਪੈ ਜੇ
ਫਿਰ ਮੱਖੀਆਂ ਨਾ ਉੱਡਣ ਉਡਾਈਆਂ
ਜਦੋਂ ਦੀ ਜੰਗੀਰੋ ਜੰਮ ਪਈ....
ਮਾੜੀ ਕੀਤੀ ਰੱਬ ਨੇ ਸਬੱਬ ਚੰਗਾ ਭੇੜਕੇ
ਬੱਚਿਆਂ ਦੇ ਝੱਗੇ ਪਾਏ, ਘੱਗਰਾ ਉਧੇੜ ਕੇ
ਸੁਹਾਗ ਪਟਿਆਰੀ ਵਾਲੇ ਡੱਬੇ ਵਿਚ ਕੱਲ੍ਹ
ਲੂਣ ਮਿਰਚਾਂ ਰਗੜ ਕੇ ਪਾਈਆਂ
ਜਦੋਂ ਦੀ ਜੰਗੀਰੋ ਜੰਮ ਪਈ
ਕਦੇ ਜੋੜ ਮੰਜੀਆਂ ਨਾ ਡਾਹੀਆਂ....

ਇਕ ਗੀਤ ਦਾ ਹੋਰ ਨਮੂਨਾ ਦੇਖੋ -

ਪੈਰ ਮੱਚਗੇ ਪੰਜੇਬਾਂ ਵਾਲੇ
ਮੈਂ ਹਾਕਾਂ ਮਾਰਾਂ ਵੱਟ 'ਤੇ ਖੜ੍ਹੀ
ਤਪਦੇ ਤੰਦੂਰ ਵਿਚ ਰੋਟੀ ਜਦੋਂ ਲਾਉਣੀ ਆਂ
ਰੱਬ ਦੀ ਸਹੁੰ ਅੱਗ ਵਿੱਚ ਫੁੱਲ ਝੁਲਸਾਉਣੀ ਆਂ
ਗੋਟੇ ਵਾਲੀ ਚੁੰਨੀ, ਪਈ ਆਟੇ ਵਾਗੂੰ ਗੁੰਨ੍ਹੀ
ਰੀਝਾਂ ਦਿਲ ਵਿਚ ਖਾਣ ਉਬਾਲੇ, ਹਾਕਾਂ ਮਾਰਾਂ....
ਧੁੱਪ ਵਿਚ ਹਲ਼ ਵਾਹੁੰਦਾ, ਗਾਉਂਦਾ ਫਿਰੇਂ ਹੀਰ ਵੇ
ਤੇਰੇ ਨਾਲੋਂ ਵੱਡਾ ਹੋਰ ਕਿਹੜਾ ਏ ਫਕੀਰ ਵੇ
ਕਿੱਡੀ ਵੱਡੀ ਸੱਟ, ਕਿੱਥੇ ਸੋਨਾ, ਕਿੱਥੇ ਜੱਟ,
ਰੱਬ ਦੋਹਾਂ ਨੂੰ ਕੁਠਾਲੀ ਪਾ ਕੇ ਢਾਲ਼ੇ
ਹਾਕਾਂ ਮਾਰਾਂ ਵੱਟ 'ਤੇ ਖੜ੍ਹੀ....

ਤ੍ਰੀਮਤ ਆਪਣੇ ਮਰਦ ਨੂੰ ਮਿਹਨਤ ਕਰਨ ਵਾਲਾ ਅਸਲੀ ਫਕੀਰ ਆਖ ਰਹੀ ਹੈ, ਕਿੰਨੀ ਪਿਆਰੀ ਤੇ ਅਲੋਕਾਰੀ ਗੱਲ ਹੈ। ਅਜਿਹੀਆਂ ਅਲੋਕਾਰੀਆਂ ਗੱਲਾਂ ਲਿਖਣੀਆਂ ਮਾਨ ਸਾਹਬ ਦੇ ਹਿੱਸੇ ਹੀ ਆਈਆਂ ਹਨ। ਮਾਨ ਸਾਹਬ ਦੀ ਗੀਤ ਕਲਾ ਦੇ ਵੰਨ-ਸੁਵੰਨੇ ਗੁਣਾਂ ਉੱਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਖੋਜਾਂ ਕਰ ਰਹੇ ਹਨ। ਮੇਰਾ ਇਹ ਲੇਖ ਤਾਂ ਸੰਖੇਪ ਜਾਣ-ਪਛਾਣ ਅਤੇ 'ਮਾਨ ਪੰਜਾਬ ਦੇ' ਪੁਸਤਕ ਲਈ ਹਾਜ਼ਰੀ ਵਜੋਂ ਹੀ ਹੈ।

ਮਾਨ ਸਾਹਬ ਨੇ ਸ਼ਰਾਬ ਜਵਾਨੀ ਵੇਲੇ ਪੀਣੀ ਸ਼ੁਰੂ ਕੀਤੀ ਸੀ। ਹੁਣ ਵੀ ਡੱਕ ਕੇ ਪੀਂਦੇ ਹਨ। ਪਰ ਸ਼ਰਾਬੀ ਹੋਏ ਮੈਂ ਕਦੇ ਦੇਖੇ ਨਹੀਂ। ਜ਼ਬਾਨ ਜ਼ਰੂਰ ਥਥਲਾਉਂਦੀ ਹੁੰਦੀ ਹੈ, ਓਨੀ ਕੁ ਤਾਂ ਬਿਨ ਪੀਤੀਓਂ ਵੀ ਝਉਲਾ ਜਿਹਾ ਪੈਂਦਾ ਰਹਿੰਦਾ ਹੈ। ਜਿਵੇਂ ਕਿ ਮੈਂ ਪਹਿਲੋਂ ਦੱਸਿਆ ਸੀ ਕਿ ਕਈ ਵਾਰ ਗੱਲ ਦਾ ਘਾਲ਼ਾ-ਮਾਲ਼ਾ ਜਿਹਾ ਹੀ ਕਰ ਜਾਂਦੇ ਹਨ ਮਾਨ ਸਾਹਬ! ਸ਼ਰਾਬ ਪੀਣ ਵਾਲਾ ਹੋਵੇ ਸਹੀ, ਮਾਨ ਸਾਹਬ ਦੇ ਦੁਆਰੇ ਚਲਾ ਜਾਵੇ, ਨੁਹਾਕੇ ਭੇਜਣਗੇ, ਇਕ ਦਿਨ ਉਹਨਾਂ ਆਖਿਆ :

ਸਾਡੇ ਵੱਲੋਂ ਸਭ ਦੀ ਸੇਵਾ

ਸ਼ੁਰੂ ਸ਼ਰਾਬੋਂ ਹੋਈ
ਲੂਣ ਬਥੇਰੇ, ਹਰਾਮ ਬਥੇਰੇ
ਨਾ ਉਹ ਤੇਰੇ, ਨਾ ਉਹ ਮੇਰੇ
ਇਸ ਮੰਤਰ ਨੂੰ ਮੂਲ ਸਮਝਕੇ
ਕੀਤੀ ਅਸਾਂ ਦਲੇਰੀ
ਲੜਦੀ-ਭਿੜਦੀ ਸ਼੍ਰੀਮਤੀ ਤੋਂ
ਵੇਚੀ ਮੱਝ ਲਵੇਰੀ

ਗੀਤਕਾਰ ਵਜੋਂ ਜਿਤਨਾ ਨਾਮਣਾ ਤੇ ਨਾਵਾਂ ਮਾਨ ਸਾਹਬ ਨੂੰ ਲੱਭਾ ਹੈ, ਓਨਾ ਕਿਸੇ ਹੋਰ ਨੂੰ ਲੱਭਾ ਹੋਵੇ। ਮਾਨ ਸਾਹਬ ਨੂੰ ਕਿਸੇ ਨਾਲ ਕੋਈ ਗਿਲਾ ਸ਼ਿਕਾਇਤ ਨਹੀਂ। ਪੂਰਾ ਹੱਕ ਮਿਲਿਐ, ਸਹੀ ਕਦਰ ਪਈ ਹੈ। ਮਾਨ ਸਾਹਬ ਕਹਿੰਦੇ ਹਨ, "ਕਦਰ ਆਪਣੀ ਪੁਆਉਣੀ, ਆਪਣੇ ਵੱਸ ਦੀ ਗੱਲ ਐ। ਕਈਆਂ ਗੀਤਕਾਰਾਂ-ਸ਼ਾਇਰਾਂ ਨੂੰ ਆਪਣੀ ਕਦਰ ਪੁਆਉਣੀ, ਨਹੀਂ ਆਈ।"

ਜਦ ਕੋਈ ਗਾਇਕ ਮਾਨ ਸਾਹਬ ਦਾ ਲਿਖਿਆ ਗੀਤ ਮਾਨ ਸਾਹਬ ਦੀ ਇੱਛਾ ਅਨੁਸਾਰ ਹੀ ਗਾਵੇ, ਜਿਹੜੇ ਹਾਵ-ਭਾਵ ਨਾਲ ਮਾਨ ਸਾਹਬ ਨੇ ਗੀਤ ਲਿਖਿਆ ਹੁੰਦੈ.... ਤਾਂ ਮਾਨ ਸਾਹਬ ਨੂੰ ਅਥਾਹ ਸਕੂਨ ਮਿਲਦਾ ਹੈ। ਮਾਨ ਸਾਹਬ ਨੇ ਗੀਤ ਲਿਖਿਆ ਸੀ :

ਮਨਾਂ ਕਰ ਸਬਰ
ਦਿਲਾ ਨਾ ਰੋ
ਕਿਸੇ 'ਤੇ ਫੇਰ ਗ਼ਿਲਾ ਕਾਹਦਾ
ਜਦ ਕੋਈ ਗਿਆ ਪਰਾਇਆ ਹੋ

ਜਦ ਮਾਨ ਸਾਹਬ ਨੇ ਇਹ ਗੀਤ ਲਿਖਿਆ ਸੀ, ਤਾਂ ਉਦੋਂ ਉਹ ਪੂਰਨ ਅਹਿਸਾਸ ਵਿਚ ਡੁੱਬ ਕੇ ਰੋਏ ਸਨ। ਜਦ ਮਾਨ ਸਾਹਬ ਦੇ ਸਾਹਮਣੇ ਕੋਈ "ਢਾਂਡਾ ਜਿਹਾ ਗਾਇਕ" ਇਸ ਗੀਤ ਨੂੰ ਹੱਸ-ਹੱਸ ਕੇ, ਨੱਚ-ਨੱਚਕੇ ਗਾ ਰਿਹਾ ਸੀ ਤਾਂ ਉਹ ਦੁਖੀ ਹੋਏ ਸਨ.... ਕਿ ਇਹ ਗਾਇਕ ਮੇਰੇ ਗੀਤ ਨਾਲ ਕਿੰਝ ਬੇਇਨਸਾਫ਼ੀ ਕਰ ਰਿਹੈ.... ਤਦ ਵੀ ਉਹ ਰੋਏ ਸਨ। ਆਪਣੇ ਕਿਸੇ ਗੀਤ ਨਾਲ ਬੇਇਨਸਾਫ਼ੀ ਹੁੰਦੀ ਮਾਨ ਸਾਹਬ ਕਦੇ ਵੀ ਸਹਿਣ ਨਹੀਂ ਕਰ ਸਕਦੇ! ਪਰਿਵਾਰਕ ਪੱਖੋਂ ਬੇਹੱਦ ਸੰਤੁਸ਼ਟ ਹਨ। ਦੋ ਬੇਟੇ, ਰਵੀ ਮਾਨ ਖੇਤੀ ਸੰਭਾਲਦਾ ਹੈ, ਝੋਟੇ ਦੇ ਸਿਰ ਵਰਗੀ ਪੰਜਾਹਾਂ ਕਿੱਲਿਆਂ ਤੋਂ ਉੱਤੇ ਜ਼ਮੀਨ ਹੈ। ਸਾਰੀ ਨੂੰ ਪਾਣੀ ਲਗਦਾ ਹੈ। ਨੀਸ਼ (ਅਮਿਤੋਜ਼ ਮਾਨ) ਬੰਬੇ ਹੈ, ਹੋਣਹਾਰ ਐਕਟਰ ਹੈ, ਮਿਹਨਤੀ ਤੇ ਸਿਰੜੀ ਹੈ। ਦਲੀਪ ਕੁਮਾਰ ਨੇ 'ਕਲਿੰਗਾ' ਫਿਲਮ ਲਈ ਹਜ਼ਾਰਾਂ 'ਚੋਂ ਉਸ ਨੂੰ ਹੀਰੋ ਲਿਆ ਸੀ। ਮਾਨ ਸਾਹਬ ਦਾ ਪਿੰਡ ਵਿਚਲਾ ਘਰ ਖੁੱਲ੍ਹਾ-ਡੁੱਲ੍ਹਾ ਤੇ ਖੂਬਸੂਰਤ ਹੈ। ਬੰਬੇ ਵਾਲਾ ਫਲੈਟ ਪੰਜਾਬੋਂ ਗਇਆਂ ਵਾਸਤੇ ਜਿਵੇਂ ਰੈਸਟ-ਹਾਊਸ ਬਣਿਆ ਹੋਇਐ।

ਮਾਨ ਸਾਹਬ ਦੇ ਸਾਰੇ ਰਿਕਾਰਡ ਗੀਤਾਂ ਦੀ ਗਿਣਤੀ ਦੋ ਹਜ਼ਾਰ ਤੋਂ ਵੀ ਉੱਪਰ ਹੈ। ਪਰ ਮੈਨੂੰ ਉਹਨਾਂ ਨਾਲ ਸ਼ਿਕਵਾ ਇਹ ਹੈ ਕਿ ਉਹਨਾਂ ਆਪਣੀ ਇਸ ਵਡਮੁੱਲੀ ਕਲਾ ਨਾਲ ਸੰਬੰਧਤ ਕੋਈ ਰਿਕਾਰਡ/ਸਮੱਗਰੀ ਆਦਿ ਨਹੀਂ ਸੰਭਾਲੀ ਹੋਈ,



ਬੜੀ ਤਕੜੀ ਬੇਪਰਵਾਹੀ ਵਰਤੀ ਹੈ। ਆਪਣੀ ਛਪੀ ਕੋਈ ਕਿਤਾਬ ਨਹੀਂ ਰੱਖੀ, ਕੋਈ ਕੈਸਟ ਜਾਂ ਤਵਾ ਨਹੀਂ ਸਾਂਭਿਆ। ਕੋਈ ਯਾਦਗਾਰੀ ਫੋਟੋ ਨਹੀਂ ਰੱਖੀ!

ਉੱਘਾ ਗਵੱਈਆ ਕੀੜੇ ਖਾਂ ਸ਼ੌਕੀਨ (ਦਿਲਸ਼ਾਦ ਅਖ਼ਤਰ ਦਾ ਪਿਓ) ਮਾਨ ਸਾਹਬ ਦਾ ਖ਼ਾਸ ਯਾਰ ਸੀ। ਸਫ਼ਲ ਸਿਆਸਤਦਾਨ ਅਵਤਾਰ ਸਿੰਘ ਬਰਾੜ ਨਾਲ ਮਾਨ ਸਾਹਿਬ ਦੀ ਪੱਕੀ ਯਾਰੀ ਹੈ। ਜਦੋਂ ਮਿਲਦੇ ਹਨ, ਰੱਜਕੇ ਪੀਂਦੇ ਹਨ। ਹਾਸੇ ਪਾਉਂਦੇ ਹਨ, ਇਕ ਦੂਏ ਨੂੰ ਮਖੌਲ ਕਰਦੇ ਹਨ। ਲੋਕਾਂ ਦਾ ਮਖੌਲ ਉਡਾਉਂਦੇ ਹਨ। ਲੰਮੇ-ਲੰਮੇ ਸਫ਼ਰ ਕਰਦੇ ਹਨ। ਬਰਾੜ ਤੇ ਮਾਨ ਸਾਹਬ ਗੁਰਭਾਈ ਵੀ ਹਨ, ਕਿਉਂਕਿ ਸਿਆਸਤ ਵਿਚ ਬਰਾੜ ਸਾਹਿਬ ਗਿਆਨੀ ਜ਼ੈਲ ਸਿੰਘ ਨੂੰ ਆਪਣਾ ਗੁਰੂ ਮੰਨਦੇ ਹਨ ਤੇ ਮਾਨ ਸਾਹਬ ਦੇ ਗੁਰੂ ਵੀ ਗਿਆਨੀ ਜੀ ਹਨ, ਜਿਹਨਾਂ ਮੁੱਢਲੇ ਵੇਲੇ 'ਚ ਮਾਨ ਸਾਹਬ ਨੂੰ ਥਾਪੜਾ ਦਿੱਤਾ ਸੀ, ਤੇ ਸਿਆਸਤ ਵਿਚ ਲਿਆਂਦਾ ਸੀ। ਮਾਨ ਸਾਹਬ ਦੇ ਪੁਰਾਣੇ ਬੇਲੀਆਂ 'ਚੋਂ ਕਰਤਾਰਾ ਮਿਸਤਰੀ ਵੀ ਹੈ ਅਤੇ ਆਪਣੇ ਸਤਿਕਾਰਯੋਗ ਅਧਿਆਪਕ ਬਲਬੀਰ ਸਿੰਘ ਸੇਖੋਂ ਨੂੰ ਮਾਨ ਸਾਹਬ ਕਦੀ ਨਹੀਂ ਭੁਲਦੇ।

ਬਾਬੂ ਸਿੰਘ ਮਾਨ ਦਾ ਫ਼ੋਕੀ ਮਹਿਮਾ ਕਰਨ-ਕਰਾਉਣ ਵਿਚ ਵਿਸਵਾਸ਼ ਨਹੀਂ। ਨੀਸ਼ ਦੇ ਜਨਮ ਦੀ ਖੁਸ਼ੀ ਵਿਚ ਹਰ ਵਰ੍ਹੇ ਪਿੰਡ 'ਚ ਸਭਿਆਚਾਰਕ ਮੇਲਾ ਲਗਦਾ, ਪਰ ਮਾਹੌਲ ਬਦਲ ਗਏ ਤਾਂ ਇਹ ਸਭ ਕੁਝ ਵੀ ਬਦਲਣਾ ਪਿਆ।

ਮਾਨ ਸਾਹਬ ਨੇ ਬੇਅੰਤ ਸਾਹਿਤ ਪੜ੍ਹਿਐ ਉਚ ਕੋਟੀ ਦਾ। ਘਰ ਤਕੜੀ ਲਾਇਬ੍ਰੇਰੀ ਹੈ ਪੁਸਤਕਾਂ ਦੀ। ਮਾਨ ਦੇ ਮਿੱਤਰ ਸੇਵਾ ਮੁਕਤ ਮੁੱਖ ਅਧਿਆਪਕ ਜੁਗਰਾਜ ਸਿੰਘ ਬਰਾੜ ਨੇ ਦੱਸਿਆ, "ਜਦੋਂ ਹਾਲੇ ਲੂਣਾ ਨਵੀਂ-ਨਵੀਂ ਛਪੀ ਸੀ। ਮਾਨ ਨੇ ਇਕ ਦਮ ਪੜ੍ਹੀ ਤੇ ਮੇਰੇ ਸਕੂਲ ਵਿਚ ਜਨੇਰੀਆਂ ਆ ਗਿਆ। ਆਖਣ ਲੱਗਾ, ਮੈਂ ਬਹੁਤ ਖੁਸ਼ ਆਂ ਲੂਣਾ ਪੜ੍ਹਕੇ! ਮੈਂ ਇਹਦੇ ਹੱਕ 'ਚ ਆਂ। ਲੂਣਾ ਦੀ ਵਕਾਲਤ ਹੋਣੀ ਚਾਹੀਦੀ ਸੀ।"

ਜਦ ਮੈਂ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਬਾਰੇ ਪੁਸਤਕਾਂ ਲਿਖੀਆਂ ਤਾਂ ਵਾਰੋ-ਵਾਰੀ ਮਾਨ ਸਾਹਬ ਨੇ ਪੜ੍ਹੀਆਂ। ਖੁਸ਼ ਹੋ ਕੇ ਆਖਿਆ, "ਗੱਲ ਸੁਣ ਉਏ ਟਿੱਡਿਆ ਜਿਆ! ਪਾਰਸ ਚਮਕਦਾ ਨਹੀਂ ਹੁੰਦਾ! ਪਰ ਤੂੰ ਪਾਰਸ ਚਮਕਾ ਦਿੱਤਾ ਐ, ਬੜਾ ਚੰਗਾ ਕੀਤੈ, ਸਾਂਭ ਲਿਆ ਭੁਗਲੇ ਸੀ......।"

ਮਾਨ ਸਾਹਬ ਨੇ ਆਪਣੀ ਹੁਣ ਤੱਕ ਦੀ ਜ਼ਿੰਦਗੀ ਵਿਚ ਮੌਜਾਂ ਹੀ ਮੌਜਾਂ ਕੀਤੀਆਂ ਹਨ। ਰੱਜ-ਰੱਜ ਸੁਖ ਮਾਣਿਆਂ ਤੇ ਮਾਣ ਰਹੇ ਹਨ।

ਵੱਡੇ-ਵੱਡੇ ਤੇ ਮਹਾਨ ਲੋਕਾਂ ਦੀ ਸੰਗਤ ਕੀਤੀ ਹੈ। ਉੱਚ-ਕੋਟੀ ਦੇ ਲੀਡਰਾਂ ਦੀਆਂ ਸਟੇਜਾਂ ਉੱਤੋਂ ਬੋਲਿਆ ਹੈ, ਰਾਸ਼ਟਰਪਤੀ ਤੋਂ ਲੈ ਕੇ ਪਿੰਡ ਦੇ ਚੌਕੀਦਾਰ ਤੱਕ ਨੇ ਉਹਦਾ ਸਨਮਾਨ ਕੀਤਾ ਹੈ। ਪਹਿਲੀ ਵਾਰੀ 1987 'ਚ ਇੰਗਲੈਂਡ ਫੇਰੀ ਪਾਈ, ਦੋ ਵਾਰੀ ਇੰਗਲੈਂਡ ਗਏ ਅਤੇ ਪਿਛਲੇ ਸਾਲ ਹਰਭਜਨ ਮਾਨ ਦੇ ਸਾਥ ਨਾਲ ਕਨੇਡਾ, ਅਮਰੀਕਾ ਦਾ ਟੂਰ ਲਾਇਆ।

1999 'ਚ ਹਰਭਜਨ ਮਾਨ ਦੀ ਕੈਸਿਟ 'ਓਏ ਹੋਏ' ਰਿਕਾਰਡ ਹੋਣ ਨਾਲ ਹਰਭਜਨ ਦੀ ਪਛਾਣ ਅੰਤਰ-ਰਾਸ਼ਟਰੀ ਪੱਧਰ ਉੱਤੇ ਬਣੀ, ਇਹ ਗੱਲ ਵੀ ਸੁੱਟਣ ਵਾਲੀ ਨਹੀਂ ਕਿ ਪਹਿਲੋਂ ਵੀ ਬਾਬੂ ਸਿੰਘ ਮਾਨ ਨੂੰ ਦੂਰ-ਦੂਰ ਤੀਕ ਜਾਣਦੇ ਸਨ ਪਰ

ਉਹਦਾ ਇਕ ਵੱਖਰਾ, ਵਿਸ਼ਾਲ ਤੇ ਨਵਾਂ ਸਰੋਤਾ-ਮੰਡਲ ਇਸ ਨਵੇਂ ਦੌਰ ਵਿਚ ਹੀ ਕਾਇਮ ਹੋਇਆ।

ਕਈ ਕਹਿੰਦੇ ਹਨ ਕਿ ਮਾਨ ਨੇ ਲੱਚਰ ਲਿਖਿਆ ਹੈ, ਇਸ ਬਾਰੇ ਮਾਨ ਸਾਹਬ ਦੀ ਧਾਰਨਾ ਹੈ ਕਿ, "ਸੁਭਾਵਕਤਾ ਲੱਚਰਤਾ ਨਹੀਂ ਹੁੰਦੀ, ਸੁਣਨ ਵਾਲੇ, ਗੌਣ ਵਾਲੇ ਤੇ ਲਿਖਣ ਵਾਲੇ ਦੀ ਨੀਤ ਲੱਚਰ ਨਹੀਂ ਹੋਣੀ ਚਾਹੀਦੀ। ਸੋਚ ਸਵੱਛ ਹੋਵੇ! ਲੱਚਰਤਾ ਕੀ ਹੈ ?" ਮਾਨ ਸਾਹਬ ਆਖਦੇ ਹਨ ਕਿ, "ਮੈਂ ਦਿਓਰ-ਭਰਜਾਈ ਦੀ ਪਿਆਰ ਭਰੀ ਤੇ ਮਖੌਲੀ ਲਹਿਜ਼ੇ ਵਾਲੀ ਨੋਕ-ਝੋਕ ਨੂੰ ਆਪਣੇ ਗੀਤਾਂ ਵਿਚ ਚਿਤਰਿਆ ਹੈ, ਕੀ ਦਿਓਰ-ਭਰਜਾਈ ਇਉਂ ਨੋਕ-ਝੋਕ ਨਹੀਂ ਕਰਦੇ ਹਨ ? ਜਾਂ ਕੀ, ਉਸ ਨੋਕ-ਝੋਕ ਵਿਚ ਲੱਚਰਤਾ ਹੈ ? ਇਹ ਸਾਡੇ ਸਮਾਜੀ ਰਿਸ਼ਤੇ ਹਨ, ਪਿਆਰ ਦੀਆਂ ਭਾਈਚਾਰਕ ਸਾਂਝਾਂ ਹਨ। "ਜਗੀਰੋ ਜੰਮ ਪਈ" ਗੀਤ ਵਿਚ ਮੱਧਵਰਗੀ ਪਰਿਵਾਰ ਦਾ ਦੁਖਾਂਤ ਹੈ। ਮਾੜੀ ਆਰਥਿਕਤਾ ਦਾ ਝਲਕਾਰਾ ਹੈ।"

ਕਈ ਕਹਿੰਦੇ ਹਨ ਕਿ ਮਾਨ ਗੀਤ ਚੁਰਾਉਂਦਾ ਹੈ, ਇਸ ਬਾਰੇ ਮਾਨ ਸਾਹਬ ਨੇ ਆਖਿਆ, "ਬਲਦ ਅੱਖਾਂ ਮੀਟਕੇ ਬੈਠਾ ਹੁੰਦੈ ਤੇ ਇੱਲਾਂ ਸਮਝਦੀਆਂ ਨੇ ਕਿ ਖੌਰੇ ਏਹ ਮਰ ਗਿਐ ਤੇ ਉਹ ਠੂੰਗੇ ਮਾਰ-ਮਾਰ ਕੇ ਮਾਸ ਖਾਣ ਲੱਗ ਪੈਂਦੀਆਂ ਨੇ... ਉਹੀ ਹਾਲ ਮੇਰਾ ਐ। 1967-68 'ਚ ਮੇਰਾ ਗੀਤ "ਲੌਂਗ ਗੁਆਚਾ" ਰਿਕਾਰਡ ਹੋਇਆ... ਕੀ ਇਹ ਭੁੱਲ ਗਏ ਐ ? ਪਾਕਿਸਤਾਨੀਆਂ ਨੇ ਤਾਂ ਮਗਰੋਂ ਗਾਇਐ।"

"ਇਹ ਤਾਂ ਉਹ ਗੱਲ ਹੋਈ ਬਈ ਕੋਈ ਬੰਦਾ ਗੰਨਾ ਚੂਪੀ ਜਾਵੇ, ਤੇ ਚੂਪ-ਚੂਪ ਛਿਲਕੇ ਪਿੱਛੇ ਨੂੰ ਸੁੱਟੀ ਜਾਵੇ। ਇਕ ਬੰਦਾ ਉਹਦੇ ਚੂਪੇ ਹੋਏ ਛਿਲਕੇ ਹੀ ਚੂਪੀ ਜਾਵੇ, ਤੇ ਕਿਸੇ ਨੇ ਪੁੱਛਿਆ, ਕਿਉਂ ਬਈ, ਕਿੰਨਾ ਕੁ ਰਸ ਐ ਏਹਨਾਂ 'ਚ... ਉਹ ਬੋਲਿਆ, ਰਸ ਸੁਆਹ ਤੇ.... ਖੇਹ, ਛੱਡਦਾ ਈ ਕੁਛ ਨੀ...... ਚੂਸ-ਚੂਸ ਕੇ ਸਿੱਟੀ ਆਉਂਦੈ....। ਇਹੀ ਹਾਲ ਮੇਰੇ 'ਤੇ ਦੋਸ਼ ਲਾਉਣ ਵਾਲੇ ਅਖੌਤੀ ਗੀਤਕਾਰਾਂ ਦਾ ਐ। ਉਹ ਮੱਚਦੇ ਐ ਬਈ ਇਹ ਕੁਛ ਛਡਦਾ ਈ ਨੀ....। ਅਸੀਂ ਕੀ ਕਰੀਏ। ਮੇਰੇ ਗੀਤ ਚੋਰੀ ਕਰਨ ਵਾਲੇ ਹੀ ਮੇਰੇ 'ਤੇ ਇਲਜ਼ਾਮ ਲਾ ਰਹੇ ਐ.... ਸ਼ਰਮ ਨੀ ਆਉਂਦੀ ਪਤੰਦਰਾਂ ਨੂੰ....।"

...... ...... ......

ਮਾਨ ਸਾਹਬ ਮੈਨੂੰ ਆਪਣੇ ਬੱਚਿਆਂ ਬਰਾਬਰ ਪਿਆਰ ਦੇਂਦੇ ਹਨ। ਹਮੇਸ਼ਾ ਗੁਣ-ਗਿਆਨ ਵਾਲੀਆਂ ਗੱਲਾਂ ਕੰਨੀ ਪਾਉਂਦੇ ਹਨ।

1991 ਦੀ ਗੱਲ ਹੈ, ਜਦੋਂ ਮੈਂ ਮਾਨ ਸਾਹਬ ਨੂੰ ਬਹੁਤ ਚੰਗੀ ਤਰ੍ਹਾਂ ਮਿਲਿਆ, ਨੇੜੇ ਹੋ ਕੇ! ਸਾਡੇ ਪਿੰਡਾਂ ਵਿਚਲੇ ਕਸਬਾ ਸਾਦਿਕ ਵਿਖੇ ਲਿਖਾਰੀ ਸਭਾ ਨੇ ਮੈਨੂੰ "ਉਭਰਦੇ ਲੇਖਕ ਤੇ ਕਲਾਕਾਰ" ਵਜੋਂ ਅਤੇ ਮਾਨ ਸਾਹਬ ਨੂੰ "ਬਾਬਾ ਬੋਹੜ ਗੀਤਕਾਰ" ਵਜੋਂ ਸਨਮਾਨਿਆ। ਤਾਂ ਉਥੇ ਸ਼ਾਇਰ ਨਿਰਮੋਹੀ ਫਰੀਦਕੋਟੀ ਨੇ ਮਾਨ ਸਾਹਬ ਬਾਰੇ ਆਪਣਾ ਕਾਵਿ-ਚਿੱਤਰ ਪੜ੍ਹਿਆ, ਜੋ ਲੋਕਾਂ ਬੜਾ ਪਸੰਦ ਕੀਤਾ ਸੀ :

ਪੂਰੇ ਦਾ ਪੂਰਾ ਗੀਤ ਹੈ



ਜੱਟ ਮਾਨ ਮਰਾੜ੍ਹਾਂ ਦਾ
ਕਰਦਾ ਸਭ ਨੂੰ ਪਰੀਤ ਹੈ
ਜੱਟ ਮਾਨ ਮਰਾੜ੍ਹਾਂ ਦਾ
ਗੁਰਨਾਮ ਕੌਰ ਦਾ ਮੀਤ ਹੈ
ਜੱਟ ਮਾਨ ਮਰਾੜ੍ਹਾਂ ਦਾ...

ਮੈਂ ਉਸ ਸਮਾਰੋਹ ਵਿਚ ਤੂੰਬੀ 'ਤੇ ਆਪਣੇ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਕਈ ਗੀਤ ਗਾਏ, ਸਾਜ਼ੀਆਂ ਨੇ ਸਾਜ਼ ਵਜਾਏ, ਲੋਕਾਂ ਪਸੰਦ ਕੀਤੇ ਤੇ ਰੁਪੱਈਏ ਦਿੱਤੇ, ਚੰਗਾ ਰੰਗ ਬੱਝਾ! ਮਾਨ ਸਾਹਬ ਵੀ ਬੈਠੇ ਮੇਰੇ ਗੀਤ ਸੁਣਦੇ ਰਹੇ।

ਜਦੋਂ ਪ੍ਰੋਗਰਾਮ ਮੁੱਕਿਆ ਤਾਂ ਮਾਨ ਸਾਹਬ ਨੇ ਮੈਨੂੰ ਪਰ੍ਹੇ ਜਿਹੇ ਕਰਕੇ ਆਖਿਆ, "ਕਾਕਾ, ਗੱਲ ਸੁਣ ਮੇਰੀ, ਜੇ ਤੂੰ ਤਰੱਕੀ ਕਰਨੀ ਐਂ... ਯਮਲੇ ਦੇ ਗੀਤ ਨਾ ਗਾਇਆ ਕਰ! ਤੂੰ ਉਹਦੀ ਨਕਲ ਕਰਦੈਂ, ਜੇ ਨਕਲ ਉਹਦੀ ਕਰਨੀ ਐ ਤਾਂ ਫੇਰ ਉਹਤੋਂ ਵੀ ਚੰਗਾ ਗਾ ਕੇ ਕਰ....। ਨਹੀਂ ਇਹ ਟੁੰਗ-ਲੁੰਗ ਟੁਣਕਾਉਣ ਦਾ ਕੀ ਫੈਦਾ। ਤੂੰ ਮੇਰੇ ਕੋਲ ਪਿੰਡ ਆਵੀਂ ਕਿਸੇ ਦਿਨ, ਤੈਨੂੰ ਬਹਿਕੇ ਦੱਸੂੰਗਾ।"

ਮਾਨ ਸਾਹਬ ਦੀ ਇਹ ਗੱਲ ਮੈਂ ਆਪਣੇ ਪੱਲੇ ਨਹੀਂ ਬੰਨ੍ਹੀ ਸੀ ਤੇ ਉਥੇ ਈ ਵਿਸਾਰ ਆਇਆ ਸਾਂ।

ਫਿਰ ਕੁਝ ਸਾਲਾਂ ਮਗਰੋਂ ਸਾਡੇ ਪਿੰਡਾਂ ਨੇੜੇ ਡੋਡ ਦੇ ਇਕ ਸਕੂਲ ਵਿਚ ਸਭਿਆਚਾਰਕ ਸਮਾਰੋਹ ਸੀ, ਮਾਨ ਸਾਹਿਬ ਮੁੱਖ ਮਹਿਮਾਨ ਸਨ। ਮੈਂ ਉਥੇ ਵੀ ਤੂੰਬੀ 'ਤੇ ਗੀਤ ਗਾਏ। ਮਾਨ ਸਾਹਬ ਨੇ ਆਖਿਆ, "ਬੱਚੂ, ਮੇਰੇ ਆਖੇ ਨ੍ਹੀ ਲੱਗਿਆ।"

ਮੈਂ ਆਖਿਆ, "ਮਾਨ ਸਾਹਬ, ਮੈਂ ਉਸਤਾਦ ਯਮਲਾ ਜੀ ਨੂੰ ਗੁਰੂ ਧਾਰਿਆ। ਮੈਂ ਗਾਇਕ ਵਜੋਂ ਤਰੱਕੀ ਨਹੀਂ ਕਰਨੀ ਚਾਹੁੰਦਾ। ਇਉਂ ਉਹਨਾਂ ਦੇ ਰੰਗ ਵਿਚ ਗਾ ਕੇ ਮੈਨੂੰ ਖੁਸ਼ੀ ਤੇ ਆਤਮਿਕ ਤ੍ਰਿਪਤੀ ਮਿਲਦੀ ਐ.... ਤਾਂ ਈ ਮੈਂ ਗਾਉਣੈ ਹੁੰਨੈ।"

"ਫੇ ਠੀਕ ਐ, ਫੇ ਗਾਈ ਚੱਲ.... ਕਰ ਆਪਣਾ ਰਾਂਝਾ ਰਾਜੀ।" ਇਹ ਆਖਕੇ ਮਾਨ ਸਾਹਬ ਕਾਰ ਵਿਚ ਬੈਠ ਗਏ।

ਇਹ ਲੇਖ ਲਿਖਣ ਖਾਤਰ ਜਦ ਮਾਨ ਸਾਹਬ ਨਾਲ ਗੱਲਾਂ-ਬਾਤਾਂ ਕਰਨ ਲਈ ਮੈਂ ਮਰਾੜ੍ਹ ਗਿਆ ਤਾਂ ਉਹ ਕੋਸੀ-ਕੋਸੀ ਧੁੱਪ ਦਾ ਨਿੱਘ ਮਾਣਦੇ ਅਰਾਮ ਫਰਮਾ ਰਹੇ ਸਨ। ਕਈ ਘੰਟੇ ਬੈਠੇ ਅਸੀਂ ਗੱਲਾਂ ਕਰਦੇ ਰਹੇ। ਜਦ ਆਥਣ ਹੋਈ ਤਾਂ ਮੈਂ ਆਪਣੇ ਪਿੰਡ ਜਾਣ ਲਈ ਬੱਸ ਅੱਡੇ 'ਤੇ ਆ ਖਲੋਇਆ। ਅੱਗੇ ਉਥੇ ਹੀ ਸੱਥ ਵਿੱਚ ਕੁਝ ਬਜ਼ੁਰਗ ਬੈਠੇ ਹੋਏ ਸਨ। ਇੱਕ ਨੇ ਮੈਨੂੰ ਪੁੱਛਿਆ, "ਕਿਉਂ ਬਈ ਕਾਕਾ, ਕੀਹਦੇ ਘਰੋਂ ਆਇਐਂ.... ?"

ਮੈਂ ਦੱਸਿਆ, "ਬਾਬੂ ਸਿੰਘ ਮਾਨ ਸਾਹਬ ਕੋਲ ਆਇਆ ਸਾਂ।" ਬਜ਼ੁਰਗ ਨੇ ਫੇਰ ਪੁੱਛਿਆ, "ਕਿਉਂ, ਕੋਈ ਰਕਾਟ-ਰਕੂਟ ਜੋੜਨ ਦਾ ਵੱਲ ਸਿੱਖਣੈ ਉਹਤੋਂ ?"

"ਮਾਨ ਸਾਹਿਬ ਦੀਆਂ ਗੱਲਾਂ-ਬਾਤਾਂ ਛਾਪਣੀਐਂ ਕਿਤਾਬ ਵਿਚ, ਉਸ ਲਈ ਆਇਆ ਸਾਂ।"

ਇਕ ਹੋਰ ਬੰਦਾ ਬੋਲਿਆ, "ਬੱਲਿਆ, ਬਾਊ ਸਿੰਓ ਦੀਆਂ ਏਥੇ ਕੇਹੜਾ ਗੀਸਾਂ ਕਰੂਗਾ। ਬਾਊ ਸਿੰਓ, ਤਾਂ ਬਾਊ ਸਿੰਓ ਈਂ ਐਂ। ਵੇਖ ਬੱਲਿਆ! ਏਹਨੇ ਮਰਾੜ੍ਹ ਦਾ

ਨਾਂ ਚਹੁੰ ਕੂੰਟਾਂ 'ਚ ਗੂੰਜਾਤਾ। ਨ੍ਹੀ ਏਥੇ ਕਿਹੜਾ ਜਾਣਦਾ ਸੀ.... ਬਰਬਰ ਉੱਡਦੀ ਸੀ। ਟਿੱਬੇ ਸੀ। ਕੱਚੇ ਰਾਹ, ਨਾ ਬਿਜਲੀ, ਨਾ ਪਾਣੀ, ਨਾ ਫ਼ੂਨ, ਨਾ ਸਕੂਲ, ਨਾ ਸੜਕਾਂ, ਨਾ ਮੰਡੀ, ਕੱਖ ਨੀ ਸੀ। ਏਥੇ ਏਹੇ ਸਰਪੰਚ ਬਣਿਐਂ... ਸਭ ਕੁਛ ਲਿਆਤਾ। ਚੇਅਰਮੈਨ ਬਣਿਆਂ ਤਾਂ ਸੌਆਂ ਕੰਮ ਕੀਤੇ।"

ਅਜੇ ਇਸ ਬੰਦੇ ਦੀ ਗੱਲ ਵਿਚੇ ਹੀ ਸੀ ਕਿ ਉੱਥੇ ਬੈਠਾ ਰਿਟਾਇਰਡ ਮਾਸਟਰ ਮੰਗਲ ਸਿੰਘ ਉੱਚੀ ਆਵਾਜ਼ 'ਚ ਬੋਲਿਆ, "ਵੀਰ ਮੇਰਿਆ! 'ਠਾਈ-ਤੀਹ ਸਾਲ ਏਹਨੇ ਸਰਪੈਂਚੀ ਕੀਤੀ ਐ। ਕਿਸੇ ਦੀ ਨਜੈਜ਼ ਨੀ ਕੀਤੀ, ਤੰਗ ਨੀ ਕੀਤਾ ਕਿਸੇ ਨੂੰ। ਪੁਲਸ ਨੀ ਪਿੰਡ 'ਚ ਬਿਨਾ ਮਤਲਬੋਂ ਵੜਨ ਦਿੱਤੀ, ਕਿਸੇ ਦੀ ਤਲਾਸ਼ੀ ਨੀ ਹੋਣ ਦਿੱਤੀ। ਪਿੰਡ ਦੇ ਝਗੜੇ ਪਿੰਡ 'ਚ ਈ ਨਬੇੜਦਾ ਰਿਹੈ।"

ਇਕ ਅਮਲੀ ਕਿਸਮ ਦੇ ਬਜ਼ੁਰਗ ਨੇ ਉਚਰਿਆ, "ਜਦੋਂ ਬਾਊ ਸਿੰਘ ਸਰਪੰਚ ਬਣਿਐਂ, ਲੋਕਾਂ ਨੇ ਰੱਜ-ਰੱਜ ਕੇ ਵਾਧੂ ਸ਼ਰਾਬ ਕੱਢ-ਕੱਢ ਪੀਤੀ, ਕੋਈ ਰੋਕ-ਟੋਕ ਨੀ ਸੀ। ਹੁਣ ਤਾਂ ਕੋਈ ਕੱਢਣ ਨੀ ਦਿੰਦਾ.... ਪੁਲਿਸ ਝੱਟ ਆ ਜਾਂਦੀ ਐ ਪੁੱਤਾਂ ਮਰਨੀਂ। ਬਾਊ ਸਿੰਘ ਆਲ਼ੀਆਂ ਖੁੱਲ੍ਹਾਂ ਕਿੱਥੇ ਆ...। 'ਕੇਰਾਂ ਇਕ ਥਾਣੇਦਾਰ ਜਿਆ੍, ਬਾਊ ਸਿੰਓ ਨੂੰ ਆ ਕੇ ਆਂਹਦਾ, ਅਖੇ ਤੇਰੇ ਪਿੰਡ ਦੇ ਲੋਕ ਸ਼ਰਾਬ ਕੱਢਦੇ ਐ ਤੇ ਬਾਊ ਸਿੰਓ ਨੇ ਆਖਿਆ, 'ਮੰਦੇ ਐ ਬਾਹਲ਼ੇ, ਕੰਮ ਕੋਈ ਨੀ, ਕੱਢਕੇ ਗੁਜ਼ਾਰਾ ਕਰਦੇ ਐ, ਵੇਚਾਰੇ ਗਰੀਬ ਲੋਕ, ਕਰੀ ਜਾਣ ਦਿਓ, ਜੇ ਚੋਰੀਆਂ ਤੇ ਲੁੱਟਾਂ ਖੋਹਾਂ ਕਰਨ ਲਗਗੇ ਫੇ ਕੀ ਕਰੋਂਗੇ ? ਥਾਣੇਦਾਰ ਮੂਤ ਦੀ ਝੱਗ ਆਂਗੂੰ ਬਹਿ ਗਿਆ.... ਕਾਹਦਾ ਬੋਲਣਾ ਸੀ।"

ਮਾਸਟਰ ਮੰਗਲ ਸਿੰਘ ਨੇ ਦੱਸਿਆ, "ਪਿੰਡ 'ਚ ਏਹਨੇ ਬੜੇ ਅਖਾੜੇ ਲੁਆਏ। ਆਵਦੇ ਮੁੰਡੇ ਦੇ ਜਨਮ ਦੀ ਖੁਸ਼ੀ 'ਚ। ਕੇਹੜਾ ਗੁਮੰਤਰੀ ਜਾਂ ਗੁਮੰਤਰਣ ਐਂ, ਜੇਹੜੀ ਏਹਦੇ ਕੋਲ ਨਾ ਆਈ ਹੋਵੇ.... ਹੇਲ਼ੀਆਂ ਦਿੰਦੀਆਂ ਫਿਰਦੀਆਂ ਸੀ, ਇਕ ਆਈ, ਦੋ ਗਈਆਂ, ਪੰਜ ਆਗੀਆਂ....। ਪੰਜਾਹ-ਪੰਜਾਹ ਜਣਿਆਂ ਦੀਆਂ ਰੋਟੀਆਂ ਪਕਦੀਆਂ ਨਿੱਤ-ਨਿੱਤ...।"

"ਪਿੰਡ 'ਚ ਲੜਾਈ ਹੋ ਜੇ, ਕੁਛ ਹੋ ਜੇ, ਏਹਨੇ ਗ਼ਲਤ ਬੰਦਿਆਂ ਦਾ ਪੱਖ ਨੀ ਪੂਰਨਾ। ਸੱਚੀ ਗੱਲ ਅਗਲੇ ਦੇ ਮੂੰਹ 'ਤੇ ਮਾਰਨੀ ਐਂ.... ਮੈਂ ਆਹਨੈਂ, ਏਹ ਤਾਂ ਜੇ ਪਿਓ ਏਹਦਾ ਝੂਠਾ ਹੋਵੇ ਤਾਂ ਕਹਿਦੂ ਬਈ ਤੂੰ ਝੂਠਾ ਐਂ। ਨਾ ਏਹੇ ਅਜੇ ਤੀਕ ਕਿਸੇ ਨੂੰ ਕੌੜਾ ਬੋਲਿਆ, ਨਾ ਮਾੜਾ ਝਾਕਿਆ.... ਨਾਂਹ.... ਮਤਲਬ ਈ ਨੀ ਕੋਈ। ਬਾਊ ਸਿੰਓ ਨੇ ਜੋ ਸਾਡੇ ਪਿੰਡ ਦੀ ਸ਼ਾਨ ਤੇ ਇੱਜ਼ਤ ਵਧਾਈ ਐ ਨਾ ਕਾਕਾ.... ਏਹ ਕੋਈ ਹੋਰ ਨੀ ਕਰ ਸਕਦਾ।"

"ਰੱਜਿਆ-ਪੁੱਜਿਆ ਜੱਟ ਐ, ਖਾਨਦਾਨੀ ਐਂ। ਏਹਨੂੰ ਕੋਈ ਪਤਾ ਨੀ ਕਿੰਨੀ ਪੈਲ਼ੀ ਐ, ਕਿੰਨੇ ਦਾਣੇ ਹੋਏ ਐ। ਕੇਹੜੇ ਆੜ੍ਹਤੀਏ ਦੇ ਸਿੱਟ੍ਹੇ ਐ। ਮੁੰਡਾ ਰਵੀ ਐ ਉਹੀ ਵੇਚੇ ਵੱਟੇ! ਊਂ ਖੇਤ ਗੇੜਾ ਮਾਰ ਆਉਂਦੈ। ਬਈ ਏਹ ਤਾਂ ਆਵਦੇ ਗੀਤਾਂ 'ਚ ਈ ਮਸਤ ਰਹਿੰਦੈ।"

ਇਕ ਹੋਰ ਬਜ਼ੁਰਗ ਨੇ ਗੱਲ ਮੋੜੀ, "ਯਾਰ ਗੱਲ ਕੀ ਐ.... ਵਈ ਏਹਨਾਂ ਦਾ ਸਾਰਾ ਟੱਬਰ ਈ ਚੰਗੈ... ਬੀਬੀਆਂ ਦੇ ਕਹਿਣੇ ਈ ਕੀ ਐ... ਪਹਿਲੀ ਘਰ ਆਲ਼ੀ ਐ ਹੱਦੋਂ ਵੱਧ ਸ਼ਰੀਫ਼। ਆਹ ਹੈਥੇ ਈ ਪੜ੍ਹਾਉਂਦੀ ਐ ਗੁਰਨਾਮ ਕੁਰ, ਬਾਹਲ਼ੀ ਚੰਗੀ



ਐ ਲਗਨ ਨਾਲ ਪੜ੍ਹਾਉਂਦੀ ਐ। ਹਸਮੁਖ ਸੁਭਾਅ ਦੀ ਐ, ਮੁੰਡੇ ਉਦੂੰ ਚੰਗੇ ਐ। ਫਿਲਮਾਂ ਆਲ਼ਾ ਤਾਂ ਮੈਂ ਨਿੱਕਾ ਹੁੰਦਾ ਵੇਖਿਐ... ਬੰਬੇ ਰਹਿੰਦੈ। ਐਥੋਂ ਆਲ਼ਾ ਜਿਹੜਾ ਰਵੀ ਐ, ਸਭ ਦੀ ਇੱਜ਼ਤ ਕਰਦੈ, ਚੰਗੈ ਮੁੰਡਾ।"

ਇਕ ਬੰਦੇ ਨੇ ਆਖਿਆ, "ਬਾਊ ਸਿੰਘ ਸਾਡੇ ਨਾਲ ਵਿਹਲੇ ਵੇਲੇ ਤਾਸ਼ ਖੇਡਦੈ। ਬੜਾ ਹਸਾਉਂਦੈ। ਤੇ ਇਕ ਦਿਨ ਸਾਡੀ ਪੂਰੀ ਢਾਣੀ ਜੰਮੀ ਵੀ.... ਉਧਰੋਂ ਆ ਗਈ ਬੈਂਕ ਵਾਲਿਆਂ ਦੀ ਕਾਰ! ਸਾਰੇ ਤਾਸ਼ ਸਿੱਟ੍ਹਕੇ ਭੱਜਗੇ, ਏਧਰ-ਓਧਰ ਲੁਕਗੇ। ਬਾਊ ਸਿੰਘ ਤੇ ਮੈਂ ਈ ਰਹਿ ਗਏ....।

ਬਾਊ ਸਿੰਓਂ ਅੱਖਾਂ ਭਰ ਆਇਆ, ਕਹਿੰਦਾ ਕਦੇ ਸੋਚਿਆ ਨੀ ਸੀ ਯਾਰ... ਬਈ ਕਿਸਾਨਾਂ ਵਿਚਾਰਿਆਂ ਦੀ ਆਹ ਹਾਲਤ ਹੋਊਗੀ। ਦੇਖੋ ਯਾਰੋ! ਕਿਹੋ ਜਾ ਸਮਾਂ ਆ ਗਿਐ... ਹੁਣੇ ਈ ਹਸਦੇ ਖੇਡਦੇ... ਖਿੰਡਗੇ! ਫੇ ਗੀਤ ਲਿਖਤਾ, ਉਦੋਂ ਈਂ

ਇਹ ਜੋ ਕੀੜੇਮਾਰ ਦਵਾਈਆਂ
ਖ਼ੌਰੇ ਕਿੱਥੋਂ ਨੇ ਮੰਗਵਾਈਆਂ
ਇਹਨਾਂ ਫਸਲਾਂ ਮਾਰ ਮੁਕਾਈਆਂ
ਕੀੜੇ ਫਿਰਦੇ ਜਿਉਂਦੇ ਆ
ਹੁਣ ਜੱਟਾਂ ਘਰ ਅਗ੍ਰਾਈਆਂ ਵਾਲੇ
ਗੇੜੇ ਲਾਉਂਦੇ ਆ...

ਮੈਂ ਗੱਲਾਂ ਦੇ ਸੁਆਦ ਵਿਚ ਗੜੂੰਦ ਹੋ ਗਿਆ ਹੋਇਆ ਸਾਂ ਤੇ ਆਪਣੇ ਵਾਕਮੈਨ ਦੀ ਸਵਿੱਚ ਵੀ ਮੈਂ ਆਨ ਕੀਤੀ ਹੋਈ ਸੀ। ਮੈਂ ਇਸ ਗੱਲੋਂ ਵੀ ਖੁਸ਼ ਸਾਂ ਕਿ ਮੈਨੂੰ ਮਾਨ ਸਾਹਬ ਬਾਰੇ ਚੰਗੀਆਂ ਤੇ ਚੋਖੀਆਂ ਗੱਲਾਂ ਲਿਖਣੇ ਨੂੰ ਲੱਭ ਰਹੀਆਂ ਸਨ। ਇਉਂ ਵੀ ਲੱਗ ਰਿਹਾ ਸੀ ਕਿ ਜਿਵੇਂ ਮਾਨ ਸਾਹਬ ਨੇ, "ਘਰ ਦਾ ਜੋਗੀ ਜੋਗੜਾ" ਵਾਲੀ ਕਹਾਵਤ ਵੀ ਝੁਠਲਾ ਦਿੱਤੀ ਹੈ। ਸੱਭੇ ਬੰਦੇ ਹੀ ਉਨ੍ਹਾਂ ਦੀਆਂ ਸਿਫ਼ਤਾਂ ਤੇ ਸ਼ੋਭਾ ਕਰੀ ਜਾ ਰਹੇ ਸਨ। ਏਨੀ ਸ਼ੋਭਾ ਤੇ ਸਤਿਕਾਰ ਆਪਣੇ ਹੀ ਪਿੰਡੋਂ, ਆਪਣੇ ਹੀ ਲੋਕਾਂ ਵੱਲੋਂ, ਹਰ ਕਿਸੇ ਨੂੰ ਨਹੀਂ ਲਭਦੀ ਹੁੰਦੀ।

ਮੈਂ ਸਾਹਮਣੇ ਦੇਖਿਆ, ਮੇਰੇ ਨਾਨਕਿਆਂ ਦੇ ਪਿੰਡ ਵੱਲੋਂ ਮਿੰਨੀ ਬੱਸ ਪਾਂ-ਪਾਂ ਹਾਰਨ ਮਾਰਦੀ ਦੌੜੀ ਆ ਰਹੀ ਸੀ, ਅੱਡੇ ਉੱਤੇ ਆ ਬੱਸ ਰੁਕੀ, ਤੇ ਸਾਰੀ ਸੱਥ ਨੂੰ "ਸਤਿ ਸ੍ਰੀ ਅਕਾਲ" ਆਖ ਮੈਂ ਬੱਸ ਚੜ੍ਹ ਗਿਆ!

✪ ✪ ✪

# ਲੇਖਕਾਂ ਦਾ ਜਰਨੈਲ

ਸਾਢੇ ਛੇ ਫੁੱਟ ਕੱਦ, ਪ੍ਰਕਾਸ਼ਮਾਨ ਦਾਹੜਾ, ਕਿਸੇ ਫਿੱਕੇ ਜਿਹੇ ਰੰਗ ਦੀ ਪੈਂਟ

ਕਮੀਜ਼, ਬਿਨ ਪੌਲਿਸ਼ ਹੋਈ ਰਕਾਬੀ ਪਾਈ, ਚੇਹਰਾ ਗੰਭੀਰ, ਆਪਣੇ ਆਪ ਵਿਚ ਕੁਝ ਨਾ ਕੁਝ ਘੜਦਾ-ਬੁਣਦਾ, ਕਾਹਲ਼ੇ-ਕਾਹਲ਼ੇ ਕਦਮੀਂ ਤੁਰਦਾ ਇਹ ਬੰਦਾ ਜੇ ਤੁਹਾਨੂੰ ਸੰਗਰੂਰ ਦੇ ਮੁੱਖ ਡਾਕ ਘਰ ਵਾਲੇ ਰੋਡ ਉੱਤੇ ਆਥਣੇ ਜਾਂ ਤੜਕੇ ਆਉਂਦਾ-ਜਾਂਦਾ ਮਿਲ ਪਵੇ ਤਾਂ ਸਮਝ ਲਓ ਕਿ ਇਹੀਓ ਹੈ ਡਾ. ਤੇਜਵੰਤ ਸਿੰਘ ਮਾਨ, ਜਿਹਨੂੰ ਲੇਖਕਾਂ ਦੇ ਜਰਨੈਲ ਅਤੇ "ਘੈਂਟ-ਲੇਖਕ" ਵਜੋਂ ਜਾਣਿਆ ਜਾਂਦਾ ਹੈ। ਉਸ ਕਦੇ ਕਿਸੇ ਦੀ 'ਟੈਂ' ਨਹੀਂ ਮੰਨੀ ਤੇ ਨਾ ਹੀ ਕਦੀ ਕਿਸੇ ਤੋਂ ਮੰਨਵਾਈ ਹੈ, ਨਾ ਕਦੀ ਕਿਸੇ ਦੀ ਖੁਸ਼ਾਮਦ ਕੀਤੀ ਹੈ, ਨਾ ਕਿਸੇ ਤੋਂ ਕਰਵਾਈ ਹੈ, ਅਜਿਹੇ ਹੀ ਕਈ ਸਾਰੇ ਹੋਰ ਗੁਣਾਂ ਕਰਕੇ ਡਾ. ਤੇਜਵੰਤ ਮਾਨ ਪ੍ਰਸਿੱਧ ਹੈ।

ਡਾ. ਤੇਜਵੰਤ ਮਾਨ ਦੇ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਸਾਹਿਤ ਦੇ ਵਿਕਾਸ ਲਈ ਕੀਤੇ ਗਏ ਵੱਡੇ-ਭਾਰੇ ਕਾਰਜਾਂ ਕਰਕੇ ਉਸ ਅੱਗੇ ਸਿਰ ਝੁਕਦਾ ਹੈ। ਡਾ. ਮਾਨ ਨੇ ਹਮੇਸ਼ਾ ਮਾਂ ਬੋਲੀ ਦਾ ਮਾਣ ਵਧਾਇਆ ਹੈ।

ਡਾ. ਮਾਨ ਸੁਭਾਅ ਦਾ ਜ਼ਰੂਰ (ਥੋੜ੍ਹਾ ਕੁ, ਬਹੁਤਾ ਨਹੀਂ) ਗਰਮ ਹੈ, ਉਹ ਆਮ ਲੇਖਕਾਂ ਵਾਂਗ ਝੂਠੀ "ਹੀਂ - ਹੀਂ - ਹੀਂ" ਨਹੀਂ ਕਰਨੀ ਜਾਣਦਾ ਤੇ ਨਾ ਹੀ ਕਿਸੇ ਉੱਤੇ ਉਹ ਤਾੜੀ ਮਾਰਕੇ ਹੱਸ ਹੀ ਸਕਦਾ ਹੈ। ਡਾ. ਮਾਨ ਨੇ ਸਮੇਂ-ਸਮੇਂ ਮਾਂ ਬੋਲੀ ਪੰਜਾਬੀ ਤੇ ਲੋਕ-ਸਭਿਆਚਾਰ ਦੇ ਦੋਖੀਆਂ ਨੂੰ ਡਟ ਕੇ ਵੰਗਾਰਿਆ ਹੈ, ਪਿਛਾਂਹ-ਖਿੱਚੂ ਨੀਤੀਆਂ ਦੀਆਂ ਧਾਰਨੀ ਸਰਕਾਰਾਂ ਦੀ ਸ਼ਰ੍ਹੇਆਮ ਖੁੱਲ੍ਹ ਕੇ ਆਲੋਚਨਾ ਹੀ ਨਹੀਂ ਕੀਤੀ, ਸਗੋਂ ਕੰਨਾਂ ਉੱਤੇ ਜੂੰ ਵੀ ਸਰਕਾਈ ਹੈ ਅਤੇ ਆਪਣੀ ਪ੍ਰਤੀਬੱਧਤਾ ਤੇ ਤੰਦਰੁਸਤ ਸੋਚ ਨੂੰ ਕਦੀ ਥਿੜਕਣ ਨਹੀਂ ਦਿੱਤਾ, ਕੋਈ ਲਾਲਚ ਨਹੀਂ, ਕੋਈ ਝੋਰਾ ਨਹੀਂ, ਕੋਈ ਦਿਖਾਵਾ ਨਹੀਂ, ਕੋਈ ਹਾਉਮੈ ਨਹੀਂ ਤੇ ਆਪਣੇ ਪੱਲੇ ਵਿੱਚੋਂ ਕਦੀ ਸੱਚ ਖਿਸਕਣ ਨਹੀਂ ਦਿੱਤਾ। ਅਜਿਹੀ ਸ਼ਖ਼ਸੀਅਤ ਅੱਗੇ ਸਿਰ ਮੱਲੋ-ਮੱਲੀ ਕਿਉਂ ਨਾ ਝੁਕੇ ਭਲਾ ?

ਡਾ. ਮਾਨ ਨਾਲ ਮੇਰੀ ਜਾਣ-ਪਛਾਣ 1990-91 ਤੋਂ ਹੈ, ਜਦੋਂ ਮੈਂ ਸਾਹਿਤ ਸਭਾ ਫਰੀਦਕੋਟ ਦੀਆਂ ਸਾਹਿਤਕ ਇਕੱਤਰਤਾਵਾਂ ਤੇ ਸਮਾਗਮਾਂ ਵਿਚ ਜਾਣ ਲੱਗਿਆ ਸਾਂ, ਡਾ. ਮਾਨ ਨੂੰ ਹਰ ਸਮਾਗਮ ਵਿਚ ਐਨ ਸਮੇਂ ਸਿਰ ਪੁੱਜਦੇ ਦੇਖਦਾ ਰਿਹਾਂ ਤੇ ਕਦੋਂ ਸਮਾਗਮ ਦਾ ਅੰਤਲਾ ਪੜਾਅ ਆਵੇ, ਤੇ ਡਾ. ਮਾਨ ਆਪਣਾ ਭਾਸ਼ਣ ਸ਼ੁਰੂ ਕਰਨ, ਇਸ ਸਮੇਂ ਦੀ ਉਡੀਕ ਬੜੀ ਤੀਬਰਤਾ ਨਾਲ ਕਰਦਾ ਰਿਹਾਂ। ਡਾ. ਮਾਨ ਦੀ ਭਾਸ਼ਣ-ਕਲਾ ਏਨੀ ਪ੍ਰਭਾਵੀ ਤੇ ਕੀਲਣ ਵਾਲੀ ਹੁੰਦੀ ਹੈ ਕਿ ਸਰੋਤਿਆਂ ਨੂੰ ਬੰਨ੍ਹ ਕੇ ਬਿਠਾਅ ਲੈਣ ਦੀ ਉਹਨਾਂ ਦੀ ਕਲਾ-ਜੁਗਤ ਨਿਆਰੀ ਹੀ ਹੈ, ਭਾਸ਼ਣ ਉਹ ਬੜੀ ਨਰਮੀ ਨਾਲ ਸ਼ੁਰੂ ਕਰਦੇ ਹਨ। ਧੀਮੇ-ਧੀਮੇ ਗੱਲਾਂ ਕਰਦੇ-ਕਰਦੇ ਫਿਰ ਪੂਰੀ ਗਰਮੀ ਵਿੱਚ ਆ ਜਾਂਦੇ ਹਨ। ਇਉਂ ਡਾ. ਮਾਨ ਦੇ ਭਾਸ਼ਣਾਂ ਨੇ ਕਈ ਥਾਂਈ ਬੜੇ ਯੱਭ੍ਹ ਵੀ ਖੜ੍ਹੇ ਕੀਤੇ ਹਨ, ਕਈ ਬੰਦੇ ਉਹਨਾਂ ਵੱਲੋਂ ਆਖੀਆਂ ਗਈਆਂ ਸੱਚੀਆਂ ਤੇ ਤੇਜ਼-ਤਰਾਰ ਗੱਲਾਂ ਨੂੰ ਹਜ਼ਮ ਨਹੀਂ ਕਰ ਸਕਦੇ ਤੇ ਖਲਬਲੀ ਮਚਾਅ ਦਿੰਦੇ ਹਨ, ਬੜੀ ਵਾਰੀ ਮਾਨ ਸਾਹਬ ਨੂੰ ਇਸ ਤਰ੍ਹਾਂ ਦੇ ਸਮਾਗਮਾਂ ਤੇ ਮੀਟਿੰਗਾਂ ਦਾ ਬਾਈਕਾਟ ਕਰਕੇ ਉਥੋਂ ਆਉਣਾ ਵੀ ਪਿਆ ਹੈ। ਸੱਚੀ ਗੱਲ ਕਰਦਿਆਂ ਉਹ ਮੁੱਖ-ਮੰਤਰੀਆਂ ਜਾਂ ਹੋਰ ਸਿਆਸੀ ਲੋਕਾਂ ਦੀ ਹਾਜ਼ਰੀ ਵਿਚ ਵੀ ਭੋਰਾ ਹਿਚਕਚਾਹਟ ਨਹੀਂ ਮੰਨਦੇ। ਕਈ ਸਾਹਿਤਕਾਰ ਤਾਂ ਇਹ



ਗੱਲ ਵੀ ਆਖਦੇ ਹਨ ਕਿ, "ਤੇਜਵੰਤ ਮਾਨ ਬਾਹਲ਼ੇ ਗਰਮ ਸੁਭਾਅ ਵਾਲਾ ਹੈ, ਹਰੇਕ ਥਾਂ ਆਪਣਾ ਈ ਝੰਜੂ ਪਾ ਬਹਿੰਦਾ ਹੈ ਤੇ ਆਪਣੀ ਗੱਲ ਮੰਨਵਾਕੇ ਹੀ ਹਟਦਾ ਹੈ।"

ਡਾ. ਤੇਜਵੰਤ ਮਾਨ ਨੇ ਹਮੇਸ਼ਾ ਲੇਖਕਾਂ ਦੇ ਬਣਦੇ ਹੱਕਾਂ ਖਾਤਰ ਉਹਨਾਂ ਦੀ ਆਵਾਜ਼ ਬੁਲੰਦ ਕੀਤੀ ਹੈ, ਜੇ ਕਿਸੇ ਲੇਖਕ-ਕਲਾਕਾਰ ਨਾਲ ਕਿਸੇ ਸਰਕਾਰ ਜਾਂ ਸਮੇਂ ਦੀ ਤਾਕਤ ਨੇ ਵਧੀਕੀ ਕੀਤੀ ਹੈ ਤਾਂ ਪਹਿਲਾਂ ਸਭ ਤੋਂ ਮੂਹਰੇ ਡਾ. ਤੇਜਵੰਤ ਮਾਨ ਹੀ ਆਏ ਹਨ। ਪੰਜਾਬੀ ਭਾਸ਼ਾ ਦਾ ਮਸਲਾ ਹੈ, ਚਾਹੇ ਦੂਰਦਰਸ਼ਨ ਅੱਗੇ ਧਰਨਾ ਹੈ, ਲੇਖਕਾਂ ਦੀਆਂ ਗ੍ਰਿਫਤਾਰੀਆਂ ਹਨ, ਜਾਂ ਲੇਖਕਾਂ ਦਾ ਵਫ਼ਦ ਜਾ ਰਿਹਾ ਹੈ, ਕੁਝ ਵੀ ਹੈ, ਡਾ. ਤੇਜਵੰਤ ਮਾਨ ਮੂਹਰੇ-ਮੂਹਰੇ ਹੈ। ਜਦ ਮੈਨੂੰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਿਖੇ ਨੌਕਰੀ ਕਰਦਿਆਂ ਡਾਇਰੈਕਟਰ ਸਾਹਬ ਨੇ ਨੌਕਰੀ ਤੋਂ ਜਵਾਬ ਦੇ ਦਿੱਤਾ ਸੀ ਤਾਂ ਜਿਵੇਂ ਡਾ. ਮਾਨ ਨੇ ਮੇਰੀ ਆਵਾਜ਼ ਨੂੰ ਸਰਕਾਰੇ-ਦਰਬਾਰੇ ਪਹੁੰਚਾਇਆ ਸੀ, ਉਸ ਸਭ ਕਾਸੇ ਨੂੰ ਦੇਖਕੇ ਮੈਂ ਭਲੀ-ਪ੍ਰਕਾਰ ਵਾਕਫ਼ ਹਾਂ ਕਿ ਡਾ. ਮਾਨ ਕਿਸੇ ਦੇ ਹੱਕਾਂ ਲਈ ਕਿਵੇਂ ਹਿੱਕ ਡਾਹਕੇ ਲੜਨਾ ਜਾਣਦੇ ਹਨ। ਉਹ ਮੈਨੂੰ ਆਪਣੇ ਨਾਲ ਲੈ ਕੇ ਉਸ ਸਮੇਂ ਦੀ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਜਾ ਮਿਲੇ ਸਨ ਤੇ ਮੁੜ ਮੈਨੂੰ ਨੌਕਰੀ 'ਤੇ ਰਖਵਾਇਆ ਸੀ, ਇਹ ਗੱਲ ਵੱਖ ਹੈ ਕਿ ਮੈਨੂੰ ਉਥੇ ਨੌਕਰੀ ਕਰਨੀ ਦੁੱਭਰ ਹੋ ਗਈ ਸੀ ਤੇ ਮੈਂ ਕੁਝ ਸਮੇਂ ਮਗਰੋਂ ਆਪਣੇ ਘਰ ਭੱਜ ਆਇਆ ਸਾਂ।

ਡਾ. ਤੇਜਵੰਤ ਮਾਨ ਅਕਾਲ ਡਿਗਰੀ ਕਾਲਜ ਮਸਤੂਆਣਾ ਵਿਖੇ ਲੈਕਚਰਾਰ ਹਨ, ਇਸ ਨੌਕਰੀ ਤੋਂ ਕੁਝ ਸਮਾਂ ਪਹਿਲਾਂ ਆਪ ਨੇ ਸਿਹਤ ਵਿਭਾਗ ਵਿਚ ਮਲੇਰੀਆ ਇੰਸਪੈਕਟਰ ਦੇ ਤੌਰ 'ਤੇ ਵੀ ਨੌਕਰੀ ਕੀਤੀ ਤੇ ਫਿਰ ਮਾਰਕਫੈੱਡ ਵਿਚ ਇੰਸਪੈਕਟਰ ਦੇ ਤੌਰ 'ਤੇ ਲੱਗੇ ਰਹੇ, ਅਤੇ ਫੂਡ ਐਂਡ ਸਿਵਲ ਸਪਲਾਈ ਵਿਭਾਗ ਵਿਚ ਵੀ ਇੰਸਪੈਕਟਰ ਰਹੇ, ਇਸ ਨੌਕਰੀ ਦੌਰਾਨ ਵੀ ਆਪ ਨੂੰ ਕਈ ਕੌੜੇ-ਮਿੱਠੇ ਅਨੁਭਵ ਹੋਏ, ਡਾ. ਮਾਨ ਮੂਨਕ-ਜਾਖਲ ਬੈਰੀਅਰ ਉੱਤੇ ਨਾਕੇ 'ਤੇ ਬਤੌਰ ਇੰਸਪੈਕਟਰ ਤਾਇਨਾਤ ਸਨ, ਦੂਜੇ ਮੁਲਾਜ਼ਮ ਤੇ ਪੁਲਸੀਏ (ਜੋ ਰਿਸ਼ਵਤ ਖਾਂਦੇ ਸਨ) ਡਾ. ਮਾਨ ਤੋਂ ਦੁਖੀ ਸਨ, ਡਾ. ਮਾਨ ਦਾਣਿਆਂ ਦੀ ਸਮਗਲਿੰਗ ਰੋਕਣ ਲਈ ਹੱਦ ਦਰਜੇ ਤੀਕ ਭਾਵੁਕ ਸਨ, ਇਥੋਂ ਤੱਕ ਕਿ ਇਹਨਾਂ ਨੂੰ ਛੁੱਟੀ ਭੇਜਣ ਲਈ ਕਈ ਹਜ਼ਾਰ ਰੁਪਏ ਦੀਆਂ ਵੱਡੀਆਂ ਰਕਮਾਂ ਦੀ ਪੇਸ਼ਕਸ਼ ਵੀ ਹੋਈ ਸੀ, ਪਰ ਆਪ ਨੇ ਸਭ ਠੁਕਰਾ ਦਿੱਤੀਆਂ ਸਨ। ਇਕ ਦਿਨ ਉਹਨਾਂ ਇਕ ਕਾਰ ਨੂੰ ਰੋਕਿਆ, ਤਲਾਸ਼ੀ ਲਈ ਗਈ ਤਾਂ ਉਸ ਵਿਚੋਂ 80-90 ਕਿਲੋ ਚਾਵਲ ਨਿਕਲੇ। ਕਾਰ ਮੂਨਕ ਤੋਂ ਸੀ, ਉਹਨਾਂ ਅੱਗੋਂ ਬਾਬੂ ਬ੍ਰਿਸ਼ ਭਾਨ ਦਾ ਰੋਹਬ ਮਾਰਿਆ, ਡਾ. ਮਾਨ ਭਲਾ ਰੋਹਬ ਕਿੱਥੋਂ ਸਹਿਣ ਵਾਲਾ ਸੀ ? ਹਾਂ, ਜੇ ਉਹ ਬੇਨਤੀ ਕਰਦੇ ਕਿ ਚਾਵਲ ਘਰੇਲੂ ਵਰਤੋਂ ਲਈ ਲੈ ਕੇ ਜਾ ਰਹੇ ਹਾਂ, ਤਾਂ ਸ਼ਾਇਦ ਮੰਨ-ਮਨਾਉਤਾ ਹੋ ਈ ਜਾਂਦਾ, ਡਾ ਮਾਨ ਨੇ ਚਾਵਲ ਕਬਜ਼ੇ ਵਿਚ ਲੈ ਲਏ, ਚਲਾਣ ਕਰ ਦਿੱਤਾ ਤੇ ਕਾਰ ਸਿਪਾਹੀਆਂ ਨਾਲ ਥਾਣੇ ਭੇਜ ਦਿੱਤੀ। ਕੁਝ ਘੰਟਿਆਂ ਮਗਰੋਂ ਹੀ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਅਮਰ ਨਾਥ ਆ ਗਏ, ਉਹ ਆਖਣ ਲੱਗੇ, "ਤੇਜਵੰਤ, ਆਹ ਕੀ ਪੰਗਾ ਖੜ੍ਹਾ ਕਰ ਦਿੱਤਾ ਏ ? ਮੈਨੂੰ ਬਾਬੂ ਬ੍ਰਿਸ਼ ਭਾਨ ਦੇ ਫੋਨ 'ਤੇ ਫੋਨ ਆਈ ਜਾਂਦੇ ਨੇ, ਮੈਂ ਕੀ ਕਰਾਂ ? ਤੂੰ ਚਿੱਠੀ ਵਾਪਸ ਦੇ ਦੇਹ।"

ਡਾ. ਮਾਨ ਨੇ ਆਖਿਆ, "ਗੱਲ ਏਦਾਂ ਐਂ ਜੀ, ਚਿੱਠੀ ਵਾਪਸ ਤਾਂ ਮੈਂ ਨੀ

ਦੇਣੀ ਭਾਵੇਂ ਕੁਝ ਵੀ ਹੋ ਜਾਵੇ। ਮੇਰੀ ਬਦਲੀ ਤੁਸੀਂ ਜਿੱਥੇ ਮਰਜ਼ੀ ਕਰ ਦਿਓ। ਮੈਂ ਤਾਂ ਸੱਚ 'ਤੇ ਈਮਾਨ 'ਤੇ ਪਹਿਰਾ ਦੇਣਾ ਐਂ, ਨਾ ਮੈਂ ਖਾਣੈ, ਨਾ ਖਾਣ ਦੇਣੈ।"

ਬਾਬੂ ਬ੍ਰਿਸ਼ ਭਾਨ ਵੀ ਕੋਈ ਐਵੇਂ-ਕੈਵੇਂ ਦੀ ਹਸਤੀ ਥੋੜ੍ਹੇ ਸਨ ? ਡਾ. ਮਾਨ ਦੀ ਬਦਲੀ ਹੈੱਡ-ਆਫਿਸ ਸੰਗਰੂਰ ਦੀ ਹੋ ਗਈ, ਅਤੇ ਬਾਬੂ ਜੀ ਦੇ ਬੰਦਿਆਂ ਨੂੰ ਕਾਰ ਵਿੱਚੋਂ ਫੜ੍ਹੇ ਚਾਵਲਾਂ ਦਾ ਜ਼ੁਰਮਾਨਾ ਕੋਰਟ ਵਿਚ ਜਾ ਕੇ ਭਰਨਾ ਹੀ ਪਿਆ ਸੀ।

ਡਾ. ਤੇਜਵੰਤ ਮਾਨ ਕਦੇ-ਕਦੇ ਹਸਦੇ ਹਨ, ਆਮ ਤੌਰ ਉਹ ਤੇ ਗੰਭੀਰ ਹੀ ਦਿਸਦੇ ਹਨ।

ਮੈਂ ਅਤੇ ਮਾਨ ਸਾਹਬ ਚੰਡੀਗੜ੍ਹ ਸਾਂ, ਰਿਕਸ਼ੇ ਉੱਤੇ ਬੈਠੇ ਜਾ ਰਹੇ ਸਾਂ, ਮਾਨ ਸਾਹਬ ਨੇ ਆਖਿਆ, "ਨਿੰਦਰ ਬਈ ਕੋਈ ਹਾਸੇ ਵਾਲੀ ਗੱਲ ਸੁਣਾ।"

ਮੈਂ ਉਹਨੀਂ ਦਿਨੀਂ ਭਾਸ਼ਾ ਵਿਭਾਗ ਵਿਚੋਂ ਨੌਕਰੀ ਤੋਂ ਹਟਾਇਆ ਹੋਣ ਕਰਕੇ ਪਰੇਸ਼ਾਨ ਹੋਇਆ ਤੇ ਟੁੱਟਿਆ ਫਿਰਦਾ ਸਾਂ, "ਮਾਨ ਸਾਅ੍ਹਬ, ਹਾਸੇ ਵਾਲੀ ਕੋਈ ਅਹੁੜਦੀ ਨ੍ਹੀ, ਮੈਂ ਕੀ ਸੁਣਾਵਾਂ ?" ਮਾਨ ਸਾਹਬ ਦੇ ਜ਼ੋਰ ਦੇਣ ਤੇ ਮੈਂ ਆਪਣੀ ਜੱਜ ਸਾਹਬ ਕੋਲ ਕੀਤੀ ਚਪੜਾਸਪੁਣੇ ਦੀ ਨੌਕਰੀ ਦੀਆਂ ਅਭੁੱਲ ਘਟਨਾਵਾਂ ਸੁਣਾਉਣ ਲੱਗ ਪਿਆ, ਮਾਨ ਸਾਹਬ ਏਨਾ ਹੱਸੇ, ਏਨਾ ਹੱਸੇ ਕਿ ਰਿਕਸ਼ਾ ਚਲਾਉਂਦਾ ਭਈਆ ਵੀ ਧੌਣ ਮੋੜ-ਮੋੜ ਸਾਡੇ ਵੱਲ ਵੇਖਣ ਲੱਗਿਆ। ਜਿਸ ਨੂੰ ਸਾਡੀ ਪੰਜਾਬੀ ਦੀ ਸਮਝ ਭੋਰਾ ਨਹੀਂ ਸੀ, ਪਰ ਉਹ ਵੀ ਹੱਸ ਰਿਹਾ ਸੀ। ਹੱਸਣ ਮਗਰੋਂ ਮਾਨ ਸਾਹਬ ਹੌਲ਼ੇ ਫੁੱਲ ਵਾਂਗ ਜਾਪ ਰਹੇ ਸਨ। ਡਾ. ਮਾਨ ਨੂੰ ਖੁੱਲ੍ਹ ਕੇ ਹਸਦਾ ਬਹੁਤ ਘੱਟ ਲੋਕਾਂ ਨੇ ਦੇਖਿਆ ਹੋਵੇਗਾ।

ਡਾ. ਤੇਜਵੰਤ ਸਿੰਘ ਮਾਨ ਦੀਆਂ ਰਚੀਆਂ ਸਾਹਿਤਕ, ਇਤਿਹਾਸਕ, ਜੀਵਨੀ, ਆਲੋਚਨਾ ਅਤੇ ਖੋਜ ਦੀਆਂ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੀ ਉੱਪਰ ਜਾਂਦੀ ਹੈ। ਕਹਾਣੀਕਾਰ ਦੇ ਤੌਰ 'ਤੇ ਉਹਨਾਂ ਦੀ ਪਛਾਣ ਵੱਖਰੀ ਹੈ, ਡਾ. ਮਾਨ ਦੀ ਪਹਿਲੀ ਕਹਾਣੀ 'ਲਾਸ਼' ਆਰਸੀ ਵਿਚ ਪ੍ਰਕਾਸ਼ਤ ਹੋਈ ਸੀ ਅਤੇ ਪਹਿਲਾ ਕਹਾਣੀ ਸੰਗ੍ਰਹਿ 'ਪਾਗਲ ਔਰਤ ਸਭਿਆ ਆਦਮੀ' ਛਪਿਆ ਸੀ ਅਤੇ ਦੂਸਰਾ, 'ਆਧੁਨਿਕ ਦੰਦ ਕਥਾ।' 'ਕਲਮ' ਨਾਂ ਹੇਠ ਚੋਣਵੀਆਂ ਕਹਾਣੀਆਂ ਸੰਪਾਦਤ ਕੀਤੀਆਂ, ਦਰਜਨ ਤੋਂ ਵਧੇਰੇ ਪੁਸਤਕਾਂ ਖੋਜ ਅਤੇ ਆਲੋਚਨਾ ਨਾਲ ਸੰਬੰਧਤ ਹਨ ਤੇ ਅਤੇ ਕੁਝ ਪੁਸਤਕਾਂ ਆਪ ਨੇ ਮਹਾਨ ਸਾਹਿਤਕ ਸ਼ਖਸੀਅਤਾਂ ਦੀਆਂ ਜੀਵਨੀਆਂ ਅਤੇ ਉਹਨਾਂ ਦੇ ਰਚਨਾ-ਸੰਸਾਰ ਉੱਤੇ ਲਿਖੀਆਂ ਹਨ, ਇਹਨਾਂ ਮਹਾਨ ਸ਼ਖਸੀਅਤਾਂ ਵਿਚ ਭਾਈ ਕਾਹਨ ਸਿੰਘ ਨਾਭਾ, ਗਿ: ਲਾਲ ਸਿੰਘ ਸੰਗਰੂਰ, ਬਾਬੂ ਤੇਜਾ ਸਿੰਘ ਭਸੌੜ ਅਤੇ ਕਹਾਣੀਕਾਰ ਗੁਰਮੇਲ ਮਡਾਹੜ ਦਾ ਨਾਮ ਆਉਂਦਾ ਹੈ। ਰਾਜਾ ਰਸਾਲੂ, ਪੂਰਨ ਭਗਤ ਅਤੇ ਰੂਪ ਬਸੰਤ ਕਿੱਸਿਆਂ ਉੱਤੇ ਆਪ ਨੇ ਭਰਪੂਰ ਖੋਜ ਕੀਤੀ ਹੈ ਅਤੇ ਇਹ ਪੁਸਤਕਾਂ ਪੰਜਾਬੀ ਸਾਹਿਤ ਵਿਚ ਮੀਲ-ਪੱਥਰ ਦੀ ਤਰ੍ਹਾਂ ਸਾਬਤ ਹੋਈਆਂ ਹਨ। 'ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ" ਆਪ ਦੀ ਇਤਿਹਾਸਕ ਪੁਸਤਕ ਹੈ ਅਤੇ ਇਹ ਬੁੱਧੀਜੀਵੀ ਹਲਕਿਆਂ ਵਿਚ ਜਿੰਨੀ ਪੜ੍ਹੀ, ਮਾਣੀ ਤੇ ਸਲਾਹੀ ਗਈ ਸੀ, ਓਨਾ ਹੀ ਬਲ ਆਪ ਨੂੰ ਅਜਿਹੀਆਂ ਹੋਰ ਪੁਸਤਕਾਂ ਦੀ ਰਚਨਾ ਕਰਨ ਲਈ ਮਿਲਿਆ, ਸਿੱਟੇ ਵਜੋਂ ਆਪ ਨੇ 'ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸੰਪੂਰਨ ਸਾਹਿਤਕ ਇਤਿਹਾਸ' ਨਾਂ ਦੀ ਵੱਡ-



ਆਕਾਰੀ ਪੁਸਤਕ ਰਚੀ, ਜਿਸ ਦੇ ਤਿੰਨ ਭਾਗ ਹਨ। "ਸਮਾਜਕ ਚੇਤਨਾ ਅਤੇ ਲੇਖਕ" (ਆਲੋਚਨਾ) ਪੁਸਤਕ ਸਾਹਿਤ ਜਗਤ ਵਿਚ ਵਿਸ਼ੇਸ਼ ਮਹੱਤਵ ਵਾਲੀ ਪੁਸਤਕ ਹੈ। ਵੱਖ-ਵੱਖ ਸ਼ਖਸੀਅਤਾਂ ਵੱਲੋਂ ਡਾ. ਮਾਨ ਕੋਲ ਆਏ ਵਿਸ਼ੇਸ਼ ਸਾਹਿਤਕ ਪੱਤਰਾਂ ਦਾ ਅਨਮੋਲ ਖਜ਼ਾਨਾ ਸੀ, ਜਿਸ ਨੂੰ "ਡਾਕਖਾਨਾ ਖ਼ਾਸ" ਨਾਂ ਦੀ ਪੁਸਤਕ ਦੇ ਰੂਪ ਵਿਚ ਪੇਸ਼ ਕੀਤਾ। "ਪੰਜਾਬੀ ਭਾਸ਼ਾ ਅਤੇ ਸਾਹਿਤਕ ਡਾਇਰੀ ਦੇ ਪੰਨੇ" ਨਾਂ ਦੀ 416 ਸਫ਼ਿਆਂ ਦੀ ਵੱਡੀ ਪੁਸਤਕ ਪੰਜਾਬ ਦੀਆਂ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਹੀ ਇਤਿਹਾਸ ਨਹੀਂ, ਸਗੋਂ ਆਲੋਚਨਾ, ਵਿਅੰਗ, ਯਾਦਾਂ ਅਤੇ ਸਮੇਂ ਦੇ ਯਥਾਰਥ ਅਤੇ ਖੋਜ ਨੂੰ ਵੀ ਇਹ ਪੁਸਤਕ ਆਪਣੇ ਵਿਚ ਸਮੋਈ ਬੈਠੀ ਹੈ। ਡਾ. ਮਾਨ ਦੀ ਇਕ ਹੋਰ ਪੁਸਤਕ "ਵਾਰਤਕੀ" ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ.ਏ. ਭਾਗ (ਤੀਜਾ) ਲਈ ਪ੍ਰਵਾਨ ਹੈ।

ਪੁਸਤਕਾਂ ਦੀ ਰਚਨਾ ਤੋਂ ਇਲਾਵਾ ਡਾ. ਮਾਨ ਨੇ ਲਗਭਗ ਚਾਲ਼ੀ ਪੁਸਤਕਾਂ ਦੇ ਮੁੱਖ-ਬੰਧ ਲਿਖੇ ਹਨ ਜਿੰਨ੍ਹਾਂ ਵਿਚ ਪੰਜਾਬੀ ਦੇ ਉੱਚ ਕੋਟੀ ਦੇ ਲੇਖਕ ਵੀ ਸ਼ਾਮਲ ਹਨ ਤੇ ਨਵੇਂ ਉੱਭਰਦੇ ਲੇਖਕ-ਲੇਖਕਾਵਾਂ ਵੀ। ਵੱਖ-ਵੱਖ ਪੁਸਤਕਾਂ ਬਾਰੇ ਸੈਂਕੜੇ ਹੀ ਰਿਵੀਊ ਅਤੇ ਖੋਜ ਲੇਖ ਪ੍ਰਮੁੱਖ ਅਖਬਾਰਾਂ ਤੇ ਰਸਾਲਿਆਂ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਕਈ ਸਾਰੇ ਸੈਮੀਨਾਰਾਂ ਤੇ ਸਾਹਿਤਕ ਕਾਨਫਰੰਸਾਂ ਵਿਚ ਡੇਢ ਸੌ ਤੋਂ ਵਧੇਰੇ ਖੋਜ ਪੱਤਰ (ਪਰਚੇ) ਪੜ੍ਹ ਚੁੱਕੇ ਹਨ।

ਡਾ. ਮਾਨ ਦਾ ਦ੍ਰਿਸ਼ਟੀਕੋਣ ਮਾਰਕਸਵਾਦ, ਸਭਿਆਚਾਰਕ ਲੋਕਾਇਤੀ, ਖੋਜ ਅਤੇ ਆਲੋਚਨਾ ਵਿਧੀ ਵੱਲ ਸੇਧਿਤ ਰਿਹਾ ਹੈ, ਆਪਣੇ ਮਾਮਾ ਸ੍ਰ. ਹਰਨਾਮ ਸਿੰਘ ਚਮਕ ਅਤੇ ਪਿਤਾ ਸ੍ਰ. ਅਜੀਤ ਸਿੰਘ ਮਾਨ ਦੀ ਮਾਰਕਸੀ ਸੋਚ ਤੋਂ ਡਾ. ਮਾਨ ਖ਼ਾਸਾ ਪ੍ਰਭਾਵਤ ਹੋਏ। ਆਪ ਦੇ ਨਾਨਾ ਗਿਆਨੀ ਲਾਲ ਸਿੰਘ ਸੰਗਰੂਰ (ਸਿੱਖ ਕੌਮ ਦੀ ਉੱਘੀ ਹਸਤੀ) ਜਿੰਨ੍ਹਾਂ ਦੇ ਪ੍ਰਭਾਵ ਅਧੀਨ ਆਪ ਨੇ ਗੁਰਬਾਣੀ ਅਤੇ ਸਿੱਖ ਸਭਿਆਚਾਰ ਬਾਰੇ ਚਿੰਤਨ ਅਤੇ ਝੁਕਾਓ ਗ੍ਰਹਿਣ ਕੀਤਾ। ਅਜਿਹੀਆਂ ਮਹਾਨ ਹਸਤੀਆਂ ਦੀ ਸਰਪ੍ਰਸਤੀ ਨੇ ਹੀ ਆਪ ਦੀ ਸੋਚ ਨੂੰ ਲੋਕ ਹਿਤੂ ਬਣਾਇਆ, ਜਿਸ ਸਦਕੇ ਆਪ ਦੀ ਬੁੱਧੀ ਨੂੰ ਹੀ ਬਲ ਨਹੀਂ ਮਿਲਿਆ, ਸਗੋਂ ਮਨੁੱਖੀ ਸਮਾਜੀ ਕਦਰਾਂ ਕੀਮਤਾਂ ਉੱਪਰ ਡਟਕੇ ਪਹਿਰਾ ਦੇਣ, ਸਾਹਿਤ ਕਲਾ ਦੀ ਸਿਰਜਣਾ ਕਰਨ, ਤੇ ਲੋਕ ਸੇਵਾ ਦੀ ਵੀ ਗੂਹੜੀ ਲਾਗ ਲੱਗੀ।

ਡਾ. ਤੇਜਵੰਤ ਮਾਨ ਦਾ ਜਨਮ ਪਿੰਡ ਮੌੜਾਂ ਹੈ (ਜਿਉਣੇ ਡਾਕੂ ਵਾਲੀਆਂ ਮੌੜਾਂ) ਜ਼ਿਲ੍ਹਾ ਸੰਗਰੂਰ ਅਧੀਨ।

1973 ਵਿਚ ਡਾ. ਸਾਧੂ ਸਿੰਘ ਹਮਦਰਦ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵਿਚ ਡਾ. ਮਾਨ ਨੂੰ ਕਾਰਜ ਕਰਨੀ ਦਾ ਮੈਂਬਰ ਲਿਆ ਗਿਆ। 1980 ਤੱਕ ਕਾਰਜ ਕਰਨੀ ਕਮੇਟੀ ਵਿਚ ਮੈਂਬਰ ਤੇ 1980 ਵਿਚ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਚੁਣੇ ਗਏ, ਲਗਾਤਾਰ ਤਿੰਨ ਸਾਲ ਤੱਕ ਮੀਤ ਪ੍ਰਧਾਨ ਚੁਣੇ ਜਾਂਦੇ ਰਹੇ। 1983 ਵਿਚ ਲੁਧਿਆਣਾ ਵਿਖੇ ਹੋਈ ਚੋਣ ਵਿਚ ਜਨਰਲ ਸਕੱਤਰ ਦੀ ਚੋਣ ਲੜੀ ਤਾਂ 12 ਵੋਟਾਂ ਦੇ ਫ਼ਰਕ ਨਾਲ ਹਾਰ ਗਏ। 1985 ਵਿਚ ਫਿਰ ਬਰਨਾਲਾ ਵਿਖੇ ਚੋਣ ਲੜੀ ਤਾਂ 3 ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਏ। 1987

ਤੋਂ 2000 ਤੱਕ, ਲਗਾਤਾਰ ਚੌਦਾਂ ਵਰ੍ਹੇ ਆਪ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: (ਸੇਖੋਂ) ਦੇ ਜਨਰਲ ਸਕੱਤਰ ਰਹੇ ਹਨ, ਇਹਨਾਂ ਚੌਦਾਂ ਵਰ੍ਹਿਆਂ ਵਿਚ ਡਾ. ਮਾਨ ਦੇ ਤਜਰਬੇ ਬੜੇ ਵਿਸ਼ਾਲ, ਬਹੁਭਾਂਤੀ ਤੇ ਅਭੁੱਲ ਹਨ, ਜਿੰਨ੍ਹਾਂ ਨੂੰ ਆਪ ਨੇ ਲਿਖਿਆ ਹੈ ਤੇ ਲਿਖ ਰਹੇ ਹਨ। ਏਨੇ ਵਰ੍ਹਿਆਂ ਵਿਚ ਆਪ ਵੱਲੋਂ ਕੀਤੇ ਗਏ ਸਾਹਿਤਕ ਕਾਰਜਾਂ, ਸਾਹਿਤ ਸਭਾਵਾਂ ਦੇ ਗਠਨ ਅਤੇ ਕੇਂਦਰੀ ਸਭਾ ਦੀਆਂ ਸਰਗਰਮੀਆਂ ਦੇਖ ਕੇ ਹੈਰਾਨੀ ਹੁੰਦੀ ਹੈ ਤੇ ਡਾ. ਮਾਨ ਉੱਪਰ ਡਾਹਢਾ ਮਾਣ ਵੀ। ਅੱਜਕੱਲ੍ਹ ਉਹ ਇਸ ਸਭਾ ਦੇ ਮੀਤ ਪ੍ਰਧਾਨ ਹਨ। 1996-97 ਲਈ ਪੰਜਾਬ ਸਰਕਾਰ ਵੱਲੋਂ ਰਾਜ ਸਲਾਹਕਾਰ ਬੋਰਡ ਭਾਸ਼ਾ ਵਿਭਾਗ ਪੰਜਾਬ ਦੇ ਮੈਂਬਰ ਚੁਣੇ ਗਏ ਤੇ ਆਪ ਨੇ ਬਜ਼ੁਰਗ ਅਤੇ ਬੇਸਹਾਰਾ ਸਾਹਿਤਕਾਰਾਂ ਦੀਆਂ ਪੈਨਸ਼ਨਾਂ, ਮਾਲੀ ਸਹਾਇਤਾ ਅਤੇ ਮਾਣ-ਸਨਮਾਨ ਕਰਨ ਲਈ ਸਰਕਾਰ ਕੋਲ ਆਵਾਜ਼ ਉਠਾਈ ਅਤੇ ਕਈਆਂ ਨੂੰ ਉਹਨਾਂ ਦੇ ਬਣਦੇ ਹੱਕ ਦੁਆਏ। ਡਾ. ਮਾਨ ਨੂੰ ਅਜਿਹੇ ਕਈ ਮੌਕਿਆਂ ਉੱਤੇ ਆਪਣੇ ਵਿਰੋਧੀਆਂ ਦੀਆਂ ਚਾਲਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ ਪਰ ਮਾਨ ਨੇ ਕਦੇ ਕਿਸੇ ਦੀ ਪਰਵਾਹ ਨਹੀਂ ਮੰਨੀ, ਆਪਣੀ ਕਹੀ ਗੱਲ ਹਮੇਸ਼ਾ ਪੁਗਾਈ ਤੇ ਵਿਰੋਧੀਆਂ ਦੀ ਚਾਲਾਂ ਠੁੱਸ ਕਰਕੇ ਉਹਨਾਂ ਨੂੰ ਸੋਚੀਂ ਪਾਇਆ।

ਗਵਰਨਰ ਪੰਜਾਬ ਦੁਆਰਾ ਗਠਿਤ (1990-91) ਪੰਜਾਬ ਰਾਜ ਸਿਲਵਰ ਜੁਬਲੀ ਕਮੇਟੀ ਵਿਚ ਵੀ ਆਪ ਨੂੰ ਮੈਂਬਰ ਲਿਆ ਗਿਆ ਅਤੇ ਅਣਪੜ੍ਹਾਂ ਨੂੰ ਪੜ੍ਹਾਉਣ ਲਈ ਭਾਰਤ ਸਰਕਾਰ ਵੱਲੋਂ ਵਿੱਢੀ ਗਈ ਸਾਖਰਤਾ ਮੁਹਿੰਮ ਸਮੇਂ ਆਪ ਨੂੰ ਜ਼ਿਲ੍ਹਾ ਸਾਖਰਤਾ ਗਿਆਨ ਵਿਗਿਆਨ ਸੰਮਤੀ ਦੇ ਪ੍ਰਧਾਨ ਥਾਪਿਆ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਕਾਦਮਿਕ ਕੌਂਸਲ ਦੇ ਮੈਂਬਰ ਅਤੇ ਅੰਡਰ ਗਰੈਜੂਏਟ ਬੋਰਡ ਆਫ ਸਟੱਡੀਜ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵੀ ਮੈਂਬਰ ਰਹੇ ਹਨ।

ਡਾ. ਤੇਜਵੰਤ ਮਾਨ ਦੀ ਸਮੁੱਚੀ ਸਾਹਿਤ ਸੇਵਾ ਨੂੰ ਮੱਦੇ ਨਜ਼ਰ ਰੱਖਦਿਆਂ ਅਨੇਕਾਂ ਸਾਹਿਤਕ, ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਨੇ ਆਪ ਨੂੰ ਸਨਮਾਨਿਆ, ਸਫ਼ਦਰ ਹਾਸ਼ਮੀ ਪੁਰਸਕਾਰ, ਸਾਹਿਤ ਟਰੱਸਟ ਢੁੱਡੀਕੇ ਪੁਰਸਕਾਰ, ਪੰਜਾਬ ਰਾਜ ਸਾਹਿਤ ਤੇ ਕਲਾ ਪ੍ਰੀਸ਼ਦ ਪੁਰਸਕਾਰ, ਸਰਬ-ਭਾਰਤੀ ਹਿੰਦੀ ਸੰਸਥਾ ਪੁਰਸਕਾਰ, ਪ੍ਰਿੰ: ਸੰਤ ਸਿੰਘ ਸੇਖੋਂ ਪੁਰਸਕਾਰ, ਸ਼ਹੀਦ ਮਸਤਾਨ ਸਿੰਘ ਕਾਮਾ ਗਾਟਾ ਮਾਰੂ ਯਾਦਗਾਰੀ ਪੁਰਸਕਾਰ, ਕਿਰਤੀ ਪੁਰਸਕਾਰ, ਦੇਵਿੰਦਰ ਸਤਿਆਰਥੀ ਪੁਰਸਕਾਰ ਅਤੇ 'ਲੋਕ ਪੱਖੀ' ਜੁਝਾਰੂ ਸਾਹਿਤਕਾਰ ਪੁਰਸਕਾਰ ਆਪ ਦੀ ਝੋਲੀ ਪਾਏ ਗਏ।

...... ...... ......

ਡਾ. ਮਾਨ ਨੇ ਨਿੱਕੀ ਉਮਰੇ ਈ ਜ਼ਿੰਦਗੀ ਨਾਲ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਸੀ, ਜਦੋਂ ਪਿੰਡ ਦੇ ਪਾਣੀ ਵਾਲੇ ਸੂਏ ਪਿੱਛੇ ਜੱਟਾਂ ਦੀਆਂ ਲੜਾਈਆਂ ਹੋ ਪਈਆਂ ਸਨ, ਗੁਆਂਢੀ ਪਿੰਡ ਨਾਗਰੀ, (ਜਿੰਨ੍ਹਾਂ ਨਾਲ ਲੜਾਈ ਹੋਈ, ਦੇ ਦੋ ਬੰਦੇ ਮਾਰੇ ਗਏ) ਕੇਸ ਚੱਲਿਆ। ਤੇਜਵੰਤ ਮਾਨ ਦੇ ਬਾਪੂ ਸ੍ਰ. ਅਜੀਤ ਸਿੰਘ ਪਿੰਡ ਦੇ ਮਿਡਲ ਸਕੂਲ ਵਿਚ ਹੈੱਡ-ਮਾਸਟਰ ਸਨ ਤੇ ਪਿੰਡ ਦੇ ਲੰਬੜਦਾਰ ਵੀ ਸਨ। ਮਾਨ ਦੇ ਚਾਚੇ ਸ੍ਰ. ਰਾਜਨ ਸਿੰਘ ਦੇ ਨਾਂ ਬੰਦੂਕ ਸੀ ਤੇ ਕੇਸ ਬਾਪੂ ਜੀ ਉੱਤੇ ਵੀ ਪਾ ਦਿੱਤਾ ਗਿਆ,



ਉਹ ਨੌਕਰੀ ਤੋਂ ਸਸਪੈਂਡ ਹੋ ਗਏ, ਇਸ ਕੰਮ ਵਿਚ ਪੰਜਾਬ ਦੀ ਰਾਜਨੀਤੀ ਦਾ ਵੀ ਪੂਰਾ-ਪੂਰਾ ਦਖ਼ਲ ਸੀ। ਸੋ ਇਹਨਾਂ ਦੇ ਘਰ ਵਿਚ ਆਰਥਿਕ ਤੰਗੀ ਦੇ ਨਾਲ-ਨਾਲ ਪਰੇਸ਼ਾਨੀਆਂ ਤੇ ਦੁੱਖ ਵੀ ਆ ਗਏ। ਘਰੋਂ ਰੋਕਣ ਦੇ ਬਾਵਜੂਦ ਵੀ ਮਾਨ ਜ਼ਿੱਦ ਕਰਕੇ ਪੜ੍ਹਦਾ ਰਿਹਾ, ਉਹ ਬੀ.ਏ. ਪਾਸ ਕਰਨ ਦੀ ਤਿਆਰੀ ਵਿਚ ਸੀ ਕਿ ਮਜਬੂਰਨ ਪੜ੍ਹਾਈ ਵਿਚੇ ਛੱਡ ਕੇ ਸਰਕਾਰੀ ਹਾਈ ਸਕੂਲ ਲਹਿਰਾਗਾਗਾ ਵਿਚ ਹੈਡ ਮਾਸਟਰ ਸੁੱਖਾ ਸਿੰਘ ਕੋਲ ਕਲਰਕ ਲੱਗ ਗਿਆ।

ਇੱਧਰ ਦੋਵਾਂ ਧਿਰਾਂ ਵਿਚ ਸਮਝੌਤਾ ਹੋ ਗਿਆ ਤਾਂ ਬਾਪੂ ਜੀ ਜ਼ੇਲ੍ਹ ਵਿਚੋਂ ਬਾਹਰ ਆ ਗਏ ਤੇ ਥੋੜ੍ਹੇ ਚਿਰ ਵਿਚ ਹੀ ਨੌਕਰੀ ਉੱਤੇ ਬਹਾਲ ਹੋ ਗਏ, ਛੇ ਮਹੀਨੇ ਮਗਰੋਂ ਹੀ ਉਹਨਾਂ ਉੱਪਰ ਇਕ ਕੇਸ ਹੋਰ ਪਾ ਦਿੱਤਾ ਗਿਆ ਤੇ ਉਹ ਫਿਰ ਨੌਕਰੀ ਤੋਂ ਸਸਪੈਂਡ ਹੋ ਗਏ। ਮੁੜ ਜ਼ੇਲ੍ਹ ਚਲੇ ਗਏ। ਅਸਲ ਵਿਚ ਗੱਲ ਇਹ ਸੀ ਕਿ ਪ੍ਰਤਾਪ ਸਿੰਘ ਕੈਰੋਂ ਉਦੋਂ ਮੁੱਖ ਮੰਤਰੀ ਸਨ ਤੇ ਰਾਜਿੰਦਰ ਸਿੰਘ ਐਮ.ਐਲ.ਏ. ਦੀ ਬਾਪੂ ਜੀ ਨੇ ਕੁਝ ਵਿਰੋਧਤਾ ਕੀਤੀ ਸੀ ਤੇ ਰਾਜਿੰਦਰ ਸਿੰਘ ਇਸ ਗੱਲੋਂ ਉਹਨਾਂ ਉੱਤੇ ਖ਼ਾਰ ਖਾਂਦਾ ਸੀ। ਇਕ ਸਿਆਸੀ ਇਕੱਠ ਵਿਚ ਰਾਜਿੰਦਰ ਸਿੰਘ ਨੇ ਸਕੂਲਾਂ ਦੇ ਮਾਸਟਰਾਂ ਤੇ ਹੈਡਮਾਸਟਰਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਲਈ ਜ਼ੋਰ ਪਾਇਆ ਹੋਇਆ ਸੀ, ਜਦ ਬਾਪੂ ਜੀ ਇਸ ਜ਼ੋਰ ਥੱਲੇ ਨਾ ਆਏ ਤੇ ਰੈਲੀ ਵਿਚ ਨਾ ਗਏ ਤਾਂ ਰਾਜਿੰਦਰ ਸਿੰਘ ਨੇ ਕੈਰੋਂ ਨੂੰ ਆਖਿਆ, "ਵੇਖੋ ਜੀ, ਅਜੀਤ ਸਿੰਘ ਮੌੜਾਂ ਵਾਲਾ ਈ ਨੀ ਸੂਤ ਆਉਂਦਾ.... ਆਪਣੇ ਆਪ ਨੂੰ ਪਤਾ ਨੀ ਕੀ ਰੱਬ ਸਮਝੀ ਫਿਰਦੈ... ਰੈਲੀ ਵਿਚ ਨੀ ਆਇਆ। ਮੈਂ ਸਬਕ ਸਿਖਾਊਂ।"

ਇਉਂ ਐਮ.ਐਲ.ਏ. ਨਾਲ ਖੜਕ ਗਈ ਸੀ।

ਰੌਲ਼ਾ ਏਨਾ ਵਧ ਗਿਆ ਤੇਜਵੰਤ ਨੂੰ ਆਪਣਾ ਤੇ ਨਿੱਕੇ ਭੈਣਾਂ-ਭਰਾਵਾਂ ਦਾ ਭਵਿੱਖ ਤੇ ਘਰ ਦੀ ਹਾਲਤ ਹੋਰ ਮਾੜੀ ਤੋਂ ਮਾੜੀ ਹੁੰਦੀ ਜਾਪਦੀ ਸੀ। ਛੋਟਾ ਭਰਾ ਦਸਵੀਂ 'ਚ ਪੜ੍ਹਦਾ ਸੀ ਉਹਨੂੰ ਵੀ ਵਿਚੋਂ ਹੀ ਹਟਾ ਲਿਆ। ਭੈਣ ਜਸਵੀਰ ਕੌਰ ਅੱਠਵੀਂ ਵਿਚ ਸੀ, ਉਹ ਵੀ ਹਟਾ ਲਈ। ਸਭ ਤੋਂ ਛੋਟਾ ਜਸਪਾਲ ਤੀਜੀ ਵਿਚ ਸੀ, ਉਹ ਵੀ ਘਰ ਬੈਠ ਗਿਆ, ਦਿਨ ਔਖੇ-ਭਾਰੇ ਆ ਗਏ ਸਨ। ਸ਼ਰੀਕਾ-ਕਬੀਲਾ ਵੀ ਮੂੰਹ ਮੋੜ ਗਿਆ ਸੀ।

ਫਿਰ ਵੇਲਾ ਪਿਆ, ਅਵਤਾਰ ਫੌਜ ਵਿਚ ਭਰਤੀ ਹੋ ਗਿਆ। ਭੈਣ ਜਸਵੀਰ ਕੌਰ ਘਰੇ ਡਾਕਖਾਨੇ ਦਾ ਕੰਮ ਕਰਦੀ ਸੀ (ਜੋ ਪਹਿਲੋਂ ਬਾਪੂ ਜੀ ਕਰਦੇ ਸਨ)। ਜਸਪਾਲ ਵੀ ਸਕੂਲੇ ਜਾਣ ਲੱਗ ਪਿਆ ਸੀ। ਮਾਨ ਨੇ 1964 ਵਿਚ ਗਿਆਨੀ ਕਰ ਲਈ ਤੇ ਬੀ.ਏ. ਕਰਕੇ ਫੌਜ ਵਿਚ ਭਰਤੀ ਹੋਣ ਲਈ ਅਰਜ਼ੀ ਦਿੱਤੀ, ਭਰਤੀ ਹੋਣ ਗਿਆ ਤਾਂ ਉਥੋਂ ਦਾ ਮਾਹੌਲ ਮੁਆਫ਼ਕ ਨਾ ਬੈਠਿਆ। ਫਿਰ 1964 ਵਿਚ ਸਿਹਤ ਵਿਭਾਗ 'ਚ ਮਲੇਰੀਆ ਸਰਵੇਲੇਸਨਜ਼ ਇੰਸਪੈਕਟਰ ਲੱਗ ਗਿਆ। ਕੁਝ ਸਮੇਂ ਮਗਰੋਂ ਮਿਡਲ ਸਕੂਲ ਖੜਕ ਰਾਮ ਜੀ (ਪਾਂਡੂ ਪਡਾਂਰੇ ਤਹਿ: ਜੀਂਦ) ਵਿਚ ਆਰਜ਼ੀ ਤੌਰ 'ਤੇ ਅਧਿਆਪਕ ਜਾ ਲੱਗਿਆ। ਥੋੜ੍ਹਾ ਚਿਰ ਕੱਟਿਆ, ਪਿੰਡ ਭੱਜ ਆਇਆ। 1966 'ਚ ਪੰਜਾਬੀ ਸੂਬਾ ਬਣ ਗਿਆ, ਰਾਹ ਖੁੱਲ੍ਹਿਆ, ਨਵੇਂ ਆਰਡਰ ਹੋ ਗਏ ਮਿਡਲ ਸਕੂਲ ਸ਼ੇਖੂਪੁਰਾ (ਨੇੜੇ ਮਲੇਰਕੋਟਲਾ) ਵਿਖੇ। ਬਾਪੂ ਜੀ ਤਿੰਨ ਸਾਲ ਹੋਰ ਕੈਦ ਕੱਟਕੇ ਆਏ। ਤੇਜਵੰਤ ਮਾਨ

ਥਿੜਕਿਆ ਨਹੀਂ, ਹੰਭਿਆ ਨਹੀਂ, ਹਾਰਿਆ ਨਹੀਂ, ਤੁਰਿਆ ਰਿਹਾ, ਨੱਕ ਦੀ ਸੇਧ! ਅਜੇ ਵੀ ਉਵੇਂ ਤੁਰਿਆ ਜਾ ਰਿਹੈ.... ਬੇਰੋਕ, ਬੇਖ਼ੌਫ.... ਕਾਹਲ਼ੇ ਕਦਮੀਂ।

ਜਿਵੇਂ ਸਾਡੇ ਕਲਾਕਾਰ ਤੇ ਲਿਖਾਰੀ ਆਪ ਹੀ ਆਪਣੀ ਡੁਗ-ਡੁਗੀ ਵਜਾਉਣ ਲਈ ਆਪਣੇ ਸਨਮਾਨ ਕਰਵਾਉਂਦੇ ਤੇ ਫੋਕੀ ਵਾਹ-ਵਾਹ ਪਿੱਛੇ ਤੁਰੇ ਰਹਿੰਦੇ ਹਨ, ਡਾ. ਤੇਜਵੰਤ ਮਾਨ ਇਹਨਾਂ ਗੱਲਾਂ ਦੀ ਉੱਕਾ ਪਰਵਾਹ ਨਹੀਂ ਕਰਦਾ, ਸਗੋਂ ਉਹ ਅਜਿਹੇ ਲਿਖਾਰੀਆਂ ਕਲਾਕਾਰਾਂ ਦੀ ਗੱਲੀਂ-ਗੱਲੀਂ ਖੁੰਬ ਜ਼ਰੂਰ ਠਪਦਾ ਹੈ। ਜ਼ਿਲਾ ਪ੍ਰਸਾਸ਼ਨ ਸੰਗਰੂਰ ਨੇ ਜ਼ਿਲ੍ਹੇ ਦੀ ਲਾਇਬ੍ਰੇਰੀ ਵਾਲੀ ਥਾਂਵੇ ਕਬਜ਼ਾ ਕਰ ਲਿਆ ਸੀ ਤਾਂ ਮਾਨ ਨੇ ਤਕੜਾ ਵਿਰੋਧ ਕੀਤਾ ਤੇ ਡਿਪਟੀ ਕਮਿਸ਼ਨਰ ਨੂੰ ਲਿਖਿਆ ਸੀ, "ਪਾਠਕਾਂ ਲੇਖਕਾਂ ਲਈ ਲਾਇਬ੍ਰੇਰੀ ਜ਼ਰੂਰੀ ਹੈ, ਇਹ ਜਗ੍ਹਾ ਪੁਸਤਕਾਂ ਲਈ ਹੀ ਰਾਖਵੀਂ ਰੱਖਣੀ ਚਾਹੀਦੀ ਹੈ, ਆਪਣਾ ਦਫ਼ਤਰ ਕਿਸੇ ਹੋਰ ਥਾਂ ਬਣਾ ਲਵੋ।"

ਡਿਪਟੀ ਕਮਿਸ਼ਨਰ ਨੇ ਗੱਲ ਨਾ ਗਉਲੀ। ਥੋੜ੍ਹੇ ਦਿਨਾਂ ਬਾਅਦ 26 ਜਨਵਰੀ ਦੇ ਦਿਨ ਉੱਤੇ ਡਾ. ਮਾਨ ਨੂੰ ਸਾਹਿਤਕ ਸੇਵਾਵਾਂ ਲਈ ਸਨਮਾਨਣ ਖਾਤਰ ਡਿਪਟੀ ਕਮਿਸ਼ਨਰ ਦਾ ਪੱਤਰ ਆ ਗਿਆ, ਡਾ. ਮਾਨ ਨੇ ਪੱਤਰ ਵਾਪਸ ਮੋੜਦਿਆਂ ਲਿਖਿਆ, "ਮੈਂ ਸਨਮਾਨ ਨਹੀਂ ਲੈਣਾ, ਜਿੰਨਾ ਚਿਰ ਲਾਇਬ੍ਰੇਰੀ ਆਪਣੀ ਥਾਂ ਉੱਤੇ ਮੁੜ ਬਹਾਲ ਨਹੀਂ ਕੀਤੀ ਜਾਂਦੀ। ਸਾਡਾ ਪਹਿਲਾ ਸਨਮਾਨ ਲਾਇਬ੍ਰੇਰੀ ਦੀ ਬਹਾਲੀ ਤੇ ਪੁਸਤਕਾਂ ਦਾ ਸਨਮਾਨ ਹੈ, ਪਹਿਲਾਂ ਇਹ ਕਰਕੇ ਦਿਖਾਓ।"

ਡਾ. ਤੇਜਵੰਤ ਮਾਨ ਬੜੀ ਵਾਰੀ ਸਸ਼ੋਪੰਜ ਵਿਚ ਪੈ ਜਾਂਦਾ ਹੈ, ਫਿਰ ਉਸ ਨੂੰ ਗੱਲ ਅਹੁੜਨੀ ਔਖੀ ਹੋ ਜਾਂਦੀ ਹੈ ਤੇ ਉਹ ਗਰਮੀ ਖਾ ਜਾਂਦਾ ਹੈ। ਕਈ ਉਸਦੇ ਵਿਰੋਧੀ ਜੋ ਉਸ ਨੂੰ ਗਰਮ ਕਰਨ ਖਾਤਰ ਹੀ ਵਾਧੂ ਦੀਆਂ ਚੋਭਾਂ ਲਾਉਂਦੇ ਰਹਿੰਦੇ ਹਨ ਕਿ ਉਹ ਖਿਝਦਾ ਰਹੇ। ਕਈ ਬੰਦੇ, ਜੋ ਮਾਨ ਦੇ ਬਹੁਤ ਨੇੜੇ ਵੀ ਰਹੇ, ਉਹ ਵੀ ਉਸ ਦੀ ਵਿਰੋਧਤਾ ਕਰਨੋਂ ਨਹੀਂ ਟਲੇ, ਪਰ ਡਾ. ਮਾਨ ਨੇ ਉਹਨਾਂ ਦੇ ਵਿਰੋਧਾਂ ਅੱਗੇ ਕਦੀ ਹਾਰ ਨਹੀਂ ਮੰਨੀ। ਉਸ ਨੇ ਲੋਕਾਂ ਵੱਲੋਂ ਕੀਤੇ ਗਏ ਤਿੱਖੇ-ਵਿਅੰਗਾਂ, ਲਾਈਆਂ ਗਈਆਂ ਸੀਖਾਂ-ਚੋਭਾਂ ਤੇ ਕੀਤੀਆਂ ਪੁੱਠੀਆਂ-ਸਿੱਧੀਆਂ ਬੇਥਹਵੀਆਂ ਗੱਲਾਂ ਦੀ ਹਮੇਸ਼ਾ ਪਰਵਾਹ ਕੀਤੀ ਹੈ, ਤੇ ਹਿੱਕ ਥਾਪੜਕੇ ਆਖਿਆ ਹੈ, "ਆਓ, ਸਿੱਧੇ ਹੋ ਕੇ ਲੜੋ, ਭੱਜਿਓ ਨਾ ਮੈਦਾਨ ਛੱਡਕੇ।"

ਨੌਜੁਆਨ ਕਲੱਬ ਕਾਲਾਬੂਲਾ (ਧੂਰੀ) ਵੱਲੋਂ ਕੀਤੇ ਗਏ ਗੁਰਨਾਮ ਭੱਠਲ ਯਾਦਗਾਰੀ ਸਮਾਰੋਹ ਦੀ ਡਾ. ਮਾਨ ਪ੍ਰਧਾਨਗੀ ਕਰ ਰਿਹਾ ਸੀ, ਵਿਚਾਲੜੀ ਕੁਰਸੀ ਉੱਤੇ ਬੈਠਾ ਸੀ। ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਇੱਕ ਗ਼ਜ਼ਲ ਜੁਗਰਾਜ ਧੌਲਾ ਗਾਉਣ ਲੱਗ ਪਿਆ :

ਹਾਏ ਕੁਰਸੀ, ਹਾਏ ਕੁਰਸੀ<br>
ਲੀਡਰ ਨੂੰ ਤੜਫਾਏ ਕੁਰਸੀ<br>
ਲੋਕੀਂ ਢੱਠੇ ਖੂਹ ਵਿਚ ਜਾਵਣ<br>
ਪਰ ਸਾਡੀ ਨਾ ਜਾਏ ਕੁਰਸੀ

ਡਾ: ਮਾਨ ਇਹ ਬੋਲ ਸੁਣਦਿਆਂ ਕੁਰਸੀ ਉੱਤੇ ਬੈਠਾ-ਬੈਠਾ ਹੀ ਭੁੜਕਣ ਲੱਗਿਆ, ਉਹ ਤੜਫਣ ਦੀ ਹਾਲਤ ਵਿਚ ਸੀ, ਤਾਂ ਪੰਡਾਲ ਵਿਚੋਂ ਜੋਗਿੰਦਰ ਸਿੰਘ ਨਿਰਾਲਾ



ਬੋਲਿਆ, "ਤੇਜਵੰਤ ਮਾਨ ਨੂੰ ਤੜਫਣ-ਭੁੜਕਣ ਦੀ ਲੋੜ ਨਹੀਂ, ਏਹਦੀ ਕੁਰਸੀ ਕੋਈ ਨਹੀਂ ਖੋਂਹਦਾ, ਏਹ ਆਪਣੀ ਕੁਰਸੀ ਉੱਤੇ ਬੈਠਾ ਰਹੇ।"

ਸਾਡਾ ਪੰਡਾਲ ਤਾੜੀਆਂ ਮਾਰ-ਮਾਰ ਹੱਸਣ ਲੱਗ ਪਿਆ। ਡਾ. ਮਾਨ ਨੂੰ ਸਮਝ ਨਾ ਆਵੇ ਬਈ ਇਹ ਵਿਅੰਗ ਸੀ ਜਾਂ ਕੁਝ ਹੋਰ।

...... ...... ......

ਆਥਣ-ਸਵੇਰੇ ਉਹਦਾ ਠਿਕਾਣਾ ਹੈ ਹਰੀ ਚਾਹ ਵਾਲੇ ਦੀ ਦੁਕਾਨ, ਡਾਕਖਾਨੇ ਕੋਲ। ਉਥੇ ਈ ਗੁਰਮੇਲ ਮਡਾਹੜ ਜਾਂ ਮਾਨ ਦੇ ਹੋਰ ਜਾਣਕਾਰ ਆ ਰਲਦੇ ਹਨ ਤੇ ਕਈ-ਕਈ ਘੰਟੇ ਮਹਿਫ਼ਲ ਲਗਦੀ ਹੈ, ਉਹ ਹਰੀ ਨੂੰ ਚਾਹ ਦੇ ਆਡਰ ਦੇਈ ਤੁਰੀ ਜਾਂਦਾ ਹੈ, "ਹਰੀ, ਬਈ ਚਾਹ, ਵਧੀਆ ਜਿਹੀ, ਲਿਆ ਬਈ ਛੇਤੀ, ਬੰਦੇ ਆ ਗਏ...।"

ਸਵੇਰੇ ਉੱਠਕੇ ਜਿੰਨਾ ਚਿਰ ਉਹ ਅਖਬਾਰਾਂ ਨਾ ਫਰੋਲ ਲਵੇ, ਉਨਾ ਚਿਰ ਟੇਕ ਨਹੀਂ ਆਉਂਦੀ। ਵੱਡੇ ਲੇਖ ਤੇ ਹੋਰ ਸਮੱਗਰੀ ਰਾਤ ਵੇਲੇ ਪੜ੍ਹਦਾ ਹੈ। ਨਿੱਤ-ਦਿਨ ਚਿੱਠੀਆਂ ਦੇ ਜੁਆਬ ਲਿਖਦਿਆਂ ਅਖਬਾਰਾਂ ਦੀ ਡਾਕ ਤੇ ਲੇਖਾਂ ਦੀ ਜਾਂ ਪੁਸਤਕਾਂ ਦੇ ਖਰੜਿਆਂ ਦੀ ਫੋਟੋ-ਸਟੈਟ ਕਰਵਾਉਂਦਿਆਂ ਉਹ ਕਿੰਨਾ-ਕਿੰਨਾ ਚਿਰ ਖਲੋਤਾ ਰਹਿੰਦਾ ਹੈ।

ਐਤਵਾਰ ਨੂੰ ਉਸ ਕੋਲ ਕਈ ਸਾਰੇ ਸਾਹਿਤਕ ਸਮਾਗਮਾਂ ਉੱਤੇ ਜਾਣ ਲਈ ਸੱਦਾ ਪੱਤਰ ਆਏ ਹੁੰਦੇ ਹਨ, ਤੜਕੇ ਉੱਠ ਕੇ ਉਹ ਕਾਰਡ ਦੇਖਦਾ ਹੈ ਤੇ ਅਖਬਾਰ ਵੀ, ਜਿਸ ਅਖਬਾਰ ਜਾਂ ਕਾਰਡ ਵਿਚ ਉਸਦਾ ਨਾਂ ਉਚੇਚ ਨਾਲ ਲਿਖਿਆ ਗਿਆ ਹੋਵੇ, ਅੱਡੇ ਤੋਂ ਹੀ ਫੈਸਲਾ ਕਰਕੇ ਉਹ ਉੱਧਰਲੀ ਬੱਸ ਫੜ੍ਹ ਲੈਂਦਾ ਹੈ। ਘਰੋਂ ਫੈਸਲਾ ਕਰਕੇ ਕਦੇ ਘੱਟ ਹੀ ਤੁਰਿਆ ਹੈ ਕਿ ਅੱਜ ਫਲਾਣੀ ਥਾਂ 'ਤੇ ਜਾਣਾ ਹੈ। ਕਈ ਵਾਰੀ ਉਹ ਸਭਾ ਵਾਲਿਆਂ ਨਾਲ ਇਸ ਗੱਲ 'ਤੇ ਵੀ ਗੁੱਸੇ ਹੋ ਜਾਂਦਾ ਹੈ - ਜੇਕਰ ਉਸਦਾ ਨਾਂ ਕਾਰਡ ਵਿਚ ਸਭ ਤੋਂ ਹੇਠਾਂ ਕਰਕੇ ਛਾਪਿਆ ਗਿਆ ਹੋਵੇ, ਤੇ ਜੂਨੀਅਰ ਜਿਹੇ ਲੇਖਕਾਂ ਦੇ ਨਾਂ ਉਸ ਤੋਂ ਉੱਪਰ ਛਾਪੇ ਗਏ ਹੋਣ।

ਡਾ. ਮਾਨ ਨੂੰ ਆਪਣੇ ਸਮੁੱਚੇ ਪਰਿਵਾਰ ਵੱਲੋਂ ਸਮੇਂ-ਸਮੇਂ ਪੂਰਨ ਸਹਿਯੋਗ ਮਿਲਿਆ ਹੈ। ਉਹਨਾਂ ਦੀ ਜੀਵਨ ਸਾਥਣ ਸ਼੍ਰੀਮਤੀ ਸ਼ਮਿੰਦਰ ਪਾਲ ਕੌਰ (ਜਿੰਨ੍ਹਾਂ ਦਾ ਬਚਪਨ ਦਾ ਨਾਂ ਮੰਨੂ ਹੈ ਤੇ ਡਾ. ਮਾਨ ਉਹਨੂੰ ਇਸੇ ਨਾਂ ਨਾਲ ਬੁਲਾਉਂਦੇ ਹਨ) ਅਧਿਆਪਕ ਵਜੋਂ ਸੇਵਾ ਮੁਕਤ ਹੋਏ ਹਨ ਅਤੇ ਸ੍ਰ. ਉੱਤਮ ਸਿੰਘ ਐਮ.ਐਲ.ਏ. ਜੀਂਦ ਸਟੇਟ ਦੀ ਪੁੱਤਰੀ ਹਨ। ਡਾ. ਮਾਨ ਦੇ ਬੱਚੇ ਵੀ ਉਸ ਵਾਂਗ ਅੱਗੇ ਵਧੂ ਸੋਚ ਦੇ ਧਾਰਨੀ ਅਤੇ ਬੜੇ ਹੋਸ਼ਿਆਰ ਹਨ, ਤਿੰਨੋਂ ਧੀਆਂ ਤੇਜਿੰਦਰ, ਸਤਿੰਦਰ, ਰਾਜਵੰਤ ਨੇ ਉੱਚ-ਵਿੱਦਿਆ ਹਾਸਲ ਕੀਤੀ ਹੈ ਤੇ ਛੋਟਾ ਬੇਟਾ ਓਂਕਾਰ ਸਿੰਘ ਬੀ.ਏ. ਪੜ੍ਹ ਰਿਹਾ ਹੈ। ਡਾ. ਮਾਨ ਦਾ ਛੋਟਾ ਭਰਾ ਜਸਪਾਲ ਮਾਨ ਪ੍ਰੋਫੈਸਰ, ਸਾਹਿਤ ਰਸੀਆ ਤੇ ਆਲੋਚਕ ਵਜੋਂ ਪ੍ਰਸਿੱਧ ਹੈ। ਇਉਂ ਇਹਨਾਂ ਦਾ ਸਾਰਾ ਪਰਿਵਾਰ ਪੜ੍ਹਿਆ-ਲਿਖਿਆ ਤੇ ਸੂਝਵਾਨ, ਬਲਵਾਨ ਸੋਚ ਦਾ ਧਾਰਨੀ ਹੈ।

✪ ✪ ✪

# ਰੰਗੀਲੜਾ ਮਾਨ

ਦੇਖਣ ਨੂੰ ਰੰਗਾ ਸਿੰਘ ਮਾਨ ਗਵੱਈਆ ਉੱਕਾ ਨਹੀਂ ਲਗਦਾ, ਸਗੋਂ ਕਿਸੇ ਪਛੜੇ ਜਿਹੇ ਪਿੰਡ ਦੇ ਡਿਗਦੇ-ਢਹਿੰਦੇ ਪ੍ਰਾਇਮਰੀ ਸਕੂਲ ਦਾ ਮਾਸਟਰ ਲਗਦਾ ਹੈ, ਜਿਵੇਂ ਹੁਣੇ-ਹੁਣੇ ਹੀ ਖੱਪਖਾਨਾ ਕਰਦੇ ਜੁਆਕਾਂ ਨੂੰ ਘੂਰ-ਘੱਪ ਕੇ ਆਇਆ ਹੋਵੇ!

ਲੰਮਾ ਕੱਦ, ਪੋਚਵੀਂ ਪਗੜੀ, ਗੋਲ ਕਮੀਜ਼ ਤੇ ਮੇਚ ਖਾਂਦੀ ਪੈਂਟ, ਪੈਰੀਂ ਰਕਾਬੀ ਜਾਂ ਫੀਤਿਆਂ ਵਾਲੇ ਬੂਟ! ਰੰਗ ਕਣਕ ਵੰਨਾ, ਚੌੜਾ ਮੱਥਾ, ਸ਼ਰੀਫ਼ ਅੱਖਾਂ, ਨੱਕ ਤਿੱਖਾ ਤੇ ਕਤਰੀ ਦਾਹੜੀ। ਜਦੋਂ ਰੰਗਾ ਸਿੰਘ ਪੂਰਾ-ਸਾਰਾ ਮੂੰਹ ਖੋਹਲ ਕੇ ਹਸਦਾ ਹੈ ਤਾਂ ਉਸਦੇ ਤੰਦਰੁਸਤ ਚਿੱਟੇ ਦੰਦ ਲਿਸ਼ਕਣ ਲਗਦੇ ਹਨ। ਤਹੰਮਲ ਮਿਜਾਜ਼, ਹਮੇਸ਼ਾ ਚਮਕਦਾ ਚੇਹਰਾ, ਮਿੱਠ ਬੋਲੜਾ ਤੇ ਸਾਊ ਬੰਦਾ ਹੈ ਰੰਗਾ ਸਿੰਘ ਮਾਨ ਮੁਕਤਸਰੀ, ਬਿਲਕੁਲ ਸਾਦਾ ਤੇ ਆਮ ਜਿਹਾ!

ਪਹਿਲੀ ਵੇਰੀ ਮੈਂ ਰੰਗਾ ਸਿੰਘ ਮਾਨ ਨੂੰ ਸਾਹਿਤ ਸਭਾ ਗੋਲੇਵਾਲਾ ਦੇ ਸਮਾਰੋਹ ਉੱਤੇ ਗਾਉਂਦਿਆਂ ਸੁਣਿਆ ਸੀ। ਜਦੋਂ ਉਹ ਗਾ ਰਿਹਾ ਸੀ ਤਾਂ ਮੰਚ ਉੱਪਰ ਬੈਠਾ ਪ੍ਰਿੰ: ਸੰਤ ਸਿੰਘ ਸੇਖੋਂ ਨੀਝ ਲਾ ਕੇ ਉਹਦਾ ਗੌਣ ਸੁਣ ਰਿਹਾ ਸੀ, ਸੇਖੋਂ ਦੇ ਨਾਲ ਬੈਠਾ ਜਸਵੰਤ ਸਿੰਘ ਕੰਵਲ ਸਿਰ ਮਾਰ-ਮਾਰ ਝੂਮ ਰਿਹਾ ਸੀ। ਸਾਹਮਣੀ ਕੁਰਸੀ 'ਤੇ ਬੈਠਾ ਚਾਂਦੀ ਰਾਮ ਚਾਂਦੀ ਦਾਦ ਦੇ ਰਿਹਾ ਸੀ। ਥਰੀਕਿਆਂ ਵਾਲਾ, ਹਸਨਪੁਰੀ ਤੇ ਹੋਰ ਵੀ ਨਾਮਵਰ ਲਿਖਾਰੀ ਤੇ ਗਵੱਈਏ ਉੱਥੇ ਹਾਜ਼ਰ ਬੈਠੇ ਸਨ। ਜਦ ਉਹ ਗਾ ਹਟਿਆ ਤਾਂ



ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਉੱਥੇ ਉਸਨੇ ਕਈ ਗੀਤ ਪੰਜਾਬੀ ਮਾਂ ਬੋਲੀ ਦੀ ਸ਼ਾਨ ਵਿਚ ਗਾਏ ਸਨ ਅਤੇ ਆਪਣਾ ਮਾਣ ਵਧਾਇਆ ਸੀ।

ਉਸ ਪ੍ਰੋਗਰਾਮ ਦਾ ਆਰੰਭ ਮੈਂ ਕੀਤਾ ਸੀ ਤੂੰਬੀ ਉੱਤੇ ਆਪਣੇ ਉਸਤਾਦ ਯਮਲਾ ਜੀ ਦਾ ਗੀਤ ਗਾ ਕੇ। ਰੰਗਾ ਸਿੰਘ ਮਾਨ ਨੇ ਗੀਤ ਸੁਣਕੇ ਸਾਬਾਸ਼ ਦਿੱਤੀ। ਪ੍ਰੋਗਰਾਮ ਸਮਾਪਤ ਹੋਣ ਮਗਰੋਂ ਮੈਂ ਆਪਣੇ ਪਿੰਡ ਨੂੰ ਜਾ ਰਿਹਾ ਸਾਂ ਤਾਂ ਰੰਗਾ ਸਿੰਘ ਮੁਕਤਸਰ ਦੀ ਬੱਸ ਫੜਨ ਲਈ ਅੱਡੇ ਉੱਤੇ ਖੜ੍ਹਾ ਹੋਇਆ ਸੀ, ਬੋਲਿਆ, "ਕਾਕਾ ਗੱਲ ਸੁਣ ਬਈ, ਤੂੰ ਤਾਂ ਬਾਬੇ ਯਮਲੇ ਦਾ ਪੱਟਿਆ ਲਗਦੈਂ, ਭੁਲੇਖਾ ਪੈਂਦਾ ਤੇਰੀ ਵਾਜ ਤੋਂ.... ਹੈਂਅ ? ਵਧੀਆ ਗਾਉਂਨੈ... ਮੈਂ ਤਾਂ ਆਪ ਯਮਲਾ ਜੀ ਦਾ ਫ਼ੈਨ ਆਂ।"

ਅਸੀਂ ਗੱਲਾਂ ਸ਼ੁਰੂ ਹੀ ਕੀਤੀਆਂ ਸਨ ਕਿ ਫਿਰੋਜ਼ਪੁਰ ਵੰਨੀਉਂ ਸਵਾਰੀਆਂ ਦੀ ਲੱਦੀ ਬੱਸ ਆ ਗਈ ਤੇ ਉਹ ਮੇਰਾ ਮੋਢਾ ਪਲੋਸ ਕੇ ਬਾਰੀ ਨਾਲ ਝੂਟ ਗਿਆ।

ਉਸ ਤੋਂ ਬਾਅਦ ਵੀ ਕਈਆਂ ਥਾਂਵਾ ਉੱਤੇ ਰੰਗਾ ਸਿੰਘ ਮਾਨ ਨਾਲ ਮੇਲ-ਗੇਲ ਹੁੰਦਾ ਰਿਹਾ ਹੈ, ਕਦੀ ਕਿਸੇ ਸਮਾਗਮ ਵਿਚ, ਕਦੀ ਰੇਡੀਓ ਸਟੇਸ਼ਨ 'ਤੇ। ਇਕ ਵਾਰ ਉਹ ਫਰੀਦਕੋਟ ਦੀਆਂ ਕਚਹਿਰੀਆਂ ਵਿਚ ਮੈਨੂੰ ਮੇਰੇ ਦਫ਼ਤਰ ਵਿਚ ਆ ਮਿਲਿਆ, ਮੈਂ ਉਦੋਂ ਸੈਸ਼ਨ ਜੱਜ ਕੋਲ ਅਰਦਲੀ ਲੱਗ ਚੁੱਕਾ ਸਾਂ। ਅਦਾਲਤ ਦੇ ਬਾਰ ਮੂਹਰੇ ਖਲੋਤਾ ਮੈਂ ਆਵਾਜ਼ਾਂ ਮਾਰ ਰਿਹਾ ਸਾਂ, "ਚੱਲ ਬਈ ਫਲਾਣਾ-ਬਨਾਮ-ਫਲਾਣਾ ਹਾਜ਼ਰ ਹੋ....।" ਸਾਹਮਣਿਓਂ ਰੰਗਾ ਸਿੰਘ ਮਾਨ ਤੁਰਿਆ ਆ ਰਿਹਾ ਸੀ, ਹੱਸ ਕੇ ਆਖਣ ਲੱਗਾ, "ਬਈ ਕਮਾਲ ਐ, ਤੂੰ ਮੁਲਜ਼ਮਾਂ ਨੂੰ ਵਾਜਾਂ ਵੀ ਗਾਣੇ 'ਚ ਈ ਮਾਰਦਾ ਐਂ।"

ਕਚਹਿਰੀਆਂ ਵਿਚ ਉਹਦਾ ਕੋਈ ਨਿੱਕਾ-ਮੋਟਾ ਕੰਮ ਸੀ, ਆਪਣੇ ਜਾਣੂੰ ਨੂੰ ਆਖ ਕੇ ਮੈਂ ਕੰਮ ਕਰਵਾ ਦਿੱਤਾ। ਚਾਹ ਵੀ ਉਹਨੇ ਕਚਹਿਰੀ ਦੇ ਬਾਰ ਕੋਲ ਖੜ੍ਹੇ-ਖੜ੍ਹੇ ਨੇ ਹੀ ਪੀਤੀ ਸੀ ਤੇ ਮੈਂ ਉਸ ਨਾਲ ਚਾਹ ਪੀਂਦਾ ਰਿਹਾ ਸਾਂ ਤੇ ਨਾਲ-ਨਾਲ ਲੋਕਾਂ ਨੂੰ ਆਵਾਜ਼ਾਂ ਲਾਉਂਦਾ, "ਚੱਲ ਫਲਾਣਾ-ਬਨਾਮ-ਫਲਾਣਾ ਹਾਜ਼ਰ ਹੋ।" ਆਪਣੀ ਡਿਊਟੀ ਭੁਗਤਾਉਂਦਾ ਰਿਹਾ ਸਾਂ।

...... ...... ......

ਰੰਗਾ ਸਿੰਘ ਮਾਨ ਦੇ ਗੀਤ ਭਾਵੇਂ ਬਹੁਤ ਜ਼ਿਆਦਾ ਰਿਕਾਰਡ ਨਹੀਂ ਹੋਏ ਪਰ ਜਿੰਨੇ ਹੋਏ, ਲੋਕਾਂ ਨੇ ਸੁਣੇ-ਮਾਣੇ ਹਨ ਅਤੇ ਉਹਦੇ ਗੀਤ ਲੋਕਾਂ ਵਿਚ ਜਾਣੇ-ਪਛਾਣੇ ਹਨ। 19 ਮਾਰਚ 1969 'ਚ ਮਾਨ ਨੇ ਪਹਿਲੀ ਵਾਰੀ ਆਕਾਸ਼ਵਾਣੀ ਕੇਂਦਰ ਜਲੰਧਰ ਤੋਂ ਗਾਇਆ ਸੀ, ਹੁਣ ਬੀ ਹਾਈ ਕਲਾਸ ਦਾ ਕਲਾਕਾਰ ਹੈ। ਪ੍ਰਾਚੀਨ ਕਲਾ ਕੇਂਦਰ ਅਲਾਹਾਬਾਦ ਤੋਂ ਉਹਨੇ ਸੰਗੀਤ ਦੀ ਬੀ.ਏ. ਕੀਤੀ।

1969 ਵਿਚ ਉਹਦੇ ਬੀਬਾ ਤੇਜਪਾਲ ਕੌਰ ਨਾਲ ਗਾਏ ਦੋਗਾਣੇ ਕੋਹਿਨੂਰ ਕੰਪਨੀ ਵਿਚ ਰਿਕਾਰਡ ਹੋਏ ਸਨ :

ਲਿਆ ਦਿਉਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀਂ ਛੋਰਾ
ਵਿਚ ਭਰਾਈਆਂ ਦੇ

ਬੋਲ ਕਲਹਿਰੀਆ ਮੋਰਾ
(ਗੀਤਕਾਰ ਦੇਵ ਥਰੀਕੇ ਵਾਲਾ)
ਅੱਖ ਮਾਰਕੇ ਖਿੰਡਾ ਲਿਆ ਸੁਰਮਾ
ਨਵੀਏ ਸ਼ਰੀਕ ਕੁੜੀਏ
(ਗੀਤਕਾਰ ਸੱਜਣ ਸਿੰਘ ਹੂੰਝਣ)
ਗੁੱਝੀ ਰਹਿੰਦੀ ਨਾ ਜੁਆਨੀ ਮੁਟਿਆਰੇ
ਗਲੀਆਂ 'ਚ ਫਿਰੇਂ ਮੇਲ੍ਹਦੀ
(ਗੀਤਕਾਰ : ਬਿੱਕਰ ਸਿੰਘ ਐਸ਼ੀ-ਕੰਮੇਆਣਾ)

ਪਰਮਜੀਤ ਕੌਰ ਸੰਧੂ ਨਾਲ ਰਿਕਾਰਡ ਹੋਏ ਦੋਗਾਣੇ :

ਰਾਂਝਣਾ ਫੁੱਲ ਬਣ ਜਾ

✪

ਦਿਲਾਂ ਦੀ ਸਾਂਝ ਦੇ ਬੂਟੇ
ਬੰਜਰਾਂ ਦੇ ਵਿਚ ਉੱਗਦੇ ਨਾ

✪

ਲੋਕੀਂ ਦੇਖਕੇ ਤਮਾਸ਼ਾ
ਯਾਰ-ਮਾਰ ਕਰਦੇ

✪

ਪਿਆਰ-ਪਿਆਰ ਸਾਰਾ ਜੱਗ ਕਹਿੰਦਾ
ਹਰ ਨਾ ਪਿਆਰ ਪਛਾਣੇ

✪

ਰਿਕਸ਼ਾ ਅਮਲੀ ਦਾ ਬੰਬੂਕਾਟ ਦੇ
ਬਰਾਬਰ ਜਾਵੇ

✪

ਤੇਰੇ ਨਾਲ ਲਾਉਣ ਦੀਆਂ
ਪਰ ਦੀ, ਦਲੀਲਾਂ ਕਰਦੀ

✪

ਬੀਬਾ ਹਰਮੀਤ ਰੰਧਾਵਾ ਨਾਲ ਦੋਗਾਣੇ :

ਤਿਲੇਦਾਰ ਕਢਾਈ ਵਾਲੀ
ਵਿਚ ਤਾਂ ਜਰਗ ਕਢਾਦੇ
ਜੁੱਤੀ ਮੁਕਤਸਰ ਦੀ ਢੋਲਾ
ਪੈਰ ਪੁਆਦੇ

ਬੀਬਾ ਸੁਮਨ ਆਨੰਦ ਨਾਲ :

ਚੱਲ ਮਾਰੀਏ ਬਾਜ਼ਾਰ ਵਿਚ ਗੇੜਾ
ਵੇ ਲੈ ਦੇ ਇਕ ਸੂਟ ਚੱਜ ਦਾ
ਤੈਨੂੰ ਨਾਂਹ ਨੀ ਬਾਂਕੀਏ ਨਾਰੇ



ਨੀ ਲੈ ਲਈਂ ਜਿਹੜਾ ਸੂਟ ਮਰਜ਼ੀ

✪

ਉੱਚੇ ਚੁਬਾਰੇ ਦੀਵਾ ਜਗਦਾ
ਝੜ-ਝੜ ਪੈਂਦੀ ਲੋ

ਜਗਮੋਹਨ ਕੌਰ ਨਾਲ ਰਿਕਾਰਡ ਗੀਤ :

ਇਕੋ ਵਾਰੀ ਪਾਕੇ ਪਹਿਲੇ ਤੋੜ ਦਾ ਪਊਆ
ਸਹੁਰੀ ਖਿੱਚਗੀ ਬੁੱਲ੍ਹਾਂ ਨਾਲ ਲਾ ਕੇ
ਬੁੱਢੇ ਵਾਰੇ ਅਮਲੀ ਨੇ
ਪੰਗਾ ਲੈ ਲਿਆ ਕਰੇਵਾ ਲਿਆਕੇ
(ਬਾਬੂ ਸਿੰਘ ਮਾਨ)

✪

ਜੁਆਨੀ ਮੁਸ਼ਕਣ ਬੂਟੀ ਵੇ ਰਾਂਝਣਾ
ਸੰਭਲ ਕੇ ਵਰਤਾ
ਪੈਂਦਾ ਸੱਲ ਕਲੇਜੇ ਨੀ
ਗੋਰੀਏ ਝਾਂਜਰ ਨਾ ਛਣਕਾ

✪

ਪੰਜਾਬਣੇ, ਮਜਾਜਣੇ, ਲਿਹਾਜਣੇ
ਗੁਆਂਢਣੇ ਮੇਰੇ ਬਾਗ ਨਾਲ ਤੇਰਾ ਖੇਤ

✪

1975 'ਚ ਰਣਜੀਤ ਕੌਰ ਨਾਲ ਦੋਗਾਣਾ ਐਚ.ਐਮ.ਵੀ. ਵਿਚ ਰਿਕਾਰਡ ਹੋਇਆ :

ਜਵਾਨੀ ਵੇਲੇ ਲੁੱਟੇ ਬਾਣੀਏ
ਹੁਣ ਰੱਬ ਦੀ ਭਗਤਣੀ ਹੋਈ

ਸੁਮਨ ਅਨੰਦ, ਤੇਜਪਾਲ ਕੌਰ, ਪਰਮਜੀਤ ਕੌਰ ਸੰਧੂ, ਰਣਜੀਤ ਕੌਰ, ਜਗਮੋਹਨ ਕੌਰ ਨਾਲ ਇਹਨਾਂ ਦੇ ਗਾਏ ਗੀਤਾਂ ਦਾ ਸੰਗੀਤ ਕੇ.ਐਸ. ਨਰੂਲਾ, ਚਰਨਜੀਤ ਆਹੂਜਾ ਤੇ ਉਸਤਾਦ ਜਸਵੰਤ ਭੰਵਰਾ ਨੇ ਦਿੱਤਾ। ਰੰਗਾ ਸਿੰਘ ਮਾਨ ਨੇ ਆਪਣੇ ਗੀਤਾਂ ਤੋਂ ਇਲਾਵਾ ਬਾਬੂ ਸਿੰਘ ਮਾਨ ਮਰਾੜਾਂ ਵਾਲਾ, ਬਿੱਕਰ ਸਿੰਘ ਐਸ਼ੀ ਕੰਮੇਆਣਾ ਦੇ ਲਿਖੇ ਗੀਤ ਵੀ ਗਾਏ। ਚਰਨ ਸਿੰਘ ਸਫ਼ਰੀ ਤੇ ਨੂਰਪੁਰੀ ਦੇ ਗੀਤ ਵੀ ਗਾਏ :

ਸੱਜਣਾ ਤੇਰਿਆਂ ਨੈਣਾਂ ਅੰਦਰ
ਲੱਖਾਂ ਜਾਮ ਸੁਰਾਹੀਆਂ

✪

ਬਾਗਾਂ ਦੇ ਵਿਚ ਫੁੱਲ ਹਜ਼ਾਰਾਂ
ਇਕ ਵੀ ਸਾਡਾ ਹੋਇਆ ਨਾ
ਲੱਖ ਕੰਡੇ ਮੇਰੇ ਪੈਰੀਂ ਚੁਭਗੇ
ਦਰਦ ਰਤਾ ਵੀ ਹੋਇਆ ਨਾ (ਸਫ਼ਰੀ)

1964 ਵਿਚ ਰੰਗਾ ਸਿੰਘ ਮਾਨ ਨੂੰ ਪੰਜਾਬ ਸਿਹਤ ਵਿਭਾਗ ਵਿਚ ਸਰਵਿਸ ਮਿਲ ਗਈ ਅਤੇ ਉਹਦੀ ਨਿਯੁਕਤੀ ਪੀ.ਐਚ.ਸੀ. ਡੇਰਾ ਬਸੀ ਵਿਖੇ ਹੋ ਗਈ, ਜਦੋਂ ਉਹ ਲੁਧਿਆਣੇ ਵਿਚੋਂ ਦੀ ਲੰਘਦਾ ਤਾਂ ਜਸਵੰਤ ਭੰਵਰਾ ਜੀ ਨੂੰ ਜਾ ਕੇ ਮੱਥਾ ਟੇਕਦਾ, ਫਿਰ ਭੰਵਰਾ ਜੀ ਨੂੰ ਸੰਗੀਤ - ਗੁਰੂ ਧਾਰਨ ਕਰ ਲਿਆ ਤੇ ਗਾਹੇ - ਬਗਾਹੇ ਉਹਨਾਂ ਨਾਲ ਪ੍ਰੋਗਰਾਮਾਂ 'ਤੇ ਵੀ ਜਾਣ ਲੱਗ ਪਿਆ। ਵਿਚੇ-ਵਿਚ ਸਕੀਰੀਦਾਰ ਤੇ ਘਰ ਵਾਲੇ ਉਹਦਾ ਵਿਰੋਧ ਵੀ ਕਰਦੇ, ਆਖਦੇ, "ਜੱਟਾਂ ਦਾ ਮੁੰਡਾ ਹੋ ਕੇ ਕੰਜਰਾਂ ਤੇ ਮਰਾਸੀਆਂ ਆਲ਼ੇ ਧੰਦੇ ਕਰਦਾ ਫਿਰਦੈ, ਏਹ ਕਿੱਧਰਲੀ ਸਿਆਣਪ ਹੈ ?" ਇਸ ਕੰਮ ਵਿਚ ਰੰਗਾ ਸਿੰਘ ਨੂੰ ਘਰੋਂ ਕੋਈ ਸਹਿਯੋਗ ਨਾ ਮਿਲਿਆ। ਉਂਜ ਪਿੰਡ ਵਾਲੇ ਲੋਕ ਮਾਣ ਕਰਦੇ ਕਿ ਸਾਡੇ ਪਿੰਡ ਦਾ ਮੁੰਡਾ ਗਾਉਂਦੈ... ਪਿੰਡ ਦਾ ਨਾਂ ਕੱਢੂਗਾ।

ਰੰਗਾ ਸਿੰਘ ਮਾਨ ਨੇ ਸ਼ੌਕ ਨਾਲ ਗਾਇਆ ਹੈ, ਭਾਵੇਂ ਬਹੁਤਾ ਨਹੀਂ ਗਾਇਆ ਪਰ ਚੰਗੇ ਢੰਗ ਨਾਲ ਗਾਇਆ ਹੈ। ਗਾਉਣ 'ਚ ਪੈਸਾ ਨਹੀਂ ਕਮਾਇਆ, ਇਸ ਕੰਮ ਲਈ ਉਹਦੀ ਨੌਕਰੀ ਹੀ ਵਸੀਲਾ ਬਣੀ। ਗਾਇਆ ਉਹਨੇ ਪੂਰੇ ਪੰਜਾਬ ਵਿਚ ਬੜੇ ਥਾਂਈ, ਬੰਬੇ ਵਿਸਾਖੀ ਪ੍ਰੋਗਰਾਮ 'ਤੇ ਗਾਇਆ, ਹੰਢੇ ਹੋਏ ਕਲਾਕਾਰਾਂ ਦੀ ਟੋਲੀ ਵਿਚ ਉਹ ਵੱਖਰਾ ਹੀ ਗਾਉਂਦਾ ਰਿਹਾ।

ਜਦੋਂ ਰੰਗਾ ਸਿੰਘ ਮਾਨ ਦੀ ਬਦਲੀ ਡੇਰਾ ਬਸੀ ਤੋਂ ਆਪਣੇ ਮੁਕਤਸਰ ਸ਼ਹਿਰ ਵਿਚ ਹੋ ਗਈ ਤਾਂ ਭੰਵਰਾ ਜੀ ਦੇ ਗੁਰਭਾਈ ਸੂਝਵਾਨ ਸੰਗੀਤਕਾਰ ਪ੍ਰਿਥਵੀ ਰਾਜ ਚੋਪੜਾ ਪਾਸੋਂ ਸੰਗੀਤ ਸਿੱਖਿਆ ਪ੍ਰਾਪਤ ਕਰਨ ਲੱਗ ਪਿਆ।

ਜਦੋਂ ਤੋਂ ਜਲੰਧਰ ਦੂਰਦਰਸ਼ਨ ਆਰੰਭ ਹੋਇਆ, ਉਦੋਂ ਤੋਂ ਉਥੇ ਗਾਉਣਾ ਆਰੰਭਿਆ। ਪੰਜਾਬ ਦੇ ਬਹੁਤ ਸਾਰੇ ਨਾਮੀਂ ਸਭਿਆਚਾਰਕ ਮੇਲਿਆਂ ਵਿਚ ਉਸ ਆਪਣੀ ਗਾਇਕੀ ਦਾ ਜਾਦੂ ਬਿਖੇਰਿਆ ਹੈ, ਪਰ ਹੁਣ ਉਹ ਬਹੁਤ ਘੱਟ ਗਾਉਣ ਲਈ ਕਿਤੇ-ਕਿਤੇ ਹੀ ਜਾਂਦਾ ਹੈ, ਸਮੇਂ ਦੀ ਕਰਵਟ ਨੇ ਉਸਦਾ ਮਨ ਫਿੱਕਾ ਪਾ ਦਿੱਤਾ ਹੈ ਪਰ ਉਹਦੀ ਗਾਇਕੀ ਤੇ ਸੁਰਾਂ ਹਾਲੇ ਫਿੱਕੀਆਂ ਨਹੀਂ ਪਈਆਂ, ਆਵਾਜ਼ ਉਹਦੀ ਪਹਿਲਾਂ ਵਰਗੀ ਹੀ ਹੈ ਇਕਦਮ ਕਾਇਮ! ਰੰਗਾ ਸਿੰਘ ਮਾਨ ਦਾ ਮਹਿਕਮਾ ਸਿਹਤ ਵਿਭਾਗ ਭਾਵੇਂ ਉਹਦੀਆਂ ਕਲਾਮਈ ਰੁਚੀਆਂ ਵਿਚ ਕਦੇ-ਕਦੇ ਰੁਕਾਵਟ ਬਣਦਾ ਰਿਹਾ ਪਰ ਜਦੋਂ ਉਹ ਮਹਿਕਮੇ ਲਈ ਪ੍ਰੋਗਰਾਮ ਕਰਦਾ 'ਤੇ ਸਿਹਤ ਸਿੱਖਿਆ ਤੇ ਸਿਹਤ ਸੁਧਾਰ ਦੇ ਗੀਤ ਮਹਿਕਮੇ ਦੇ ਸਮਾਗਮਾਂ ਉੱਤੇ ਗਾਉਂਦਾ ਤਾਂ ਫਿਰ ਮਹਿਕਮੇ ਵਾਲੇ ਖੁਸ਼ ਹੋ ਜਾਂਦੇ ਕਿ ਸਾਡੇ ਵਿਭਾਗ ਦਾ ਕਲਾਕਾਰ ਹੈ, ਇਉਂ ਕਈ ਵਾਰੀ ਉਹਦੀ ਡਿਊਟੀ ਵੀ ਸਮਾਗਮਾਂ ਉੱਤੇ ਗੀਤ ਗਾਉਣ ਲਈ ਲਗਾਈ ਜਾਂਦੀ ਰਹੀ, ਜਿਸਦਾ ਉਹਨੂੰ ਬੜਾ ਲਾਭ ਹੋਇਆ, ਜਾਣ-ਪਛਾਣ ਤੇ ਮਾਣ-ਤਾਣ ਵਧਿਆ, ਅਫ਼ਸਰਾਂ 'ਚ ਉਹਦੀ ਚੰਗੀ ਭੱਲ ਬਣੀ।

ਉਸਦੇ ਮਹਿਕਮੇ ਨਾਲ ਸੰਬੰਧਤ ਗੀਤਾਂ ਵਿਚੋਂ ਕੁਝ ਨਮੂਨੇ :

ਸਿਹਤ ਵਿਭਾਗ ਦੀ ਟੀਮ ਵਿਚ ਇਕ ਪਿੰਡ ਕਿਸੇ ਘਰ ਲੜਕੀ ਨੂੰ ਲੜਕਾ ਘਰ ਵਿਚ ਦਵਾਈ ਛਿੜਕਾਉਣ ਲਈ ਆਖਦਾ ਹੈ :

ਲੜਕਾ :ਮੈਂ ਸੈਨੇਟਰੀ ਸੁਪਰਵਾਈਜ਼ਰ ਨੀ
ਤੂੰ ਡੀ.ਡੀ. ਟੀ. ਛਿੜਕਾ ਕੁੜੀਏ
ਜੇ ਘਰ ਦਾ ਮੱਛਰ ਨਾ ਮਰਿਆ
ਦੇਊ ਤੇਈਆ ਤਾਪ ਚੜ੍ਹਾ ਕੁੜੀਏ

ਲੜਕੀ :ਅਸੀਂ ਆਪ ਕੁਨੀਨ ਮੰਗਾਲਾਂਗੇ
ਤੂੰ ਐਵੇਂ ਨਾ ਸਿਰ ਖਾਹ ਮੁੰਡਿਆ
ਮੈਂ ਘਰ 'ਚ ਕੱਲ-ਮੁਕੱਲੀ ਵੇ
ਤੂੰ ਅਗਲੇ ਘਰ ਨੂੰ ਜਾਹ ਮੁੰਡਿਆ

ਪਰਿਵਾਰ ਨਿਯੋਜਨ ਬਾਰੇ ਗੀਤ ਦਾ ਨਮੂਨਾ ਵੇਖੋ :

ਜੀਹਦਾ ਛੋਟਾ ਟੱਬਰ ਉਹਦੀ ਘਰ ਦੇ ਵਿਚ ਸਰਦਾਰੀ
ਵਧ ਰਹੀ ਆਬਾਦੀ ਦੀ ਵੀਰਨੋ, ਆਪਣੀ ਜ਼ੁੰਮੇਵਾਰੀ

ਏਡਜ਼ ਤੇ ਪੋਲੀਓ ਦੀ ਬੀਮਾਰੀ ਬਾਰੇ ਗੀਤ ਵਿਚੋਂ :

ਸਾਬਤੇ ਜਿਹੇ ਰੱਖਣੇ ਸਰੀਰ ਵਾਲੇ ਅੰਗ
ਪੋਲੀਓ ਦੇ ਨਾਲ ਆਪਾਂ ਕਰਨੀ ਏਂ ਜੰਗ

✪

ਆ ਗਈ ਇਕ ਬਿਮਾਰੀ ਉਹਨੂੰ ਏਡਜ਼ ਕਹਿੰਦੇ
ਉਸਤੋਂ ਖ਼ਤਰਾ ਹੋ ਗਿਆ ਭਾਰੀ, ਉਹਨੂੰ ਏਡਜ਼ ਕਹਿੰਦੇ

ਚੰਗੀ ਸਿਹਤ ਬਾਰੇ :

ਜੇ ਚੰਗੀ ਤੇਰੀ ਸਿਹਤ ਨਹੀਂ ਸੱਜਣਾ
ਤੈਨੂੰ ਕੁਝ ਨਹੀਂ ਚੰਗਾ ਲੱਗਣਾ

...... ...... ......

ਅਪ੍ਰੈਲ 2001 ਵਿਚ ਰੰਗਾ ਸਿੰਘ ਮਾਨ ਸਿਹਤ ਵਿਭਾਗ ਵਿਚੋਂ ਬਤੌਰ ਮਲੇਰੀਆ ਇੰਸਪੈਕਟਰ ਰਿਟਾਇਰ ਹੋਇਆ ਹੈ, ਉਹ ਮੰਨਦਾ ਹੈ ਕਿ ਨੌਕਰੀ ਕਾਰਨ ਉਹ ਖੁੱਲ੍ਹ ਕੇ ਨਹੀਂ ਗਾ ਸਕਿਆ। ਸਾਹਿਤ, ਗਾਇਕੀ ਤੇ ਮਾਂ ਬੋਲੀ ਦੀ ਸੇਵਾ ਕਰਨ ਦੀ ਜਿੰਨੀ ਸ਼ਰਧਾ ਉਹਦੇ ਮਨ ਵਿਚ ਹੈ, ਓਨੀ ਹਾਲੇ ਉਹ ਕਰ ਨਹੀਂ ਸਕਿਆ, ਕਰਨੀ ਚਾਹੁੰਦਾ ਹੈ, ਹੁਣ ਉਸ ਪੂਰੀ ਤਰ੍ਹਾਂ ਇਸ ਖੇਤਰ ਵਿਚ ਡਟ ਜਾਣ ਦਾ ਮਨ ਬਣਾ ਲਿਆ ਹੈ। ਉਸਨੂੰ ਕੋਈ ਫ਼ਿਕਰ-ਫਾਕਾ ਜਾਂ ਝੋਰਾ-ਵਿਗੋਚਾ ਨਹੀਂ। ਸਗੋਂ ਇਹ ਝੋਰਾ ਉਸਨੂੰ ਇਹੋ ਖਾਂਦਾ ਹੈ ਕਿ ਪੰਜਾਬ ਦਾ ਅਸਲੀ ਲੋਕ-ਸੰਗੀਤ ਤੇ ਲੋਕ ਸਭਿਆਚਾਰ ਅਜੋਕੇ ਗਾਇਕਾਂ ਤੇ ਕਲਾ-ਸੇਵਕਾਂ ਨੇ ਗੁਆ ਦਿੱਤਾ ਹੈ। ਸ੍ਰੋਤਿਆਂ ਦੀ ਸੋਚ ਤੇ ਸੁਆਦ ਬਦਲ ਗਏ ਹਨ, ਜਿਸ ਨਾਲ ਲੋਕ-ਕਲਾਕਾਰਾਂ ਦੀ ਕਲਾ ਨੂੰ ਧੱਕਾ ਵੀ ਲੱਗਾ ਹੈ ਤੇ ਦਿਲਾਂ ਨੂੰ ਠੇਸ ਵੀ ਪਹੁੰਚੀ ਹੈ, ਰੰਗਾ ਸਿੰਘ ਮਾਨ ਇਸ ਪੱਖ ਤੋਂ ਬੜਾ ਝੂਰਦਾ ਹੈ।

ਰੰਗਾ ਸਿੰਘ ਮਾਨ ਆਖਦਾ ਹੈ, "ਮੈਂ ਬੇਸੁਰੀ ਗਾਇਕੀ ਨੂੰ ਕਿਸੇ ਹਾਲਤ ਵਿਚ ਵੀ ਬਰਦਾਸ਼ਤ ਨਹੀਂ ਕਰ ਸਕਦਾ.... ਜੇ ਕੋਈ ਬੇਸੁਰਾ ਗਾ ਰਿਹਾ ਕੰਨੀਂ ਪੈ ਜਾਵੇ ਤਾਂ ਮਨ ਡੋਲਦਾ ਹੀ ਨਹੀਂ ਸਗੋਂ ਕੰਨਾਂ 'ਚ ਛੁਰਰ-ਛੁਰਰ ਹੋਣ ਲੱਗ ਪੈਂਦੀ ਹੈ। ਬਹੁਤੀ ਵੇਰ ਮੈਂ ਕੰਨਾਂ ਵਿਚ ਉਂਗਲਾਂ ਤੁੰਨ ਲੈਂਦਾ ਹਾਂ।"

ਰੰਗਾ ਸਿੰਘ ਮਾਨ ਨੇ ਇਕ ਯਾਦ ਸਾਂਝੀ ਕਰਦਿਆਂ ਦੱਸਿਆ ਕਿ ਬੜੇ

ਵਰ੍ਹਿਆਂ ਦੀ ਗੱਲ ਹੈ, ਭੰਵਰਾ ਜੀ ਨਾਲ ਉਹ ਕਾਰ 'ਚ ਬੈਠਾ ਆ ਰਿਹਾ ਸੀ, ਕਿਧਰੋਂ ਪ੍ਰੋਗਰਾਮ ਕਰਕੇ ਆਏ ਸਨ। ਨਾਲ ਹੋਰ ਵੀ ਕਲਾਕਾਰ ਸਨ। ਰਾਤ ਹੋ ਚੁੱਕੀ ਸੀ, ਕਾਰ ਜਾ ਰਹੀ ਸੀ, ਤਾਂ ਭੰਵਰਾ ਜੀ ਦੇ ਕੰਨੀਂ ਵਾਜ ਪਈ। ਉਹਨਾਂ ਆਖਿਆ, "ਕਾਰ ਰੋਕੋ"। ਕਾਰ ਰੋਕੀ ਗਈ, ਭੰਵਰਾ ਜੀ ਉਸ ਵਾਜ ਨੂੰ ਸੁਣਨ ਲੱਗੇ, ਕਿਧਰੇ ਕੋਈ ਜਗਰਾਤਾ ਹੋ ਰਿਹਾ ਸੀ ਤੇ ਕੋਈ ਭਗਤ ਮਾਤਾ ਦੀ ਭੇਟ ਗਾ ਰਿਹਾ ਸੀ। ਭੰਵਰਾ ਜੀ ਨੇ ਗੁੱਸੇ ਨਾਲ ਆਖਿਆ, "ਮਹਾਂ-ਬੇਸੁਰਾ ਗਾ ਰਿਹੈ ਕੋਈ.... ਮੇਰਾ ਜੀ ਕਰਦੈ ਸਾਲ਼ੇ ਨੂੰ ਗੋਲ਼ੀ ਮਾਰ ਦੇਵਾਂ.... ਚਲੋ ਕਾਰ ਤੋਰੋ.... ਮੈਂ ਏਸ ਲਈ ਮਾਫ਼ ਕੀਤੈ ਕਿ ਮਾਤਾ ਦਾ ਭਗਤ ਐ.... ਭੇਟ ਗਾ ਰਿਹੈ....।"

ਰੰਗਾ ਸਿੰਘ ਮਾਨ ਉੱਤੇ ਭੰਵਰਾ ਜੀ ਦਾ ਚੰਗਾ ਪ੍ਰਭਾਵ ਹੈ। ਜੇਕਰ ਘਰ ਵਿਚ ਕੋਈ ਚੀਜ਼ ਟੇਢੀ-ਮੇਢੀ ਪਈ ਹੋਵੇ ਜਾਂ ਚਾਦਰ ਵਿੰਗੀ ਵਿਛੀ ਹੋਵੇ ਤਾਂ ਉਹ ਆਖੇਗਾ, "ਕਿਆ ਬੇਸੁਰੀ ਚਾਦਰ ਵਿਛਾਈ ਏ... ਸੁਰ ਵਿਚ ਕਰੋ ਏਸਨੂੰ।"

ਇਹ ਗੱਲ ਬੜੀ ਚੰਗੀ ਹੈ ਕਿ ਉਸ ਨੇ ਭੰਵਰਾ ਜੀ ਤੋਂ ਸੁਰਾਂ ਵਾਲੀਆਂ ਗੱਲਾਂ ਹੀ ਗ੍ਰਹਿਣ ਕੀਤੀਆਂ ਹਨ.... ਜਿੰਨ੍ਹਾਂ ਦੀ ਉਸਨੂੰ ਲੋੜ ਸੀ।

ਉਹਦੀ ਜੀਵਨ ਸਾਥਣ ਸੁਲਝੀ ਹੋਈ ਘਰੇਲੂ ਔਰਤ ਹੈ। ਇਕ ਪੁੱਤ ਤੇ ਨ

ਰੰਗਾ ਸਿੰਘ ਮਾਨ ਜਦੋਂ ਸੁਰ ਲਗਾਉਂਦਾ ਹੈ ਤਾਂ ਉਹਦੀ ਮਿੱਠੜੀ ਆਵਾਜ਼ ਸੁਣਕੇ ਸ੍ਰੋਤੇ ਦਾਦ ਦੇਣ ਲਗਦੇ ਹਨ। ਉਸਦੇ ਗਲੇ ਦੀਆਂ ਗਰਾਰੀਆਂ ਤੇ ਆਲਾਪ ਇਹ ਪ੍ਰਗਟਾਵਾ ਕਰਦੇ ਹਨ ਕਿ ਉਸਨੇ ਨਿਰੰਤਰ ਅਭਿਆਸ ਦੇ ਸਦਕਾ ਸੁਰਾਂ ਨੂੰ ਪੂਰਾ-ਪੂਰਾ ਆਪਣੇ ਗਲੇ ਵਿਚ ਸਾਂਭਿਆ ਹੋਇਆ ਹੈ।

ਰੰਗਾ ਸਿੰਘ ਮਾਨ ਦੇ ਲਿਖੇ ਗਾਏ ਗੀਤਾਂ ਵਿਚੋਂ ਕੁਝ ਦੀ ਵੰਨਗੀ :

ਇਕ ਭਾਰਤੀ ਸੰਗੀਤ
ਦੂਜਾ ਪੌਪ ਦਾ ਨਜ਼ਾਰਾ
ਕੇਹੜਾ ਦੋਵਾਂ ਵਿਚੋਂ ਚੰਗਾ
ਆਪਾਂ ਕਰਨਾ ਨਿਤਾਰਾ
ਪੌਪ ਦੇ ਗਵੱਈਆਂ ਨੂੰ ਜੇ
ਆਪਣੇ 'ਤੇ ਮਾਣ ਏਂ
ਭਾਰਤੀ ਸੰਗੀਤ ਦੀ ਵੱਖਰੀ
ਪਛਾਣ ਏਂ
ਭਾਰਤੀ ਸੰਗੀਤ ਦੀਆਂ
ਪੱਕੀਆਂ ਨੇ ਬੰਦਿਸ਼ਾਂ
ਪੌਪ ਦੀ ਬਿਮਾਰੀ ਜਿਵੇਂ
ਕੱਢੀ ਜਾਂਦੀ ਰਜਿੰਸ਼ਾਂ
'ਮਾਨ ਮੁਕਸਰੀ' ਏਸੇ ਗੱਲ ਤੋਂ
ਹੈਰਾਨ ਏਂ
ਭਾਰਤੀ ਸੰਗੀਤ ਦੀ ਵੱਖਰੀ
ਪਛਾਣ ਏਂ



ਅੱਤ ਚੁੱਕ ਲਈ ਇਸ ਤਨ ਦੇ
ਨੰਗੇਜ਼ ਨੇ
ਮੁੱਖ ਮੋੜ ਲਿਆ ਜਿਵੇਂ
ਸਾਥੋਂ ਪਰਹੇਜ਼ ਨੇ
ਏਹ ਮਾਨ ਦੀ ਆਵਾਜ਼
'ਪੌਪ ਦਿਨਾਂ ਦਾ ਮਹਿਮਾਨ ਏਂ'
ਭਾਰਤੀ ਸੰਗੀਤ ਦੀ
ਵੱਖਰੀ ਪਛਾਣ ਏਂ

ਰੰਗਾ ਸਿੰਘ ਮਾਨ ਆਸਵੰਦ ਹੈ ਕਿ "ਲੋਕਾਂ ਦੀ ਗਾਇਕੀ" ਫਿਰ ਪਰਤੇਗੀ ਅਤੇ ਪੌਪ ਦੇ ਨਜ਼ਾਰੇ ਨੂੰ ਲੋਕਾਂ ਜ਼ਿਆਦਾ ਚਿਰ ਨਹੀਂ ਮਾਨਣਾ :

ਕਿੱਥੇ ਤੀਆਂ ਤ੍ਰਿੰਝਣ ਸਾਡੇ
ਕਿਥੇ ਤੁਰੀ ਜੁਆਨੀ
ਗਿੱਧੇ, ਭੰਗੜੇ ਛੱਡ ਕੇ ਯਾਰੋ
ਡਿਸਕੋ ਹੋਈ ਦੀਵਾਨੀ
"ਮਾਨ ਮੁਕਤਸਰੀ" ਮੁੱਲ ਪਾਊਗਾ
ਤੇਰੀ ਏਸ ਪੁਕਾਰ ਦਾ
ਆਓ! ਹੁੰਦਾ ਕਤਲ ਬਚਾਈਏ
ਆਪਣੇ ਸਭਿਆਚਾਰ ਦਾ
ਕੌਣ ਭਰੂ ਹਰਜ਼ਾਨਾ ਵੀਰੋ
ਭੈੜੀ ਕਲਮ ਦੀ ਮਾਰ ਦਾ

ਰੰਗਾ ਸਿੰਘ ਮਾਨ ਸੱਚੇ ਹਿਰਦੇ ਵਾਲਾ ਕਲਾਕਾਰ ਹੈ, ਇਸੇ ਲਈ ਉਹ ਆਪਣੇ ਸਭਿਆਚਾਰ ਤੋਂ ਬੇਮੁੱਖ ਹੋ ਰਹੀ ਨਵੀਂ ਪਨੀਰੀ ਲਈ ਚਿੰਤਾਤੁਰ ਜਾਪਦਾ ਹੈ।

ਪੰਜਾਬ ਤੇ ਪੰਜਾਬੀ ਬਾਰੇ ਉਸਦਾ ਇਕ ਗੀਤ ਦੂਰਦਰਸ਼ਨ ਤੋਂ ਟੈਲੀਕਾਸਟ ਹੁੰਦਾ ਰਹਿੰਦਾ ਹੈ :

ਪੰਜਾਬ ਮੇਰਾ ਦੇਸ਼ ਤੇ ਪੰਜਾਬੀ ਮੇਰੀ ਬੋਲੀ ਏ
ਨੈਨ ਆਲੇ-ਭੋਲੇ ਤੇ ਨੁਹਾਰ ਆਲੀ-ਭੋਲੀ ਏ
ਜਦੋਂ ਵੀ ਪੰਜਾਬੀ ਵਿਚ
ਬੋਲ ਕੋਈ ਬੋਲਦਾ
ਦੇਸ਼ ਦੀਆਂ ਵਾਵਾਂ 'ਚ
ਸੁਗੰਧੀਆਂ ਏ ਘੋਲਦਾ
ਮਹਿਕ ਦੇ ਭੰਡਾਰਿਆਂ ਦੀ
ਗੰਢ ਕਿਹਨੇ ਖੋਹਲੀ ਏ
ਪੰਜਾਬ ਮੇਰਾ ਦੇਸ਼ ਤੇ
ਪੰਜਾਬੀ ਮੇਰੀ ਬੋਲੀ ਏ
ਵਾਰਸ ਤੇ ਚਾਤ੍ਰਿਕ, ਵੀਰ ਸਿੰਘ ਭਾਈ ਏ

ਬੇਦਲ ਹੋਰਾਂ ਨੇ ਵੀ ਏਹਦੀ ਸ਼ਾਨ ਚਮਕਾਈ ਏ
'ਮਾਨ ਮੁਕਸਰੀ' ਸਾਹਿਤ ਨਾਲ, ਭਰੀ ਏਹਦੀ
ਝੋਲੀ ਏ।

✪

ਪਿਆਰ ਪਿਆਰ ਜੱਗ ਸਾਰਾ ਕਹਿੰਦਾ
ਹਰ ਨਾ ਪਿਆਰ ਪਛਾਣੇ
ਓ ਤੇਰੇ ਦਿਲ ਦੀਆਂ ਯਾਰਾ
ਤੂੰਹੀਓਂ ਯਾ ਰੱਬ ਜਾਣੇ
ਇਸ਼ਕ ਦੀ ਗੂਹੜੀ ਰੰਗਣ ਦੇ ਵਿਚ
ਜੋ ਹੋਣ ਨਾ ਰੰਗੇ
ਪੱਥਰ ਦਿਲ ਮਹਿਬੂਬ ਦੇ ਨਾਲੋਂ
ਬਿਨਾ ਪਿਆਰ ਤੋਂ ਚੰਗੇ
"ਮਾਨ ਮੁਕਸਰੀ" ਕੇਹੜੀ ਗੱਲੋਂ
ਗਲੀਆਂ ਦੀ ਖੇਹ ਛਾਣੇ
ਓ ਤੇਰੇ ਦਿਲ ਦੀਆਂ ਯਾਰਾ
ਤੂੰਹੀਓਂ ਯਾ ਰੱਬ ਜਾਣੇ

✪

ਦਿਲ ਲੈ ਕੇ ਸੱਜਣਾਂ ਦਾ
ਦਿਲ ਨੀ ਦੁਖਾਈਦਾ
ਨਿੱਕੀ ਜਿਹੀ ਗੱਲ 'ਤੇ ਨੀ
ਮੁੱਖ ਮੋੜ ਜਾਈਦਾ
ਅੱਗ ਦੇ ਅੰਗਾਰ ਜਿਹੇ
ਸੀਨੇ ਵਿਚ ਹੌਲ਼ ਵੇ
ਸਾਡੇ ਨਾਲ ਕੀਤੇ ਹੋਏ
ਹਾਰ ਗਿਓਂ ਕੌਲ ਵੇ
ਆਪਣਾ ਬਣਾਕੇ ਨਹੀਂਓ
ਗ਼ੈਰ ਬਣ ਜਾਈਦਾ
ਦਿਲ ਲੈ ਕੇ ਸੱਜਣਾਂ ਦਾ
ਦਿਲ ਨਹੀਂ ਦੁਖਾਈਦਾ

✪

ਰੋਜ਼-ਰੋਜ਼ ਦੇ ਰੋਸੇ ਯਾਰਾ
ਸਾਥੋਂ ਪੁਗਦੇ ਨਾ
ਪਿਆਰ ਦਿਲਾਂ ਦੀ ਸਾਂਝ ਦੇ ਬੂਟੇ
ਖੇਤਾਂ ਦੇ ਵਿਚ ਉੱਗਦੇ ਨਾ

✪



ਤੂੰ ਜਦ ਦੀ ਹੋਈ ਪਰਾਈ ਨੀ
ਤੈਨੂੰ ਪਤਾ ਨੀ ਅਸਾਂ ਕਿੰਨਾ ਰੋਏ

✪

ਚੰਗੇ ਗੀਤ ਲਿਖਣ-ਗਾਉਣ ਤੋਂ ਇਲਾਵਾ ਰੰਗਾ ਸਿੰਘ ਮਾਨ ਅੰਗਰੇਜ਼ੀ ਵੀ ਚੰਗੀ ਬੋਲ ਲੈਂਦਾ ਹੈ, ਜਿਹੜੇ ਥਾਂ ਨਹੀਂ ਵੀ ਅੰਗਰੇਜ਼ੀ ਬੋਲਣ ਦੀ ਲੋੜ, ਉਥੇ ਵੀ ਬੋਲਦਾ ਹੈ। ਹੁਣ ਗਾਉਣ ਲਈ ਲੂਰ੍ਹੀਆਂ ਫਿਰ ਉੱਠਦੀਆਂ ਹਨ ਤਾਂ ਕਹਿੰਦਾ ਹੈ, "ਆਪਾਂ ਕੈਸਟ ਕਰੌਣੀ ਆਂ... ਧੁੰਮਾਂ ਪਾਉਣੀਆਂ ਕੇਰਾਂ...।"

ਟਾਈਮ ਦਾ ਤਾਂ ਉਹ ਏਨਾ ਪਾਬੰਦ ਹੈ ਕਿ ਆਜ਼ਾਦ ਲੇਖਕ ਮੰਚ ਗਿੱਦੜਬਾਹਾ ਵੱਲੋਂ ਮੇਰਾ ਰੂਬਰੂ ਪ੍ਰੋਗਰਾਮ ਸੀ, ਉਸਨੂੰ ਅਖਬਾਰ ਰਾਹੀਂ ਪਤਾ ਲੱਗਿਆ, ਉਸ ਆਪਣੀ ਤੂੰਬੀ ਬੈਗ ਵਿਚ ਪਾਈ, ਸਾਡੇ ਪਹੁੰਚਣ ਤੋਂ ਪਹਿਲੋਂ ਹੀ ਉਹ ਖਲੋਤਾ ਹੋਇਆ ਸੀ।

ਮੈਂ ਤੇ ਮੇਰਾ ਮਿੱਤਰ ਕੰਵਲਜੀਤ ਸਿੱਧੂ ਜਦ ਉਹਦੇ ਕੋਲੋਂ ਵਕਤ ਲੈ ਕੇ ਉਹਦੇ ਘਰ ਮਿਲਣ ਲਈ ਗਏ ਤਾਂ ਉਹ ਸਜਿਆ-ਫਬਿਆ ਮੇਲੇ ਜਾਣ ਵਾਲਿਆਂ ਵਾਂਗ ਤਿਆਰ ਹੋ ਕੇ ਬੈਠਾ ਸੀ ਟੀ.ਵੀ. ਦੇਖ ਰਿਹਾ ਸੀ, ਕੋਈ ਨਵਾਂ ਗਾਇਕ ਗਾ ਰਿਹਾ ਸੀ, ਤੇ ਨਾਲ ਉਹਦੇ ਨੰਗੀਆਂ ਕੁੜੀਆਂ ਨੱਚ ਰਹੀਆਂ ਸਨ, ਰੰਗਾ ਸਿੰਘ ਮਾਨ ਬੋਲਿਆ, "ਅਹਿ ਵੇਖੋ, ਕੀ ਗੰਦ ਪਾਇਆ ਏ ਕੰਜਰਾਂ ਨੇ.... ਏਹ ਕੋਈ ਗਾਣਾ ਏ ?" ਅਸੀਂ ਬੈਠੇ ਹੀ ਸਾਂ ਕਿ ਕੁਝ ਮਿੰਟਾਂ ਮਗਰੋਂ ਹੀ ਰੰਗਾ ਸਿੰਘ ਮਾਨ ਦਾ ਗੀਤ ਡੀ.ਡੀ. ਪੰਜਾਬੀ ਉੱਤੇ ਵੱਜਣ ਲੱਗਿਆ :

ਆਓ ਹੁੰਦਾ ਕਤਲ ਬਚਾਈਏ
ਆਪਣੇ ਸਭਿਆਚਾਰ ਦਾ
ਕੌਣ ਭਰੂ ਹਰਜਾਨਾ ਵੀਰੋ
ਕਲਮ ਦੀ ਭੈੜੀ ਮਾਰ ਦਾ....

ਰੰਗਾ ਸਿੰਘ ਮਾਨ ਖੁਸ਼ ਹੋ ਰਿਹਾ ਸੀ ਤੇ ਆਖ ਰਿਹਾ ਸੀ, "ਅਹਿ ਵੇਖੋ, ਵੇਖੋ ਅਹਿ, ਗੀਤ ਏ, ਜਾਂ ਨਹੀਂ ? ਵੇਖੋ.... ਅਹਿ ਸੁਣਕੇ ਸ਼ਰਮ ਆਉਣੀ ਚਾਹੀਦੀ ਹੈ ਏਹਨਾਂ ਨੂੰ... ਕੰਜਰ ਕਿਤੋਂ ਦੇ... ਦੱਸੋ ਤੁਸੀਂ ਘੁਗਿਆਣਵੀ ਜੀ... ਅਹਿ ਐ ਗੀਤ...।"

ਉਹਦਾ ਚਿਹਰਾ ਤਸੱਲੀ ਦੇ ਭਾਵ ਨਾਲ ਚਮਕ ਰਿਹਾ ਸੀ।

✪ ✪ ✪

# ਗੁਰੂਆਂ ਦਾ ਦਾਸ

ਗੁਰਦਾਸ ਮਾਨ ਨੂੰ ਮੈਂ ਇਕ ਵਾਰੀ ਵੀ ਨਹੀਂ ਮਿਲਿਆ, ਕਦੇ ਸਬੱਬ ਹੀ ਨਹੀਂ ਬਣਿਆ ਮਿਲਣ ਖਾਤਰ!

ਸਾਲ 1999 ਦੇ ਬਾਬਾ ਫਰੀਦ ਮੇਲੇ 'ਤੇ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਗੁਰਦਾਸ ਮਾਨ ਦਾ ਪ੍ਰੋਗਰਾਮ ਸੀ। ਓਦਣ ਮੇਰੀ ਇਹ ਪੱਕੀ ਧਾਰੀ ਹੋਈ ਸੀ ਕਿ ਅੱਜ 'ਗੁਰਦਾਸ ਬਾਈ ਜੀ' ਨੂੰ ਜ਼ਰੂਰ ਮਿਲਾਂਗਾ, ਚਾਹੇ 'ਸਤਿ ਸ਼੍ਰੀ ਅਕਾਲ' ਹੀ ਕਿਉਂ ਨਾ



ਸਾਂਝੀ ਹੋਵੇ। ਜਦ ਮੈਂ ਸਟੇਡੀਅਮ ਵਿਚ ਪੁੱਜਾ, ਤਾਂ ਦੇਖਿਆ, ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ! "ਹੈਂਅ...... ਐਨੀ ਦੁਨੀਆਂ ? ਕਿਧਰੋਂ ਆ ਗਈ ਐਨੀ ਦੁਨੀਆਂ.... ਬੱਲੇ ਬੱਲੇ ਬੱਲੇ।" ਮੇਰੇ ਮੂੰਹੋਂ ਆਪ ਮੁਹਾਰੇ ਨਿੱਕਲਿਆ, "ਇਹ ਸਾਰੀ ਦੁਨੀਆਂ ਬਾਈ ਗੁਰਦਾਸ ਨੂੰ ਸੁਣਨ ਖਾਤਰ ਹੀ ਆਈ ਹੋਈ ਹੈ ਏਥੇ।"

ਸਟੇਡੀਅਮ ਨੱਕੋ-ਨੱਕ ਭਰ ਗਿਆ ਹੋਇਆ ਸੀ, ਪਰ ਲੋਕ ਹਾਲੇ ਹੋਰ ਤੁਰੇ ਆ ਰਹੇ ਸਨ। ਲੋਕਾਂ ਨੂੰ ਟਿਕਾ ਕੇ ਬਿਠਾਉਣ ਲਈ 'ਖਾਖੀ ਵਰਦੀਆਂ ਵਾਲੇ' ਵੀ ਹੁਰਲ੍ਹ-ਹੁਰਲ੍ਹ ਕਰਦੇ, ਡੰਡੇ ਘੁਮਾਂਦੇ, ਲੋਕਾਂ ਨੂੰ ਦਬਕਾਂਦੇ ਫਿਰਦੇ ਸਨ। ਹਰ ਕਿਸਮ ਦੇ ਸਰੋਤੇ ਸਨ, ਬੀਬੀਆਂ-ਭੈਣਾਂ ਤੋਂ ਲੈ ਕੇ ਬਾਈ-ਭਾਈ, ਬਾਬੇ ਤੇ ਨਿੱਕੇ-ਨਿੱਕੇ ਜੁਆਕ-ਜੁਆਕੜੀਆਂ ਵੀ ਸਕੂਲਾਂ ਵਿਚੋਂ ਆਏ ਹੋਏ ਸਨ। ਗੁਰਦਾਸ ਦੇ ਆਉਣ ਦੀ ਖੁਸ਼ੀ ਵਿਚ ਮੁੰਡੀਹਰ ਮੱਛਰੀ ਤੇ ਮਸਤੀ ਫਿਰਦੀ ਸੀ।

ਸਟੇਜ ਸਟੇਡੀਅਮ ਦੇ ਬਿਲਕੁਲ ਵਿਚਾਲੇ ਸੀ ਤੇ ਦੂਰ-ਦੂਰ ਤੀਕ ਲੋਕ ਸਨ। ਸਟੇਜ ਦੀ ਪਿੱਠ ਵਾਲੇ ਪਾਸੇ ਵੀ ਓਨੇ ਈ ਲੋਕ ਸਨ, ਜਿੰਨੇ ਸਟੇਜ ਦੇ ਮੂਹਰਲੇ ਪਾਸੇ ਬੈਠੇ ਹੋਏ ਸਨ।

ਗੁਰਦਾਸ ਦੀ ਗੱਡੀ ਆਈ। ਸਾਜ਼ੀ ਪਹਿਲੋਂ ਹੀ ਪਹੁੰਚ ਚੁੱਕੇ ਸਨ। ਜਦੋਂ ਸਾਜ਼ ਵੱਜੇ, ਲੋਕ ਤਾੜੀਆਂ ਅਤੇ ਕੂਕਾਂ ਕਿਲਕਾਰੀਆਂ ਮਾਰਨ ਲੱਗੇ। ਗੁਰਦਾਸ ਗੱਡੀ ਵਿਚੋਂ ਨਿਕਲਿਆ, ਉਸਦੇ ਹਰੇ ਰੰਗ ਦਾ ਕੁੜਤਾ-ਚਾਦਰਾ ਪਹਿਨਿਆ ਹੋਇਆ ਸੀ। ਉਸ ਲੋਕਾਂ ਨੂੰ ਹੱਥ ਜੋੜੇ ਅਤੇ ਫਿਰ ਉਸ ਨੇ ਸਾਰੇ ਸਟੇਡੀਅਮ ਵਿਚ ਬੈਠੇ ਲੋਕਾਂ ਨੂੰ ਨੇੜਿਓਂ ਜਾ ਕੇ ਪ੍ਰਣਾਮ ਕਰਨ ਲਈ ਦੌੜਦਿਆਂ ਚਾਰ ਸੌ ਵਰਗ ਮੀਟਰ ਦਾ ਸਾਰੇ ਸਟੇਡੀਅਮ ਵਿਚ ਪੂਰਾ ਗੇੜਾ ਘੱਤਿਆ। ਤੇ ਉਹ ਸਟੇਜ ਉੱਪਰ ਆ ਗਿਆ। ਸਭ ਲੋਕ ਆਪਣਾ-ਆਪਾ ਭੁੱਲ ਚੁੱਕੇ ਸਨ। ਲੋਕ ਸਟੇਜ ਦੇ ਨੇੜੇ ਆਉਣਾ ਚਾਹੁੰਦੇ ਸਨ ਪਰ 'ਖਾਖੀ ਵਰਦੀਆਂ ਵਾਲੇ' ਡੰਡੇ ਘੁੰਮਾਉਣੋ ਅਤੇ ਲੋਕਾਂ ਨੂੰ ਦਬਕਾਉਣੋ ਨਹੀਂ ਹਟ ਰਹੇ ਸਨ।

ਜਦੋਂ ਗੁਰਦਾਸ ਨੇ ਕਿਹਾ, "ਬਾਬਿਓ, ਮੇਰੇ ਪਿਆਰੇ ਲੋਕਾਂ ਨੂੰ ਮੇਰੇ ਨੇੜੇ ਆ ਜਾਣ ਦਿਓ।" ਤਾਂ ਲੋਕ ਸਟੇਜ ਦੇ ਨੇੜੇ ਆ ਗਏ ਤੇ ਉਹ ਬਾਬਾ ਫਰੀਦ ਦਾ ਕਲਾਮ ਗਾਉਣ ਲੱਗ ਪਿਆ, ਲੋਕ ਮਸਤੀ ਵਿਚ ਝੂਮ ਰਹੇ ਸਨ, ਪੂਰਾ ਨਜ਼ਾਰਾ ਬੱਝਾ ਹੋਇਆ ਸੀ। ਤਾਂ ਇਕ ਖਾਖੀ ਵਰਦੀ ਵਾਲੇ ਅਫਸਰ ਨੇ ਆਣ ਕੇ ਆਖਿਆ, "ਬਾਦਲ ਸਾਹਿਬ ਨੇ ਆਉਣਾ ਹੈ ਇਹਨਾਂ (ਲੋਕਾਂ) ਨੂੰ ਦੂਰ-ਦੂਰ ਬਠਾਓ।"

ਗੁਰਦਾਸ ਮਾਨ ਨੇ ਆਖਿਆ, "ਕੀ ਹੋਇਆ ਬਾਬਿਓ, ਜੇ ਬਾਦਲ ਸਾਹਬ ਨੇ ਆਉਣਾ ਹੈ, ਬਾਦਲ ਸਾਹਿਬ ਤਾਂ ਨਿੱਤ ਈ ਮਿਲਦੇ ਨੇ ਮੈਂ ਤਾਂ ਏਹਨਾਂ ਲਈ ਗਾਉਣ ਆਇਆ ਹਾਂ, ਕੀ ਕਹਿੰਦੇ ਨੇ ਇਹ ਬਾਦਲ ਸਾਹਿਬ ਨੂੰ ?"

ਖਾਖੀ ਵਰਦੀ ਵਾਲੇ ਨਾਲ ਗੁਰਦਾਸ ਨੂੰ ਜਿਦਦਾ ਦੇਖ ਕੇ ਭੀੜ ਵਿਚੋਂ ਇਕ ਸਰੋਤੇ ਨੇ ਆਵਾਜ਼ ਕਸੀ, "ਜੇ ਸਾਨੂੰ ਉਠਾਇਆ, ਤਾਂ ਅਸੀਂ ਘਰ ਚਲੇ ਜਾਵਾਂਗੇ",

ਅੱਗੋਂ ਗੁਰਦਾਸ ਨੇ ਕਿਹਾ, "ਜੇ ਤੁਸੀਂ ਘਰ ਜਾਵੋਗੇ ਤਾਂ ਮੈਂ ਵੀ ਚਲਾ ਜਾਵਾਂਗਾ।" ਲੋਕ ਆਪਣੇ ਹਰਦਿਲ ਅਜੀਜ਼ ਫਨਕਾਰ ਗੁਰਦਾਸ ਮਾਨ ਦੀ ਮਜਬੂਰੀ ਨੂੰ ਦੇਖਦੇ ਹੋਏ ਆਪਣੇ ਆਪ ਪਿੱਛੇ ਹਟ ਕੇ ਬੈਠ ਗਏ ਸਨ। ਉਸ ਬਾਬਾ ਫਰੀਦ ਨੂੰ ਯਾਦ ਕਰਦਿਆਂ ਉਸਦੇ ਸ਼ਲੋਕ ਗਾਏ। ਜਦੋਂ ਉਹ ਵਾਰ-ਵਾਰ 'ਫਰੀਦ ਫਰੀਦ' ਉਚਾਰ

ਰਿਹਾ ਸੀ ਤਾਂ ਇਉਂ ਲੱਗਦਾ ਸੀ ਕਿ ਜਿਵੇਂ ਅੱਜ ਸੱਚਮੁੱਚ ਹੀ ਪਤਾ ਨਹੀਂ ਕਿੱਥੋਂ ਬਾਬਾ ਫਰੀਦ ਫਰੀਦਕੋਟ ਵਾਸੀਆਂ ਦੇ ਵਿਚਕਾਰ ਆਣ ਖਲੋਤਾ ਹੈ ਤੇ ਗੁਰਦਾਸ ਉਸ ਅੱਗੇ ਗੌਣ ਗਾ ਕੇ ਬੰਦਨਾ ਕਰ ਰਿਹੈ। ਫਿਰ ਗੁਰਦਾਸ ਗਾਉਣ ਲੱਗਿਆ 'ਆਪਣਾ ਪੰਜਾਬ ਹੋਵੇ...'।

ਲੋਕ ਉਸ ਨੂੰ ਨੀਝ ਨਾਲ ਸੁਣ ਰਹੇ ਸਨ। ਪ੍ਰੋਗਰਾਮ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਬਾਦਲ ਜੀ ਵੀ ਤਸ਼ਰੀਫ ਲੈ ਆਏ ਅਤੇ ਆਪਣੀ ਵੱਖਰੀ ਸਟੇਜ ਉੱਪਰ ਬੈਠ ਗਏ। ਗੁਰਦਾਸ ਦੀ ਸਟੇਜ ਇਹਨਾਂ ਦੀ ਸਟੇਜ ਨਾਲੋਂ 80 ਮੀਟਰ ਦੂਰ ਸਟੇਡੀਅਮ ਦੇ ਐਨ ਵਿਚਾਲੇ ਸੀ। ਗੁਰਦਾਸ ਗਾਉਂਦਾ ਰਿਹਾ, ਜਦ ਇਕ ਗੀਤ ਗਾ ਹਟਿਆ ਤਾਂ ਉੱਧਰਲੇ ਸਪੀਕਰ ਵਿਚੋਂ ਆਵਾਜ਼ ਆਈ, "ਮਾਨ ਸਾਹਬ ਨੂੰ ਬਾਦਲ ਜੀ ਸਨਮਾਨਤ ਕਰਨਗੇ", ਤਾਂ ਗੁਰਦਾਸ ਆਪਣਾ ਅਗਲਾ ਗੀਤ 'ਛੱਲਾ' ਜਾਰੀ ਰਖਦਿਆਂ ਹੋਇਆਂ ਕਾਡ-ਲੈੱਸ ਮਾਇਕ ਹੱਥ ਵਿਚ ਫੜ੍ਹ ਕੇ ਓਧਰਲੀ ਸਟੇਜ ਵੱਲ ਨੂੰ ਚੱਲ ਪਿਆ ਅਤੇ ਸਟੇਜ ਦੇ ਲਾਗੇ ਹੀ ਪਿਆ ਬਾਜ਼ੀਗਰਾਂ ਦਾ ਇਕ ਹਲ ਉਸ ਆਪਣੇ ਮੋਢੇ ਉੱਪਰ ਧਰ ਲਿਆ, ਉਹ ਪੰਜਾਬ ਦੇ ਕਿਰਸਾਨ ਦਾ ਕੋਈ ਬੋਲ ਗਾ ਰਿਹਾ ਸੀ। ਗਾਉਂਦਾ-ਗਾਉਂਦਾ ਹੀ ਉਹ ਬਾਦਲ ਜੀ ਦੇ ਲਾਗੇ ਗਿਆ ਅਤੇ ਬਾਦਲ ਜੀ ਨੇ ਉਹਦੇ ਗਲ ਵਿਚ ਲੋਈ ਪਾਈ ਜੋ ਗੁਰਦਾਸ ਨੇ ਉਦੋਂ ਹੀ ਆਪਣੇ ਗਲੋਂ ਲਾਹ ਕੇ ਉਥੇ ਬੈਠੀ ਇੱਕ ਬੁੱਢੀ ਮਾਈ ਦੇ ਗਲ ਪਾ ਦਿੱਤੀ ਅਤੇ ਉਹਦੇ ਚਰਨ ਛੂਹੇ, ਉਹਨਾਂ ਕੋਲੋਂ ਆਪਣਾ ਟਊਆ (ਮੋਮੈਂਟੋ) ਪ੍ਰਾਪਤ ਕਰਕੇ ਗਾਉਂਦਾ-ਗਾਉਂਦਾ ਹੀ ਆਪਣੀ ਸਟੇਜ ਉੱਪਰ ਆ ਗਿਆ।

ਹੁਣ ਲੱਗੇ ਬਾਦਲ ਸਾਹਿਬ ਕਰਨ ਤਕਰੀਰ, ਲੋਕਾਂ ਨੇ ਘੱਤ ਲਈ ਵਹੀਰ, ਜਦੋਂ ਲੋਕ ਜਾਣ ਲੱਗੇ ਤਾਂ ਗੁਰਦਾਸ ਗਾਉਣ ਲੱਗਿਆ :

ਜਾਵੋ ਨੀ ਕੋਈ ਮੋੜ ਲਿਆਵੋ
ਮੇਰੇ ਨਾਲ ਗਿਆ ਜੇ ਲੜਕੇ....

ਲੋਕ ਮੁੜ ਆਏ ਪਰ ਬਾਦਲ ਸਾਹਬ ਦੀ ਤਕਰੀਰ ਕਿਸੇ ਨਾ ਸੁਣੀ। ਕਹਿੰਦੇ ਹਨ ਕਿ ਇਹ ਪਹਿਲੀ ਵਾਰੀ ਹੋਇਆ ਸੀ, ਜਦੋਂ ਬਾਦਲ ਸਾਹਿਬ ਨੂੰ ਫਰੀਦਕੋਟ ਦੇ ਲੋਕਾਂ ਨੇ ਬਿਨਾਂ ਤਕਰੀਰ ਕੀਤਿਆਂ ਵਾਪਸ ਘੱਲ ਦਿੱਤਾ ਸੀ।

ਗੁਰਦਾਸ ਮਾਨ ਫਿਰ ਗਾਉਣ ਲੱਗਿਆ। ਹਜ਼ਾਰਾਂ ਵਿਚੋਂ ਕਿਸੇ ਇਕ ਸਰੋਤੇ ਨੇ ਵੀ ਇਹ ਚਿਤਵਿਆ ਨਹੀਂ ਹੋਣਾ ਕਿ ਇਥੇ ਇੰਝ ਵੀ ਹੋ ਜਾਵੇਗਾ ? ਜਾਂ ਏਡਾ ਚੰਗਾ ਪ੍ਰੋਗਰਾਮ ਏਨੀ ਬੁਰੀ ਤਰ੍ਹਾਂ ਉੱਜੜ ਜਾਵੇਗਾ ? ਗਾਉਂਦੇ-ਗਾਉਂਦੇ ਗੁਰਦਾਸ ਨੇ ਲੋਕਾਂ ਨੂੰ ਆਖਿਆ, "ਆ ਜਾਓ ਹਜ਼ੂਰ, ਮੇਰੇ ਨੇੜੇ ਆ ਜਾਓ"। ਲੋਕ ਤਾਂ ਪਹਿਲਾਂ ਹੀ ਉਤਾਵਲੇ ਸਨ ਉਹਦੇ ਨੇੜੇ ਆਉਣ ਲਈ। ਲੋਕ ਉੱਠ ਕੇ ਸਟੇਜ ਦੇ ਆਸੇ-ਪਾਸੇ ਬਹਿਣ ਲੱਗੇ ਤਾਂ ਖਾਕੀ ਵਰਦੀਆਂ ਵਾਲੇ ਰੋਕਣ ਲੱਗੇ, ਪਰ ਲੋਕ ਨਾ ਰੁਕੇ। ਹੁਣ ਲੋਕਾਂ ਦੀ ਭੀੜ ਪੁਲਿਸ ਤੋਂ ਬੇਕਾਬੂ ਹੋ ਕੇ ਆਪਣੇ ਪਿਆਰੇ ਫ਼ਨਕਾਰ ਦੇ ਨੇੜੇ ਜਾ ਚੁੱਕੀ ਸੀ ? ਇੰਝ ਹੋਣ ਨਾਲ ਖਾਕੀ ਵਰਦੀਆਂ ਵਾਲਿਆਂ ਦੇ ਪਤਾ ਨਹੀਂ ਢਿੱਡਾਂ 'ਚ ਪੀੜ ਹੁੰਦੀ ਸੀ। ਉਹਨਾਂ ਲੋਕਾਂ ਉੱਪਰ ਡਾਂਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਲੋਕ ਬੇਵੱਸ ਸਨ। ਲਾਠੀਚਾਰਜ ਵੀ ਏਨਾ ਜ਼ਬਰਦਸਤ ਕਿ ਉਥੇ ਹਾਜ਼ਰ ਸਾਰੇ ਖਾਖੀਆਂ ਵਰਦੀਆਂ ਵਾਲੇ ਲੋਕਾਂ ਨੂੰ ਕੁੱਟਣ ਹੀ ਲੱਗੇ ਹੋਏ ਸਨ। ਹਾਹਾਕਾਰ ਮੱਚੀ ਹੋਈ ਸੀ।



ਮਿੰਟਾਂ ਵਿਚ ਹੀ, ਕੀ ਤੋਂ ਕੀ ਹੋ ਗਿਆ, ਜਿਵੇਂ ਘਮਸਾਨ ਯੁੱਧ ਹੋਇਆ ਹੋਵੇ। ਕਿਧਰੇ ਪੱਗਾਂ ਲੱਥੀਆਂ ਪਈਆਂ ਸਨ, ਕਿਧਰੇ ਬੂਟ, ਜੁੱਤੇ ਤੇ ਚੱਪਲਾਂ। ਲੋਕਾਂ ਦੇ ਕੱਪੜੇ ਪਾਟ ਗਏ। ਖ਼ੂਨ ਵੀ ਕਈਆਂ ਦੇ ਵਹਿ ਗਿਆ ਸੀ। ਗੁਰਦਾਸ ਬਿਚਾਰਾ ਲਾਚਾਰ ਸੀ। ਭਰੇ ਮਨ ਨਾਲ ਉਹ ਆਪਣਾ ਪ੍ਰੋਗਰਾਮ ਛੱਡ ਕੇ ਚਲਾ ਗਿਆ। ਉਹ ਅਣਮੰਨੇ ਜਿਹੇ ਮਨ ਨਾਲ ਜਾਂਦਾ ਹੋਇਆ ਆਖ ਰਿਹਾ ਸੀ, "ਮੇਰੇ ਪਿਆਰੇ ਸਰੋਤਿਆਂ ਦੀ ਏਨੀ ਬੇਹੁਰਮਤੀ ? ਮੈਥੋਂ ਸਹਿਣ ਨਹੀਂ ਹੋਈ ਲੋਕੋ ! ਮੈਨੂੰ ਇਉਂ ਲੱਗਾ ਐ ਕਿ ਜਿਵੇਂ ਅੱਜ ਮੇਰੇ ਈ ਦਾਦਿਆਂ ਅਤੇ ਪਿਉਆਂ ਦੀਆਂ ਪੱਗਾਂ ਰੋਲ਼ੀਆਂ ਗਈਆਂ ਹੋਣ।"

ਹੁਣ ਮੈਂ ਅਜਿਹੀ ਸਥਿਤੀ ਵਿਚ ਗੁਰਦਾਸ ਬਾਈ ਨੂੰ ਭਲਾ ਕਿਵੇਂ ਮਿਲਦਾ ? ਮੇਰਾ ਮਨ ਬੁਰੀ ਤਰ੍ਹਾਂ ਢੱਠ ਚੁੱਕਾ ਸੀ ਤੇ ਮੈਂ ਭੀੜ ਵਿਚ ਵਿੱਛੜ ਚੁੱਕੇ ਆਪਣੇ ਸਾਥੀਆਂ ਨੂੰ ਢੂੰਡ ਰਿਹਾ ਸਾਂ। ਆਖਿਰ ਮੈਂ ਬੌਂਦਲਿਆ ਜਿਹਾ ਤੇ ਡਿਗਦਾ-ਢਹਿੰਦਾ ਬੱਸ ਅੱਡੇ 'ਤੇ ਆਇਆ ਅਤੇ ਆਪਣੇ ਪਿੰਡ ਨੂੰ ਜਾਣ ਵਾਲੀ ਟੁੱਟੀ ਜਿਹੀ ਮਿੰਨ੍ਹੀ ਬੱਸ ਵਿਚ ਸਿਰ ਫੜ੍ਹ ਕੇ ਬੈਠ ਗਿਆ।

...... ...... ......

ਗੁਰਦਾਸ ਦੇ ਬੜੇ ਥਾਂਈ ਵੱਡੇ-ਵੱਡੇ ਪ੍ਰੋਗਰਾਮਾਂ ਵਿਚ ਰੌਲ਼ੇ ਰੱਪੇ ਅਤੇ 'ਸਿਆਪੇ' ਪਏ ਹਨ। ਬੜੇ ਵਾਰੀ ਮੰਤਰੀਆਂ ਅਤੇ ਡੀਸੀਆਂ ਨੂੰ ਭਾਜੜਾਂ ਪਈਆਂ ਹਨ ਤੇ ਉਹਨਾਂ ਨੂੰ ਗੁਰਦਾਸ ਮਾਨ ਦੀਆਂ ਲੇਲ੍ਹੜੀਆਂ ਅਤੇ ਤਰਲੇ ਵੀ ਕਰਨੇ ਪਏ ਹਨ। ਪਰ ਫਰੀਦਕੋਟ ਸਟੇਡੀਅਮ ਵਿਚਲੇ ਉਜਾੜੇ ਗਏ ਪ੍ਰੋਗਰਾਮ ਦੀ ਅੱਖੀਂ ਡਿੱਠੀ ਤਸਵੀਰ ਮੈਨੂੰ ਸ਼ਾਇਦ ਕਦੇ ਵੀ ਭੁੱਲ ਨਾ ਸਕੇ !

ਜਦੋਂ ਮੈਂ 'ਮਾਨ ਪੰਜਾਬ ਦੇ' ਪੁਸਤਕ ਤਿਆਰ ਕਰ ਰਿਹਾ ਸਾਂ ਤਾਂ ਗੁਰਦਾਸ ਬਾਈ ਨੂੰ ਮਿਲਣਾ ਹੋਰ ਵੀ ਜ਼ਰੂਰੀ ਹੋ ਗਿਆ ਸੀ, ਯਤਨ ਕਰਨ ਦੇ ਬਾਵਜੂਦ ਵੀ ਉਹਨਾਂ ਨਾਲ ਮੇਲ ਨਾ ਹੋ ਸਕਣਾ, ਮੈਨੂੰ ਉਪਰਾਮ ਅਤੇ ਨਿਰਾਸ਼ ਤਾਂ ਕਰਦਾ ਹੀ ਸੀ, ਸਗੋਂ ਇੰਝ ਵੀ ਲੱਗ ਰਿਹਾ ਕਿ ਏਡੇ ਉੱਚੇ ਕਿਰਦਾਰ ਅਤੇ ਸੁੱਚੀ-ਕਲਾ ਵਾਲੇ ਵਿਸ਼ਵ ਪ੍ਰਸਿੱਧ ਲੋਕ-ਫ਼ਨਕਾਰ ਬਾਰੇ ਲੇਖ, ਉਸਨੂੰ ਮਿਲੇ ਬਿਨਾਂ ਕਿੰਝ ਸੰਪੂਰਨ ਕਰਾਂਗਾ ?

ਲਗਦਾ ਹੈ, ਗੁਰਦਾਸ ਮਾਨ ਨੂੰ ਮੈਂ ਇਕ ਵਾਰ ਵੀ ਨਾ ਮਿਲ ਕੇ ਸਗੋਂ ਅਨੇਕਾਂ ਵਾਰੀ ਮਿਲਿਆ ਹਾਂ। ਕਿਉਂਕਿ ਉਸਦੀ ਵਿਲੱਖਣ ਗਾਇਨ-ਕਲਾ ਅਤੇ ਉਚ-ਕੋਟੀ ਦੀ ਸ਼ਾਇਰੀ ਮੈਨੂੰ ਹਮੇਸ਼ਾ ਟੁੰਬਦੀ ਅਤੇ ਪ੍ਰਭਾਵਿਤ ਕਰਦੀ ਰਹੀ ਹੈ। ਇਹੋ ਕਾਰਣ ਹੈ ਕਿ ਗੁਰਦਾਸ ਬਾਈ ਦੇ ਸਰੋਤਿਆਂ ਦੀ ਗਿਣਤੀ ਬੇਅਥਾਹ ਹੈ। ਉਸ ਨੂੰ ਹਰ ਉਮਰ ਦੇ, ਹਰ ਵਰਗ ਦੇ ਅਤੇ ਹਰ ਥਾਂ ਦੇ ਲੋਕ ਤਦੇ ਹੀ ਪਿਆਰਦੇ, ਸਤਿਕਾਰਦੇ, ਮਾਣਦੇ ਅਤੇ ਦੁਲਾਰਦੇ ਹਨ।

...... ...... ......

ਹਥਲੀ ਪੁਸਤਕ ਲਿਖਦਿਆਂ ਗਿੱਦੜਬਾਹੇ ਜਾਣਾ ਹੋਇਆ। ਹਾਕਮ ਸੂਫੀ ਨੂੰ ਪੁੱਛਿਆ, "ਬਾਈ ਗੁਰਦਾਸ ਦੇ ਘਰੇ ਜਾਣੈ, ਚੱਲੋਂਗੇ ਨਾਲ ?" ਉਹ ਆਪਣੇ

ਰੁਝੇਵਿਆਂ ਕਾਰਣ ਮੇਰੇ ਨਾਲ ਤਾਂ ਨਾ ਜਾ ਸਕਿਆ। ਪਰ ਆਪਣੇ ਛੋਟੇ ਭਰਾ 'ਨਛੱਤਰ ਬਾਬੇ' ਨੂੰ ਮੇਰੇ ਨਾਲ ਤੋਰ ਦਿੱਤਾ ਆਖਿਆ, "ਜਾਹ, ਬੇਬੇ ਜੀ ਦੇ ਦਰਸ਼ਨ ਕਰਵਾ ਲਿਆ ਕਾਫੀ ਜਾਣਕਾਰੀ ਬੇਬੇ ਜੀ ਤੋਂ ਵੀ ਮਿਲ ਸਕਦੀ ਹੈ।" ਜਦੋਂ ਮੈਂ ਅਤੇ ਨਛੱਤਰ ਗੁਰਦਾਸ ਬਾਈ ਦੇ ਸੱਜੇ-ਸੰਵਰੇ ਘਰ ਵਿਚ ਪੁੱਜੇ ਤਾਂ ਛੋਟੇ ਭਰਾ ਗੁਰਪੰਥ ਮਾਨ ਨੇ ਸਾਡਾ ਨਿੱਘਾ ਸਵਾਗਤ ਕੀਤਾ ਅਤੇ ਕੋਠੀ ਅੰਦਰ ਬੈਠੇ ਸਾਰੇ 'ਪੰਜਾਬ ਦੇ ਮਾਤਾ' (ਸ਼੍ਰੀਮਤੀ ਤੇਜ ਕੌਰ) ਜੀ ਨਾਲ ਸਾਨੂੰ ਮਿਲਵਾਇਆ। ਬਿਰਧ ਮਾਤਾ ਜੀ, ਸ਼ਾਂਤਮਈ ਚਿਹਰਾ, ਚਿੱਟੀਆਂ ਐਨਕਾਂ ਵਿਚੋਂ ਦੀ ਝਾਕਦੇ, ਦੀਵਾਨ ਉੱਪਰ ਵੱਡੇ ਸਿਰ੍ਹਾਣੇ ਦੀ ਢੋਅ ਲਾਈ ਬੈਠੇ, ਖੇਸ ਦੇ ਬੰਬਲ ਵੱਟ ਰਹੇ ਸਨ। ਅਸੀਂ ਉਹਨਾਂ ਦੇ ਪੈਰੀਂ ਹੱਥ ਲਗਾ ਕੇ ਉਹਨਾਂ ਦੇ ਲਾਗੇ ਕੁਰਸੀਆਂ ਉੱਪਰ ਬੈਠ ਗਏ ਤੇ ਫਿਰ ਹੋਣ ਲੱਗਿਆ, ਰੌਚਕ ਗੱਲਾਂ ਬਾਤਾਂ ਅਤੇ ਬਾਈ ਗੁਰਦਾਸ ਦੀਆਂ ਪੁਰਾਣੀਆਂ ਯਾਦਾਂ, ਬਚਪਣ ਦੀਆਂ ਖੇਡਾਂ ਅਤੇ ਉਸ ਦੇ ਵਿਲੱਖਣ ਕਾਰਨਾਮਿਆਂ ਦਾ ਖ਼ੁਲਾਸਾ।

ਜਦੋਂ ਗੁਰਦਾਸ ਆਪਣੇ ਖੇਤਾਂ ਵਿਚ ਹਲ਼ ਵਾਹੁੰਦਾ ਹੁੰਦਾ ਸੀ, ਉਸ ਦੇ ਪੈਰੀਂ ਠਿੱਬੀ ਜੁੱਤੀ ਪਾਈ ਹੁੰਦੀ ਤੇ ਹੱਥ 'ਚ ਪਰਾਣੀ ਫੜ੍ਹੀ ਉਹ ਕਿਰਸਾਨ ਦੀ ਮਾੜੀ ਹਾਲਤ ਨੂੰ ਗਾ ਕੇ ਬਿਆਨ ਕਰਦਾ :

ਠਿੱਬੇ ਛਿੱਤਰ ਤੇ ਹੱਥ 'ਚ ਪਰਾਣੀ
ਜੱਟਾ ਤੇਰੀ ਜੂਨ ਬੁਰੀ
ਰੁੱਖੀ ਰੋਟੀ ਤੇ ਛੱਪੜ ਦਾ ਪਾਣੀ
ਜੱਟਾ ਤੇਰੀ ਜੂਨ ਬੁਰੀ

ਉਹ ਫਲ੍ਹੇ ਹੱਕਦਾ ਹੁੰਦਾ, ਮੋਢੇ ਕਹੀ ਚੁੱਕੀ ਕੱਚੇ ਖਾਲ਼ੇ ਦੀਆਂ ਵੱਟਾਂ ਉੱਤੇ ਤੁਰਿਆ ਤੁਰਿਆ ਜਾਂਦਾ ਹੇਕਾਂ ਲਾਉਂਦਾ ਤਾਂ ਆਂਢੀ-ਗੁਆਂਢੀ ਖੇਤਾਂ ਵਾਲੇ ਹੈਰਾਨ ਹੁੰਦੇ। ਫਿਰ ਉਹ ਸਮਾਂ ਆਇਆ ਜਦੋਂ ਆਣ੍ਹ ਆ ਲੱਥੀ ਸੀ, ਤਾਂ ਉਸ ਗੀਤ ਜੋੜ ਕੇ ਗਾਇਆ ਸੀ :

ਪੀਪਾ ਚੁੱਕ ਕੇ ਤੁਰੀਂ ਕਿਰਸਾਨਾ
ਨਰਮੇ ਨੂੰ ਖਾ ਗਈ ਆਣ੍ਹ ਵੇ
ਪੀਪਾ ਚੱਕ ਜੱਟ ਤੁਰਿਆ ਵਿਚਾਰਾ
ਉੱਤੋਂ ਮੁੱਛ ਲਿਆ ਨਰਮਾ ਸਾਰਾ
ਜੱਟ ਪੀਪੇ ਨੂੰ ਲੱਗੇ ਖੜਕਾਣ ਵੇ
ਨਰਮੇ ਨੂੰ ਖਾ ਗਈ ਆਣ੍ਹ ਵੇ

...... ...... ......

ਜਦੋਂ ਵੇਲਾ ਆਇਆ, ਉਹ ਘਰੋਂ ਪਟਿਆਲੇ ਪੜ੍ਹਨ ਆ ਪਿਆ, ਦਾਦੀ ਨਾਲ ਸਭ ਤੋਂ ਜ਼ਿਆਦਾ ਪਿਆਰ ਸੀ, ਦਾਦੀ ਰੋਣ ਲੱਗੀ, "ਵੇ ਮੇਰੇ ਦਿਲ ਦਿਆ ਟੁਕੜਿਆ! ਨਾ ਜਾਹ, ਘਰੇ ਬਥੇਰੀ ਜ਼ਮੀਨ ਐ, ਵਾਹੋ ਤੇ ਖਾਓ, ਮੁੱਕਦੀ ਨੀ।" ਪਰ ਗੁਰਦਾਸ ਪਟਿਆਲੇ ਆ ਗਿਆ। ਕੁਛ ਦਿਨਾਂ ਪਿੱਛੋਂ ਉਸਨੇ ਘਰਦਿਆਂ ਨੂੰ ਇਕ ਚਿੱਠੀ ਲਿਖੀ, ਜਿਹੜਾ ਵੀ ਚਿੱਠੀ ਪੜ੍ਹੇ, ਉਹੀ ਰੋਣ ਲੱਗ ਜਾਵੇ। ਚਿੱਠੀ ਕੀ ? ਉਹ



ਤਾਂ ਇਕ ਇਤਿਹਾਸਕ ਅਤੇ ਸਾਹਿਤਕ ਦਸਤਾਵੇਜ ਸੀ, ਪਰਿਵਾਰਕ ਮੋਹ ਅਤੇ ਪੱਕੇ-ਪੀਡੇ ਰਿਸ਼ਤਿਆਂ ਦਾ, ਉਹ ਇਕ ਸਨਦ ਸੀ, ਮਾਂ-ਪਿਓ, ਭੈਣਾਂ-ਭਰਾਵਾਂ, ਯਾਰਾਂ-ਬੇਲੀਆਂ ਅਤੇ ਲਿਹਾਜ਼ੀਆਂ ਦੇ ਨਾਮ ਦੀ, ਜਿਸ ਵਿਚ ਵੇਰਵੇ ਸਨ, ਬਚਪਨ ਦੀਆਂ ਸ਼ਰਾਰਤਾਂ ਦੇ, ਆਪਣੇ ਆਲੇ-ਦੁਆਲੇ ਦੇ, ਘਰ ਦੀਆਂ ਕੰਧਾਂ-ਕੌਲ਼ਿਆਂ ਦੇ, ਖੇਤਾਂ ਦੀਆਂ ਵੱਟਾਂ ਬੰਨਿਆਂ ਦੇ, ਦਾਦੀ ਮਾਂ ਤੋਂ ਸੁਣੀਆਂ ਨਿੱਘੀਆਂ ਬਾਤਾਂ ਦੇ, ਬਾਪੂ ਦੀਆਂ ਝਿੜਕਾਂ ਦੇ, ਮਾਂ ਦੀ ਮਮਤਾ ਦੇ, ਘਰੋਂ ਤੁਰ ਆਉਣ ਦੇ ਹੇਰਵ੍ਹੇ ਦੇ ਵੇਰਵੇ, ਤੇ ਕਈ ਕੁਝ ਹੋਰ ਵੀ।

ਕਹਿੰਦੇ ਹਨ ਕਿ ਉਹ ਚਿੱਠੀ ਗੁਰਦਾਸ ਨੇ ਆਪਣੇ ਮਨ ਦੀਆਂ ਭਾਵਨਾਵਾਂ ਦੇ ਵਹਿਣ ਵਿਚ ਵਹਿਕੇ ਇਕਾਗਰਤਾ ਅਤੇ ਪੂਰਨ ਤਸੱਲੀ ਨਾਲ ਘਰਦਿਆਂ ਵੱਲ ਲਿਖੀ ਸੀ। ਇਹੋ-ਜਿਹੀ ਚਿੱਠੀ ਹਰ ਕੋਈ ਪੁੱਤਰ ਆਪਣੇ ਮਾਪਿਆਂ ਨੂੰ ਨਹੀਂ ਲਿਖ ਸਕਦਾ। ਇਹ ਗੁਰਦਾਸ ਦੇ ਕੋਮਲ, ਅਨੁਭਵੀ ਅਤੇ ਜਜ਼ਬਾਤੀ ਦਿਲ ਦਾ ਪ੍ਰਗਟਾਅ ਸੀ।

ਦਸਦੇ ਹਨ ਕਿ ਗੁਰਦਾਸ ਦੇ ਪਿਤਾ ਜੀ ਸਰਦਾਰ ਗੁਰਦੇਵ ਸਿੰਘ ਮਾਨ ਉਸਨੂੰ ਆਖਦੇ ਹੁੰਦੇ ਸਨ, "ਪੁੱਤਰਾ ਕੀ ਪਿਆ ਐ ਗਾਉਣ-ਬਜਾਉਣ ਦੇ ਕੁੱਤੇ ਕੰਮਾਂ 'ਚ, ਚਾਰ ਅੱਖਰ ਪੜ੍ਹ ਲੈ, ਜਾਂ ਖੇਤੀ ਕਰ ਲੈ, ਜੱਟਾਂ ਦੇ ਪੁੱਤ ਨੂੰ ਇਹੋ ਜਿਹੇ ਮਰਾਸੀਆ ਆਲ਼ੇ ਕੰਮ ਨੀ ਸ਼ੋਭਦੇ ਹੁੰਦੇ।" ਪਰ ਗੁਰਦਾਸ ਆਪਣੀ ਧੁਨ ਵਿਚ ਪੱਕਾ ਸੀ। ਉਸ ਨੂੰ ਤਾਂ ਲਿਵ ਲੱਗ ਚੁੱਕੀ ਸੀ ਸ਼ਾਇਰੀ ਕਰਨ ਦੀ, ਤੇ ਗਾਉਣ ਦੀ। ਇਕ ਵਾਰ ਉਹ ਪਟਿਆਲਿਓਂ ਪਿੰਡ ਆਇਆ, ਵਾਢੀਆਂ ਦੇ ਦਿਨ ਸਨ, ਖੇਤੋਂ ਤੂੜੀ ਦਾ ਗੱਡਾ ਭਰ ਕੇ ਲਿਆਂਦਾ, ਉਹ ਗੱਡੇ ਉੱਤੇ ਚੜ੍ਹ ਕੇ ਤੂੜੀ ਦੀਆਂ ਪੰਡਾਂ ਸੀਰੀਆਂ ਦੇ ਸਿਰਾਂ ਉੱਤੇ ਚੁਕਵਾ ਰਿਹਾ ਸੀ। ਨੇੜਿਓਂ ਦੀ ਲੰਘਦੇ ਹਜ਼ੂਰੇ ਮੈਂਬਰ ਦੇ ਭਰਾ ਜੰਗੀਰੇ ਨੇ ਆਖਿਆ, "ਰਹਿਣਾ ਪਟਿਆਲੇ, ਤੇ ਢੋਣੀਆਂ ਤੂੜੀਆਂ ? ਬੱਲੇ ਓ ਸ਼ੇਰਾ।" ਗੁਰਦਾਸ ਨੇ ਅੱਗੋਂ ਆਖਿਆ, "ਕਿਉਂ ਕੀ ਗੱਲ ? ਮੈਂ ਕੋਈ ਬਾਣੀਆਂ ਦਾ ਮੁੰਡੈਂ, ਘਰ ਦਾ ਕੰਮ ਐਂ, ਕਿਉਂ ਨਾ ਕਰਾਂ।" ਜੰਗੀਰਾ ਚੁੱਪ ਕਰਕੇ ਅਗਾਂਹ ਤੁਰ ਗਿਆ ਸੀ।

ਗੁਰਦਾਸ ਗੀਤ ਲਿਖਦਾ, ਦਾਦੀ ਅਤੇ ਮਾਂ ਨੂੰ ਸੁਣਾਉਂਦਾ, ਉਹ ਆਖਦੀਆਂ, "ਵੇ ਹਾਅ ਤੈਨੂੰ ਐਹੋ-ਜੀਆਂ ਗੱਲਾਂ ਕਿੱਥੋਂ ਔੜ੍ਹਦੀਆਂ ਨੇ, ਬੜਾ ਚੰਗਾ ਡਮਾਕ ਐ ਤੇਰਾ।" ਗੁਰਦਾਸ ਦਾਦੀ ਤੋਂ ਸਾਖੀਆਂ ਸੁਣਦਾ। ਉਹ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਉਸਨੂੰ ਪਾਠ ਕਰਨ ਦੀ ਚੇਟਕ ਲੱਗ ਗਈ ਸੀ। ਇਕ ਵਾਰ ਉਹ ਆਪਣੇ ਚਾਚੇ ਨਾਲ ਉਹਨਾਂ ਦੇ ਸਹੁਰੀਂ ਚਲਿਆ ਗਿਆ ਤਾਂ ਗੁਟਕਾ ਘਰੇ ਭੁੱਲ ਗਿਆ, ਪਾਠ ਕਰੇ ਤੋਂ ਬਿਨਾਂ ਰੋਟੀ ਨਾ ਖਾਵੇ, ਰੋਈ ਜਾਵੇ, ਆਖੇ, "ਮੈਂ ਪਾਠ ਕਰੇ ਤੋਂ ਬਿਨਾਂ ਰੋਟੀ ਨ੍ਹੀਂ ਖਾਣੀ, ਪਹਿਲਾਂ ਗੁਟਕਾ ਲਿਆਓ।" ਫੇਰ ਗੁਰਦੁਆਰਿਓਂ ਗੁਟਕਾ ਮੰਗਵਾਇਆ ਗਿਆ। ਉਸ ਪਾਠ ਕੀਤਾ ਤੇ ਫਿਰ ਹੀ ਰੋਟੀ ਖਾਧੀ। ਵਿਚੋਂ ਦੀ ਉਹਨੂੰ ਨਿਹੰਗ ਸਿੰਘ ਬਣਨ ਦਾ ਸ਼ੌਕ ਵੀ ਜਾਗਿਆ ਸੀ, ਪਰ ਨਿਹੰਗ ਉਹ ਬਣ ਨਾ ਸਕਿਆ।

ਨਿੱਕੀ ਉਮਰ ਤੋਂ ਹੀ ਤੇਜ਼-ਤਰਾਰ ਤੇ ਆਪਣੇ ਆਲ਼ੇ-ਦੁਆਲ਼ੇ ਦੀ ਹਰ ਘਟਨਾ ਤੋਂ ਹੁਸ਼ਿਆਰ ਅਤੇ ਖ਼ਬਰਦਾਰ, ਹਰ ਗੱਲ ਨੂੰ ਤਾੜ ਲੈਣ ਵਾਲਾ ਗੁਰਦਾਸ, ਜਦੋਂ ਬਹੁਤਾ ਈ ਗੀਤ-ਸੰਗੀਤ ਵੱਲ ਰੁਚਿਤ ਹੋ ਗਿਆ ਤਾਂ ਕਈ ਵਾਰੀ ਪਿਤਾ ਜੀ

ਨੇ ਗੁੱਸੇ ਵਿਚ ਘੂਰ ਵੀ ਦੇਣਾ, ਤਾਂ ਉਸ ਪਿਤਾ ਜੀ ਦੇ ਅੱਗਿਓਂ ਤਾਂ ਨਾ ਬੋਲਣਾ, ਪਰ ਅੰਦਰ ਵੜ ਕੇ ਰੋਣ ਲੱਗ ਪੈਂਦਾ ਸੀ, ਮਾਂ ਵਰਾ ਲੈਂਦੀ। ਵਿਚੋਂ ਦੀ ਉਸ 'ਤੇ ਸਾਧ-ਸੰਤ ਬਣਨ ਦਾ ਭੂਤ ਵੀ ਸਵਾਰ ਹੋ ਗਿਆ, ਆਪਣੇ ਕਈਆਂ ਰਿਸ਼ਤੇਦਾਰਾਂ ਦੇ ਵਿਆਹਾਂ ਵਿਚ ਉਹ ਸਾਧ ਬਣ ਕੇ ਰਿਸ਼ਤੇਦਾਰਾਂ ਨੂੰ ਭੁਲੇਖੇ ਪਾ-ਪਾ ਝੇਡਾਂ ਕਰਦਾ ਰਿਹਾ। ਨਕਲੀ ਸਾਧ ਬਣਿਆ, ਫੜਿਆ ਇਹ ਉਦੋਂ ਜਾਂਦਾ ਸੀ ਜਦੋਂ ਇਹਦਾ ਹਾਸਾ ਨਿਕਲ ਜਾਂਦਾ ਸੀ। ਇਕ ਵਾਰੀ ਉਸ ਨੇ ਸਾਧ ਬਣ ਕੇ ਆਪਣੇ ਮਾਤਾ ਜੀ ਨੂੰ ਹੀ ਆ ਆਖਿਆ, "ਭਾਈ ਗੁਰਦੇਵ ਸਿਉਂ ਨੂੰ ਮਿਲਣਾ ਸੀ ਕਿੱਥੇ ਐ, ਅਸੀਂ ਸੰਤ ਆਂ, ਹਰਦੁਆਰੋਂ ਆਏ ਐਂ।" ਹੈਰਾਨ ਹੋਈ ਮਾਂ ਨੇ ਝਿਜਕ ਜਿਹੀ ਨਾਲ ਆਖਿਆ, "ਬਾਬਾ ਜੀ, ਉਹ ਤਾਂ ਖੇਤ ਗਏ ਹੋਏ ਐ, ਘਰੇ ਹੈਣੀਂ।"

ਏਨੇ ਨੂੰ ਗੁਰਦਾਸ ਦਾ ਹਾਸਾ ਨਿਕਲ ਗਿਆ ਅਤੇ ਉਹ ਵਿਹੜੇ ਵਿਚ ਨੱਚਣ-ਕੁੱਦਣ ਲੱਗ ਪਿਆ। ਮਾਤਾ ਹੈਰਾਨ ਵੀ ਹੋਵੇ, ਖੁਸ਼ ਵੀ ਤੇ ਉਸਦੀ ਡਰਾਮੇਬਾਜ਼ੀ ਤੋਂ ਖਿਝੀ ਹੋਈ ਗਾਹਲ਼ਾਂ ਵੀ ਦੇਈ ਜਾਵੇ। ਮਾਤਾ ਨੇ ਦੋ-ਤਿੰਨ ਛਿੱਤਰ ਉਸਦੀ ਢੂਈ ਵਿਚ ਮਾਰੇ ਤੇ ਆਖਿਆ, "ਹਾਅ ਪਾਖੰਡ ਤੈਨੂੰ ਕਿਹੜੇ ਕੰਜਰ ਨੇ ਸਿਖਾਏ ਐ... ਖੜ੍ਹ ਹੈਥੇ, ਤੈਨੂੰ ਮੈਂ ਬਣੌਂਣੀ ਆਂ ਸਾਧ...।"

ਇਕ ਵਾਰ ਛੱਪੜ ਵਿਚ ਰੋਝ ਵੜ ਗਿਆ, ਉਸਨੂੰ ਕੋਈ ਕੱਢ ਨਹੀਂ ਸੀ ਰਿਹਾ, ਸਾਰਾ ਪਿੰਡ ਵੇਖੀ ਜਾਵੇ, ਆਖਰ ਗੁਰਦਾਸ ਛੱਪੜ ਵਿਚ ਵੜਿਆ ਅਤੇ ਉਸ ਨੇ ਰੋਝ ਕੰਨੋਂ ਫੜ ਕੇ ਬਾਹਰ ਕੱਢ ਲਿਆ।

ਦਸਦੇ ਹਨ ਕਿ ਇਕ ਵਾਰ ਉਹ ਬਿਨਾਂ ਲਗਾਮਾਂ ਵਾਲੀ ਘੋੜੀ ਉੱਪਰ ਸਵਾਰ ਹੋ ਗਿਆ। ਘੋੜੀ 'ਹਵਾ' ਬਣ ਗਈ। ਦੇਖਣ ਵਾਲੇ ਆਖਣ, "ਅੱਜ ਨੀ ਬਚਦਾ, ਲੱਤਾਂ ਬਾਹਾਂ ਟੁੱਟਣਗੀਆਂ"। ਖ਼ੈਰ, ਘੋੜੀ ਤੋਂ ਡਿੱਗ ਤਾਂ ਪਿਆ ਪਰ ਸੱਟ ਨਾ ਵੱਜੀ। ਘਰਦਿਆਂ ਨੇ ਸ਼ੁਕਰ ਕੀਤਾ ਤੇ ਅੱਗੇ ਤੋਂ ਅਜਿਹੀ ਘਤਿੱਤ ਕਰਨ ਤੋਂ ਵਰਜਿਆ।

...... ...... ......

ਗੁਰਦਾਸ ਮਾਨ ਨੇ ਆਪਣੀ ਮੁਢਲੀ ਪੜ੍ਹਾਈ ਗਿੱਦੜਬਾਹਾ, ਮੁਕਤਸਰ, ਬਠਿੰਡਾ, ਪਟਿਆਲਾ ਆਦਿ ਦੇ ਸਕੂਲਾਂ-ਕਾਲਜਾਂ ਤੋਂ ਪ੍ਰਾਪਤ ਕੀਤੀ। ਐਮ.ਪੀ.ਐੱਡ ਕਰਕੇ ਉਹ ਸਰਕਾਰੀ ਕਾਲਜ ਮੁਕਤਸਰ ਵਿਖੇ ਸਰੀਰਕ ਸਿੱਖਿਆ ਦਾ ਲੈਕਚਰਾਰ ਲੱਗ ਗਿਆ। ਲੈਕਚਰਾਰੀ ਰਾਸ ਨਾ ਆਈ, ਤਾਂ ਕੁਝ ਸਮੇਂ ਬਾਅਦ ਬਿਜਲੀ ਬੋਰਡ ਪਟਿਆਲਾ ਵਿਖੇ ਮੁਲਾਜ਼ਮਤ ਕਰ ਲਈ। ਉਥੇ ਵੀ ਕੰਮ 'ਚ ਰੁਚੀ ਨਾ ਰਲ਼ੀ, ਹਰਪਾਲ ਟਿਵਾਣਾ ਨਾਲ ਨਾਟਕਾਂ ਵਿਚ ਕੰਮ ਕਰਦਾ ਹੁੰਦਾ।

ਸਕੂਲਾਂ ਕਾਲਜਾਂ ਵਿਚ ਗਾਉਂਦਿਆਂ ਉਸਦੀ ਚੰਗੀ ਭੱਲ ਬਣ ਚੁੱਕੀ ਸੀ। ਪਰ ਪਹਿਲੀ ਵਾਰ ਟੀ.ਵੀ. ਉੱਤੇ 1978 ਵਿਚ ਉਸਦਾ ਗੀਤ ਆਇਆ :

ਲਾਈ ਬੇਕਦਰਾਂ ਨਾਲ ਯਾਰੀ
ਤੇ ਟੁੱਟਗੀ ਤੜੱਕ ਕਰਕੇ....

ਚਰਚਾ ਹੋਈ ਤੇ ਫੇਰ 'ਦਿਲ ਦਾ ਮਾਮਲਾ ਹੈ' ਕੈਸਿਟ ਨਾਲ ਉਹ ਲੋਕ ਮਨਾਂ ਵਿਚ ਸਥਾਈ ਤੌਰ 'ਤੇ ਵੱਸ ਗਿਆ। ਹੁਣ ਤੱਕ ਗੁਰਦਾਸ ਮਾਨ ਦੀਆਂ ਰਿਕਾਰਡ



ਕੈਸਟਾਂ ਦੀ ਗਿਣਤੀ ਅਠਾਰ੍ਹਾਂ ਹੋ ਚੁੱਕੀ ਹੈ। ਫਿਲਮੀ ਐਕਟਰ ਵਜੋਂ ਵੀ ਉਸਦੀ ਪ੍ਰਤਿਭਾ ਲੁਕੀ ਛਪੀ ਨਹੀਂ ਰਹੀ। ਦਰਜਨ ਦੇ ਲਗਭਗ ਉਸਦੀਆਂ ਫਿਲਮਾਂ ਹਨ ਅਤੇ 'ਸ਼ਹੀਦ-ਏ-ਮੁਹੱਬਤ' ਨੂੰ ਰਾਸ਼ਟਰੀ ਪੁਰਸਕਾਰ ਮਿਲਣਾ ਉਸਦੀ ਅਤੇ ਸਮੁੱਚੀ ਟੀਮ ਦੀ ਘਾਲਣਾ ਦਾ ਫਲ ਹੈ।

ਗੁਰਦਾਸ ਮਾਨ ਨੇ ਪੰਜਾਬੀ ਗਾਇਕੀ ਵਿਚ ਨਵੇਂ ਕੀਰਤੀਮਾਨ ਸਥਾਪਤ ਕੀਤੇ। ਪੰਜਾਬੀ ਗਾਇਕੀ ਨੂੰ ਆਮ ਅਖਾੜਿਆਂ ਤੋਂ ਚੁੱਕ ਕੇ ਅੰਤਰ-ਰਾਸ਼ਟਰੀ ਪੱਧਰ ਦੇ ਮੰਚ ਮੁਹੱਈਆਂ ਕਰਵਾਉਣ ਦਾ ਸਿਹਰਾ ਗੁਰਦਾਸ ਮਾਨ ਨੂੰ ਜਾਂਦਾ ਹੈ, ਅੱਜ ਭਾਵੇਂ ਕੋਈ ਦਮਗਜ਼ੇ ਮਾਰੀ ਜਾਵੇ ਪਰ ਪੰਜਾਬੀ ਗਾਇਕੀ ਨੂੰ ਵੱਡੀ ਪੱਧਰ ਉੱਤੇ ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਚਾਰਣ ਅਤੇ ਪ੍ਰਸਾਰਣ ਵਿਚ ਗੁਰਦਾਸ ਮਾਨ ਦਾ ਸਭ ਤੋਂ ਵਧੇਰੇ ਅਤੇ ਪਹਿਲਾ ਯੋਗਦਾਨ ਹੈ।

ਗੁਰਦਾਸ ਮਾਨ ਦੀ ਜ਼ਿੰਦਗੀ ਗਾਇਕੀ, ਸ਼ਖ਼ਸੀਅਤ, ਸਮੁੱਚੀ ਦੇਣ ਅਤੇ ਜ਼ਿੰਦਗੀ 'ਚ ਵਾਪਰੀਆਂ ਅਹਿਮ ਘਟਨਾਵਾਂ ਅਤੇ ਉਸਦੀ ਸਮੁੱਚੀ ਗੀਤ-ਰਚਨਾ ਬਾਰੇ ਇਕ ਵੱਡੀ ਪੁਸਤਕ ਲਿਖੀ ਜਾ ਸਕਦੀ ਹੈ। ਇਸ ਪੁਸਤਕ ਦੇ ਇਸ ਲੇਖ ਵਿਚ ਸਾਰਾ ਇਹ ਕੁਝ ਸਮੋਣਾ ਸੰਭਵ ਨਹੀਂ ਜਾਪਦਾ। ਕਿਉਂਕਿ ਉਸਦੀ ਸਖ਼ਸੀਅਤ ਅਤੇ ਕਾਰਨਾਮੇ ਵੱਡੇ, ਅਲੋਕਾਰੇ ਅਤੇ ਅਨੇਕਾਂ ਹਨ।

ਪੰਜਾਬੀ ਗੀਤਕਾਰੀ ਵਿਚ ਉਸਦੇ ਗੀਤ ਬੜਾ ਮੁੱਲਵਾਨ ਵਾਧਾ ਹਨ। ਉਸਨੇ ਹਰ ਵਿਸ਼ੇ ਉੱਤੇ ਗੀਤ ਲਿਖੇ ਹਨ ਅਤੇ ਇੱਕੋ ਹੀ ਗੀਤ ਵਿਚੋਂ ਕਈ-ਕਈ ਕੁਝ ਲੱਭ ਜਾਂਦਾ ਹੈ। ਆਪ ਕਿਰਸਾਨ ਦਾ ਪੁੱਤਰ ਹੋਣ ਕਾਰਨ ਉਹ ਕਿਰਸਾਨਾਂ ਦੇ ਦੁੱਖਾਂ ਨੂੰ ਭਲੀ-ਭਾਂਤੀ ਜਾਣਦਾ ਹੈ। ਗੁਰਦਾਸ ਇਕ ਸਫ਼ਲ ਅਤੇ ਤਿੱਖਾ ਵਿਅੰਗਕਾਰ ਵੀ ਹੈ, ਜਿਸ ਨੇ ਰਾਜਨੀਤਿਕ ਲੋਕਾਂ ਦੀਆਂ ਕੁਟਿਲ ਚਾਲਾਂ, ਸਰਕਾਰਾਂ ਦੀਆਂ ਲੋਕਾਂ ਨੂੰ ਦੁਰਕਾਰਾਂ, ਸਮਾਜ ਵਿਚ ਕਾਣੀਆਂ ਵੰਡਾਂ, ਕੁਕਰਮ, ਪਾਖੰਡਾਂ, ਧਾਰਮਿਕ ਕੱਟੜਤਾ, ਸਾਧਾਂ-ਸੰਤਾਂ ਦੇ ਪੜਪੰਚਾਂ ਆਦਿ ਵਿਸ਼ਿਆਂ ਬਾਰੇ ਉਸ ਖ਼ੂਬ ਲਿਖਿਆ ਹੈ। ਉਹ ਪੰਜਾਬ ਦੀ ਮਿੱਟੀ, ਪੰਜਾਬੀਆਂ ਦੇ ਸੁਭਾਅ, ਸਾਦਗੀ, ਸਰਲਤਾ, ਪਹਿਰਾਵੇ ਦਾ ਪੁੱਤਰ ਆਪਣੇ ਰਸਮੋ-ਰਿਵਾਜ਼ ਅਤੇ ਆਪਣੀਆਂ ਭਾਈਚਾਰਕ ਸਾਂਝਾਂ ਦਾ ਭਾਵੁਕ ਆਸ਼ਿਕ ਹੈ। ਆਪਣੇ ਬਚਪਨ ਅਤੇ ਜਵਾਨੀ, ਆਪਣੇ ਖੇਤਾਂ, ਗਲੀਆਂ, ਬੋਹੜਾਂ, ਪਿੱਪਲਾਂ, ਸਕੂਲ, ਹਾਣੀਆਂ ਅਤੇ ਰੰਗੀਲੜੇ ਬਚਪਨ ਦੀਆਂ ਕਹਾਣੀਆਂ, ਉਸ ਹਾਲੇ ਵੀ ਆਪਣੇ ਮਨੋ ਨਹੀਂ ਵਿਸਾਰੀਆਂ, ਜਦੋਂ ਉਹਦੇ ਇਕ ਗੀਤ ਵਿਚੋਂ ਸੁਣਦੇ ਹਾਂ :

ਨੰਗ-ਧੜੰਗੇ ਖੇਡ ਕੇ ਦੇਰਾਂ ਜੋ ਕਰਨੀਆਂ
ਮਾਵਾਂ ਤੋਂ ਗਾਹਲ਼ਾਂ ਖਾਣ ਦੀ ਨਦਾਨੀ ਚਲੀ ਗਈ
ਬਚਪਨ ਚਲਾ ਗਿਆ, ਜਵਾਨੀ ਚਲੀ ਗਈ
ਤੈਨੂੰ ਮਿਲਣ ਦਾ ਹਾਦਸਾ ਐਨਾ ਅਜੀਬ ਸੀ
ਉੱਜੜੇ ਦਿਲਾਂ ਦੀ ਜਿਸ ਤਰ੍ਹਾਂ ਵੈਰਾਨੀ ਚਲੀ ਗਈ
ਬਚਪਨ ਚਲਾ ਗਿਆ, ਜੁਆਨੀ ਚਲੀ ਗਈ
ਜ਼ਿੰਦਗੀ ਦੀ ਕੀਮਤੀ ਨਿਸ਼ਾਨੀ ਚਲੀ ਗਈ....

ਗੁਰਦਾਸ ਮਾਨ ਨੇ ਨਿਵੇਕਲੇ ਢੰਗ ਨਾਲ ਸੂਫ਼ੀਆਨਾ ਰੰਗਤ ਵਾਲੇ ਗੀਤ

ਵੀ ਲਿਖੇ ਹਨ। ਇਸਦੀ ਉਧਰ ਨੂੰ ਉਲਾਰਤਾ ਦਾ ਮੁੱਖ ਕਾਰਨ ਉਹਦਾ ਨਿੱਕੇ ਹੁੰਦੇ ਦਾ ਹੀ ਸੂਫੀਆਂ, ਸੰਤਾਂ, ਸਾਧਾਂ-ਜੋਗੀਆਂ ਨਾਲ ਯਾਰੀਆਂ ਗੰਢ ਲੈਣਾ ਤੇ ਉਹਨਾਂ ਦੀਆਂ ਗੱਲਾਂ ਕਰਨਾ ਤੇ ਕਲਾਮ ਸੁਣਨ ਲਈ ਉਹਨਾਂ ਦੇ ਨਾਲ-ਨਾਲ ਤੁਰਨ-ਫਿਰਨ ਕਾਰਨ ਹੀ ਹੈ, ਇਉਂ ਉਸ ਨੇ ਉਹਨਾਂ ਦੇ ਗੁਣਾਂ ਤੋਂ ਇਲਾਵਾ ਉਹਨਾਂ ਦੇ ਪਾਖੰਡਾਂ ਨੂੰ ਵੀ ਨੇੜਿਓਂ ਤੱਕ ਲਿਆ।

ਉਸ ਦਾ ਨਜ਼ਰੀਆ ਮੌਲਿਕ ਅਤੇ ਵਿਸ਼ਾਲ ਹੈ। ਉਸਦੇ ਗੀਤਾਂ ਵਿਚੋਂ ਜਵਾਨੀ, ਪਿਆਰ, ਵਸਲ, ਬਿਰਹਾ, ਲੋਕ-ਭਾਵਨਾ, ਲੋਕ-ਵਿਸ਼ਵਾਸ਼, ਸਮੇਂ ਦੀਆਂ ਗਿਰਾਵਟਾਂ, ਬਦਲ ਆਦਿ ਦਾ ਪ੍ਰਤੱਖ ਝਲਕਾਰਾ ਥਾਂ-ਥਾਂ ਮਿਲਦਾ ਹੈ।

ਗੁਰਦਾਸ ਮਾਨ ਪੰਜਾਬੀ ਮਾਂ-ਬੋਲੀ ਦਾ ਦਲੇਰ ਪੁੱਤਰ ਹੈ, ਪੰਜਾਬੀ ਜ਼ੁਬਾਨ ਦੀ ਮਹਾਨਤਾ ਅਤੇ ਉੱਚਤਾ ਨੂੰ ਜਿਸ ਢੰਗ ਨਾਲ ਉਹ ਦੇਖਦਾ-ਪਰਖਦਾ ਹੈ ਅਤੇ ਉਹ ਆਪਣੇ ਹੀ ਪੁੱਤਾਂ (ਪੰਜਾਬੀਆਂ) ਵੱਲੋਂ ਆਪਣੀ ਹੀ ਮਾਂ (ਪੰਜਾਬੀ) ਨਾਲ ਕੀਤੇ ਜਾ ਰਹੇ ਵਿਤਕਰੇ ਪ੍ਰਤੀ ਫਿਕਰਮੰਦ ਅਤੇ ਉਦਾਸ ਵੀ ਹੈ। ਜਦੋਂ ਅਕਾਲੀਆਂ ਦੀ ਸਰਕਾਰ ਨੇ (ਪੰਜਾਬੀ ਹਾਲੇ ਚੰਗੀ ਤਰ੍ਹਾਂ ਪੜ੍ਹਾਉਣ ਦੇ ਪ੍ਰਬੰਧ ਨਹੀਂ ਕਰ ਸਕੇ ਹਨ ਅਤੇ ਪੰਜਾਬੀ ਭਾਸ਼ਾ ਦਾ ਪੂਰਨ ਰੂਪ ਵਿਚ ਵਿਕਾਸ ਅਜੇ ਹੋਣਾ ਬਾਕੀ ਹੈ) ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦੇ ਹੁਕਮ ਕਰ ਦਿੱਤੇ ਹੋਏ ਹਨ, ਜਿਸ ਤੋਂ ਪੰਜਾਬ ਦੇ ਬੁੱਧੀਜੀਵੀ ਹਲਕੇ ਵੀ ਗੰਭੀਰ ਚਿੰਤਤ ਹੋਏ, ਤਾਂ ਗੁਰਦਾਸ ਮਾਨ ਨੇ ਇਸੇ ਗੱਲ ਨੂੰ ਕਾਫ਼ੀ ਸਮਾਂ ਪਹਿਲਾਂ ਹੀ ਆਪਣੇ ਇਕ ਗੀਤ ਰਾਹੀਂ ਬਿਆਨ ਕਰ ਦਿੱਤਾ ਸੀ, ਇਉਂ ਉਹ ਸੱਚੀ ਭਵਿੱਖਬਾਣੀ ਕਰਨ ਵਾਲਾ ਲਿਖਾਰੀ ਅਤੇ ਕਲਾਕਾਰ ਹੈ :

ਪੁੱਤਾਂ ਨੂੰ ਪੜ੍ਹਾ ਕੇ ਅੰਗਰੇਜ਼ੀ ਕੈਦੇ ਅਸੀਂ
ਤੇਰੀ ਚਿਤਾ ਕਰੀ ਬੈਠੇ ਆਂ ਤਿਆਰ ਨੀ
ਪੰਜਾਬੀਏ ਜ਼ਬਾਨੇ ਨੀ, ਰਕਾਨੇ ਮੇਰੇ ਦੇਸ਼ ਦੀਏ
ਫਿੱਕੀ ਪੈਗੀ ਚਿਹਰੇ ਦੀ ਨੁਹਾਰ ਨੀ
ਮੀਢੀਆਂ ਖਿਲਾਰੀ ਫਿਰੇਂ, ਬੁੱਲ੍ਹੇ ਦੀਏ ਕਾਫ਼ੀਏ ਨੀ
ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ ਨੀ

ਜਦੋਂ ਪੰਜਾਬ ਉੱਤੇ ਕਾਲ਼ੇ ਦਿਨ ਆਏ, ਝੱਖੜ ਝੁੱਲੇ, ਪੰਜਾਬ ਦੀ ਧਰਤੀ ਲਹੂ ਨਾਲ ਰੰਗੀ ਗਈ, ਤਾਂ ਗੁਰਦਾਸ ਮਾਨ ਦੀ ਆਤਮਾ ਕੂਕ ਰਹੀ ਸੀ। ਉਸ ਲਿਖਿਆ ਤੇ ਗਾਇਆ:

ਮੈਂ ਧਰਤੀ ਪੰਜਾਬ ਦੀ ਲੋਕੋ
ਵਸਦੀ ਉੱਜੜ ਗਈ

ਦਸਦੇ ਹਨ ਕਿ ਗੁਰਦਾਸ ਮਾਨ ਸੁਭਾਅ ਦਾ ਏਨਾ ਨਿੱਘਾ ਅਤੇ ਮਿਲਾਪੜਾ ਹੈ ਕਿ ਉਹ ਆਪਣੀ ਪਹਿਲੀ ਮਿਲਣੀ ਵਿਚ ਵੀ ਮਿਲਣ ਵਾਲੇ ਨੂੰ ਲੱਪਾਂ-ਲੱਪ ਮੋਹ ਦੇ ਦੇਂਦਾ ਹੈ, ਕਿ ਮਿਲਣ ਵਾਲਾ ਹਰ ਸ਼ਖ਼ਸ ਉਸੇ ਦਾ ਹੀ ਹੋ ਕੇ ਰਹਿ ਜਾਂਦਾ ਹੈ। ਗੁਰਦਾਸ ਵਿਖਾਵੇ, ਪਾਖੰਡਾ, ਫਰੇਬਾਂ, ਦਮਗਜਿਆ, ਫੋਕੀਆਂ ਵਡਿਆਈਆਂ ਅਤੇ “ਸ਼ੋਸ਼ੇ ਛੱਡਣ ਵਾਲਿਆਂ” ਤੋਂ ਬਹੁਤ ਪਹਿਲਾਂ ਦਾ, ਪਰ੍ਹੇ ਹੋ ਕੇ ਅੱਗੇ ਜਾ ਖਲੋਤਾ ਹੋਇਆ



ਹੈ ਅਤੇ ਅੱਗੇ ਹੀ ਰਹੇਗਾ। ਉਸ ਦੀਆਂ ਬਹੁਤ ਸਾਰੀਆਂ ਮੁਲਾਕਾਤਾਂ ਵਿਚ ਮੈਂ ਪੜ੍ਹਿਆ ਹੈ, ਕਦੇ ਉਸਨੇ ਆਪਣੀ ਵਡਿਆਈ ਨਹੀਂ ਕੀਤੀ ਹੁੰਦੀ ਅਤੇ ਨਾ ਹੀ ਕੋਈ ਆਲਤੂ-ਫਾਲਤੂ ਦਾਅਵੇ। ਕਹਿੰਦੇ ਹਨ ਕਿ ਉਹ ਚੁਗਲੀਆਂ ਬਹੁਤ ਘੱਟ ਕਰਦਾ ਹੈ ਅਤੇ ਚੁਗਲੀਆਂ ਕਰਨ ਵਾਲਿਆਂ ਨੂੰ ਵੀ ਆਪਣੇ ਗੀਤ ਰਾਹੀਂ ਟਕੋਰਾਂ ਲਾਉਂਦਾ ਹੈ :

ਚੁਗਲੀਆਂ - ਚੁਗਲੀਆਂ - ਚੁਗਲੀਆਂ
ਕੱਲ੍ਹ ਕਿਸੇ ਦੀ ਕੁੜੀ
ਕਿਸੇ ਨਾਲ ਭਜਗੀ ਐ
ਘਰ ਵਾਲਿਆਂ ਦੀ ਮੰਜੀ
ਮੂਧੀ ਵਜਗੀ ਐ
ਆਪਾਂ ਕੀ ਲੈਣਾ ਸਰਦਾਰਾ
ਭਜਿਆ ਫਿਰਦੈ ਟੱਬਰ ਸਾਰਾ
ਓ ਖੇਡੋ.... ਚੁਗਲੀਆਂ ਚੁਗਲੀਆਂ....

ਉਸਦੇ ਬੇਅੰਤ ਸਰੋਤੇ ਉਸਨੂੰ ਭਾਵੁਕਤਾ ਦੇ ਹੱਦ ਦਰਜੇ ਤੀਕ ਪਿਆਰ ਕਰਦੇ ਸ਼ੁਦਾਈ ਹੋ ਜਾਂਦੇ ਹਨ। ਖ਼ਾਸ ਕਰਕੇ ਮੁੰਡੇ-ਕੁੜੀਆਂ ਵਿਚ ਤਾਂ ਉਹ ਉਹਨਾਂ ਦੇ ਦਿਲਾਂ ਦਾ ‘ਬਾਦਸ਼ਾਹ’ ਹੈ। ਉਸ ਕਦੇ ਕਿਸੇ ਦੇ ਮਨ ਨੂੰ ਠੇਸ ਨਹੀਂ ਪਹੁੰਚਾਈ, ਚਾਹੇ ਉਹ ‘ਸਰੋਤਾ’ ਹੋਵੇ ਜਾਂ ‘ਸਰੋਤੀ’। ਇਕ ਵਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਉਸਦਾ ਸ਼ੋਅ ਹੋ ਰਿਹਾ ਸੀ, ਉਹ ਗਾ-ਗਾ ਕੇ ਖ਼ੂਬ ਧਮਾਲਾਂ ਪਾਉਂਦਾ ਕਮਾਲਾਂ ਕਰੀ ਜਾ ਰਿਹਾ ਸੀ। ਤਾਂ ਇਕ ਉਸਦੀ ਦੀਵਾਨੀ ਹੋਈ ਕੁੜੀ ਸਰੋਤੀ ਨੇ ਆਵਾਜ਼ਾ ਕੱਸਿਆ, “ਹਾਏ ਮਾਨ, ਕਾਸ਼! ਮੈਂ ਤੁਹਾਡੇ ਨਾਲ ਵਿਆਹੀ ਜਾਂਦੀ।” ਤਾਂ ਗੁਰਦਾਸ ਨੇ ਅੱਗੋਂ ਆਖਿਆ, “ਕਾਸ਼! ਮੈਂ ਕੁਆਰਾ ਹੁੰਦਾ।”

ਗੁਰਦਾਸ ਮਾਨ ਦੀ ਖੁਸ਼ਹਾਲ ਜ਼ਿੰਦਗੀ ਵਿਚ ਹੋਰ ਰੰਗ ਭਰਨ ਦਾ ਸਿਹਰਾ ਉਸਦੀ ਜੀਵਨ ਸਾਥਣ ਮਨਜੀਤ ਮਾਨ ਨੂੰ ਜਾਂਦਾ ਹੈ। ਇਹਨਾਂ ਦਾ ਪਿਆਰ - ਵਿਆਹ 1979 ਵਿਚ ਹੋਇਆ ਸੀ। ਮਨਜੀਤ ਉਸਦੀ ਜ਼ਿੰਦਗੀ ਵਿਚ ਵੱਡਾ ਸਹਾਰਾ ਸਿੱਧ ਹੋਈ ਹੈ। ਜੇ ਗੁਰਦਾਸ ਨੂੰ ਕੋਈ ‘ਅਬੈੜੀ ਤੀਵੀਂ’ ਟੱਕਰ ਜਾਂਦੀ ਤਾਂ ਸ਼ਾਇਦ ਉਹ ਅੱਜ ‘ਗੁਰਦਾਸ ਮਾਨ’ ਨਾ ਹੁੰਦਾ। ਹਾਂ ਸੱਚ, ਸੁਣਿਆ ਇਹ ਵੀ ਹੈ ਕਿ ਮਨਜੀਤ ਮਾਨ ਸੁਭਾਅ ਦੀ ਬੜੀ ਗਰਮ ਹੈ ਅਤੇ ਕਈ ਵਾਰ ਉਹ ਗੁਰਦਾਸ ਦੇ ਸਰੋਤਿਆਂ ਦੀਆਂ ਭਾਵਨਾਵਾਂ ਨੂੰ ‘ਜ਼ੁਕਾਮ’ ਲਾ ਦੇਂਦੀ ਹੈ। ਪਰ ਜਿੱਥੋਂ ਤੱਕ ਮੇਰਾ (ਜੇ) ਦਿਮਾਗ ਕੰਮ ਕਰਦਾ ਹੈ, ਤਾਂ ਮੇਰਾ ਖਿਆਲ ਇਹੋ ਹੈ ਕਿ ਗੁਰਦਾਸ ਮਿੱਠਾ, ਮਿਲਾਪੜਾ ਹੈ ਹੀ, ਤੇ ਜੇ ਮਨਜੀਤ ਵੀ ਇਹੋ - ਜਿਹੀ ਹੀ ਹੋ ਜਾਏ, ਤਾਂ ਫਿਰ ਉਹਨਾਂ ਨੂੰ ਇਸ ਦੁਨੀਆਂ ’ਤੇ ਰਹਿਣ ਹੀ ਕੌਣ ਦੇਵੇ ? ਕੀ ਅੱਜ ਕੱਲ ਭੋਲ਼ਿਆਂ ਅਤੇ ਮਿੱਠਿਆਂ ਦਾ ਜ਼ਮਾਨਾ ਹੈ ? ਚਲੋ.... ਪਰ ਫਿਰ ਵੀ ਮਨਜੀਤ ਮਾਨ ਨੂੰ ਗੁਰਦਾਸ ਦੇ ਸਰੋਤਿਆਂ ਦੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ‘ਜ਼ੁਕਾਮ’ ਲੱਗਣ ਦੀ ਬਿਮਾਰੀ ਤੋਂ ‘ਏਵਲ ਪੱਚੀ’ ਦੀ ਗੋਲ਼ੀ ਦੇ ਦੇਣੀ ਚਾਹੀਦੀ ਹੈ।

ਗੁਰਦਾਸ ਮਾਨ ਆਪਣੇ ਗੁਰੂਆਂ ਪ੍ਰਤੀ ਆਪਣੇ ਮਨ ਵਿਚ ਅਥਾਹ ਸ਼ਰਧਾ ਲਈ ਫਿਰਦਾ ਹੈ। ਉਹ ਪੂਰਨ ਤੌਰ ’ਤੇ ਇਕ ਅਧਿਆਤਮਕ ਰੁਚੀਆਂ ਵਾਲਾ ਕਲਾਕਾਰ

ਹੈ। 1984 ਨੂੰ ਉਹ ਕਨੇਡਾ ਵਿਚ ਸ਼ੋਅ ਕਰਨ ਗਿਆ ਹੋਇਆ ਸੀ, ਜਿਸ ਦਿਨ ਸ਼੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਹੋਇਆ, ਤਾਂ ਉਸ ਨੇ ਰੋਸ ਅਤੇ ਉਦਾਸੀ ਵਜੋਂ ਆਪਣੇ ਸਾਰੇ ਪ੍ਰੋਗਰਾਮ ਮੁਲਤਵੀ ਕਰ ਦਿੱਤੇ ਸਨ।

ਸਭ ਤੋਂ ਪਹਿਲਾਂ ਸਟੇਜਾਂ ਉੱਪਰ ਡਫਲੀ ਲਿਆਉਣ ਅਤੇ ਸੋਲੋ ਗੀਤ ਗਾਉਣ ਦਾ ਸਿਹਰਾ ਉਸਨੂੰ ਹੀ ਜਾਂਦਾ ਹੈ। ਉਸਨੂੰ ਵੇਖਾ-ਵੇਖੀ ਵਿਚ ਪੰਜਾਬ ਅੰਦਰ (ਜਾਅਲੀ) ਸੈਂਕੜੇ ਗੁਰਦਾਸ ਮਾਨ ਪੈਦਾ ਹੋ ਗਏ ਸਨ।

ਉਸਤਾਦ ਲਾਲ ਚੰਦ ਯਮਲਾ ਜੱਟ ਦੇ ਡੇਰੇ ਵਿਖੇ ਲੱਗੇ ਮੇਲੇ ਉੱਤੇ ਮੈਨੂੰ ਇਕ ਜਾਅਲੀ ਗੁਰਦਾਸ ਮਾਨ ਮਿਲਿਆ। ਉਸ ਆਪਣੇ ਨਾਂ ਨਾਲ ਵੀ 'ਮਾਨ' ਘਸੋੜਿਆ ਹੋਇਆ ਸੀ ਤੇ ਗੁਰਦਾਸ ਦੀ ਰੀਸ ਵੀ ਚੱਜ ਨਾਲ ਉਹਨੂੰ ਲਾਹੁਣੀ ਨਹੀਂ ਸੀ ਆਉਂਦੀ। ਉਹ ਗੁਰਦਾਸ ਦੇ ਗੀਤ ਗਾਈ ਗਿਆ, ਗਾ ਹਟਣ ਤੋਂ ਮਗਰੋਂ ਮੈਂ ਪੁੱਛਿਆ, "ਕਦੋਂ ਮਿਲੇ ਸੀ ਤੁਸੀਂ ਪਹਿਲੀ ਵਾਰੀ ਗੁਰਦਾਸ ਮਾਨ ਨੂੰ ?"

ਉਸ ਆਖਿਆ, "ਮਿਲਿਆ ਤਾਂ ਘਟ-ਵਧ ਹੀ ਹਾਂ, ਪਰ ਉਹ ਹਮੇਸ਼ਾ ਮੇਰੇ ਦਿਲ 'ਚ ਵਸਦਾ ਹੈ। ਮਿਲਕੇ ਕੀ ਲੈਣਾ ਹੈ ਮੈਂ....।"

ਗੁਰਦਾਸ ਆਪਣੀ ਮਸ਼ਹੂਰੀ ਦਾ ਆਧਾਰ ਜਲੰਧਰ ਦੂਰਦਰਸ਼ਨ ਨੂੰ ਹੀ ਮੰਨਦਾ ਹੈ, ਜਿੱਥੇ ਉਸ ਨੂੰ ਪ੍ਰੋਡਿਊਸਰ ਸਰਦਾਰਜੀਤ ਬਾਵਾ ਨੇ ਪਹਿਲੀ ਵਾਰ ਪੇਸ਼ ਕੀਤਾ ਸੀ। ਜਿਵੇਂ ਕਿ ਜ਼ਿਕਰ ਕੀਤਾ ਹੈ ਕਿ ਗੁਰਦਾਸ ਨੂੰ ਬਚਪਨ ਤੋਂ ਹੀ ਗਾਉਣ ਦੀ ਚਿਣਗ ਸੀ, ਤਾਂ ਉਦੋਂ ਉਹ ਹੁੰਦੇ ਡਰਾਮਿਆਂ, ਨਾਟਕਾਂ, ਢਾਡੀਆਂ ਅਤੇ ਕਵੀਸ਼ਰਾਂ ਦੇ ਅਖਾੜਿਆਂ ਤੋਂ ਬੇਹੱਦ ਪ੍ਰਭਾਵਿਤ ਹੁੰਦਾ ਸੀ, ਖਾਸ ਕਰਕੇ ਕਰਨੈਲ ਸਿੰਘ ਪਾਰਸ 'ਰਾਮੂਵਾਲੀਏ' ਦੀ ਕਵੀਸ਼ਰੀ (ਤਵਿਆਂ ਵਿਚ ਵਜਦੀ) ਉਸਨੂੰ ਚੰਗੀ-ਚੰਗੀ ਲਗਦੀ ਅਤੇ ਉਸਤਾਦ ਯਮਲੇ ਜੱਟ ਦਾ ਗੀਤ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ" ਅਤੇ ਉਨ੍ਹਾਂ ਦੀ ਤੂੰਬੀ ਦੀ ਟੁਣਕਾਰ ਉਸਦੇ ਮਨ ਦੀਆਂ ਤਰਬਾਂ ਨੂੰ ਹਲੂਣਦੀ ਸੀ।

ਗੁਰਦਾਸ ਵਿਚ ਇਕ ਉਚੇਚੀ ਸਿਫ਼ਤ ਇਹ ਵੀ ਹੈ ਕਿ ਉਹ ਆਪ ਤੋਂ ਵੱਡਿਆਂ ਦਾ ਬੇਹੱਦ ਸਤਿਕਾਰ ਕਰਦਾ ਹੈ ਤੇ ਨਿੱਕਿਆਂ ਨੂੰ ਡਾਹਢਾ ਪਿਆਰ। ਮੈਨੂੰ ਯਾਦ ਹੈ, 1991 ਦਾ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ, ਜਦੋਂ ਉਸਤਾਦ ਲਾਲ ਚੰਦ ਯਮਲਾ ਜੱਟ ਦਾ ਅੰਤਿਮ ਵੇਲਾ ਸੀ, ਉਹਨਾਂ ਦੀ ਲੱਤ ਉੱਪਰ ਸੱਟ ਵੱਜਣ ਕਾਰਣ ਪਲੱਸਤਰ ਚੜ੍ਹਾਇਆ ਹੋਇਆ ਸੀ ਅਤੇ ਉਹਨਾਂ ਨੂੰ ਕੁਰਸੀ ਉੱਪਰ ਬਿਠਾ ਕੇ ਕਈ ਜਣੇ ਚੁੱਕ ਕੇ ਸਟੇਜ ਉੱਪਰ ਲੈ ਆਏ ਸਨ ਤਾਂ ਗੁਰਦਾਸ ਨੇ ਜਦੋਂ ਉਸਤਾਦ ਜੀ ਨੂੰ ਏਨੀ ਮਾੜੀ ਹਾਲਤ ਵਿਚ ਵੇਖਿਆ ਤਾਂ ਉਸਦੀਆਂ ਅੱਖਾਂ ਵਿਚੋਂ ਹੰਝੂ ਟਪਕਣ ਲੱਗੇ ਸਨ, ਉਹ ਸਟੇਜ ਉੱਪਰ ਉਸਤਾਦ ਜੀ ਦੇ ਪੈਰਾਂ ਵਿਚ ਈ ਲੇਟ ਗਿਆ ਸੀ। ਆਖਣ ਲੱਗਾ, "ਭਾਪਾ ਜੀ, ਮੈਨੂੰ ਆਸ਼ੀਰਵਾਦ ਦਿਓ...।"

ਗਾਇਕੀ ਵਿਚ ਉਹ ਪੰਡਿਤ ਆਤਮ ਪ੍ਰਕਾਸ਼ ਅਤੇ ਚਰਨਜੀਤ ਆਹੂਜਾ ਨੂੰ ਉਸਤਾਦਾਂ ਵਾਂਗ ਹੀ ਮੰਨਦਾ ਹੈ। ਬਹੁਤੇ ਲੋਕਾਂ ਨੇ ਇਹ ਭੁਲੇਖਾ ਆਪਣੇ ਮਨਾਂ ਵਿਚ ਪਾਲ ਰੱਖਿਆ ਹੈ ਕਿ ਹਾਕਮ ਸੂਫੀ ਗੁਰਦਾਸ ਦਾ ਉਸਤਾਦ ਹੈ। ਹਾਕਮ ਸੂਫੀ ਤਾਂ ਇਹ ਕਹਿੰਦਾ ਹੈ, "ਮੈਂ ਤੇ ਗੁਰਦਾਸ ਬਚਪਨ ਤੋਂ ਇਕੱਠੇ ਰਹੇ ਹਾਂ, ਇਕੱਠੇ ਖੇਡੇ ਹਾਂ, ਇਕੱਠਿਆਂ ਗਾਇਆ ਹੈ, ਇਕੱਠਿਆਂ ਖਾਧਾ ਹੈ, ਇਕੱਠੇ ਰੋਏ - ਹੱਸੇ ਹਾਂ, ਰੁੱਸੇ ਹਾਂ,



ਮੰਨੇ ਹਾਂ, ਅਸੀਂ ਬਹੁਤ ਚੰਗੇ ਦੋਸਤ ਹਾਂ, ਸਕਿਆਂ ਭਰਾਵਾਂ ਵਾਂਗ।"

ਹੁਣ ਗੁਰਦਾਸ ਪੰਜਾਹਾਂ ਨੂੰ ਢੁਕਣ ਵਾਲਾ ਹੈ, ਪਰ ਲਗਦਾ ਨਹੀਂ। ਪੁੱਤਰ ਉਸਦਾ ਇਕ ਹੈ, ਜਿਸਦਾ ਨਾਮ ਹੈ 'ਇੱਕੀ' ਤੇ ਇੰਗਲੈਂਡ ਵਿਚ ਪੜ੍ਹਦਾ ਹੈ। ਗੁਰਦਾਸ ਲਗਭਗ ਤੇਈਆਂ ਵਰ੍ਹਿਆਂ ਤੋਂ ਮੁੰਬਈ ਟਿਕਿਆ ਹੋਇਆ ਹੈ।

ਉਸਨੇ ਆਪਣੇ ਸਰੀਰ ਨੂੰ ਐਨ ਫਿਟ-ਫਾਟ ਰੱਖਿਆ ਹੋਇਆ ਹੈ ਇਸ ਦਾ ਕਾਰਨ ਲਗਾਤਾਰ ਕਸਰਤ ਕਰਨਾ, ਨੇਮ ਨਾਲ ਸੈਰ ਨੂੰ ਜਾਣਾ, ਲੋੜ ਅਨੁਸਾਰ ਸੌਣਾ, ਜਾਗਣਾ ਅਤੇ ਖਾਣਾ-ਪੀਣਾ ਹੈ। ਸਟੇਜ ਉੱਪਰ ਨੱਚ-ਨੱਚ ਕੇ ਉਹ ਤਰਥੱਲੀ ਪਾਉਂਦਾ ਹੈ, ਪਰ ਕਦੇ ਉਹਦਾ ਸਾਹ ਨਹੀਂ ਫੁੱਲਿਆ। ਮੁੰਡਿਆਂ-ਖੁੰਡਿਆਂ ਵਾਲੀ ਚੁਸਤੀ, ਚੀਸ ਅਤੇ ਚਸਕ ਅਜੇ ਓਨੀ ਹੀ ਹੈ, ਜਿੰਨੀ ਤੀਹ-ਪੈਂਤੀ ਵਰ੍ਹੇ ਪਹਿਲਾਂ ਸੀ। ਕਾਲਜ ਮੌਕੇ ਉਹ ਜੁੱਡੋ ਦਾ ਵਧੀਆ ਖਿਡਾਰੀ ਰਿਹਾ। ਕਬੱਡੀ, ਵਾਲੀਬਾਲ ਅਤੇ ਫੁੱਟਬਾਲ ਵੀ ਖੇਡਦਾ ਹੁੰਦਾ ਅਤੇ ਘੁਲਣ ਦੇ ਦਾਅ-ਪੇਚ ਵੀ ਸਿਖਦਾ ਹੁੰਦਾ ਸੀ।

ਇਕ ਦਿਨ ਟੀ.ਵੀ. ਉੱਪਰ ਉਸਦਾ ਗੀਤ ਸੁਣਿਆ :

ਬਾਪੂ ਵੇਖੀ ਜਾ ਟੀ.ਵੀ. 'ਤੇ
ਬਲਾਊਜ਼, ਚੱਡੀਆਂ....

ਤਾਂ ਬੜੀ ਹੈਰਾਨੀ ਹੋਈ, ਇਹ ਠੀਕ ਹੈ ਕਿ ਅੱਜ ਅਸ਼ਲੀਲਤਾ ਦਾ ਬੋਲਬਾਲਾ ਹੈ ਤੇ ਗੁਰਦਾਸ ਸਮੇਂ ਦਾ ਠੀਕ ਯਥਾਰਥ ਪੇਸ਼ ਕਰਦਾ ਹੈ। ਪਰ ਅਜਿਹੇ ਸ਼ਬਦ ਉਸਦੇ ਮੂੰਹੋਂ ਸੁਣ ਕੇ ਮੈਨੂੰ 'ਹੋਰੂੰ-ਹੋਰੂੰ' ਜਿਹਾ ਲੱਗਿਆ, ਕਿ ਜਿਵੇਂ ਉਹ ਅਸ਼ਲੀਲਤਾ ਉੱਪਰ ਤਿੱਖਾ ਕਟਾਖਸ਼ ਕਰਦਾ-ਕਰਦਾ ਆਪ ਹੀ ਅਸ਼ਲੀਲ ਜਿਹੇ ਬੋਲ, ਕਿਉਂ ਬੋਲ ਰਿਹਾ ਹੈ ?

...... ...... ......

ਜਦੋਂ ਗੁਰਦਾਸ ਮਾਨ ਦਾ ਕੁਰਾਲੀ ਨੇੜੇ ਐਕਸੀਡੈਂਟ ਹੋ ਗਿਆ ਸੀ ਤਾਂ ਇਉਂ ਲੱਗਿਆ ਸੀ ਜਿਵੇਂ ਇਹ ਖ਼ਬਰ ਸੁਣਦਿਆਂ ਸਾਰੀ ਦੁਨੀਆਂ ਹੀ ਝੰਜੋੜੀ ਗਈ ਹੋਵੇ। ਲੋਕਾਂ ਦੇ ਸਾਹ ਸੂਤੇ ਗਏ ਹੋਣ।

ਜਦੋਂ ਇਹ ਖ਼ਬਰ ਸੁਣੀ ਸੀ ਤਾਂ ਮੈਂ ਬਰਨਾਲੇ ਪ੍ਰਕਾਸ਼ਕ ਦੇ ਘਰ ਬੈਠਾ ਆਪਣੀ ਨਵੀਂ ਛਪ ਰਹੀ ਪੁਸਤਕ ਦੇ ਪਰੂਫ਼ ਪੜ੍ਹ ਰਿਹਾ ਸਾਂ। ਸਵੇਰ ਦੇ ਛੇ ਵੱਜੇ ਸਨ, ਹਾਲੇ 'ਨਿਰਣਾ-ਕਾਲਜਾ' ਸੀ, ਚਾਹ ਦਾ ਗਲਾਸ ਕੋਲ ਪਿਆ ਹੋਇਆ ਸੀ। ਪ੍ਰਕਾਸ਼ਕ ਦਾ ਬੇਟਾ ਅਖ਼ਬਾਰ ਚੁੱਕੀ ਮੇਰੇ ਕੋਲ ਆਇਆ ਤੇ ਬੋਲਿਆ, "ਆਹ ਦੇਖ, ਕਿੱਡੀ ਮਾੜੀ ਖ਼ਬਰ।" ਇਸ ਤੋਂ ਪਹਿਲਾਂ ਕਿ ਮੈਂ ਅਖਬਾਰ ਵੱਲ ਵੇਖਦਾ, ਮੈਂ ਪਹਿਲਾਂ ਪ੍ਰਕਾਸ਼ਕ ਦੇ ਬੇਟੇ ਦੇ ਮੂੰਹ ਵੱਲ ਵੇਖਿਆ, ਉਹਦਾ ਚਿਹਰਾ ਬੁਝਿਆ ਹੋਇਆ ਸੀ। ਜਦੋਂ ਮੈਂ ਅਖਬਾਰ ਦੇ ਮੁੱਖ ਪੰਨੇ ਉੱਪਰ ਛਪੀ ਵੱਡੀ ਖ਼ਬਰ ਦੀ ਸੁਰਖੀ ਪੜ੍ਹੀ ਅਤੇ ਨਾਲ ਹੀ ਛਪੀ ਹੋਈ ਗੁਰਦਾਸ ਬਾਈ ਦੀ ਚਕਨਾਚੂਰ ਹੋ ਚੁੱਕੀ ਗੱਡੀ ਦੀ ਫੋਟੋ ਦੇਖੀ, ਤਾਂ ਮੇਰਾ ਆਪਾ ਆਪਣੇ ਵੱਸ ਵਿਚ ਨਾ ਰਿਹਾ। ਸਾਰੀ ਸਥਿਤੀ ਸਾਫ਼ ਕਰਨ ਲਈ ਕਾਹਲ਼ੀ-ਕਾਹਲ਼ੀ 'ਚ ਹਰਭਜਨ ਮਾਨ ਨੂੰ ਫੋਨ ਘੁੰਮਾਇਆ ਪਰ ਉਹ ਮੁੰਬਈ ਗਿਆ ਹੋਇਆ ਸੀ। ਮੈਂ ਆਪਣੇ ਸਾਰੇ ਕੰਮ ਛੱਡ ਕੇ ਡੂੰਘੀ ਨਿਰਾਸ਼ਾ ਵਿਚ ਡੁੱਬ ਗਿਆ ਸਾਂ। ਫਿਰ ਜਦੋਂ ਗੁਰਦਾਸ

ਬਾਈ ਦੀ ਤੰਦਰੁਸਤੀ ਅਤੇ ਬੱਚਤ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਇਉਂ ਲੱਗਿਆ ਜਿਵੇਂ ਸਾਰੀ ਦੁਨੀਆਂ ਦੀਆਂ ਦੁਆਵਾਂ ਅਤੇ ਸ਼ੁੱਭ ਕਾਮਨਾਵਾਂ ਨੇ ਬਾਈ ਗੁਰਦਾਸ ਨੂੰ ਬਚਾ ਲਿਆ ਹੈ।

ਹਸਪਤਾਲ ਵਿਚ ਪਤਾ ਲੈਣ ਗਏ ਉਸਦੇ ਸ਼ਰਧਾਲੂਆਂ, ਸਰੋਤਿਆਂ ਪੱਤਰਕਾਰਾਂ ਅਤੇ ਕਲਾਕਾਰਾਂ ਨੂੰ ਆਪਣੇ ਵੱਸ ਵਿਚ ਨਾ ਦੇਖ ਕੇ ਖਾਖੀ ਵਰਦੀ ਵਾਲਿਆਂ ਨੇ ਲਾਠੀਚਾਰਜ ਕੀਤਾ, ਤਾਂ ਗੁਰਦਾਸ ਨੇ ਇਸ ਘਟਨਾ ਤੇ ਅਫਸੋਸ ਜ਼ਾਹਰ ਕਰਦਿਆਂ ਅਖਬਾਰਾਂ ਰਾਹੀਂ ਮਾਫ਼ੀ ਮੰਗੀ। ਇਹ ਉਸਦੀ ਨਿਰਮਾਣਤਾ ਅਤੇ ਹਲੀਮੀ ਭਰਿਆ ਵੱਖਰਾ ਵਤੀਰਾ ਸੀ। ਉਸਦੇ ਸ਼ਰਧਾਲੂਆਂ ਨੇ ਉਸਦੀ ਛੇਤੀ ਸਿਹਤਯਾਬੀ ਲਈ ਅਖੰਡ ਪਾਠ ਅਤੇ ਜਗਰਾਤੇ ਸੁੱਖੇ ਅਤੇ ਕਰਵਾਏ। ਸੜਕ ਹਾਦਸੇ ਵਿਚ ਵਿਛੋੜਾ ਦੇ ਗਿਆ ਗੁਰਦਾਸ ਦਾ ਲਾਡਾਂ ਨਾਲ ਪਾਲਿਆ ਸਾਥੀ ਤੇਜੀ, ਜਿਸਦਾ ਵਿਛੋੜਾ ਉਸਨੂੰ ਜੀਵਣ ਭਰ ਸੱਲਦਾ ਰਹੇਗਾ। ਇਹ ਸੜਕ ਹਾਦਸਾ ਸਿਰਫ਼ ਗੁਰਦਾਸ ਮਾਨ ਜਾਂ ਉਸਦੇ ਪਰਿਵਾਰ ਲਈ ਹੀ ਦੁਖਦਾਈ ਨਹੀਂ ਸੀ, ਸਗੋਂ ਮਾਂ ਬੋਲੀ ਪੰਜਾਬੀ, ਪੰਜਾਬੀ ਸਭਿਆਚਾਰ, ਪੰਜਾਬੀ ਲੋਕਾਂ, ਕਲਾਕਾਰਾਂ ਤੇ ਹੋਰ ਸਭਨਾਂ ਲਈ ਵੀ ਓਨਾ ਹੀ ਦੁਖਦਾਈ ਸੀ। ਸ਼ੁਕਰ ਹੋਇਆ, ਬਹੁਤ ਵੱਡਾ ਸੰਕਟ ਟਲ ਗਿਆ ਅਤੇ ਹਰਮਨ ਪਿਆਰਾ 'ਮਾਨ' ਮੁੜ ਆਪਣੇ ਲੋਕਾਂ ਸੰਗ ਰਲ ਗਿਆ। ਦੁਆ ਹੈ, ਜਿੰਨੇ ਚਿਰ ਤੀਕ ਦੁਨੀਆਂ ਹੈ, ਗੁਰਦਾਸ ਮਾਨ ਗਾਉਂਦਾ ਰਹੇ, ਲੋਕਾਂ ਦੇ ਮਨ ਪ੍ਰਚਾਉਂਦਾ ਰਹੇ, ਤੇ ਮਾਂ ਬੋਲੀ ਦਾ ਮਾਣ ਵਧਾਉਂਦਾ ਰਹੇ।

...... ...... ......

ਪ੍ਰਗਟ ਭਾਗੂ ਪੰਜਾਬ ਦਾ ਸਮੱਰਥ ਗਾਇਕ ਹੈ, ਅਤੇ ਗੁਰਦਾਸ ਮਾਨ ਦਾ ਖਾਸ ਪ੍ਰਸੰਸ਼ਕ। ਉਸ ਵੱਲੋਂ ਗੁਰਦਾਸ ਨਾਲ ਉਸਦੀ ਦਿਲੀ ਸਾਂਝ ਅਤੇ ਮੋਹ ਨੂੰ ਪ੍ਰਗਟਾਉਂਦਾ ਉਹਦਾ ਇਕ ਗੀਤ ;

ਤੂੰ 'ਗੁਰੂਆਂ ਦਾ ਦਾਸ' ਹੈਂ ਮਾਨਾਂ
ਦੁਨੀਆਂ ਲਈ ਗੁਰਦਾਸ ਹੈਂ ਮਾਨਾਂ
ਤੈਨੂੰ ਤੱਤੀ ਵਾ ਨਾ ਲੱਗੇ
ਰੱਬ ਅੱਗੇ ਅਰਦਾਸ ਹੈ ਮਾਨਾ

✪

ਵਗਦੀਆਂ ਠੰਢੀਆਂ ਹਵਾਵਾਂ ਤੇਰੇ ਨਾਲ ਨੇ
ਮੰਜ਼ਿਲਾਂ ਨੂੰ ਜਾਂਦੀਆਂ ਜੋ ਰਾਵ੍ਹਾਂ ਤੇਰੇ ਨਾਲ ਨੇ
ਲੋਕਾਂ ਦੀਆਂ ਲੱਖਾਂ ਹੀ ਦੁਆਵਾਂ ਤੇਰੇ ਨਾਲ ਨੇ
ਫੜ੍ਹਿਆ ਏ ਪੱਲਾ ਤੂੰ ਮੁਰਾਦਾਂ ਵਾਲੇ ਪੀਰ ਦਾ
ਹੋਣ ਨਾ ਦੇਵੇ ਜੋ, ਅਹਿਸਾਸ ਕਦੇ ਪੀੜ ਦਾ
ਲਾਡੀ ਸ਼ਾਹ ਜੀ ਦੀਆਂ ਨਿਗਾਹਾਂ ਤੇਰੇ ਨਾਲ ਨੇ
ਲੋਕਾਂ ਦੀਆਂ ਲੱਖਾਂ ......
ਦੁੱਖ-ਸੁੱਖ ਵਿਚ ਦਿੱਤਾ ਸਾਥ ਮਨਜੀਤ ਨੇ



ਦੇਖਿਆ ਨਾ ਦਿਨ ਕਦੇ, ਰਾਤ ਮਨਜੀਤ ਨੇ
ਉਹਦੇ ਨਾਲ ਲਈਆ ਚਾਰ ਲਾਵਾਂ ਤੇਰੇ ਨਾਲ ਨੇ
ਲੋਕਾਂ ਦੀਆਂ ਲੱਖਾਂ ......
'ਪਰਗਟ' ਸਦਾ ਕਰਜ਼ੱਈ ਤੇਰੇ ਪਿਆਰ ਦਾ
ਤੇਰੇ ਕੰਡਾ ਵੱਜੇ ਦਾ ਵੀ ਦੁੱਖ ਨਾ ਸਹਾਰਦਾ
ਉਹਦੀਆਂ ਤਾਂ ਆਖਰੀ ਵੀ ਸਾਹਵਾਂ ਤੇਰੇ ਨਾਲ ਨੇ
ਲੋਕਾਂ ਦੀਆਂ ਲੱਖਾਂ ......
'ਤੇਜੀ' ਤੇਰਾ ਤੇਜੀ ਵਿਚ, ਤੁਰ ਗਿਆ ਜਹਾਨ ਤੋਂ
ਇਕ ਪਲ ਹੋਰ ਗਿਆ, ਰੋਕਿਆ ਨਾ 'ਮਾਨ' ਤੋਂ
ਮਰ ਕੇ ਵੀ ਉਹਦੀਆਂ ਦੁਆਵਾਂ ਤੇਰੇ ਨਾਲ ਨੇ
ਲੋਕਾਂ ਦੀਆਂ ਲੱਖਾਂ ......

✪ ✪ ✪

# ਉੱਚੀਆਂ ਉਡਾਰੀਆਂ ਮਾਰਦਾ

ਜਗਜੀਤ ਸਿੰਘ ਮਾਨ ਪੰਜਾਬ ਦਾ ਉਹ ਪਹਿਲਾ ਸਿਵਲ ਅਫ਼ਸਰ ਹੈ ਜਿਹੜਾ ਪੈਰਾ-ਗਲਾਈਡਿੰਗ ਦੇ ਖੇਤਰ ਵਿਚ ਖੂਬ ਕ੍ਰਿਸ਼ਮੇ ਕਰ ਰਿਹੈ ਤੇ ਪੰਜ ਹਜ਼ਾਰ ਫ਼ੁੱਟ ਉੱਚੀ ਉਡਾਨ ਵੀ ਭਰ ਆਇਆ ਹੈ।

ਜਦੋਂ ਜਗਜੀਤ ਸਿੰਘ ਮਾਨ ਦੀਆਂ ਢੇਰ ਪ੍ਰਾਪਤੀਆਂ ਬਾਰੇ ਕੋਈ ਉਸਨੂੰ ਪੁਛਦਾ ਹੈ ਕਿ ਏਨੀਆਂ ਪ੍ਰਾਪਤੀਆਂ ਏਨੀ ਛੇਤੀ ਤੁਸੀਂ ਕਿਵੇਂ ਕਰ ਲਈਆਂ ਤਾਂ ਉਹ ਮੁਸਕ੍ਰਾਉਣ ਲਗਦਾ ਹੈ ਤੇ ਆਖਦੈ, "ਬੱਸ ਜੀ, ਸੰਘਰਸ਼ ਵੀ ਕੀਤੈ.... ਅਜੇ ਵੀ ਕਰ ਰਿਹਾਂ.... ਬਾਕੀ ਥੋਡੇ ਵਰਗੇ ਭਰਾਵਾਂ ਦੀ ਬਦੌਲਤ ਈ ਐ ਸਾਰਾ ਕੁਛ।" ਤੇ ਫੇਰ ਉਹ ਹੱਸ ਪੈਂਦਾ ਹੈ।

ਸੱਚਮੁਚ ਹੀ ਜਗਜੀਤ ਸਿੰਘ ਮਾਨ ਨੇ ਸੰਘਰਸ਼ ਕੀਤਾ ਹੈ, ਥੱਕ ਹਾਰਕੇ ਜਾਂ ਨਿਰਾਸ਼ ਹੋ ਕੇ ਬੈਠ ਜਾਣਿਆਂ ਵਿਚੋਂ ਨਹੀਂ ਹੈ ਉਹ।

ਉਹਦੇ ਕਾਲਜ ਪੜ੍ਹਦੇ ਵੇਲੇ ਦੀਆਂ ਪ੍ਰਾਪਤੀਆਂ ਤੇ ਸ਼ਾਨਦਾਰ ਸਰਗਰਮੀਆਂ ਵੱਲ ਦੇਖੀਏ ਤਾਂ ਪੰਜਾਹ ਦੇ ਲਗਭਗ ਉਹਨੇ ਭਾਸ਼ਣ ਮੁਕਾਬਲੇ ਜਿੱਤੇ ਹਨ, ਜਦੋਂ ਉਹ ਭਾਸ਼ਣ ਮੁਕਾਬਲੇ ਵਿਚ ਭਾਗ ਲੈਣ ਜਾਂਦਾ ਹੁੰਦਾ ਸੀ ਤਾਂ ਜਾਣੂੰ ਦਰਸ਼ਕ ਤਾਂ ਟਿਕਟਿਕੀ ਲਗਾ ਕੇ ਉਹਦੇ ਮੂੰਹ ਵੰਨੀਂ ਦੇਖਣ ਲੱਗ ਪੈਂਦੇ ਸਨ ਕਿ ਉਹ ਆਪਣਾ ਭਾਸ਼ਣ ਕਦੋਂ ਸ਼ੁਰੂ ਕਰਦਾ ਹੈ....। 1978-79 ਦੀਆਂ ਗੱਲਾਂ ਹਨ ਕਿ ਲਗਾਤਾਰ 'ਕਾਲਜ ਕਲਰ' ਉਹਦੇ ਹਿੱਸੇ ਆਉਂਦੇ ਰਹੇ ਹਨ। 1983-84 ਵਿਚ ਤਾਂ ਉਹਨੂੰ ਕਾਲਜ ਦੇ ਸਭ ਤੋਂ ਉੱਚੇ ਐਵਾਰਡ "ਰੋਲ ਆਫ਼ ਆਨਰ" ਨਾਲ ਸਨਮਾਨਿਆ ਗਿਆ। ਇਹ ਉਹਦੀਆਂ ਪ੍ਰਾਪਤੀਆਂ ਤੇ ਮੱਲਾਂ ਸਰਕਾਰੀ ਕਾਲਜ ਮੁਕਤਸਰ ਪੜ੍ਹਦੇ ਦੀਆਂ ਹਨ। ਰਾਜਿੰਦਰਾ ਕਾਲਜ ਬਠਿੰਡੇ ਵਿਚ ਪੜ੍ਹਦਿਆਂ ਵੀ ਉਹਨੇ ਕੋਈ ਕਸਰ

ਨਹੀਂ ਛੱਡੀ, ਯੂਨੀਵਰਸਿਟੀਆਂ ਵਿਚੋਂ ਕਈ ਵਾਰ ਗੋਲਡ ਮੈਡਲ ਜਿੱਤ ਕੇ ਮੁੜਿਆ।

ਜਗਜੀਤ ਸਿੰਘ ਮਾਨ ਜਦੋਂ ਮੰਚ ਉੱਤੇ ਖੜੋਤਾ ਬੋਲਦਾ ਹੈ ਤਾਂ ਸੱਚਮੁੱਚ ਹੀ ਉਹਦੇ ਮੂੰਹੋਂ ਫੁੱਲ ਕਿਰਦੇ ਜਾਪਦੇ ਹਨ, ਸ਼ੁੱਧ-ਸਪਸ਼ਟ ਉਚਾਰਨ ਤੇ ਗੱਲ ਆਖਣ ਦਾ ਖ਼ਾਸ ਸਲੀਕਾ ਹੈ ਉਹਦੇ ਕੋਲ।

ਭਾਸ਼ਣ ਕਲਾ ਦੀ ਚੇਟਕ ਜਗਜੀਤ ਸਿੰਘ ਮਾਨ ਨੂੰ ਜੁਆਨੀ ਵੇਲੇ ਲੱਗੀ, ਜਦੋਂ ਬਹੁਤਿਆਂ ਨੂੰ ਇਸ਼ਕ ਲਗਦਾ ਹੈ। ਉਸ ਦੱਸਿਆ ਕਿ ਪ੍ਰਾਇਮਰੀ 'ਚ ਆਪਣੇ ਪਿੰਡ ਤੁੰਗਵਾਲੀ (ਬਠਿੰਡਾ) ਵਿਖੇ ਪੜ੍ਹਦਿਆਂ ਉਹ ਗਾਉਣ ਲੱਗ ਪਿਆ ਸੀ ਤੇ ਪ੍ਰੈੱਪ ਤੱਕ ਪੜ੍ਹਦਿਆਂ ਗਾਉਂਦਾ ਰਿਹਾ। ਫਿਰ ਉਹਨੇ ਇਕ ਦਿਨ ਆਪਣੇ ਪਿਤਾ ਜੀ ਨੂੰ ਆਖਿਆ, "ਮੈਨੂੰ ਫੈਮਿਲੀ ਪਲੈਨਿੰਗ 'ਤੇ ਭਾਸ਼ਣ ਲਿਖਕੇ ਦਿਓ, ਮੈਂ ਭਾਸ਼ਣ ਮੁਕਾਬਲੇ 'ਚ ਭਾਗ ਲੈਣਾ ਹੈ।" ਪਿਤਾ ਜੀ ਸਿਹਤ ਵਿਭਾਗ ਵਿਚ ਨੌਕਰੀ ਕਰਦੇ ਸਨ, ਉਹਨਾਂ ਭਾਸ਼ਣ ਲਿਖ ਦਿੱਤਾ, ਜਦ ਜਗਜੀਤ ਬੋਲਿਆ ਤਾਂ, "ਵਾਹ-ਵਾਹ" ਹੋਈ, ਸਾਬਾਸ਼ ਮਿਲੀ ਤੇ ਇਨਾਮ ਕਿਸੇ ਹੈਡਮਾਸਟਰ ਦਾ ਸਿਫਾਰਸ਼ੀ ਮੁੰਡਾ ਲੈ ਗਿਆ। ਜਗਜੀਤ ਨੇ ਉਹਨੂੰ ਆਖਿਆ ਵੀ, "ਕੋਈ ਨਾ ਪੁੱਤ... ਮੈਂ ਵੀ ਮਾਨ ਜੱਟ ਆਂ... ਕਾਲਜ 'ਚ ਟੱਕਰੂੰਗਾ.... ਫੇ ਕੀਹਦੀ ਸਿਫਾਰਿਸ਼ ਆਊ ਓਥੇ। ਉਥੇ ਹੋਣਗੇ ਟਾਕਰੇ...।"

ਬਸ ਫਿਰ ਕੀ ਸੀ ? ਜਗਜੀਤ ਮਾਨ ਹਮੇਸ਼ਾ ਕੋਈ ਨਾ ਕੋਈ ਪੁਜੀਸ਼ਨ ਲੈ ਕੇ ਹੀ ਆਇਆ।

ਜਦੋਂ ਜਗਜੀਤ ਸਿਰ ਸੁੱਟ੍ਹ ਕੇ ਪੜ੍ਹਦਾ ਰਹਿੰਦਾ ਤਾਂ ਉਹਦੀ ਮਾਂ ਫ਼ਿਕਰ ਕਰਦੀ, "ਮੁੰਡਾ ਐਨੀ ਮੇਹਨਤ ਕਰਦੈ... ਖਬਰੇ ਨੌਕਰੀ ਮਿਲੂ ਕਿ ਨਾ।"

ਜਗਜੀਤ ਆਪਣੀ ਮਾਂ ਨੂੰ ਆਖਦਾ, "ਬੇਬੇ, ਦੇਖੀ ਜਾਈਂ... ਜੇ ਲੱਗੂੰਗਾ ਤਾਂ ਅਫਸਰ ਈ ਲੱਗੂੰਗਾ... ਤੇਰੇ ਸਾਮ੍ਹਣੇ ਐਂ।"

ਕਾਲਜ ਵਿਚ ਕੋਈ ਵੀ ਸਮਾਗਮ ਹੈ, ਜਗਜੀਤ ਮਾਨ ਮੂਹਰੇ - ਮੂਹਰੇ, ਜੇ ਅਜਮੇਰ ਸਿੰਘ ਔਲਖ ਦੇ ਨਾਟਕ ਹੋ ਰਹੇ ਹਨ ਤਾਂ ਜਗਜੀਤ ਬਤੌਰ ਕਲਾਕਾਰ ਕੰਮ ਕਰ ਰਿਹੈ, ਕਿਤੇ ਭੰਗੜਾ ਟੀਮ ਦਾ ਮੋਹਰੀ ਹੈ, ਕਿਤੇ ਨਹਿਰੂ ਯੁਵਾ ਕੇਂਦਰ ਵਾਲਿਆਂ ਨਾਲ ਕੈਂਪ ਲਾਉਂਦਾ ਦੂਰ-ਦੂਰ ਦੇ ਟੂਰ ਕਢਦਾ ਫਿਰ ਰਿਹੈ, ਕਿਧਰੇ ਖ਼ੂਨਦਾਨ ਕੈਂਪਾਂ ਵਿਚ ਲੰਮਾ ਪਿਆ ਖ਼ੂਨ ਕਢਵਾਈ ਜਾ ਰਿਹੈ, ਕਿਧਰੇ ਆਪਣੇ ਪਿੰਡ 'ਚ ਯੂਥ ਕਲੱਬ ਦੇ ਗਠਨ ਲਈ ਨੌਜੁਆਨਾਂ ਨੂੰ ਪਰੇਰ ਰਿਹੈ, ਕੈਂਪ ਲਾ ਰਿਹੈ, ਲਾਇਬ੍ਰੇਰੀ ਲਈ ਕਿਤਾਬਾਂ ਦਾ ਪ੍ਰਬੰਧ ਕਰਦਾ ਫਿਰਦੈ ਤੇ ਕਈ ਕੁਝ ਹੋਰ।

ਪਿੰਡ ਵਿਚ ਲੋਕਾਂ ਦੀ ਆਪਸੀ ਖਾਨਦਾਨੀ ਤੇ ਪੁਰਾਣੀ ਦੁਸ਼ਮਣੀ ਵਿਚ 95 ਕਤਲ ਹੋ ਚੁੱਕੇ ਹਨ, ਅਸ਼ਕੇ ਜਾਈਏ ਜਗਜੀਤ ਸਿੰਘ ਮਾਨ ਦੇ, ਜਿਹਨੇ ਇਹੋ-ਜਿਹੇ ਮਾਹੌਲ ਵਿਚ ਵੀ ਹਾਣੀ-ਯੁਵਕਾਂ ਨੂੰ ਪ੍ਰੇਰਿਆ ਤੇ ਯੂਥ ਕਲੱਬ ਬਣਾ ਕੇ ਰਜਿਸਟਰਡ ਕਰਵਾਇਆ, ਪਿੰਡ ਦੇ ਵਿਕਾਸ ਤੇ ਭਲਾਈ ਕਾਰਜ ਕਰਨੇ ਸ਼ੁਰੂ ਕੀਤੇ। ਜਦੋਂ ਉਹ ਲਾਇਬ੍ਰੇਰੀ ਬਣਾ ਰਹੇ ਸਨ ਤਾਂ ਉਦੋਂ ਵੀ ਪਿੰਡ ਵਿਚ ਉਹਨਾਂ ਦਾ ਤਕੜਾ ਡਟਵਾਂ ਵਿਰੋਧ ਹੋਇਆ ਸੀ। ਕੋਈ ਕੁਝ ਬੋਲਦਾ, ਕੋਈ ਕੁਝ, ਜਿੰਨੇ ਮੂੰਹ ਓਨੀਆਂ ਗੱਲਾਂ। ਇਕ ਬੰਦੇ ਨੇ ਬੜਾ ਰੌਲ਼ਾ ਚੱਕਿਆ, ਉਹ ਘਰ-ਘਰ ਜਾ ਕੇ ਲੋਕਾਂ ਨੂੰ ਆਖਦਾ ਫਿਰਦਾ, "ਓ ਲੋਕੋ, ਬਚਜੋ ਓਏ ਜੇ ਬਚੀਦੈ... ਜਗਰੂਪ ਦਾ ਮੁੰਡਾ ਐ ਜਿਹੜਾ ਬਾਹਲ਼ਾ ਪਾਹੜਾ



ਐ, ਉਹ ਪਿਪਲੀ ਆਲ਼ੀ ਥਾਂ 'ਤੇ ਕਮਰਾ ਪਾਈ ਜਾਂਦੈ, ਨਾਲ ਮੁੰਡੀਹਰ 'ਕੱਠੀ ਕਰੀ ਫਿਰਦੈ.... ਅਖੇ ਕਤਾਬਾਂ ਪੜ੍ਹਨ ਆਲ਼ੀ ਲੈਬਰੀ ਬਣੌਣੀ ਆਂ.... ਲੈਬਰੀ ਕਾਹਨੂੰ.... ਯੱਭ੍ਹ ਪਾਉਣਗੇ.... ਕਮਰੇ 'ਚ ਕੁੜੀਆਂ ਲਿਆਇਆ ਕਰਨਗੇ.... ਕੇਹੜੀਆਂ ਏਥੇ ਕਤਾਬਾਂ-ਕਤੂਬਾਂ ਲਿਔਣੀਆਂ.... ਨਾ ਕਿਸੇ ਨੇ ਪੜ੍ਹਨੀਐ-ਪੁੜ੍ਹਨੀਐਂ.... ਓ ਲੋਕੋ, ਹਟਾਓ ਜਾ ਕੇ ਮੁੰਡੀਹਰ ਨੂੰ। ਤੀਵੀਆਂ ਲਿਆ-ਲਿਆ ਪਿੰਡ ਦੀ ਭੰਡੀ ਕਰੌਣਗੇ....।"

ਉਹ ਬੰਦਾ ਪ੍ਰਚਾਰ ਕਰਦਾ ਫਿਰਿਆ। ਹੋਇਆ ਇਉਂ ਕਿ ਜਦੋਂ ਇਹ ਪਿੱਪਲ ਪੁੱਟ ਰਹੇ ਸਨ ਤਾਂ ਉਹੀ ਬੰਦਾ ਟਰੈਕਟਰ ਚਲਾਉਂਦਾ ਆਪਣੇ ਖੇਤ ਨੂੰ ਜਾ ਰਿਹਾ ਸੀ। ਇਹਨਾਂ ਉਹਦਾ ਟਰੈਕਟਰ ਰੋਕ ਲਿਆ ਤੇ ਬੜੀ ਮਿੱਠਤ ਜਿਹੀ ਨਾਲ ਆਖਿਆ, "ਆ ਚਾਚਾ ਯਾਰ, ਟਰੈਕਟਰ ਪਿੱਛੇ ਰੱਸਾ ਪਾਈਏ, ਪਿੱਪਲ ਨੀ ਉਖੜਦਾ.... ਕਰੀਂ ਚਾਚਾ ਹਿੰਮਤ ।"

ਉਹ ਬੰਦਾ ਝੱਟ ਮੰਨ ਗਿਆ ਤੇ ਟਰੈਕਟਰ ਨਾਲ ਪਿੱਪਲ ਪੁੱਟ ਦਿੱਤਾ। ਪਿੰਡ ਦੇ ਜਿਹੜੇ ਬੰਦਿਆਂ ਕੋਲ ਉਹ ਇਹਨਾਂ ਦੀ ਭੰਡੀ ਪਿਟਦਾ ਸੀ ਉਹ ਉਹਨੂੰ ਘੇਰ ਕੇ ਉਹਦੇ ਗਲ ਪੈ ਗਏ, "ਬਈ ਸਾਨੂੰ ਤਾਂ ਕਹਿੰਨੈ ਗੰਦ ਪਾਉਣਗੇ ਮੁੰਡੇ, ਆਪ ਜਾ ਕੇ ਆਵਦੇ ਪਤੰਦਰਾਂ ਤੋਂ ਪਿੱਪਲ ਪਟਵਾਇਐ ?"

ਫਿਰ ਉਸ ਬੰਦੇ ਨੇ ਪਿੰਡ ਵਾਲਿਆਂ ਤੋਂ ਮਾਫ਼ੀ ਮੰਗੀ।

ਪਿੰਡ ਵਿਚ ਖੇਡ ਮੇਲੇ ਹੋਣ ਲੱਗ ਪਏ। ਮੰਤਰੀ ਤੇ ਅਫ਼ਸਰਾਂ ਦੀ ਆਮਦ ਤੇ ਗਰਾਂਟਾਂ ਨਾਲ ਪਿੰਡ ਦੀ ਨੁਹਾਰ ਈ ਬਦਲ ਗਈ। ਫਿਰ ਲੋਕ ਖੁਸ਼ ਹੋ ਗਏ ਤੇ ਇਉਂ ਆਖਣ ਲੱਗ ਪਏ, "ਬਈ ਏਹ ਸਾਰਾ ਉੱਦਮ ਜਗਰੂਪ ਦੇ ਮੁੰਡੇ ਜਗਜੀਤ ਦਾ ਐ।" ਡਿਸਪੈਂਸਰੀ, ਪਸ਼ੂ ਹਸਪਤਾਲ, ਲਾਇਬ੍ਰੇਰੀ ਤੇ ਸ਼ਮਸ਼ਾਨ ਭੂਮੀ ਦੀਆਂ ਕੰਧਾਂ ਕੱਢਣ ਤੋਂ ਲੈ ਕੇ ਨਜਾਇਜ਼ ਕਬਜ਼ੇ ਛੁਡਵਾਏ, ਰੂੜੀਆਂ ਚੁਕਵਾਈਆਂ, ਫਿਰਨੀਆਂ ਪੱਧਰੀਆਂ ਕੀਤੀਆਂ, ਪੰਚਾਇਤ ਨਾਲ ਸਹਿਯੋਗ ਦਿੱਤਾ, ਹੋਰ ਵੀ ਹੋਣ ਵਾਲੇ ਕਈ ਕੰਮ ਕੀਤੇ।

ਫਿਰ ਕੋਈ ਬੁਰਾ-ਭਲਾ ਨਹੀਂ ਸੀ ਬੋਲਦਾ ਤੇ ਸਾਰੇ ਲੋਕ ਹੀ ਕਲੱਬ ਨਾਲ ਸਹਿਮਤ ਹੋ ਗਏ ਸਨ। ਇਹ ਜਗਜੀਤ ਮਾਨ ਤੇ ਉਹਦੇ ਸਹਿਯੋਗੀ ਮਿੱਤਰਾਂ ਦੀ ਖਾਸ ਤੇ ਵੱਡੀ ਪ੍ਰਾਪਤੀ ਸੀ। ਇਉਂ ਜਗਜੀਤ ਨਹਿਰੂ ਯੁਵਾ ਕੇਂਦਰ ਵਾਲਿਆਂ ਨਾਲ ਪੂਰੀ ਤਰ੍ਹਾਂ ਜੁੜ ਗਿਆ ਤਾਂ ਉਹਦੇ ਮਨ ਵਿਚ ਸਮਾਜ ਭਲਾਈ ਕਾਰਜਾਂ ਅਤੇ ਨੌਜੁਆਨਾਂ ਨੂੰ ਇਸ ਪਾਸੇ ਲਾਮਬੰਦ ਕਰਨ ਦੀ ਇੱਛਾ ਹੋਰ ਵੀ ਬਲਵਾਨ ਹੋ ਗਈ। ਜਦੋਂ ਜਗਜੀਤ ਮਾਨ ਸਮਾਜ ਤੇ ਪਿੰਡ ਭਲਾਈ ਕਾਰਜ ਕਰ ਰਿਹਾ ਸੀ ਤਾਂ ਉਹਦਾ ਦਾਇਰਾ ਤਾਂ ਵਧਣਾ ਹੀ ਸੀ, ਸਗੋਂ ਜ਼ਿਲ੍ਹੇ ਦੇ ਨਿੱਕੇ-ਵੱਡੇ ਅਫਸਰਾਂ ਵਿਚ ਵੀ ਉਹਦੀ ਚੰਗੀ ਜਾਣ-ਪਛਾਣ ਬਣ ਗਈ ਤੇ ਉਹ ਜਿਹੜੇ ਵੀ ਦਫ਼ਤਰ, ਜਿਹੜੇ ਵੀ ਕੰਮ ਜਾਂਦਾ ਤਾਂ ਉਹਦੀ ਚੰਗੀ ਆਓ-ਭਗਤ ਹੁੰਦੀ, ਕੰਮ ਹੁੰਦੇ। ਜਗਜੀਤ ਮਾਨ ਹੋਣਹਾਰ ਤੇ ਮਿਹਨਤੀ ਨੌਜਵਾਨ ਵਜੋਂ ਜਾਣਿਆ ਜਾਣ ਲੱਗਿਆ, ਜਦ ਉਹ ਬਾਹਰ ਦੇ ਚੰਗੇ-ਚੰਗੇ ਕੰਮ ਕਰ ਰਿਹਾ ਸੀ ਤਾਂ ਘਰ ਦਿਆਂ ਨੂੰ ਵੀ ਇਹ ਓਪਰੀ-ਓਪਰੀ ਜਿਹੀ ਗੱਲ ਲੱਗਣ ਲੱਗੀ, ਉਂਝ ਭਾਵੇਂ ਘਰ ਦੇ ਸਾਰੇ ਖੁਸ਼ ਵੀ ਸਨ ਪਰ ਫਿਰ ਵੀ ਕਦੇ-ਕਦਾਈਂ ਉਹ ਆਖ ਈ ਦੇਂਦੇ, "ਪੜ੍ਹ-ਲਿਖ ਲਿਐ, ਹੁਣ ਕਿਸੇ ਨੌਕਰੀ ਨਾਕਰੀ 'ਤੇ ਲੱਗਜਾ, ਹੋਰ ਪੜ੍ਹਨ ਦਾ ਕੀ ਫੈਦਾ ਐ, ਬਾਹਰ ਦੇ ਭਲੇ ਕਰਦਾ ਫਿਰਦੈ ਐਂ, ਆਬਦਾ ਵੀ ਕੁਝ ਸੋਚ!"

ਜਗਜੀਤ ਦੀ ਨਹਿਰੂ ਯੁਵਾ ਕੇਂਦਰ ਨਾਲ ਅਟੈਚਮੈਂਟ ਤੇ ਸਰਗਰਮੀਆਂ ਦੇਖ ਕੇ ਉਸਨੂੰ ਮਿੱਤਰਾਂ ਨੇ ਸਲਾਹ ਦਿੱਤੀ ਕਿ ਤੂੰ ਵੀ ਇਸੇ ਮਹਿਕਮੇ ਵਿਚ ਕੋਆਰਡੀਨੇਟਰ ਦੀ ਪੋਸਟ ਲਈ ਅਪਲਾਈ ਕਰ। ਜਗਜੀਤ ਦਿੱਲੀ ਜਾ ਕੇ ਅਪਲਾਈ ਕਰ ਆਇਆ ਸੀ। ਜਦੋਂ ਇੰਟਰਵਿਊ ਹੋਈ ਤਾਂ ਜਗਜੀਤ ਹੋਰਨਾਂ ਉਮੀਦਵਾਰਾਂ ਨਾਲ ਅੰਦਰ ਸੱਤਵੇਂ ਨੰਬਰ 'ਤੇ ਬੈਠਾ ਹੋਇਆ ਸੀ, ਇਹਨਾਂ ਸਾਰਿਆਂ ਉਮੀਦਵਾਰਾਂ ਨੂੰ ਨੌਂ ਮਿੰਟ ਦਿੱਤੇ ਗਏ ਸਨ ਕਿ ਨੌਂ ਮਿੰਟ ਵਿਚ ਇਸ ਵਿਸ਼ੇ ਉੱਤੇ ਬਹਿਸ ਕਰੋ ਤੇ ਸਿੱਟਾ ਕੱਢੋ ਕਿ ਕੁੜੀਆਂ ਨੂੰ ਨਹਿਰੂ ਯੁਵਾ ਕੇਂਦਰ ਨਾਲ ਕਿਵੇਂ ਜੋੜਿਆ ਜਾਵੇ ਤੇ ਉਹਨਾਂ ਨੂੰ ਕਿਵੇਂ ਪਰੇਰਕੇ ਸਮਾਜ ਭਲਾਈ ਕਾਰਜਾਂ ਵਿਚ ਅੱਗੇ ਲਿਆਂਦਾ ਜਾਵੇ। ਸੱਤ ਮਿੰਟ ਤੱਕ ਹੋਰ ਬੋਲਦੇ ਰਹੇ, ਪਿਛਲੇ ਦੋ ਮਿੰਟ ਜਗਜੀਤ ਬੋਲਿਆ ਤਾਂ ਉਸ ਕਮਾਲ ਹੀ ਕਰ ਦਿੱਤੀ। ਡਾਇਰੈਕਟਰ ਜਨਰਲ ਨੇ ਆਖਿਆ, "ਬਹੁਤ ਅੱਛਾ।" ਜਦੋਂ ਜਗਜੀਤ ਨੂੰ ਉਹਨਾਂ ਆਖਿਆ ਕਿ ਆਪਣੇ ਸਰਟੀਫਿਕੇਟ ਦਿਖਾਓ ਤਾਂ ਜਗਜੀਤ ਨੇ ਆਪਣੇ ਸਰਟੀਫਿਕੇਟਾਂ ਨਾਲ ਭਰਿਆ ਅਟੈਚੀ ਚੁੱਕਿਆ ਤੇ ਉਹਨਾਂ ਦੇ ਸਾਮ੍ਹਣੇ ਵਾਲੀ ਮੇਜ਼ ਉੱਤੇ ਰੱਖ ਕੇ ਖੋਹਲਣ ਲੱਗ ਪਿਆ ਤਾਂ ਉਹਨਾਂ ਵਿਚੋਂ ਕਿਸੇ ਨੇ ਆਖਿਆ,

"ਆਪਣੇ ਕੱਪੜਿਆਂ ਵਾਲਾ ਅਟੈਚੀਕੇਸ ਨੀਚੇ ਰੱਖੋ।"

ਜਗਜੀਤ ਨੇ ਦੱਸਿਆ, "ਜੀ ਏਸ ਵਿਚ ਕੋਈ ਵੀ ਕੱਪੜਾ ਨਹੀਂ, ਸਿਵਾਏ ਸਰਟੀਫਿਕੇਟਾਂ ਤੋਂ... ਸਭ ਸਰਟੀਫਿਕੇਟ ਹੀ ਨੇ।"

ਜਦ ਥੱਬਾ ਭਰਿਆ ਸਰਟੀਫਿਕੇਟਾਂ ਦਾ ਉਹਨਾਂ ਮੂਹਰੇ ਰੱਖਿਆ ਤਾਂ ਸਭ ਦੇਖਦੇ ਹੈਰਾਨ ਹੋਈ ਜਾਣ। ਜੋ ਹੋਰ ਕੁਝ ਸੁਆਲ ਉਹਨਾਂ ਜਗਜੀਤ ਨੂੰ ਪੁੱਛੇ, ਉਸ ਸਭ ਦੇ ਜੁਆਬ ਜਗਜੀਤ ਨੇ ਠੀਕ ਤਰ੍ਹਾਂ ਨਾਲ ਦੇ ਦਿੱਤੇ।

ਇੰਟਰਵਿਊ ਦੇ ਕੇ ਉਹ ਪਿੰਡ ਆ ਗਿਆ, ਡੇਢ਼ ਮਹੀਨੇ ਤੱਕ ਕੋਈ ਨਤੀਜਾ ਨਾ ਆਇਆ। ਜਗਜੀਤ ਦੇ ਦੋ ਭਰਾ ਖੇਤੀਬਾੜੀ ਤੇ ਘਰ-ਬਾਰ ਦਾ ਸਾਰਾ ਧੰਦਾ ਕਰਦੇ ਸਨ, ਇਹ ਖੇਤੀ ਵਿਚ ਘੱਟ ਹੀ ਹੱਥ ਵਟਾਉਂਦਾ ਸੀ ਤੇ ਇਕ ਦਿਨ ਛੋਟੇ ਭਰਾ ਨਾਲ ਮਾੜੀ-ਮੋਟੀ 'ਤੂੰ-ਤੂੰ ਮੈਂ-ਮੈਂ' ਵਰਗੀ ਲਾਗਤ ਜਿਹੀ ਹੋ ਗਈ। ਭਰਾ ਨੇ ਤਾਹਨਾ ਕੱਢ ਮਾਰਿਆ, "ਜਾਹ ਉਏ ਜਾਹ, ਵੱਡਾ ਅਫਸਰ ਬਣਦਾ ਫਿਰਦੈ... ਤੇਰੇ ਬਰਗੇ ਬੀਹ ਫਿਰਦੇ ਆ... ਬਿਹਲਾ ਫਿਰਦਾ ਆਕੜਦੈ... ਅਸੀਂ ਕੰਮ ਕਰਦੇ ਆਂ... ਉਲਟਾ ਸਾਡੇ ਨਾਲ ਤੀਂਘੜਦਾ ਹੁੰਨਾ ਐਂ...।"

ਜਗਜੀਤ ਬਹੁਤ ਦੁਖੀ ਹੋਇਆ। ਉਧਰੋਂ ਨੌਕਰੀ ਵੀ ਕੋਈ ਪਤਾ ਨਹੀਂ ਸੀ ਕਿ ਮਿਲੇਗੀ ਜਾਂ ਨਹੀਂ, ਨਤੀਜਾ ਕਦੋਂ ਆਵੇਗਾ, ਕੀ ਬਣੇਗਾ, ਕੀ ਨਹੀਂ। ਜਗਜੀਤ ਨੇ ਵੱਟ ਜਿਹਾ ਖਾਧਾ ਤੇ ਉਹਨੀਂ ਕੱਪੜੀਂ ਉਹ ਘਰੋਂ ਤੁਰ ਪਿਆ। ਜਾਂਦੇ-ਜਾਂਦੇ ਉਸ ਆਖਿਆ, "ਜੇ ਆਇਆ ਵੀ ਤਾਂ ਨੌਕਰੀ ਲੱਗ ਕੇ ਆਊਂਗਾ.... ਨਹੀਂ ਆਉਂਦਾ ਨਹੀਂ।" ਉਹਦੇ ਹਰਾ ਕੁਰਤਾ-ਪਜਾਮਾ ਪਾਇਆ ਹੋਇਆ ਸੀ ਤੇ ਉਹਦੇ ਕੋਲ ਕੋਈ ਪੈਸਾ ਵੀ ਨਹੀਂ ਸੀ। ਗੁੱਸੇ ਕਾਰਣ ਘਰੋਂ ਵੀ ਪੈਸੇ ਨਹੀਂ ਲਏ ਸਨ।

ਬੱਸ ਅੱਡੇ ਉੱਤੇ ਉਹਦੇ ਸਾਥੀ ਖਲੋਤੇ ਹੋਏ ਸਨ, ਸਹਾਰਨਪੁਰ (ਯੂ.ਪੀ.) ਇੰਟਰ ਸਟੇਟ ਕੈਂਪ ਲਾਉਣ ਚੱਲੇ ਸਨ, ਆਖਣ ਲੱਗੇ, "ਤੂੰ ਵੀ ਚੱਲ ਜਗਜੀਤ।" ਜਗਜੀਤ ਨੇ ਸੋਚਿਆ, ਪੈਸਾ ਕੋਈ ਨਹੀਂ, ਆਖਣ ਲੱਗਾ, "ਤੁਸੀਂ ਚੱਲੋ, ਮੈਂ ਪਰਸੋਂ ਤੱਕ



ਆਵਾਂਗਾ।" ਬਠਿੰਡਿਓਂ ਕਿਸੇ ਜਾਣੂੰ-ਪਛਾਣੂੰ ਹੱਟੀ ਵਾਲੇ ਤੋਂ ਉਸ ਦੋ ਸੌ ਰੁਪੱਈਆ ਉਧਾਰ ਲਿਆ ਤੇ ਸਹਾਰਨਪੁਰ ਪੁੱਜ ਗਿਆ। ਕੋਲ ਕੱਪੜਾ ਵੀ ਕੋਈ ਨਹੀਂ ਸੀ, ਦੋਸਤਾਂ-ਮਿੱਤਰਾਂ ਦੇ ਕੱਪੜੇ ਪਾ ਕੇ ਕੈਂਪ 'ਚ ਜਾਂਦਾ ਰਿਹਾ। ਸੌ ਰੁਪਈਆ ਕਿਸੇ ਇੱਕ ਹੋਰ ਦੋਸਤ ਤੋਂ ਫੜ੍ਹ ਲਿਆ। ਦਸ ਦਿਨਾਂ ਦਾ ਕੈਂਪ ਸੀ, ਦੂਜੇ ਸਭ ਮੁੜ ਆਏ, ਇਹ ਦਿੱਲੀ ਉੱਤਰ ਗਿਆ ਆਪਣੀ ਨੌਕਰੀ ਦਾ ਨਤੀਜਾ ਪਤਾ ਕਰਨ ਲਈ, ਰਾਤ ਮੰਦਰ 'ਚ ਕੱਟ ਲਈ, ਦਿਨ ਚੜ੍ਹੇ ਤੋਂ ਗੁਰਦੁਆਰਾ ਰਕਾਬ ਗੰਜ ਕੋਲ ਦੀ ਲੰਘਣ ਲੱਗਾ, ਅੰਦਰ ਜਾ ਕੇ ਅਰਦਾਸ ਕੀਤੀ ਤੇ ਪੰਜਾਂ ਦਾ ਪ੍ਰਸ਼ਾਦਿ ਚੜ੍ਹਾਇਆ, "ਹੇ ਸੱਚੇ ਪਾਤਸ਼ਾਹ, ਮੈਨੂੰ ਨੌਕਰੀ ਦੇਹ! ਨਹੀਂ ਮੈਂ....।"

ਦੁਪਹਿਰ ਤੱਕ ਡਾਇਰੈਕਟਰ ਸਾਹਿਬ ਨਾ ਆਏ, ਜਦ ਆਏ ਤਾਂ ਜਗਜੀਤ ਉਹਨਾਂ ਦੇ ਪਿੱਛੇ-ਪਿੱਛੇ ਤੁਰਨ ਲੱਗਿਆ। ਉਹਨਾਂ ਪਿੱਛਾ ਭਉਂ ਕੇ ਦੇਖਿਆ ਤੇ ਪੁੱਛਿਆ, "ਹਾਂ ਜਗਜੀਤ, ਕੈਸੇ ਆਨਾ ਹੂਆ।"

ਉਹਨੇ ਬੜੀ ਨਿਝੱਕਤਾ ਨਾਲ ਕਿਹਾ, "ਸਰ ਪਹਿਲਾਂ ਕਮਰੇ 'ਚ ਚੱਲੋ.... ਫੇਰ ਦੱਸਾਂਗਾ।"

ਡਾਇਰੈਕਟਰ ਜਨਰਲ ਅਖਿਲ ਬਖਸ਼ੀ ਬੜਾ ਹੀ ਪਾਰਖੂ ਅਫਸਰ ਤੇ ਕੁਸ਼ਲ ਪ੍ਰਬੰਧਕ ਸੀ, ਜਿਸ ਨੂੰ ਜਗਜੀਤ ਦਾ ਚੇਹਰਾ-ਮੁਹਰਾ ਤੇ ਨਾਂ ਵੀ ਚੇਤੇ ਸੀ। ਉਹ ਯੁਵਕਾਂ ਦੀ ਕਲਾ ਤੇ ਕਾਰਜਾਂ ਦਾ ਵੀ ਕਦਰ ਦਾਨ ਤੇ ਖੁੱਲ੍ਹਾ ਡੁੱਲ੍ਹਾ ਬੰਦਾ ਸੀ, ਹਰੇਕ ਦੀ ਗੱਲ ਸੁਣਨ ਵਾਲਾ।

ਜਦ ਕਮਰੇ ਵਿਚ ਗਏ ਤਾਂ ਬਖਸ਼ੀ ਨੇ ਜਗਜੀਤ ਦੇ ਲੱਥੇ ਤੇ ਉਦਾਸ ਚਿਹਰੇ ਵੱਲ ਦੇਖ ਕੇ ਪੁੱਛਿਆ, "ਹਾਂ, ਬਤਾਓ, ਕਿਆ ਬਾਤ ਹੈ।"

ਜਗਜੀਤ ਜਿਵੇਂ ਭਰਿਆ ਪਿਆ ਸੀ। ਉਸ ਬੋਲਣਾ ਸ਼ੁਰੂ ਕੀਤਾ, "ਸਰ ਮੈਂ ਦੁਖੀ ਆਂ, ਮੇਰੀ ਨੌਕਰੀ ਦਾ ਕੀ ਬਣਿਐ ? ਮੈਨੂੰ ਕਿਸੇ ਬੰਨੇ ਲਾਓ.... ਤੁਸੀਂ ਨੌਜਵਾਨਾਂ ਦੇ ਰਖਵਾਲੇ ਹੋ, ਮੈਨੂੰ ਕੁਝ ਪਤਾ ਨਹੀਂ ਮੈਂ ਕੀ ਕਰਨੈ, ਮੇਰਾ ਨੌਕਰੀ ਲਈ ਹੱਕ ਬਣਦੈ। ਮੇਰਾ ਹੱਕ ਮੈਨੂੰ ਦਿਓ...। ਮੇਰੇ ਘਰ ਦੇ ਲੜਦੇ ਐ। ਮੈਂ ਕੁਛ ਖਾ ਕੇ ਮਰਜੂੰ... ਮੇਰਾ ਕੋਈ ਟਿਕਾਣਾ ਨਹੀਂ, ਮੈਂ ਕਿੱਧਰ ਨੂੰ ਜਾਵਾਂ, ਮੈਨੂੰ ਕੋਈ ਰਾਹ ਨਹੀਂ ਦੀਂਹਦਾ... ਮੇਰਾ ਮਸਲਾ ਹੱਲ ਕਰੋ, ਮੈਨੂੰ ਨੌਕਰੀ ਦੇਓ.... ਬੇੜਾ ਬੰਨੇ ਲਾਓ.... ਸਰ ਮੈਂ ਦੁਖੀ ਆਂ....।"

ਡਾਇਰੈਕਟਰ ਬਖਸ਼ੀ ਸਾਹਿਬ ਨੇ ਉਹਨੂੰ ਕੁਝ ਦਿਨਾਂ ਦਾ ਹੋਰ ਵਕਤ ਦੇ ਕੇ ਤੋਰ ਦਿੱਤਾ। ਉਸ ਨੇ ਵੀ ਸੋਚ ਰੱਖਿਆ ਸੀ ਕਿ ਨੌਕਰੀ ਦੇ ਆਰਡਰ ਲੈ ਕੇ ਹੀ ਘਰੇ ਜਾਣਾ ਹੈ। ਸੋ ਬਾਕੀ ਦੇ ਦਿਨ ਵੀ ਉਹ ਏਧਰ-ਓਧਰ ਦੋਸਤਾਂ ਕੋਲ ਤੁਰਿਆ-ਫਿਰਿਆ, ਕੁਝ ਦਿਨਾਂ ਮਗਰੋਂ ਜਾ ਡਾਇਰੈਕਟਰ ਕੋਲ ਪੇਸ਼ ਹੋਇਆ। ਰਿਜ਼ਲਟ ਵਾਲੀ ਫਾਈਲ ਮੰਗਵਾਈ ਗਈ, ਜਗਜੀਤ ਦੀ ਚੋਣ ਪਹਿਲੇ ਨੰਬਰ 'ਤੇ ਸੀ। ਉਸ ਨੂੰ ਡਾਇਰੈਕਟਰ ਸਾਹਿਬ ਨੇ ਜਦੋਂ ਇਹ ਸੂਚਨਾ ਦਿੱਤੀ ਤਾਂ ਖੁਸ਼ੀ ਉਸ ਤੋਂ ਸੰਭਾਲੀ ਨਾ ਜਾਵੇ। ਉਸਨੂੰ ਆਰਡਰ ਮਿਲ ਗਏ। ਬਖਸ਼ੀ ਸਾਹਿਬ ਦੇ ਉਸ ਪੈਰੀਂ ਹੱਥ ਲਗਾਏ, ਕੋਟਿ-ਕੋਟਿ ਧੰਨਵਾਦ ਕੀਤਾ ਤੇ ਪਿੰਡ ਵੱਲ ਨੂੰ ਚੱਲ ਪਿਆ। ਘਰ ਆਣਕੇ ਨੌਕਰੀ ਲੱਗਣ ਦੀ ਗੱਲ ਦੱਸੀ ਤਾਂ ਸਭ ਖੁਸ਼ ਹੋਏ। ਉਸ ਨੇ ਸਹਾਰਨਪੁਰ (ਯੂ.ਪੀ.) ਵਿਚ ਯੂਥ ਕੋਆਰਡੀਨੇਟਰ ਦੇ ਤੌਰ 'ਤੇ ਜੁਆਇਨ ਕਰ ਲਿਆ। ਕੁਝ ਦਿਨਾਂ ਬਾਅਦ ਸਹਾਰਨਪੁਰ ਤੋਂ ਬਦਲ ਕੇ

ਰਾਜਸਥਾਨ ਦੇ ਜ਼ਿਲ੍ਹਾ ਸਿਰੋਹੀ ਵਿਖੇ ਭੇਜ ਦਿੱਤਾ ਗਿਆ, ਉਥੇ ਆਦਿ-ਵਾਸੀ ਕਬੀਲੇ ਦੇ ਜ਼ਿਆਦਾ ਲੋਕ ਸਨ ਉਹਨਾਂ ਨਾਲ ਚੰਗਾ ਵਾਹ ਪਿਆ। ਪਿੰਡਾਂ ਵਿਚ ਜਾ-ਜਾ ਕੇ ਏਨੇ ਸਮਾਜ ਭਲਾਈ ਕੰਮ ਕੀਤੇ ਕਿ ਇੱਕ ਤਰ੍ਹਾਂ ਸੁੱਤੇ ਲੋਕ ਜਗਾਉਣ ਵਾਲੀ ਗੱਲ ਹੀ ਸੀ। ਯੂਥ ਕਲੱਬਾਂ ਨੂੰ ਮੁੜ ਸੁਰਜੀਤ ਕੀਤਾ। ਪਹਿਲੀ ਤਨਖਾਹ ਅਠਾਰਾਂ ਸੌ ਪਝੱਤਰ ਰੁਪਈਏ ਮਿਲੀ। ਆਦਿ-ਵਾਸੀ ਕਬੀਲੇ ਦੇ ਬਹੁਤੇ ਲੋਕਾਂ ਦੀ ਆਰਥਿਕਤਾ ਮਾੜੀ ਸੀ, ਸੋਕਾ ਸੀ, ਕੰਮ ਕਾਰ ਚੰਗੇ ਨਹੀਂ ਸਨ, ਇਸ ਲਈ ਉਹ ਲੁੱਟਾਂ-ਖੋਹਾਂ ਕਰਦੇ ਸਨ। ਜਗਜੀਤ ਨੇ ਉੱਥੇ ਬਾਲਗ ਸਿੱਖਿਆ ਕੇਂਦਰ ਮੁੜ ਚਲਵਾਏ ਤੇ ਅਣਪੜ੍ਹਾਂ ਨੂੰ ਪੜ੍ਹਾਉਣ ਲਈ ਰੁਚੀ ਪੈਦਾ ਕੀਤੀ। ਜਗਜੀਤ ਦੀ ਜਾਣ ਪਛਾਣ ਤੇ ਇੱਜ਼ਤ-ਮਾਣ ਵੀ ਉਹਨਾਂ ਲੋਕਾਂ ਵਿਚ ਚੋਖਾ ਵਧ ਗਿਆ ਸੀ। ਇਕ ਰਾਤ ਜਗਜੀਤ ਤੇ ਉਹਦਾ ਸਹਾਇਕ ਮੋਟਰ ਸਾਈਕਲ ’ਤੇ ਚੜ੍ਹੇ ਇਕ ਜੰਗਲ ਵਿਚੋਂ ਦੀ ਲੰਘ ਰਹੇ ਸਨ ਕਿ ਸਾਹਮਣਿਓਂ ਲੁਟੇਰੇ ਘੇਰ ਖਲੋਤੇ, ਲੁਟੇਰਿਆਂ ਦਾ ਮੁਖੀ ਪਛਾਣਦਾ ਹੋਇਆ ਬੋਲਿਆ, “ਯੇ ਤੋ ਮਾਸਟਰ ਜੀ ਹੈਂ, ਭਲਾਈ ਕਰਤੇ ਹੈਂ, ਮਾਸਟਰ ਜੀ ਕੋ ਜਾਨੇ ਦੋ, ਜਾਓ ਮਾਸਟਰ ਜੀ.... ਮਾਫ਼ ਕਰਨਾ।”

ਜਗਜੀਤ ਦਾ ਇਕ ਦੋਸਤ ਬਲਜੀਤ ਚਕੇਰਵੀ (ਵਿਅੰਗ ਲੇਖਕ) ਬੇਰੁਜ਼ਗਾਰੀ ਕਾਰਣ ਬੜਾ ਪ੍ਰੇਸ਼ਾਨ ਸੀ, ਉਹਨੂੰ ਕਿਤੇ ਕੋਈ ਕੰਮ ਨਹੀਂ ਸੀ ਮਿਲ ਰਿਹਾ। ਜਗਜੀਤ ਉਸਦਾ ਦਿਲ ਬਹਿਲਾਣ ਲਈ ਉਹਨੂੰ ਆਪਣੇ ਨਾਲ ਸਿਰੋਹੀ ਲੈ ਆਇਆ ਸੀ, ਤੇ ਇਕੱਠੇ ਰਹਿਣ ਲੱਗੇ ਸਨ। ਬਲਜੀਤ ਨੂੰ ਆਸ ਸੀ ਕਿ ਉਹ ਸਹਾਇਕ ਪ੍ਰੋਜੈਕਟ ਦੀ ਆਸਾਮੀ ’ਤੇ ਲੱਗ ਜਾਵੇਗਾ ਤੇ ਕੁਝ ਪੈਸੇ ਮਿਲਣ ਲੱਗ ਪੈਣਗੇ, ਇਉਂ ਉਸਦੀ ਪ੍ਰੇਸ਼ਾਨੀ ਤੇ ਬੇਰੁਜ਼ਗਾਰੀ ਕੁਝ ਘਟ ਜਾਏਗੀ। ਸਰਕਾਰ ਨੇ ਆਸਾਮੀਆਂ ਖ਼ਤਮ ਕਰ ਦਿੱਤੀਆਂ ਤਾਂ ਜਗਜੀਤ ਨੇ ਸੋਚਿਆ ਜੇ ਇਹ ਗੱਲ ਉਹ ਬਲਜੀਤ ਨੂੰ ਦੱਸੇਗਾ ਤਾਂ ਉਹ ਹੋਰ ਪਰੇਸ਼ਾਨ ਹੋਵੇਗਾ। ਉਸ ਚੁੱਪ ਰਹਿਣਾ ਹੀ ਠੀਕ ਸਮਝਿਆ ਪਰ ਪੰਜਾਬ ਵਿਚੋਂ ਕਿਸੇ ਹੋਰ ਮਿੱਤਰ ਨੇ ਅਖਬਾਰ ਵਿਚੋਂ ਹੀ ਖ਼ਬਰ ਪੜ੍ਹ ਕੇ ਬਲਜੀਤ ਨੂੰ ਚਿੱਠੀ ਲਿਖ ਦਿੱਤੀ ਕਿ, “ਸਰਕਾਰ ਨੇ ਆਸਾਮੀਆਂ ਤਾਂ ਖ਼ਤਮ ਕਰ ਦਿੱਤੀਆਂ ਹਨ ਤੂੰ ਏਥੇ ਬੈਠਾ ਕੀ ਕਰਦਾ ਹੈਂ, ਵਾਪਸ ਆ ਜਾਹ।”

ਚਿੱਠੀ ਪੜ੍ਹਕੇ ਬਲਜੀਤ ਹੋਰ ਵੀ ਪਰੇਸ਼ਾਨ ਹੋ ਗਿਆ। ਦੋ ਮਹੀਨੇ ਲੰਘੇ।

ਇਕ ਦਿਨ ਬਲਜੀਤ ਬਹੁਤ ਉਦਾਸ ਸੀ। ਜਗਜੀਤ ਨੂੰ ਉਸ ਨੇ ਕਿਹਾ, “ਨਿੰਬੂ ਲੈ ਕੇ ਆ ਬਜ਼ਾਰੋਂ, ਜਾਹ।” ਜਗਜੀਤ ਬਾਜ਼ਾਰ ਆ ਗਿਆ, ਨਿੰਬੂ ਲਏ ਤੇ ਇਕ ਦੋ ਕੰਮ ਹੋਰ ਕਰਨ ਵਾਲੇ ਕੀਤੇ, ਜਦ ਉਹ ਕਮਰੇ ’ਚ ਪਰਤਿਆ ਤਾਂ ਅੰਦਰੋਂ ਕੁੰਡੀ ਲੱਗੀ ਹੋਈ ਸੀ। ਬੂਹਾ ਖੜਕਾਇਆ, ਨਾ ਖੁੱਲ੍ਹਿਆ। ਜਗਜੀਤ ਬੂਹਾ ਖੜਕਾਈ ਗਿਆ, ਆਖਿਰ ਜਦ ਉਸਨੇ ਬਾਰੀ ਧੱਕ ਕੇ ਜਾਲ਼ੀ ਵਿਚੋਂ ਦੀ ਵੇਖਿਆ ਤਾਂ ਬਲਜੀਤ ਛੱਤ ਦੇ ਪੱਖੇ ਵਾਲੇ ਕੁੰਡੇ ਨਾਲ ਲਮਕਿਆ ਹੋਇਆ ਸੀ। ਦੇਖਕੇ ਜਗਜੀਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨੀਂ ਦਿਨੀਂ ਪਿੰਡਾਂ ਵਿਚ ਫੋਨ ਵੀ ਨਹੀਂ ਸਨ ਕਿ ਉਹ ਬਲਜੀਤ ਦੇ ਮਾਪਿਆਂ ਨੂੰ ਫੋਨ ’ਤੇ ਸੂਚਿਤ ਕਰਦਾ। ਜਗਜੀਤ ਕੋਲ ਸਿਰਫ਼ 75 ਰੁਪਏ ਹੀ ਬਾਕੀ ਬਚੇ ਹੋਏ ਸਨ। ਖੈਰ, ਉਹ ਔਖੀ ਤਰ੍ਹਾਂ ਬਲਜੀਤ ਦੀ ਲਾਸ਼ ਲੈ ਕੇ ਉਹਦੇ ਪਿੰਡ ਆਇਆ, ਆਉਂਦੇ ਸਾਰ ਬੇਹੋਸ਼ ਹੋ ਗਿਆ। ਉਸਨੂੰ ਪਤਾ ਨਹੀਂ, ਕਦੋਂ ਬਲਜੀਤ ਦਾ



ਸਸਕਾਰ ਹੋਇਆ। ਬਲਜੀਤ ਦੀ ਮੌਤ ਨੇ ਉਸ ਨੂੰ ਦਿਲੋਂ - ਦਿਮਾਗੋਂ ਝੰਜੋੜ ਕੇ ਰੱਖ ਦਿੱਤਾ, ਜਗਜੀਤ ਉਖੜਿਆ-ਉਖੜਿਆ ਜਿਹਾ ਰਹਿੰਦਾ। ਥੋੜ੍ਹੇ ਚਿਰ ਬਾਅਦ ਜਗਜੀਤ ਦੀ ਬਦਲੀ ਜਲੰਧਰ ਦੀ ਹੋ ਗਈ ਤਾਂ ਉਹ ਕੁਝ-ਕੁਝ ਠੀਕ ਹੋਇਆ।

ਉਹਨੀਂ ਦਿਨੀਂ ਦੂਰਦਰਸ਼ਨ ਜਲੰਧਰ ’ਤੇ ਡਾ. ਲਖਵਿੰਦਰ ਜੌਹਲ “ਸ਼ਾਮ ਸੰਧੂਰੀ” ਪ੍ਰੋਗਰਾਮ ਦਾ ਪ੍ਰੋਡਿਊਸਰ ਸੀ। ਉਸ ਨੇ ਜਗਜੀਤ ਦੀ ਕਲਾ ਦੀ ਕਦਰ ਪਾਈ। ਜਗਜੀਤ ਪ੍ਰੋਗਰਾਮ ਪੇਸ਼ ਕਰਨ ਲੱਗ ਪਿਆ ਤਾਂ ਉਹਦੀ ਇਹ ਕਲਾ ਵੀ ਉੱਭਰਕੇ ਸਾਹਮਣੇ ਆਈ। ਜਦ “ਸ਼ਾਮ ਸੰਧੂਰੀ” ਪ੍ਰੋਗਰਾਮ ਟੈਲੀਕਾਸਟ ਹੁੰਦਾ ਤਾਂ ਲੋਕ ਕੰਮ ਛੱਡ ਕੇ ਟੀ.ਵੀ. ਅੱਗੇ ਬੈਠ ਜਾਂਦੇ ਤੇ ਜਗਜੀਤ ਮਾਨ ਦੀਆਂ ਗੱਲਾਂ ਵੀ ਕਰਦੇ, “ਯਾਰ ਆਹ ਮੁੰਡਾ ਬਾਹਲ਼ਾ ਚੰਗਾ ਬੋਲਦੈ।”

ਉਹ “ਸ਼ਾਮ ਸੰਧੂਰੀ” ਵਾਲੇ ‘ਜਗਜੀਤ ਮਾਨ’ ਵਜੋਂ ਜਾਣਿਆ ਜਾਣ ਲੱਗ ਪਿਆ।

...... ...... ......

ਪਿੰਡ ਵਿਚ ਦੁਸ਼ਮਣੀ ਵਾਲਾ ਰੇੜਕਾ ਤੇ ਘੈਂਸ-ਘੈਂਸ ਚੱਲ ਰਹੀ ਸੀ। ਪਾਰਟੀ ਬਾਜ਼ੀ ਵਾਲਿਆਂ ਕਿਵੇਂ ਨਾ ਕਿਵੇਂ ਜਗਜੀਤ ਮਾਨ ਉੱਪਰ ਵੀ 307 ਦਾ ਕੇਸ ਬਣਵਾ ਦਿੱਤਾ। ਬਦਲੀ ਵੀ ਫਰੀਦਕੋਟ ਦੀ ਹੋ ਗਈ।

1991 ’ਚ ਵਿਆਹ ਵਾਲਾ ਸ਼ੁਭ ਕਾਰਜ ਵੀ ਹੋ ਗਿਆ, ਸ੍. ਸੁਰਜੀਤ ਸਿੰਘ ਸੰਧੂ ਸੀ.ਈ.ਓ. ਦੀ ਲਾਡਲੀ ਬੇਟੀ ਪਰਮਜੀਤ ਕੌਰ ਨਾਲ। ਪੜ੍ਹਦੇ ਇਹ ਭਾਵੇਂ ਇਕੱਠੇ ਹੀ ਸਨ ਗੌਰਮਿੰਟ ਕਾਲਜ ਮੁਕਤਸਰ ਵਿਚ, ਪਰ ਪਰਮਜੀਤ ਬਹੁਤੀ ਚੰਗੀ ਤਰ੍ਹਾਂ ਜਗਜੀਤ ਨੂੰ ਨਹੀਂ ਸੀ ਜਾਣਦੀ। ਵਿਆਹ ਤੋਂ ਬਾਅਦ ਦੀਆਂ ਜੇ ਜਗਜੀਤ ਮਾਨ ਦੀਆਂ ਪ੍ਰਾਪਤੀਆਂ ਦੇਖੀਏ, ਤਾਂ ਘੱਟ ਨਹੀਂ।

1999 ਦੀ ਗੱਲ ਹੈ। ਜਗਜੀਤ ਮਾਨ ਘਰੇ ਕੈਂਪ-ਟੂਰ ਦਾ ਬਹਾਨਾ ਲਗਾ ਕੇ ਪੈਰਾਗਲਾਈਡਿੰਗ ਦੀ ਟਰੇਨਿੰਗ ਲਈ ਚਲਿਆ ਜਾਂਦਾ ਹੈ। ਟਰੇਨਿੰਗ ਦੌਰਾਨ ਉੱਚੀ ਪਹਾੜੀ ਤੋਂ ਸੌ ਫੁੱਟ ਹੇਠਾਂ ਛਲਾਂਗ ਲਾਉਣੀ ਸੀ ਤਾਂ ਕੋਚਾਂ ਨੇ ਟਰੇਨਗੀਆਂ ਮੁੰਡਿਆਂ ਨੂੰ ਪੁੱਛਿਆ, “ਚਲੋ ਬਈ ਪਹਿਲਾਂ ਕੌਣ ਲਾਏਗਾ ਛਲਾਂਗ”। ਜਗਜੀਤ ਨੇ ਇਸ ਲਈ ਹਾਂ ਕਰ ਦਿੱਤੀ ਕਿ ਜੇ ਛਲਾਂਗ ਲਾਉਂਦਿਆਂ ਕਿਸੇ ਦੇ ਸੱਟ ਵੱਜ ਗਈ, ਤਾਂ ਉਹਨੂੰ ਦੇਖ ਕੇ ਮੈਂ ਘਬਰਾ ਨਾ ਜਾਵਾਂ। ਸੋ ਪਹਿਲੋਂ ਉਹੀ ਤਿਆਰ ਹੋਇਆ। ਦ੍ਰਿੜ ਇਰਾਦੇ ਤੇ ਦਲੇਰੀ ਨਾਲ ਉਸ ਛਲਾਂਗ ਲਗਾਈ, ਸਫ਼ਲ ਹੋ ਗਿਆ।

ਜਦੋਂ ਉਹ ਆਕਾਸ਼ ਵਿਚ ਉੱਚੀਆਂ-ਉੱਚੀਆਂ ਉਡਾਰੀਆਂ ਭਰ ਰਿਹਾ ਸੀ, ਅਨੰਦਿਤ ਤਾਂ ਹੋ ਹੀ ਰਿਹਾ ਸੀ ਪਰ ਹੇਠਾਂ ਲਹਿਣ ਵੇਲੇ ਡਿੱਗਣ ਦਾ ਡਰ ਵੀ ਉਸਨੂੰ ਸਤਾ ਰਿਹਾ ਸੀ। ਕਰੜੇ ਦਿਲ ਤੇ ਤਹੰਮਲ ਮਿਜਾਜ਼ ਨਾਲ ਉਸ ਪੈਰਾ-ਗਲਾਈਡਿੰਗ ਦੀ ਟਰੇਨਿੰਗ ਲਈ। ਪੰਜ ਹਜ਼ਾਰ ਫੁੱਟ ਉੱਚੀ ਉਡਾਨ ਭਰ ਕੇ ਉਸ ਆਪਣਾ ਨਾਮ ਚਮਕਾਇਆ। ਟਰੇਨਿੰਗ ਉਸਦੀ ਹਾਲੇ ਵੀ ਜਾਰੀ ਹੈ।

ਜਗਜੀਤ ਜਦ ਆਕਾਸ਼ ਵਿਚੋਂ ਥੱਲੇ ਉਤਰਿਆ ਤਾਂ ਕਿਸੇ ਦਰਸ਼ਕ ਨੇ ਸੁਆਲ ਕੀਤਾ ਸੀ, “ਮਾਨ ਸਾਹਿਬ, ਤੁਸੀਂ ਪਹਿਲਾਂ ਨਾਲੋਂ ਹੁਣ ਆਪਣੇ ਆਪ ਵਿਚ ਕਿੱਦਾਂ ਮਹਿਸੂਸ ਕਰਦੇ ਹੋ ?”

ਮਾਨ ਨੇ ਮੁਸਕਰਾਕੇ ਕਿਹਾ, "ਹੁਣ ਮੈਂ ਆਪਣੇ ਆਪ ਨੂੰ ਧਰਤੀ ਨਾਲੋਂ ਗਿੱਠ ਉੱਚਾ ਮਹਿਸੂਸ ਕਰਦਾ ਹਾਂ।"

ਜਗਜੀਤ ਮਾਨ ਹੁਣ ਤੀਕ 32 ਵਾਰੀ ਖ਼ੂਨਦਾਨ ਕਰ ਚੁੱਕਿਆ ਹੈ। ਸਕੂਟਰ 'ਤੇ ਉਸ ਐਡਵੈਂਚਰ ਟੂਰ ਲਗਾਇਆ। ਫਰੀਦਕੋਟ ਤੋਂ ਲੇਹ ਲੱਦਾਖ ਤੱਕ। 1989-90 ਵਿਚ ਹੀ ਉਸ ਨੇ ਆਪਣੇ ਪੱਕੇ ਮਿੱਤਰ ਜਗਜੀਤ ਸਿੰਘ ਚਾਹਲ (ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ) ਨਾਲ ਮਿਲਕੇ ਬਠਿੰਡੇ ਤੋਂ ਇਕ ਹਜ਼ਾਰ ਕਿਲੋਮੀਟਰ ਦਾ ਸਫ਼ਰ ਬਿਨਾ ਰੁਕਿਆਂ ਮੋਟਰ ਸਾਈਕਲ 'ਤੇ 22 ਘੰਟਿਆਂ ਵਿਚ ਪੂਰਾ ਕਰ ਲਿਆ। 1993 ਵਿਚ ਫਰੀਦਕੋਟ ਤੋਂ ਸਕੂਟਰਾਂ ਤੇ ਮਨਾਲੀ, ਸ਼ਿਲੋਂਗ, ਲੇਹ, ਕਾਰਗਿਲ, ਸ੍ਰੀ ਨਗਰ ਜਾਣ ਦਾ 2500 ਕਿਲੋਮੀਟਰ ਦੂਰੀ ਦਾ ਸਫ਼ਰ ਸੀ, ਬਿਖੜੀਆਂ ਘਾਟੀਆਂ ਤੇ ਆਕਸੀਜਨ ਦੀ ਘਾਟ ਹੋਣ ਦੇ ਬਾਵਜੂਦ ਵੀ ਫਰੀਦਕੋਟ ਆ ਪੁੱਜੇ। ਉਸ ਤੋਂ ਅਗਲੇ ਵਰ੍ਹੇ ਹੀ ਫਰੀਦਕੋਟ ਤੋਂ ਜੋਧਪੁਰ, ਮਾਊਂਟ ਆਬੂ, ਉਧੇਪੁਰ, ਅਜਮੇਰ, ਜੈਪੁਰ ਤੋਂ ਹਨੂੰਮਾਨਗੜ੍ਹ ਹੁੰਦੇ ਹੋਏ 2400 ਕਿਲੋਮੀਟਰ ਦੀ ਸਦਭਾਵਨਾ ਸਕੂਟਰ ਰੈਲੀ ਕਰਕੇ ਫਰੀਦੋਕਟ ਆਏ। ਜਗਜੀਤ ਨੂੰ ਜੋ ਮਾਣ-ਸਨਮਾਣ ਤੇ ਪੁਰਸਕਾਰ ਮਿਲ ਚੁੱਕੇ ਹਨ ਉਹਨਾਂ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ, ਦੋ ਨੈਸ਼ਨਲ ਐਵਾਰਡ, ਚਾਰ ਸਟੇਟ ਐਵਾਰਡ, ਤੇਰ੍ਹਾਂ ਜ਼ਿਲ੍ਹਾ ਐਵਾਰਡ, ਸ਼ਹੀਦ ਭਗਤ ਸਿੰਘ ਸਟੇਟ ਐਵਾਰਡ ਜਦੋਂ ਉਸ ਨੂੰ ਮਿਲਿਆ ਤਾਂ ਵਧਾਈਆਂ ਹੀ ਵਧਾਈਆਂ ਮਿਲੀਆਂ।

ਦੋ ਬੱਚੀਆਂ ਹਨ ਜਿੰਦਪ੍ਰੀਤ ਕੌਰ ਤੇ ਵੀਰਮਾਨ, ਪਤਨੀ ਪਰਮਜੀਤ ਕੌਰ ਅਧਿਆਪਕਾ ਹੈ, ਬੜੀ ਹੀ ਸੂਝਵਾਨ, ਸਿਦਕ ਤੇ ਦ੍ਰਿੜ ਇਰਾਦਿਆਂ ਵਾਲੀ ਹੈ। ਜਗਜੀਤ ਮਾਨ ਦੇ ਮਾਪੇ, ਰਿਸ਼ਤੇਦਾਰ ਤੇ ਹੋਰ ਸਭ ਉਸਦੀ ਤਰੱਕੀ ਤੇ ਪ੍ਰਾਪਤੀਆਂ 'ਤੇ ਬੇਹੱਦ ਖੁਸ਼ ਹਨ। ਪਿਤਾ ਡਾ. ਜਗਰੂਪ ਸਿੰਘ ਮਾਨ, ਸਿਹਤ ਵਿਭਾਗ ਵਿਚੋਂ ਸੇਵਾ ਮੁਕਤ ਹੋਣ ਉਪਰੰਤ ਪਿੰਡ ਦੇ ਸਰਪੰਚ ਤੇ ਫਿਰ ਲੈਂਡ ਮਾਰਗੇਜ਼ ਬੈਂਕ ਦੇ ਚੇਅਰਮੈਨ ਰਹੇ ਤੇ ਜ਼ਿਲਾ ਪ੍ਰੀਸ਼ਦ ਦੇ ਮੈਂਬਰ ਵੀ ਹਨ।

ਜਗਜੀਤ ਮਾਨ ਦੇ ਮਨ-ਪਸੰਦ ਗਾਇਕਾਂ-ਕਲਾਕਾਰਾਂ ਵਿਚ ਉਹ ਹਰਭਜਨ ਮਾਨ, ਸਦੀਕ - ਰਣਜੀਤ ਕੌਰ ਅਤੇ ਹੰਸ ਦੇ ਨਾਂ ਲੈਂਦਾ ਹੈ। "ਸ਼ਾਮ ਸੰਧੂਰੀ" ਵਿਚ ਜਦੋਂ ਪਹਿਲੀ ਵਾਰੀ ਹਰਭਜਨ ਨੇ 'ਚਿੱਠੀਏ ਨੀ ਚਿੱਠੀਏ' ਗੀਤ ਗਾਇਆ ਸੀ ਤਾਂ ਉਹਦੀ ਕੰਪੀਅਰਿੰਗ ਵੀ ਜਗਜੀਤ ਨੇ ਹੀ ਕੀਤੀ ਸੀ। ਨਾਟਕਕਾਰ ਅਜਮੇਰ ਸਿੰਘ ਔਲਖ ਤੋਂ ਉਹ ਕਾਫੀ ਪ੍ਰਭਾਵਤ ਹੈ। ਡਾ. ਹਰਭਜਨ ਸਿੰਘ ਦੀ ਸ਼ਾਇਰੀ ਪਸੰਦ ਕਰਦਾ ਹੈ। ਕਾਮਰੇਡ ਜਗਰੂਪ ਸਿੰਘ ਖੂਨਣ ਕਲਾਂ, ਮਾਸਟਰ ਹਰਬੰਸ ਸਿੰਘ ਤੇ (ਡੀ.ਸੀ.) ਦਲੀਪ ਸਿੰਘ ਨੂੰ ਉਹ ਕਿਵੇਂ ਭੁਲਾ ਸਕਦੈ, ਜਿੰਨ੍ਹਾਂ ਉਹਨੂੰ ਹਮੇਸ਼ਾ ਸਹੀ ਸੇਧ ਦਿੱਤੀ।

ਜਗਜੀਤ ਮਾਨ ਦੀ ਪ੍ਰਾਪਤੀਆਂ, ਸਮਾਜ ਭਲਾਈ ਕਾਰਜਾਂ ਤੇ ਉਸਦੇ ਕੀਤੇ ਸੰਘਰਸ਼ ਦਾ ਜੇ ਲੇਖਾ-ਜੋਖਾ ਕਰਨ ਲੱਗੀਏ ਤਾਂ ਗੱਲ ਬੜੀ ਲੰਮੇਰੀ ਹੋ ਜਾਏਗੀ।

ਮਾਨਾਂ ਵਿਚੋਂ ਵਿਲੱਖਣ ਮਾਨ, ਜਗਜੀਤ ਮਾਨ ਨਾਲ ਮੇਰੀ ਜਾਣ-ਪਛਾਣ ਕੋਈ ਬਹੁਤੀ ਪੁਰਾਣੀ ਨਹੀਂ ਹੈ। ਪਰ ਲਗਦੈ ਜਿਵੇਂ ਉਹਨੂੰ ਬਹੁਤ ਚਿਰੋਕਾ ਜਾਣਦਾ ਹੋਵੇ। ਉਹ ਜਦ ਵੀ ਮਿਲਦੈ ਤਾਂ ਹਰ ਵੇਲੇ ਹਸੂੰ-ਹਸੂੰ ਕਰਦਾ, ਹਾਸੇ ਬਿਖੇਰਦਾ ਹੁੰਦਾ ਹੈ, ਨਪੀ-ਤੁਲੀ ਤੇ ਤਾਕਤਾਵਰ ਗੱਲ ਕਰੇਗਾ। ਯਾਰਾਂ ਦਾ ਯਾਰ ਹੈ ਤੇ ਰੋਹਬ-ਦਾਬ



ਵਾਲਾ ਤੇ ਨਿਰਮਾਣਾ ਅਫਸਰ ਵੀ। ਇੱਛਾ ਹੈ ਕਿ ਇਉਂ ਹੀ ਸਦਾ ਹਾਸੇ ਬਿਖੇਰੇ, ਮਾਣ ਪਾਵੇ, ਹੋਰ ਸ਼ੋਭਾ ਖੱਟੇ।

✪ ✪ ✪

## ਚਿੱਟਿਆਂ ਦੰਦਾਂ ਦਾ ਹਾਸਾ

ਹਰਭਜਨ ਮਾਨ ਹਸਦਾ ਹੈ, ਉਹਦੇ ਚਿੱਟੇ ਦੰਦ ਲਿਸ਼ਕਣ ਲਗਦੇ ਹਨ, ਦੀਵਾਨੀਆਂ ਹੋਈਆਂ ਕੁੜੀਆਂ ਉਹਦੇ ਪਿੱਛੇ-ਪਿੱਛੇ ਦੌੜਨ ਲਗਦੀਆਂ ਹਨ, ਤੇ ਉਹ ਅਗਾਂਹ-ਅਗਾਂਹ ਨੂੰ ਦੌੜਦਾ ਜਾਂਦਾ ਹੈ।

ਪਿੱਛੇ ਜਿਹੇ ਉਹ ਕੈਨੇਡਾ ਗਾਉਣ ਗਿਆ, ਜਦ ਗਾ ਕੇ ਸਟੇਜ ਤੋਂ ਹੇਠਾਂ ਆਇਆ ਤਾਂ ਇਕ ਝੱਲੀ ਹੋਈ ਕੁੜੀ ਨੇ ਕਾਹਲ਼ੀ-ਕਾਹਲ਼ੀ ਨਾਲ ਜਾ ਉਹਨੂੰ ਧੌਣੋਂ

ਫੜ੍ਹ ਲਿਆ ਤੇ ਉਹਦਾ ਮੱਥਾ ਚੁੰਮਣ ਲੱਗ ਪਈ। ਉਹਦੇ ਨਾਲ ਦੀ ਕੁੜੀ ਨੇ ਫਟਾਫਟ ਫੋਟੂ ਖਿੱਚ ਲਈ। ਜਦ ਹਰਭਜਨ ਨੂੰ ਪਤਾ ਲੱਗਾ ਤਾਂ ਉਸ ਸੋਚਿਆ, "ਕਹਾਣੀ ਖ਼ਰਾਬ ਹੋ ਗਈ ਹੈ, ਕਿਧਰੇ ਫੋਟੋ ਅਖ਼ਬਾਰਾਂ ਵਿਚ ਈ ਨਾ ਛਪ ਜਾਵੇ, ਫੇਰ ਕੀ ਹੋਵੇਗਾ ?"

ਉਸ ਹੱਸਕੇ ਕੈਮਰੇ ਵਾਲੀ ਕੁੜੀ ਨੂੰ ਆਖਿਆ, "ਪਲੀਜ਼, ਮੈਂ ਤੁਹਾਡੇ ਤੋਂ ਇੱਕ ਚੀਜ਼ ਮੰਗਦਾ ਹਾਂ, ਕੀ ਤੁਸੀਂ ਮੈਨੂੰ ਦੇ ਦਿਓਗੇ.... ?"

ਗਲ਼ 'ਚ ਕੈਮਰਾ ਲਟਕਾਈ ਖੜ੍ਹੀ ਕੁੜੀ ਬੋਲੀ, "ਮੇਰੀ ਜਾਨ ਹਾਜ਼ਰ ਐ... ਮੰਗ ਕੇ ਤਾਂ ਦੇਖੋ ਸੋਹਣਿਓ...।"

ਹਰਭਜਨ 'ਹਾਸੇ ਭਰੇ ਤਰਲੇ' ਨਾਲ ਬੋਲਿਆ, "ਪਲੀਜ਼, ਆਪਣੇ ਕੈਮਰੇ ਵਿੱਚੋਂ ਰੀਲ੍ਹ ਹੀ ਕੱਢਕੇ ਦੇ ਦਿਓ... ? ਏਨਾ ਹੀ ਬਹੁਤ ਹੈ....।"

ਕੁੜੀ ਨੇ ਝੱਟ ਰੀਲ੍ਹ ਕੱਢੀ ਤੇ ਉਹਦੇ ਹੱਥ ਫੜਾਈ, ਉਹ 'ਚਿੱਟਾ ਹਾਸਾ' ਬਿਖੇਰਦਾ ਤੁਰਦਾ ਬਣਿਆ।

ਆਥਣ ਹੋ ਰਹੀ ਸੀ, ਹਰਭਜਨ ਆਖਣ ਲੱਗਾ, "ਗੁਰਦੁਆਰੇ ਜਾਣੈ, ਮੱਥਾ ਟੇਕਣ, ਤੂੰ ਚੱਲੇਂਗਾ ?"

ਮੈਂ ਆਖਿਆ, "ਚੰਗੇ ਕੰਮ ਨੂੰ 'ਨ' ਕਾਹਦਾ। ਚਲੋ ਚੱਲੀਏ...।"

ਤਲਾਅ ਦੀ ਪਰਿਕਰਮਾ ਕਰ ਰਹੇ ਸਾਂ ਕਿ ਸੱਤ-ਅੱਠ ਕੁੜੀਆਂ ਨੇ ਉਹਨੂੰ ਘੇਰ ਲਿਆ ਅਤੇ ਚਾਈਂ-ਚਾਈਂ ਉਸ ਤੋਂ ਆਟੋਗ੍ਰਾਫ਼ ਲੈਣ ਦੀ ਜ਼ਿੱਦ ਕਰਨ ਲੱਗੀਆਂ, ਉਹ ਖਿਸਕਣਾ ਚਾਹਵੇ, ਤੇ ਕੁੜੀਆਂ, ਚਿੜੀਆਂ ਵਾਕਣ ਚਹਿਕਣ! ਉਹ ਗੁਰਦੁਆਰੇ 'ਚ ਖਲੋਤਾ ਝਿਜਕੇ, ਬਈ ਸੰਗਤਾਂ ਨੇ ਆਖਣੈ, ਕੁੜੀਆਂ ਨਾਲ ਗੱਲਾਂ ਮਾਰਨ ਨੂੰ ਇਹੀਓ ਥਾਂ ਈ ਲੱਭੀ ਹੈ।

ਇਕ ਸਾਂਵਲੀ ਜਿਹੀ ਕੁੜੀ : "ਭਾਜੀ, ਆਪਣਾ ਫੋਨ ਦੇ ਦਿਓ ਪਲੀਜ਼.... ਦੇਓ ਆਪਣਾ ਫੋਨ ਨੰਬਰ.... ?"

ਹੋਰ ਕੁੜੀ : "ਡੀਅਰ ਮਾਨ, ਤੁਸੀਂ ਮੈਨੂੰ ਬੜੇ ਚੰਗੇ ਲਗਦੇ ਓ ਜਦ ਗਾਂਦੇ ਓ, ਲਾਲੀ ਲਾਲ ਦੁਪੱਟੇ ਵਾਲੀ।"

ਇਕ ਹੋਰ ਕੁੜੀ : "ਤੁਆਡੇ ਗੀਤ ਬੜੇ ਚੰਗੇ ਨੇ.... ਬੜੇ ਈ ਚੰਗੇ.... ਬੜੇ ਈ ਚੰਗੇ, ਸਾਡੀ ਸਾਰੀ ਫੈਮਿਲੀ ਤੁਆਡੀ ਫ਼ੈਨ ਏਂ।"

ਕਈ ਬੰਦੇ ਬੜੀ ਬੁਰੀ ਤਰ੍ਹਾਂ ਸੰਗਦੇ ਨੇ, ਹਰਭਜਨ ਸੰਗਦਾ ਵੀ ਬੜੀ ਚੰਗੀ ਤਰ੍ਹਾਂ ਹੈ। ਉਹ ਸੰਗਦਾ-ਸੰਗਦਾ ਵੀ ਕੁੜੀਆਂ ਨੂੰ ਚੰਗਾ-ਚੰਗਾ ਲੱਗ ਰਿਹਾ ਸੀ, "ਅੱਛਾ ਜੀ, ਅੱਛਾ ਜੀ, ਗੁਡ-ਗੁਡ, ਥੈਂਕਿਯੂ, ਗੁਡ, ਸੌਰੀ ਜੀ ਫਿਰ, ਮੈਂ ਜਾਣੈਂ, ਜਾਣੈਂ, ਥੈਂਕਿਯੂ", ਕਹਿੰਦਾ ਖਿਸਕ ਰਿਹਾ ਸੀ ਤੇ ਕੁੜੀਆਂ ਵੀ ਨਾਲੇ-ਨਾਲ ਖਿਸਕ ਰਹੀਆਂ ਸਨ। ਇਕ ਕੁੜੀ ਨੇ ਉਹਦੀ ਲਾਲ ਸ਼ਰਟ ਕੂਹਣੀ ਕੋਲੋਂ ਖਿੱਚੀ ਤਾਂ ਉਹ ਖਿਝ ਗਿਆ, ਤੇਜ਼-ਤੇਜ਼ ਤੁਰਨ ਲੱਗਿਆ, ਅੱਗੇ ਗਿਆ ਤਾਂ ਸੰਗਤਾਂ ਵਿਚੋਂ ਲੋਕੀ ਉੱਠ-ਉੱਠ ਉਹਨੂੰ ਮਿਲਣ ਲੱਗੇ, ਕਈ ਬੁੱਢੀਆਂ ਮਾਵਾਂ ਨੇ ਉਹਦਾ ਸਿਰ ਪਲੋਸਿਆ ਤੇ ਕਈ ਬੰਦਿਆਂ ਨੇ ਹੱਥ ਮਿਲਾਏ ਤੇ ਹੋਰ ਫ਼ੈਨ ਮੁੰਡਿਆਂ ਉਹਨੂੰ ਆਣ ਘੇਰਿਆ।

ਹੱਥਾਂ ਵਿਚ ਪ੍ਰਸ਼ਾਦਿ ਲਈ ਤੁਰਿਆ ਆਉਂਦਾ ਆਖ ਰਿਹਾ ਸੀ, "ਕੀ ਕਰਾਂ ? ਚੰਗੀ ਤਰ੍ਹਾਂ ਮੱਥਾ ਵੀ ਟੇਕ ਨੀ ਹੋਇਆ, ਸ਼ਾਂਤ ਮਨ ਨਾਲ ਗੁਰੂ ਘਰ ਆਇਆ



ਸਾਂ।"

ਸੈਰ ਕਰਦਿਆਂ ਐੱਨ.ਆਈ.ਐੱਸ ਮੂਹਰੇ, ਅੱਗਿਓਂ ਆਉਂਦੀ ਕੁੜੀ ਬੋਲੀ, "ਮਾਨ ਜੀ, ਬੜਾ ਅੱਛਾ ਗੀਤ ਗਾਇਆ ਤੁਸੀਂ, ਗੱਲ੍ਹਾਂ ਗੋਰੀਆਂ ਦੇ ਵਿਚ ਟੋਏ - ਅਸੀਂ ਮਰਗੇ ਨੀ ਓਏ-ਹੋਏ।" ਕੁੜੀ ਕੋਲੋਂ ਇਹ ਸੁਣ ਉਹ ਖਿੜ-ਖਿੜ ਹੱਸਣ ਲੱਗਿਆ, ਕੁੜੀ ਅੱਗੇ ਬੋਲੀ, "ਤੁਸੀਂ ਕੁੜੀਆਂ ਦੀਆਂ ਗੱਲ੍ਹਾਂ ਵਿਚ ਤਾਂ ਟੋਏ ਪੈਂਦੇ ਪਰਖਦੇ ਫਿਰਦੇ ਓ.... ਤੁਹਾਡੀਆਂ ਆਪਣੀਆਂ ਗੱਲ੍ਹਾਂ ਵਿਚ ਵੀ ਤੇ ਟੋਏ ਪੈਂਦੇ ਨੇ ਕੁੜੀਆਂ ਨਾਲੋਂ ਜ਼ਿਆਦਾ ਟੋਏ...।"

ਉਹਨੂੰ ਕੋਈ ਗੱਲ ਨਾ ਅਹੁੜੀ, ਹਸਦਾ ਰਿਹਾ। ਕੁੜੀ ਆਪਣੀ ਗੱਲ ਆਖ ਕੇ ਅੱਗੇ ਤੁਰ ਗਈ।

...... ...... ......

ਸਾਡੇ ਇਕ ਉੱਘੀ ਕਹਾਵਤ ਹੈ ਕਿ ਜਦੋਂ ਇਕ ਗੁਰੂ ਨੂੰ ਕਿਸੇ ਨੇ ਪੁੱਛਿਆ ਸੀ, "ਗੁਰੂ ਜੀ ਥੋਡੇ ਚੇਲੇ ਬੜੇ ਹੋ ਗਏ ?"

ਅੱਗੋਂ ਗੁਰੂ ਨੇ ਆਖਿਆ ਸੀ, "ਆਪੇ ਭੁੱਖੇ ਮਰਦੇ ਭੱਜ ਜਾਣਗੇ.... ਮੈਨੂੰ ਕੋਈ ਚਿੰਤਾ ਨਹੀਂ।"

ਤੇ ਪੰਜਾਬ ਵਿਚ ਵੀ ਕੋਈ ਵੇਲਾ ਸੀ ਜਦ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੇ ਚੇਲੇ ਵੀ ਬੜੇ ਬਣ ਰਹੇ ਸਨ ਤਾਂ ਕਿਸੇ ਜਾਣੂੰ-ਪਛਾਣੂੰ ਨੇ ਉਹਨਾਂ ਨੂੰ ਆਖਿਆ ਸੀ,

"ਬਾਪੂ ਪਾਰਸਾ, ਤੇਰੇ ਚੇਲੇ ਬਾਹਲ਼ੇ ਵਧਗੇ।"

ਬਾਪੂ ਪਾਰਸ ਨੇ ਆਖਿਆ ਸੀ, "ਬਾਹਲ਼ਾ ਚੰਗੈ.... ਚੇਲੇ ਬਣੌਣੇ ਹਰੇਕ ਦੇ ਵੱਸ ਦਾ ਕੰਮ ਨੀ ਹੁੰਦਾ.... ਤੇ ਬਈ ਮੈਨੂੰ ਤਾਂ ਬਾਹਲ਼ਾ ਫ਼ਖ਼ਰ ਐ, ਮੇਰੇ ਵੀ ਚੇਲੇ ਬਣ ਰਹੇ ਐ.... ਬਣੀ ਜਾਣ।"

ਇਕ ਮੰਚ ਉੱਪਰ ਗਾਉਂਦਿਆਂ ਬਾਪੂ ਪਾਰਸ ਨੇ ਹਿੱਕ ਠੋਕ ਕੇ, ਮਾਣ ਨਾਲ ਇਹ ਗੱਲ ਕਹੀ ਸੀ, "ਮੇਰਾ ਹੋਣਹਾਰ ਚੇਲਾ ਐ ਹਰਭਜਨ ਸਿੰਘ ਮਾਨ ਖੇਮੂਆਣੀਆਂ ਮੁੰਡਾ! ਜੇਹੜਾ ਗਾਇਕੀ ਦੇ ਖੇਤਰ ਵਿਚ ਜ਼ੋਰ-ਸ਼ੋਰ ਨਾਲ ਗੱਜੂਗਾ.... ਪੈਸੇ ਧੇਲੇ ਤੇ ਮਾਣ ਇੱਜ਼ਤ ਨਾਲ ਰੱਜੂਗਾ.... ਸੁਹਣਾ-ਸੁਨੱਖਾ ਮੁੰਡਾ ਬਣ ਕੇ ਸੱਜੂਗਾ... ਪਰ ਗਾਇਕੀ ਤੇ ਕਲਾ ਤੇ ਖੇਤਰ 'ਚੋਂ ਭੱਜੂਗਾ ਨਹੀਂ ਕਦੇ.... ਮੇਰਾ ਹਰਭਜਨ ਸਿੰਘ ਮਾਨ।"

ਕਿਹਾ ਜਾਂਦੈ ਬਈ ਸਿਆਣੇ ਦਾ ਆਖਿਆ ਤੇ ਅਉਲੇ ਦਾ ਖਾਧਾ ਬਾਅਦ 'ਚ ਪਤਾ ਲਗਦਾ ਹੁੰਦੈ, ਅੱਜ ਬਾਪੂ ਪਾਰਸ ਦੀ ਆਖੀ ਉਪਰੋਕਤ ਗੱਲ ਸੱਚ ਸਾਬਤ ਹੋਈ ਦਿਸਦੀ ਹੈ।

ਹਰਭਜਨ ਮਾਨ ਬਾਪੂ ਪਾਰਸ ਦਾ ਹੋਣਹਾਰ ਤੇ ਚੰਡਿਆ ਹੋਇਆ ਸ਼ਾਗਿਰਦ ਵੀ ਹੈ ਤੇ ਉਹਨਾਂ ਦਾ ਪੋਤ-ਜੁਆਈ ਵੀ, ਉਹਨਾਂ ਦਾ ਹਮ-ਖ਼ਿਆਲੀ ਵੀ, ਤੇ ਉਹਨਾਂ ਦੀ ਕਲਾ-ਪਰੰਪਰਾ ਦਾ ਮੁਦੱਈ ਵੀ, ਉਹਨਾਂ ਦੀਆਂ ਰਮਜ਼ਾਂ ਸਮਝਣ ਵਾਲਾ ਵੀ, ਉਹਨਾਂ ਦੇ ਬੋਲ ਪੁਗਾਉਣ ਵਾਲਾ, ਤੇ ਉਹਨਾਂ ਦੀਆਂ ਅੱਖੀਆਂ ਦਾ ਤਾਰਾ, ਪੁੱਤਰ ਪਿਆਰਾ ਤੇ ਗਾਇਕ ਨਿਆਰਾ ਹੈ। ਪਾਰਸ ਜੀ ਤੋਂ ਉਸ ਬੜਾ ਕੁਝ ਸਿੱਖਿਐ ਤੇ ਸਿੱਖ

ਰਿਹਾ ਹੈ।

ਜਦੋਂ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਦਾ ਜੱਥਾ ਆਪਣੀ ਕਵੀਸ਼ਰੀ ਨਾਲ ਪੰਜਾਬ ਦੀਆਂ ਫ਼ਿਜ਼ਾਵਾਂ 'ਚ ਰਸ ਘੋਲ ਰਿਹਾ ਸੀ, ਪ੍ਰਸਿੱਧੀ ਸਿਖ਼ਰਾਂ 'ਤੇ ਸੀ, ਪਿੰਡ-ਪਿੰਡ ਅਖਾੜੇ ਲਗਦੇ, ਹਰਭਜਨ ਦੇ ਪਿੰਡ ਖੇਮੂਆਣੇ ਜਾਂ ਲਾਗੇ-ਚਾਗੇ ਵੀ ਕਿਤੇ ਪਾਰਸ ਹੋਰਾਂ ਦਾ ਅਖਾੜਾ ਲਗਦਾ ਤਾਂ ਹਰਭਜਨ ਦੇ ਪਿਤਾ ਸ੍ਰ: ਹਰਨੇਕ ਸਿੰਘ ਮਾਨ ਉੱਥੇ ਪੁੱਜੇ ਹੁੰਦੇ, ਪਾਰਸ ਜੀ ਹੋਰਾਂ ਨਾਲ ਉਹਨਾਂ ਦੀ ਨੇੜਤਾ ਹੋ ਗਈ, ਫਿਰ ਜਦ ਵੀ ਪਾਰਸ ਜੀ ਇਹਨਾਂ ਦੇ ਇਲਾਕੇ ਵਿਚ ਗਾਉਣ ਲਈ ਆਉਂਦੇ ਤਾਂ ਉਹਨਾਂ ਦੀ ਠਹਿਰ ਇਹਨਾਂ ਦੇ ਹੀ ਹੁੰਦੀ, ਇਥੇ ਜਦ ਉਹ ਰਿਆਜ਼ ਕਰਦੇ ਤਾਂ ਹਰਭਜਨ ਤੇ ਗੁਰਸੇਵਕ ਉਦੋਂ ਕਾਫ਼ੀ ਨਿੱਕੇ ਸਨ, ਲਾਗੇ ਆ ਬਹਿੰਦੇ, ਦੇਖਦੇ-ਸੁਣਦੇ ਰਹਿੰਦੇ। ਪਾਰਸ ਜੀ ਦੇ ਜੱਥੇ ਵੱਲੋਂ ਗਾਈਆਂ ਜਾਂਦੀਆਂ ਕਵੀਸ਼ਰੀਆਂ ਦੇ ਕੀਲੇ ਦੋਵੇਂ ਭਰਾ ਉਹਨਾਂ ਦੀਆਂ ਕਵੀਸ਼ਰੀਆਂ ਚੇਤੇ ਕਰ-ਕਰ ਆਪੇ ਗਾਉਣ ਲੱਗੇ। "ਕਿਉਂ ਫੜ੍ਹੀ ਸਿਪਾਹੀਆਂ ਨੇ ਭੈਣੋ ਏਹ ਹੰਸਾਂ ਦੀ ਜੋੜੀ" ਜਦ ਇਹ ਗਾਉਂਦੇ ਤਾਂ ਪਾਰਸ ਤੇ ਉਹਦੇ ਸਾਥੀ ਰਣਜੀਤ ਸਿੰਘ ਸਿੱਧਵਾਂ - ਚੰਦ ਸਿੰਘ ਜੰਡੀ ਵੀ ਖ਼ੁਸ਼ ਹੁੰਦੇ, ਉਤਸ਼ਾਹਿਤ ਕਰਦੇ, ਹੋਰ ਕਵੀਸ਼ਰੀਆਂ ਜ਼ਬਾਨੀ ਚੇਤੇ ਕਰਨ ਲਈ ਦੇ ਜਾਂਦੇ। ਇਕ ਦਿਨ, ਜਿਸ ਨੂੰ ਇਹ ਸੁਭਾਗਾ ਮੰਨਦੇ ਹਨ, ਆ ਹੀ ਗਿਆ, ਪਿਤਾ ਸ੍ਰ. ਹਰਨੇਕ ਸਿੰਘ ਇਨ੍ਹਾਂ ਨੂੰ ਆਪਣੇ ਨਾਲ ਲੈ ਕੇ ਪਾਰਸ ਜੀ ਕੋਲ ਰਾਮੂੰਵਾਲੇ ਆਏ ਤੇ ਆਖਿਆ, "ਲੈ ਬਈ ਪਾਰਸਾ, ਅੱਜ ਤੋਂ ਦੋਏਂ ਮੁੰਡੇ ਤੇਰੇ ਹਵਾਲੇ ਐ। ਚੇਲੇ ਪਾ ਲੈ ਇਹਨਾਂ ਨੂੰ।"

ਰਸਮ ਹੋਈ, ਪੱਗਾਂ ਭੇਟ ਕੀਤੀਆਂ ਗਈਆਂ ਤੇ ਗੁਰਦੁਆਰੇ ਵਿਚ ਅਰਦਾਸ ਕੀਤੀ, ਦੇਗ ਵੰਡੀ ਗਈ। ਹੁਣ ਹਰਭਜਨ ਤੇ ਗੁਰਸੇਵਕ ਨੇੜੇ-ਤੇੜੇ ਦੇ ਪਿੰਡਾਂ ਵਿਚ ਗੁਰਪੁਰਬਾਂ 'ਤੇ ਲਗਦੇ ਦੀਵਾਨਾਂ 'ਚ ਪਿਤਾ ਜੀ ਨਾਲ ਕਵੀਸ਼ਰੀ ਗਾਉਣ ਜਾਂਦੇ, ਜਦ ਰਲਕੇ ਦੋਵੇਂ ਬੋਲ ਚੁਕਦੇ ਤਾਂ ਲੋਕੀਂ ਰੁਪੱਈਏ ਦੇ ਕੇ ਹੌਂਸਲਾ ਅਫ਼ਜ਼ਾਈ ਕਰਦੇ, ਨਿੱਕੇ-ਨਿੱਕੇ ਗਾਉਂਦੇ ਮੁੰਡੇ ਹਰੇਕ ਦਾ ਮਨ ਮੋਂਹਦੇ ਸਨ। ਲੋਕ ਹਰਨੇਕ ਸਿੰਘ ਨੂੰ ਵਧਾਈਆਂ ਦਿੰਦੇ, "ਬਈ ਹਰਨੇਕ ਸਿੰਆਂ ਚੰਗਾ ਗਾਉਂਦੇ ਆ ਤੇਰੇ ਮੁੰਡੇ, ਪਾਰਸ ਦੇ ਚੇਲੇ ਪਾ ਤੇ, ਉਹ ਤਾਂ ਚੰਡ ਕੇ ਪਾਰਸ ਈ ਬਣਾ ਦੂ।"

1977 'ਚ ਹਰਭਜਨ ਦੀ ਮਾਤਾ ਸ਼੍ਰੀਮਤੀ ਦਲੀਪ ਕੌਰ ਸਦੀਵੀ ਵਿਛੋੜਾ ਦੇ ਗਈ। ਉਦੋਂ ਤੱਕ ਇਹਨਾਂ ਦੀ ਵੱਡੀ ਭੈਣ ਸੁਰਿੰਦਰ ਕੌਰ ਕੈਨੇਡਾ ਜਾ ਕੇ ਵੱਸ ਚੁੱਕੀ ਸੀ। ਥੋੜ੍ਹੇ ਸਮੇਂ ਮਗਰੋਂ ਹੀ ਉਸਨੇ ਪਰਿਵਾਰਿਕ ਕੇਸ ਦੇ ਬੇਸ 'ਤੇ ਇਹਨਾਂ ਨੂੰ ਵੀ ਉੱਧਰ ਸੱਦ ਲਿਆ ਤੇ ਉੱਥੇ ਪੜ੍ਹਨ ਪਾ ਦਿੱਤੇ, ਹਰਭਜਨ ਤੇ ਗੁਰਸੇਵਕ ਨੇ ਉਥੇ ਜਾ ਕੇ ਪੜ੍ਹਾਈ ਦੇ ਨਾਲ-ਨਾਲ ਗਾਉਣ-ਵਜਾਉਣ ਵੱਲ ਵੀ ਪੂਰੀ ਰੁਚੀ ਲਾਈ। ਦੋਵੇਂ ਜਣੇ ਸਮਰੱਥ ਸੰਗੀਤਕਾਰ ਬਲਬੀਰ ਸਿੰਘ ਭੰਗੂ ਕੋਲੋਂ ਸੰਗੀਤ ਸਿੱਖਿਆ ਲੈਂਦੇ ਰਹੇ। ਢੱਡ-ਸਾਰੰਗੀ ਤੇ ਤੂੰਬੀ ਤਾਂ ਉਹ ਗੁਜ਼ਾਰੇ ਜੋਗੀ ਪਹਿਲੋਂ ਹੀ ਵਜਾ ਲੈਂਦੇ ਸਨ, ਹਰਮੋਨੀਅਮ ਤੇ ਕੀ-ਬੋਰਡ ਆਦਿ ਮਗਰੋਂ ਸਿੱਖੇ। ਦੋਵੇਂ ਭਰਾ ਰਲ ਕੇ ਵਿਆਹਾਂ ਵਿਚ ਤੇ ਨਿੱਕੇ-ਮੋਟੇ ਹੋਰ ਪ੍ਰੋਗਰਾਮਾਂ ਵਿਚ ਜਾਂ ਫਿਰ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਗਾਉਣ ਲੱਗੇ। ਬਾਪੂ ਪਾਰਸ ਰਾਮੂਵਾਲੀਆ ਵੀ ਪਰਿਵਾਰ ਸਮੇਤ ਕੈਨੇਡਾ ਆ ਚੁੱਕੇ ਸਨ ਤੇ ਉਹਨਾਂ ਨੂੰ ਵੀ ਆਪਣੇ ਅਜਿਹੇ ਹੋਣਹਾਰ ਚੇਲਿਆਂ ਦੀ ਲੋੜ ਸੀ, ਇਤਫ਼ਾਕ



ਵੱਸ ਇਹਨਾਂ ਦਾ ਪਾਰਸ ਜੀ ਨਾਲ ਮੇਲ ਫਿਰ ਹੋ ਗਿਆ ਤੇ ਹੁਣ ਇਹ ਪਾਰਸ ਜੀ ਦੀ ਰਹਿਨੁਮਾਈ ਹੇਠ ਜੱਥਾ ਬਣਾ ਕੇ ਗਾਉਣ ਲੱਗੇ। ਹੁਣ ਪਾਰਸ ਜੀ ਪਾਸੋਂ ਹੋਰ ਚੰਗੇਰੇ ਗੁਣ ਤੇ ਗਾਇਕੀ-ਕਵੀਸ਼ਰੀ ਆਦਿ ਬਾਰੇ ਹੋਰ ਬੜਾ ਕੁਝ ਜਾਨਣ-ਪਛਾਨਣ ਲਈ ਇਹਨਾਂ ਕੋਲ ਵਧੀਆ ਮੌਕਾ ਸੀ। ਇਹਨਾਂ ਦਾ ਪਾਰਸ ਜੀ ਕੋਲ ਚੰਗਾ ਜੀਅ ਲੱਗਣ ਲੱਗਿਆ। ਭੈਣ ਸੁਰਿੰਦਰ ਆਖੇ, "ਮੇਰੇ ਵੀਰ ਨਿੱਕੇ ਹਨ, ਮੇਰੇ ਕੋਲ ਆਏ ਹਨ, ਤੇ ਮੇਰੇ ਕੋਲ ਰਹਿੰਦੇ ਨਹੀਂ।" ਵੱਡੀ ਭੈਣ ਇਹ ਮਹਿਸੂਸ ਕਰਦੀ ਸੀ ਕਿ ਮੇਰੇ ਵੀਰਾਂ ਨੂੰ ਮਾਂ ਦੀ ਘਾਟ ਨਾ ਮਹਿਸੂਸ ਹੋਵੇ, ਇਸ ਲਈ ਉਹ ਉਹਨਾਂ ਦਾ ਪੂਰਾ-ਪੂਰਾ ਧਿਆਨ ਰਖਦੀ। ਮਾਂ ਦੀ ਘਾਟ ਬੇਬੇ ਦਲਜੀਤ ਕੌਰ (ਪਾਰਸ) ਨੇ ਵੀ ਪੂਰੀ ਕਰ ਦਿੱਤੀ ਜਦ ਉਹ ਖੁਦ ਇਹਨਾਂ ਦੀ ਪ੍ਰਵਰਿਸ਼ ਕਰਨ ਲੱਗੀ, ਹੱਥੀਂ ਨੁਹਾਂਦੀ, ਖੁਵਾਂਦੀ, ਇਹਨਾਂ ਦੇ ਜੂੜੇ ਵਾਂਹਦੀ, ਤੇ ਇਹ ਦੋਵੇਂ ਭਰਾ ਪਾਰਸ-ਪਰਿਵਾਰ ਦੇ ਜੀਆਂ ਦੀ ਤਰ੍ਹਾਂ ਵਿਚਰਣ ਲੱਗੇ, ਸਾਰੇ ਹੀ ਇਹਨਾਂ ਨੂੰ ਖੂਬ ਪਿਆਰ-ਲਾਡ ਕਰਦੇ। ਬਾਪੂ ਪਾਰਸ ਵੱਧ ਤੋਂ ਵੱਧ ਸਮਾਂ ਇਹਨਾਂ 'ਤੇ ਲਾਉਂਦਾ, ਸਟੇਜ ਉੱਪਰ ਖਲੋ ਕੇ ਬੋਲਣ ਦਾ ਢੰਗ-ਤਰੀਕਾ, ਲੋਕਾਂ ਵੰਨੀ ਦੇਖਣਾ, ਬਾਂਹ ਦੀ ਬਾੱਲੀ ਮਾਰਨ, ਮੂੰਹ ਸਿੱਧੇ ਰੱਖਣ, ਚੇਹਰੇ ਪ੍ਰਭਾਵੀ ਬਣਾਉਣ ਦੀ ਟਰੇਨਿੰਗ ਦੇਣੀ ਸ਼ੁਰੂ ਕੀਤੀ। ਇਹਨਾਂ ਦੋਵਾਂ ਨੂੰ ਵੱਡੇ ਸ਼ੀਸ਼ੇ ਮੂਹਰੇ ਖੜ੍ਹੇ ਕਰ ਲੈਣਾ ਤੇ ਗਾਉਣ ਜਾਂ ਬੋਲਣ ਲਈ ਆਖਣਾ, ਜੇ ਕਿਸੇ ਦਾ ਮੂੰਹ ਵਿੰਗਾ ਹੁੰਦੈ ਜਾਂ ਕੋਈ ਹੋਰ ਭੈੜ ਦਿਸਦਾ ਤਾਂ ਬਾਪੂ ਪਾਰਸ ਦੱਸਕੇ ਸੁਧਾਰ ਕਰਵਾਉਂਦਾ, ਬਾਪੂ ਨੇ ਇਹਨਾਂ ਨੂੰ ਚੰਗਾ ਚੰਡਿਆ। ਜਦੋਂ ਸਵੇਰੇ ਉੱਠਕੇ ਬਾਪੂ ਆਪੇ ਇਹਨਾਂ ਲਈ ਚਾਹ ਬਣਾਉਂਦਾ ਤਾਂ ਪੈਰ ਦੇ ਅੰਗੂਠੇ ਤੋਂ ਫੜ੍ਹ ਕੇ ਆਖਦਾ ਹੁੰਦਾ, "ਉਏ ਬਈ ਪੁੱਤਰੋ, ਸ਼ੇਰ ਬੱਗਿਓ, ਚਾਹ ਪੀ ਲਓ ਬਈ ਉੱਠਕੇ, ਰਿਆਜ਼ ਕਰਨ ਨੂੰ ਬੈਠੋ।"

ਇਹਨਾਂ ਦਿਨਾਂ ਦੀ ਹੀ ਗੱਲ ਹੈ, ਉੱਥੇ ਉਹਨਾਂ ਇਕ ਹਾਲ ਵਿਚ ਭਾਰੀ ਸਮਾਰੋਹ ਦੌਰਾਨ ਸ਼ਹੀਦ ਭਗਤ ਸਿੰਘ ਦੀ ਘੋੜੀ ਗਾਈ, ਬਾਪੂ ਪਾਰਸ ਨੇ ਜਾਦੂਮਈ ਲੈਕਚਰ ਕੀਤਾ, 'ਘੋੜੀ' ਦੇ ਬੋਲ ਸਨ :

ਆਓ ਭੈਣੋ ਰਲ-ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ
ਫੁੱਲ ਵਰ੍ਹਾਓ ਸਿਰ ਦੇ ਉੱਤੇ, ਬੱਧੇ ਸੋਹਣੇ ਚੀਰੇ ਦੇ
ਛੱਡੋ ਪਰ੍ਹੇ ਗ਼ਮਾਂ ਦੀਆਂ ਗੱਲਾਂ, ਸ਼ਗਨ ਮਨਾਈਏ ਵੀਰੇ ਦੇ
ਜਗ੍ਹਾ ਤੇਲ ਦੀ ਦੀਪ 'ਚ ਜਿਸ ਨੇ ਆਪਣੀ ਰੱਤ ਨਚੋੜੀ ਨੀ
ਆਓ ਭੈਣੋ ਰਲ-ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ....

ਏਨੀ ਸਲਾਹੀ ਇਹਨਾਂ ਦੀ ਗਾਇਕੀ ਕਿ ਲੋਕ ਕੋਲ ਆਣ-ਆਣ ਥਹੁ-ਟਿਕਾਣਾ ਪਏ ਪੁੱਛਣ! ਬੱਸ ਫਿਰ, ਪੜ੍ਹਨ ਵਾਲੇ ਪਾਸਿਓਂ ਜਦ ਵੀ ਵਿਹਲ ਹੁੰਦੀ ਗਾਉਣ ਲਈ ਟੁਰ ਪੈਂਦੇ। ਹੁਣ ਪਾਰਸ ਦਾ ਜੱਥਾ ਇਕ ਵਾਰ ਫਿਰ 'ਚੜ੍ਹਦੀ ਕਲਾ' ਵਿਚ ਸੀ, ਬਗਾਨੀ ਧਰਤੀ 'ਤੇ ਆ ਕੇ ਵੀ। ਇਹ ਉਦੋਂ 'ਖੇਮੂਆਣੀਏ ਕਾਕੇ' ਵਜਦੇ ਸਨ। ਬਾਪੂ ਪਾਰਸ ਨਾਲ ਡੇਢ ਘੰਟੇ ਦੀ ਰਿਕਾਰਡ ਟੇਪ 'ਕਿੱਸਾ ਪੂਰਨ ਭਗਤ' ਵਿਚ ਇਹਨਾਂ ਆਪਣੀ ਢਾਡੀ ਕਲਾ ਦੇ ਖੂਬ ਰੰਗ ਬਿਖੇਰੇ ਹਨ, ਬਾਪੂ ਪਾਰਸ ਉਸ ਕੈਸਿਟ ਵਿਚ ਇਹਨਾਂ ਨੂੰ "ਮਜਲਿਸਾਂ ਦੇ ਸ਼ੰਗਾਰ ਮੁੰਡੇ, ਖੇਮੂਆਣੀਏ ਕਾਕੇ" ਆਖਕੇ ਸੰਬੋਧਨ ਕਰਦਾ ਹੈ।

ਇਹਨਾਂ ਵੇਲਿਆਂ ਵਿਚ ਹੀ ਬਾਪੂ ਪਾਰਸ ਹਰਭਜਨ ਮਾਨ ਦੀ ਉਂਗਲੀ ਫੜ੍ਹਕੇ

ਉਸਨੂੰ ਕਈ ਥਾਂਈ ਲੈ ਕੇ ਗਿਆ ਸੀ, ਬਈ ਸਾਡੇ ਮੁੰਡੇ ਦੀ ਕੋਈ ਰੀਲ੍ਹ-ਰੂਲ੍ਹ ਕੱਢੋ।" ਪਰ ਉਮਰ ਛੋਟੀ ਅਤੇ ਪੂਰਾ ਅਭਿਆਸ ਨਾ ਹੋਣ ਕਰਕੇ ਗੱਲ ਨਹੀਂ ਸੀ ਬਣ ਰਹੀ। ਉਥੇ ਰਹਿ ਰਹੇ ਇਕਬਾਲ ਮਾਹਲ ਨਾਲ ਮੇਲ ਹੋ ਗਿਆ ਤੇ ਉਹਨਾਂ ਵੀ ਇਹੋ ਸਲਾਹ ਦਿੱਤੀ ਕਿ ਹਾਲੇ ਮੁੰਡਾ ਕੱਚਾ ਹੈ, ਹੋਰ ਮਿਹਨਤ ਕਰੇ। ਉਹਨਾਂ ਸ਼ੇਖ ਹਮੀਦ ਸਾਹਬ ਕੋਲ ਸੰਗੀਤ ਸਿੱਖਿਆ ਲਈ ਭੇਜਿਆ। ਹਰਭਜਨ ਇਕੱਲਾ ਗਾਉਣ ਲਈ ਨਿਰੰਤਰ ਅਭਿਆਸ ਕਰਨ ਲੱਗਿਆ। ਬਾਪੂ ਪਾਰਸ ਕੋਲੋਂ ਗੀਤ ਲੈ ਕੇ ਤਿਆਰੀ ਕਰਦਾ। ਮਾਹਲ ਦੇ ਸਹਿਯੋਗ ਸਦਕਾ ਸਿੱਟੇ ਵਜੋਂ ਕੈਸਿਟ 'ਇਸ਼ਕ ਦੇ ਮਾਮਲੇ' ਹੋਂਦ ਵਿਚ ਆਈ, ਸੰਗੀਤ ਗੋਪਾਲ ਖੰਨਾ ਦਾ ਸੀ ਅਤੇ ਸੱਤ ਰਚਨਾਵਾਂ ਰਿਕਾਰਡ ਕੀਤੀਆਂ, ਸੱਤੇ ਬਾਪੂ ਪਾਰਸ ਦੀਆਂ। 'ਹੁੰਦੇ ਇਸ਼ਕ ਦੇ ਮਾਮਲੇ ਅਵੱਲੇ ਸੱਜਣਾ', 'ਸੱਸੀ ਦੀ ਮਾਂ ਆਖੇ ਧੀਏ, ਇਸ਼ਕ ਦੀ ਬੁਰੀ ਬਿਮਾਰੀ', 'ਪੁੰਨੂੰ ਦੀ ਤਸਵੀਰ ਤੂੰ ਵੀ ਬੋਲੇਂ ਨਾ', 'ਤੈਨੂੰ ਯਾਦ ਕਰਾਂ ਵੇ ਰਾਂਝਿਆ ਹਰ ਚਰਖੀ ਦੇ ਗੇੜੇ', 'ਜਾਣਾ ਸੀ ਜੇ ਪਰਦੇਸ ਨੂੰ ਕਾਹਨੂੰ ਲਈਆਂ ਸੀ ਚੰਦਰਿਆ ਲਾਵਾਂ', 'ਦਿੱਲੀ ਮੇਰੀ ਅੱਡੀ ਵੱਜੇ ਧਮਕ ਪਵੇ ਕਲਕੱਤੇ' ਅਤੇ 'ਦਾਲ਼ ਵਿਚ ਕਾਲ਼ਾ ਹੈ'। ਇਹ ਰਚਨਾਵਾਂ ਜਿਥੇ ਆਪਣੇ ਸਾਹਿਤਕ ਗੁਣਾਂ ਕਾਰਣ ਉੱਚ ਪੱਧਰ ਦੀ ਕਲਾਤਮਿਕਤਾ ਵਾਲੀਆਂ ਹਨ, ਉਥੇ ਹਰਭਜਨ ਮਾਨ ਨੇ ਇਹਨਾਂ ਦਾ ਗਾਇਨ ਏਨੀ ਸਮਰੱਥਾ ਨਾਲ ਕੀਤਾ ਕਿ ਉਸਦੀ ਗੱਲ ਅੱਗੇ-ਅੱਗੇ ਤੁਰ ਪਈ। ਕੈਸਿਟ ਐਚ.ਐਮ.ਵੀ. ਵੱਲੋਂ ਸੀ। ਹਰਭਜਨ ਦੀ ਇਹ ਗਾਇਕੀ ਸੁਣਦਿਆਂ ਇੰਝ ਲਗਦਾ ਹੈ ਜਿਵੇਂ 'ਪਾਲੀ ਪਾਣੀ ਖੂਹ ਤੋਂ ਭਰੇ' ਗੀਤ ਗਾਉਣ ਵਾਲਾ ਗੁਰਪਾਲ ਸਿੰਘ ਪਾਲ ਨਵਾਂ-ਨਵਾਂ ਗਾਉਣ ਲੱਗਿਆ ਹੋਵੇ! ਇਸ ਤੋਂ ਬਾਅਦ ਹਰਭਜਨ ਦੀ ਆਵਾਜ਼ ਲਗਾਤਾਰ ਨਿਖਰਦੀ ਤੇ ਖੁੱਲ੍ਹਦੀ ਗਈ।

1988-89 'ਚ ਚਰਨਜੀਤ ਆਹੂਜਾ ਅਤੇ ਸਰਦੂਲ ਸਿਕੰਦਰ ਹੋਰੀਂ ਕੈਨੇਡਾ 'ਚ ਆਪਣੇ ਗਰੁੱਪ ਸਮੇਤ ਸ਼ੋਅ ਕਰਨ ਗਏ ਸਨ। ਮਾਹਲ ਜੀ ਨੇ ਹਰਭਜਨ ਦਾ ਮੇਲ ਆਹੂਜਾ ਸਾਹਬ ਨਾਲ ਕਰਵਾ ਦਿੱਤਾ। ਉਹਨਾਂ ਹਰਭਜਨ ਨੂੰ ਸੁਣਿਆ ਤੇ ਦਿੱਲੀ ਆਉਣ ਲਈ ਪ੍ਰੇਰਿਆ। ਉਥੇ ਹੋਏ ਮੇਲ ਮਗਰੋਂ ਛੇਤੀ ਹੀ ਹਰਭਜਨ ਦਿੱਲੀ ਆਹੂਜਾ ਸਾਹਬ ਕੋਲ ਪੁੱਜਾ ਤੇ 'ਗਿੱਧਾ ਪੰਜਾਬਣਾਂ ਦਾ' ਕੈਸਿਟ ਦੀ ਤਿਆਰੀ ਕਰਨ ਲੱਗਿਆ। ਕੈਸਿਟ ਰਿਲੀਜ਼ ਹੋਈ 'ਮਿਊਜ਼ਿਕ ਬੈਂਕ' ਵੱਲੋਂ, ਪਰ ਬੁਰੀ ਤਰ੍ਹਾਂ ਫਲਾਪ ਹੋ ਗਈ। ਫਿਰ 1991 'ਚ ਆਹੂਜਾ ਸਾਹਬ ਕੋਲ 'ਚਿੱਠੀਏ ਨੀ ਚਿੱਠੀਏ' ਦੀ ਤਿਆਰੀ ਕੀਤੀ, ਅਗਲੇ ਸਾਲ ਟੇਪ ਰਿਲੀਜ਼ ਹੋਈ, ਗੀਤ ਏਨਾ ਮਕਬੂਲ ਹੋ ਗਿਆ ਕਿ ਇਕ ਤਰ੍ਹਾਂ ਹਰਭਜਨ ਦੀ ਪੱਕੀ ਪਛਾਣ ਸਥਾਪਤ ਹੋ ਗਈ, ਇਸ ਤੋਂ ਪਹਿਲੋਂ ਜੱਸੋਵਾਲ ਸਾਹਿਬ ਜਦੋਂ ਕੈਨੇਡਾ ਪਾਰਸ ਜੀ ਕੋਲ ਹਰਭਜਨ ਨੂੰ ਮਿਲੇ ਸਨ, ਸੁਣਿਆ, ਤਾਂ ਆਖਿਆ, "ਕਾਕਾ, ਤੂੰ ਐਥੇ ਬੈਠਾ ਕੀ ਕਰਦੈਂ ? ਉਥੇ ਆ ਪੰਜਾਬ 'ਚ, ਸਾਡੇ ਨਾਲ ਮੇਲਿਆਂ ਉੱਤੇ ਗਾਇਆ ਕਰ, ਤੇਰੀ ਪਛਾਣ ਬਣੇ।"

'ਚਿੱਠੀਏ ਨੀ ਚਿੱਠੀਏ' ਗੀਤ ਭਾਵੇਂ ਕਾਫ਼ੀ ਮਕਬੂਲ ਹੋਇਆ-ਹੋਇਆ ਸੀ ਪਰ ਲੋਕਾਂ ਵਿਚ ਆਣ ਕੇ ਆਪਣੀ ਗੂੜ੍ਹੀ ਪਛਾਣ ਸਥਾਪਤ ਕਰਨੀ ਹਰਭਜਨ ਦਾ ਕੰਮ ਹਾਲੇ ਬਾਕੀ ਸੀ।

ਉਸ ਵੇਲੇ ਦੂਰਦਰਸ਼ਨ ਤੋਂ ਪੇਸ਼ ਹੁੰਦੇ ਚਰਚਿਤ ਪ੍ਰੋਗਰਾਮ 'ਸ਼ਾਮ ਸੰਧੂਰੀ' ਵਿਚ



ਪ੍ਰੋਗਰਾਮ ਦੇ ਪ੍ਰੋਡਿਊਸਰ ਡਾ: ਲਖਵਿੰਦਰ ਜੌਹਲ ਦੀ ਸਹਾਇਤਾ ਨਾਲ ਗੀਤ ਟੈਲੀਕਾਸਟ ਹੋਇਆ। ਦਾਦੀਆਂ ਤੇ ਮਾਵਾਂ ਗੱਲਾਂ ਕਰਨ ਲੱਗੀਆਂ, "ਨੀ ਮੁੰਡਾ ਬਾਹਲ਼ਾ ਵਧੀਆ ਗਾਉਂਦੈ, ਵੈਰਾਗ ਦਾ ਗੀਤ ਕੁੜੇ, ਨੀ ਮੇਰੀਆਂ ਅੱਖਾਂ 'ਚ ਤਾਂ ਹਿੰਝੂ ਆ ਗਏ ਸੱਚ ਦੱਸਾਂ...। ਐਂ ਗਾਉਂਦੈ ਨੀਂ.... ਦਿਲ ਨੂੰ ਧੂ ਜਿਹੀ ਪੈਂਦੀ ਜਾਂਦੀ ਐ।"

ਮਾਂ ਵੱਲੋਂ ਆਪਣੇ ਪਰਦੇਸੀ ਪੁੱਤਰ ਨੂੰ ਦਰਦ ਭਰਿਆ ਲਿਖਿਆ ਖ਼ਤ ਸਾਡੀਆਂ ਆਰਥਿਕ ਹਾਲਤਾਂ, ਥੁੜਾਂ-ਔਕੜਾਂ, ਮਾਂ-ਪੁੱਤ, ਭੈਣ, ਭਰਾ ਤੇ ਬਾਪੂ ਦਾ ਪਿਆਰ ਵੀ ਦਰਸਾਉਂਦਾ ਸੀ ਤੇ ਮਾਂ ਦੇ ਭੋਲ਼ੇ-ਭਾਲ਼ੇ ਸਿੱਧੇ ਜਜ਼ਬਾਤ ਵੀ ਪੇਸ਼ ਕਰਨ ਵਾਲਾ ਸੀ, ਸੋ ਸੁਭਾਵਕ ਹੈ ਕਿ ਹਰ ਸੂਝਵਾਨ ਦਿਲ ਨੂੰ ਗੀਤ ਭਾ ਗਿਆ।

ਕੈਨੇਡਾ ਤੋਂ ਕਿਸੇ ਬੰਦੇ ਦਾ ਹਰਭਜਨ ਨੂੰ ਫੋਨ ਆਇਆ, ਉਸ ਦੱਸਿਆ, "ਮੈਂ ਤੁਹਾਡੇ ਗੀਤ 'ਚਿੱਠੀਏ ਨੀ ਚਿੱਠੀਏ' ਤੋਂ ਬਹੁਤ ਪ੍ਰਭਾਵਤ ਹੋਇਆ ਹਾਂ। ਮੇਰੀ ਮਾਂ ਦਾ ਮੇਰੇ ਨਾਲ ਪੰਜ-ਸੱਤ ਸਾਲ ਤੋਂ ਝਗੜਾ ਪਿਆ ਹੋਇਆ ਸੀ, ਬੋਲ-ਚਾਲ ਬੰਦ ਸੀ। ਮਾਂ ਇੰਗਲੈਂਡ ਰਹਿੰਦੀ ਹੈ। ਗੀਤ ਸੁਣ ਕੇ ਝੱਟ ਈ ਮੈਂ ਆਪਣੀ ਮਾਂ ਨੂੰ ਇੰਗਲੈਂਡ ਫ਼ੋਨ ਕੀਤਾ ਤੇ ਆਖਿਆ, ਮਾਂ, ਮੈਂ ਤੇਰੀ ਟਿਕਟ ਭੇਜ ਰਿਹਾਂ। ਤੂੰ ਜਿਤਨੀ ਜਲਦੀ ਹੋ ਸਕਦੀ ਐ, ਮੇਰੇ ਕੋਲ ਇਥੇ ਆ ਜਾਹ। ਮੈਨੂੰ ਮੁਆਫ਼ ਕਰ ਦੇ ਮੇਰੀ ਮਾਂ, ਮੈਥੋਂ ਵਧੀਕੀ ਹੋ ਗਈ। ਹਰਭਜਨ ਮਾਨ ਦੇ ਗੀਤ ਨੇ ਮੈਨੂੰ ਸਿੱਧੇ ਰਸਤੇ 'ਤੇ ਪਾਇਆ। ਹੁਣ ਪਿਛਲੀਆਂ ਭੁੱਲ ਜਾਈਏ। ਫਿਰ ਥੋੜ੍ਹੇ ਸਮੇਂ ਮਗਰੋਂ ਮਾਂ ਮੇਰੇ ਕੋਲ ਆ ਗਈ, ਹੁਣ ਅਸੀਂ ਰੰਗੀਂ ਵਸਦੇ ਹਾਂ। ਇਹ ਤੁਹਾਡੇ ਗੀਤ ਦੀ ਬਦੌਲਤ ਹੀ ਹੈ।"

ਲੋਕਾਂ ਪਾਸੋਂ ਏਨਾ ਭਰਪੂਰ ਹੁੰਘਾਰਾ ਤੇ ਇਹੋ ਜਿਹੀਆਂ ਗੱਲਾਂ ਸੁਣ ਕੇ ਹਰਭਜਨ ਮਾਨ ਹੋਰ ਹੌਸਲੇ ਤੇ ਉਤਸ਼ਾਹ ਵਿਚ ਹੁੰਦਾ ਗਿਆ।

'ਚਿੱਠੀਏ ਨੀ ਚਿੱਠੀਏ' ਗੀਤ ਦੇ ਲੇਖਕ ਦਵਿੰਦਰ ਖੰਨੇ ਵਾਲਾ ਦੇ ਨਾਮ ਨੂੰ ਹੋਰ ਵੀ ਚਾਰ ਚੰਨ ਲੱਗ ਗਏ।

1993 'ਚ ਹਰਭਜਨ ਪਹਿਲੀ ਵਾਰੀ ਪ੍ਰੋ. ਮੋਹਨ ਸਿੰਘ ਮੇਲੇ ਉੱਤੇ ਗਾਉਣ ਲਈ ਆਇਆ। ਉਹ ਆਪਣੇ ਸਾਜ਼ੀ ਵੀ ਨਹੀਂ ਸੀ ਲਿਆਇਆ, ਉਥੋਂ ਕਿਹੜਾ ਸਾਜ਼ੀਆਂ ਲਈ ਪੈਸੇ ਮਿਲਣੇ ਸਨ, ਅਤੇ ਕੈਨੇਡਾ ਤੋਂ ਨਵਾਂ-ਨਵਾਂ ਏਧਰ ਆਇਆ ਹੋਣ ਕਰਕੇ ਸ਼ਾਇਦ ਉਹ ਪੰਜਾਬ ਦੇ ਕਲਾਕਾਰਾਂ ਨੂੰ ਵੀ ਬਹੁਤਾ ਨੇੜਿਓਂ ਨਹੀਂ ਸੀ ਜਾਣਦਾ, ਉਹਨੇ ਸੋਚ ਰੱਖਿਆ ਸੀ, ਗੀਤ ਤਾਂ ਦੋ ਤਿੰਨ ਹੀ ਗਾਉਣੇ ਹਨ, ਉਥੇ ਹੀ ਕਿਸੇ ਗਾਇਕ ਦੇ ਸਾਜ਼ੀ, ਸਾਜ਼ ਵਜਾ ਦੇਣਗੇ। ਜਦੋਂ ਹਰਭਜਨ ਗਾਉਣ ਲੱਗਿਆ ਤਾਂ ਉਸ ਗਾਇਕ ਨੇ, (ਜੋ ਪਹਿਲੋਂ ਗਾ ਕੇ ਹਟਿਆ ਸੀ) ਆਪਣੇ ਸਾਜ਼ੀਆਂ ਨੂੰ ਇਸ਼ਾਰਾ ਕਰ ਦਿੱਤਾ ਕਿ ਸਾਜ਼ ਨਹੀਂ ਵਜੌਣੇ। ਜੱਸੋਵਾਲ ਬੁੱਢੇ ਕਮਲੇ ਵਾਂਗ ਰੌਲ਼ਾ ਪਾਉਣ ਲੱਗਿਆ, "ਉਏ ਕਾਕਾ ਉਏ, ਰਹਿਣ ਦੇ ਸਾਜ਼ਾਂ ਨੂੰ.... ਉਏ ਤੂੰ ਊਈਂ ਚੱਕ ਦੇ.... ਗਾ.... ਗਾ.... ਗਾ..... ਗਾ ਦੇ.... ਊਈਂ ਗਾ ਦੇ ਗੋਲ਼ੀ ਮਾਰ ਸਾਜ਼ਾਂ ਨੂੰ.... ਊਈਂ ਗਾ ਦੇ।"

ਹਰਭਜਨ ਨੇ ਬਿਨਾਂ ਕਿਸੇ ਸਾਜ਼ ਦੇ ਗੀਤ ਗਾਏ, 'ਚਿੱਠੀਏ ਨੀ ਚਿੱਠੀਏ', 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ', 'ਤੋਤਿਆਂ ਨੂੰ ਬਾਗ ਬੜੇ ਨਿੰਮ ਦਾ ਮਾਣ ਕਰੀਂ ਨਾ ਹੀਰੇ' ਅਜਿਹੇ ਗੀਤ ਗਾਏ ਕਿ ਲੋਕ ਉਸਨੂੰ ਹਟਣ ਈ

ਨਾ ਦੇਣ। ਨਾਲ ਗੁਰਸੇਵਕ ਵੀ ਸਾਥ ਦੇ ਰਿਹਾ ਸੀ। ਇਸ ਮੇਲੇ ਤੋਂ ਬਾਅਦ ਉਹ ਮੋਹਨ ਸਿੰਘ ਦੇ ਕਈ ਮੇਲਿਆਂ ਉੱਤੇ ਹਰ ਵਰ੍ਹੇ ਗਾਉਂਦਾ ਰਿਹਾ ਤੇ ਜੱਸੋਵਾਲ ਨਾਲ ਪੰਜਾਬ ਭਰ ਦੇ ਵੱਡੇ-ਵੱਡੇ ਸਭਿਆਚਾਰਕ ਮੇਲਿਆਂ ਉੱਤੇ ਗਾਉਣ ਗਿਆ, ਇਉਂ ਉਸਨੂੰ ਵਿਆਹਾਂ-ਸ਼ਾਦੀਆਂ ਅਤੇ ਹੋਰ ਪ੍ਰੋਗਰਾਮ ਮਿਲਣ ਲੱਗੇ। ਉਸ ਪੱਕਾ ਇਰਾਦਾ ਹੀ ਪੰਜਾਬ ਰਹਿਣ ਦਾ ਬਣਾ ਲਿਆ, ਪਟਿਆਲੇ।

ਜ਼ਿੰਦਗੀ ਦਾ ਅਹਿਮ ਅਤੇ ਸ਼ੁੱਭ ਕਾਰਜ, ਵਿਆਹ, 1991 'ਚ ਬਾਪੂ ਪਾਰਸ ਦੀ ਹੋਣਹਾਰ ਪੋਤਰੀ ਹਰਮਨਦੀਪ ਕੌਰ (ਪੁੱਤਰੀ) ਸ੍. ਹਰਚਰਨ ਸਿੰਘ ਗਿੱਲ 'ਕੈਨੇਡਾ' ਨਾਲ ਪੂਰਨ ਗੁਰ-ਮਰਿਆਦਾ ਅਨੁਸਾਰ ਹੋ ਚੁੱਕਾ ਸੀ ਤੇ ਹਰਮਨਦੀਪ ਹਰਭਜਨ ਲਈ ਉਹਦੇ ਇਸ ਖੇਤਰ ਵਿਚ ਕੇਵਲ ਪ੍ਰੇਰਨਾਦਾਇਕ ਹੀ ਨਹੀਂ, ਸਗੋਂ ਵੱਡਾ ਆਸਰਾ ਬਣ ਕੇ ਉਤਸ਼ਾਹਿਤ ਕਰ ਰਹੀ ਸੀ, ਉਹ ਉਸਨੂੰ ਕਦੀ ਨਿਰਾਸ਼ ਨਹੀਂ ਵੇਖ ਸਕਦੀ, (ਬੱਚੇ- ਬੇਟਾ ਅਵਕਾਸ਼, ਬੇਟੀ ਸਾਹਿਰ ਹੈ)।

...... ...... ......

'ਜੱਗ ਜਿਉਂਦਿਆਂ ਦੇ ਮੇਲੇ' ਗੀਤ ਤਾਂ ਏਨਾ ਚਰਚਿਤ ਤੇ ਹਰਮਨ-ਪਿਆਰਾ ਹੋ ਗਿਆ ਕਿ ਬੱਸਾ, ਟਰੱਕਾਂ-ਟਰਾਲੀਆਂ, ਟੈਂਪੂਆ ਤੇ ਟੈਕਸੀਆਂ ਤੇ ਅੱਗੇ-ਪਿੱਛੇ 'ਜੱਗ ਜਿਉਂਦਿਆਂ ਦੇ ਮੇਲੇ' ਉਕਰਿਆ ਅੱਜ ਵੀ ਪੜ੍ਹ ਸਕਦੇ ਹਾਂ। ਧੁਨ ਏਨੀ ਮਿੱਠੀ ਹੈ ਕਿ ਥੱਕਿਆ-ਹਾਰਿਆ ਬੰਦਾ ਪਲਾਂ ਵਿਚ ਹੀ ਵਜਦ 'ਚ ਆਣ ਕੇ ਝੂੰਮਣ ਲੱਗ ਪੈਂਦਾ ਹੈ। ਅੱਜ ਛੇ ਸੱਤ ਸਾਲ ਬਾਅਦ ਹਰਭਜਨ ਨੇ ਇਸ ਗੀਤ ਸਮੇਤ ਹੋਰਾਂ ਕਈ ਗੀਤਾਂ ਨੂੰ ਮੁੜ ਤੋਂ ਨਵੇਂ ਸੰਗੀਤ ਵਿਚ ਗਾ ਕੇ ਹੋਰ ਹੰਭਲਾ ਮਾਰਿਆ ਹੈ।

'ਉਏ ਹੁਏ' ਕੈਸਿਟ ਤੋਂ ਹਰਭਜਨ ਮਾਨ ਦੀ ਪਛਾਣ ਅੰਤਰ ਰਾਸ਼ਟਰੀ ਪੱਧਰ ਉੱਤੇ ਅਤੇ ਦੇਸਾਂ-ਬਿਦੇਸ਼ਾਂ ਵਿਚ ਪੱਕੀ ਹੁੰਦੀ ਹੈ। 'ਲਾਲਾ ਲਾਲਾ ਲਾਲਾ' ਵਿੱਚ 'ਮਿਰਜ਼ਾ' ਦਾ ਗਾਇਨ ਅਤੇ ਉਸਦੀ ਵੀਡੀਓ ਫਿਲਮਾਂਕਣ ਉਹਨੂੰ ਗ਼ੈਰ ਪੰਜਾਬੀ ਹਲਕਿਆਂ ਵਿਚ ਵੀ ਪ੍ਰਵਾਨਗੀ ਦਿਵਾਉਂਦਾ ਹੈ।

ਅੱਜ ਹਰਭਜਨ ਮਾਨ ਦਾ ਸ਼ੁਮਾਰ ਪੰਜਾਬ ਦੇ ਗਿਣਵੇਂ ਚੋਣਵੇਂ ਪੰਜ ਛੇ ਚਰਚਿਤ ਅਤੇ ਸਟਾਰ ਗਾਇਕਾਂ ਵਿਚ ਹੈ।

ਉਸਦੀਆਂ ਕੁੱਲ ਕੈਸਿਟਾਂ ਹੁਣ ਤੱਕ ਗਿਆਰਾਂ ਹਨ। 'ਪਾਪਾ ਦੀ ਗਰੇਟ' ਫਿਲਮ 'ਚ 'ਤੌਬਾ ਯੇ ਮਤਵਾਲੀ ਚਾਲ' ਗੀਤ ਉਸਦਾ ਦਾਇਰਾ ਹੋਰ ਵੱਡਾ ਕਰ ਗਿਆ। ਨੱਚਣ-ਟੱਪਣ ਵਾਲੇ ਗੀਤਾਂ ਤੋਂ ਬਿਨਾਂ ਉਹਦੇ ਗਾਏ ਗੰਭੀਰ ਅਤੇ ਸੰਜੀਦਾ ਗੀਤਾਂ ਦੀ ਵੀ ਇਥੇ ਗੱਲ ਕਰਨੀ ਬਣਦੀ ਹੈ, 'ਚਿੱਠੀਏ ਨੀ ਚਿੱਠੀਏ', ਗੀਤ ਦੇ ਜੁਆਬ ਵਿਚ ਪੁੱਤਰ ਦਾ ਮਾਂ ਵੱਲ ਖ਼ਤ, 'ਚਿੱਠੀ ਤੇਰੀ ਆਈ ਦਿਲ ਪੜ੍ਹ ਕੇ ਉਦਾਸ ਹੋਇਆ - ਲਿਖਿਆ ਸੀ ਲਗਦਾ ਨਹੀਂ ਜੀ ਨੀ ਮਾਂ" - ਲੋਕ ਵੇਦਨਾ ਦੀ ਯਥਾਰਥਕ ਤਸਵੀਰ ਹੈ। ਇਸ ਵਿਚ ਮਾੜੀਆਂ ਆਰਥਿਕ ਸਥਿਤੀਆਂ, ਮਜਬੂਰੀਆਂ, ਹੇਰਵੇ, ਤੜਫ਼ ਤੇ ਗੂਹੜੇ ਸਮਾਜੀ ਪਵਿੱਤਰ ਰਿਸ਼ਤਿਆਂ ਦਾ ਰੰਗ ਵੀ ਝਲਕਦਾ ਹੈ। ਗੰਭੀਰ ਗੀਤਾਂ ਦੇ ਗਾਇਨ ਸਮੇਂ ਵੀ ਸਾਦਾਪਣ ਕਾਇਮ ਰੱਖਣਾ ਹਰਭਜਨ ਦੀ ਵਿਲੱਖਣਤਾ ਹੈ। 'ਬਾਬੁਲ ਮੇਰੀਆਂ ਗੁੱਡੀਆਂ ਤੇਰੇ ਘਰ ਰਹਿ ਗਈਆਂ' ਗੀਤ ਭਾਵੁਕਤਾ ਦੀ ਸਿਖ਼ਰ ਹੈ,



ਬਾਬੁਲ ਦੇ ਘਰ ਗੁੱਡੀਆਂ ਭੁੱਲ ਜਾਣ ਦਾ ਵਿਯੋਗ ਬਿਆਨਣਾ ਜਿੱਥੇ ਗੀਤਕਾਰ ਦੀ ਕਲਮ ਦਾ ਕਮਾਲ ਹੈ ਉਥੇ ਗਾਇਕ ਵੱਲੋਂ ਰੂਹ ਨਾਲ ਕੀਤੀ ਗਈ ਪੇਸ਼ਕਾਰੀ ਇਕ ਵਿਲੱਖਣ ਮਿਸਾਲ ਕਾਇਮ ਕਰਦੀ ਹੈ। 'ਸੁਣ ਤੇਰੀ ਲਾਡਲੀ ਦੀ ਬਾਬਲਾ ਪੁਕਾਰ ਵੇ - ਦਾਜ ਪਿੱਛੇ ਦੇਣਾ ਮੈਨੂੰ ਲੋਭੀਆਂ ਨੇ ਮਾਰ ਵੇ', 'ਸਾਡੀ ਆਰਤੀ ਉਤਾਰ ਚੁੱਕੇ ਹੋਵੋਗੇ - ਜਦੋਂ ਨੂੰ ਅਸੀਂ ਪਰਤਾਂਗੇ', 'ਸਾਡੀ ਕੱਖਾਂ ਦੀ ਕੁੱਲੀ ਨੂੰ ਅੱਗ ਲਾ ਕੇ', 'ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ।' 'ਅੱਖੀਆਂ ਦਾ ਸਾਵਣ ਪਾਉਂਦਾ ਵੈਣ', 'ਆ ਵੇ ਮਾਹੀ ਤੈਨੂੰ ਦਿਲ 'ਚ ਵਸਾ ਕੇ', ਗੀਤ ਉਸਦੀ ਗੰਭੀਰ ਗਾਇਕੀ ਦੇ ਸੁੰਦਰ ਨਮੂਨੇ ਤੇ ਪੱਕੇ ਪ੍ਰਮਾਣ ਹਨ।

ਮਾਂ ਦੇ ਵਿਛੋੜੇ ਦਾ ਦਰਦ ਹਰਭਜਨ ਨੇ ਆਪਣੇ ਤਨ 'ਤੇ ਹੰਢਾਇਆ ਹੈ। ਜਦੋਂ ਉਹ ਗਾ ਰਿਹਾ ਹੁੰਦਾ ਹੈ :

ਕਿਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ
ਸਿਵਿਆਂ 'ਚੋਂ ਕਿਵੇਂ ਤੇਰੀ ਖ਼ਾਕ ਨੂੰ ਪਛਾਣੀਏ
ਕਦੋਂ ਤੋਂ ਸਦਾ ਦੀ ਨੀਂਦੇ ਸੁੱਤੀਏ ਨਿਮਾਣੀਏ
ਕੇਹੀ ਸੁੰਨਸਾਨ ਵਿਚ, ਸੁੰਨੇ ਸਮਸ਼ਾਨ ਵਿਚ,
ਕਿਹੀ ਜਗ੍ਹਾ ਲੱਭੀ ਤੈਨੂੰ, ਰੱਬ ਦੇ ਜਹਾਨ ਵਿਚ
ਹੰਝੂ ਵੀ ਨਾ ਭੇਟ ਹੋਏ, ਹੋਈਆਂ ਅੱਖਾਂ ਕੋਰੀਆਂ
ਕਿੱਥੇ ਗਈਆਂ ਮਾਂ, ਸਾਡੇ ਹਿੱਸੇ ਦੀਆਂ ਲੋਰੀਆਂ......

ਤਾਂ ਸਰੋਤੇ ਦੇ ਕਾਲਜੇ ਹੌਲ਼ ਹੀ ਨਹੀਂ ਪੈਂਦੇ, ਸਗੋਂ ਹਰਭਜਨ ਦੇ ਆਪਣੇ ਕਾਲਜੇ ਵੀ ਹੌਲ਼ ਪੈਂਦੇ ਹਨ। ਬੜੀ ਵਾਰ ਇਹ ਗੀਤ ਗਾਉਂਦਿਆਂ ਉਹਨੂੰ ਬਦੋਬਦੀ ਭਾਵੁਕ ਹੋਣਾ ਪਿਆ ਹੈ, ਅੱਥਰੂ ਆਪ-ਮੁਹਾਰੇ ਹੋ ਵਹਿ ਤੁਰੇ ਹਨ। ਇਕ ਥਾਂ ਉਸਨੇ ਇਹ ਗੀਤ ਗਾਇਆ, ਜਦੋਂ ਉਸ ਅੰਤਰਾ ਬੋਲਿਆ :

ਕੰਧਾਂ 'ਤੇ ਉਲੀਕੇ ਜੋ ਤੂੰ ਘੁੱਗੀਆਂ ਤੇ ਮੋਰ ਸੀ
ਅੱਜ ਕੁਝ ਹੋਰ ਮਾਏ, ਉਦੋਂ ਕੁਝ ਹੋਰ ਸੀ
ਚੁੱਲ੍ਹੇ ਦੇ ਗਿਰਦੇ ਬਹਿਣਾ, ਆਪਸ ਵਿਚ ਲੜਦੇ ਰਹਿਣਾ
ਛੋਟੀ ਜਿਹੀ ਘੁਰਕੀ ਦੇਣੀ, ਹੋਰ ਤੂੰ ਕੁਝ ਨਾ ਕਹਿਣਾ
ਮਿੱਟੀ ਦੀ ਕੰਧੋਲੀ ਤੇ ਕੰਧੋਲੀ ਵਿਚ ਮੋਰੀਆਂ
ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ....

ਤਾਂ ਸਰੋਤਿਆਂ ਵਿਚ ਬੈਠਿਆ ਇਕ ਮੁੰਡਾ ਧਾਹੀਂ ਮਾਰਨ ਲੱਗਿਆ, ਸੱਚਮੁਚ ਹੀ ਉਸ ਮੁੰਡੇ ਦੀ ਮਾਂ, ਉਸਨੂੰ ਨਿੱਕੀ ਉਮਰੇ ਈ ਵਿਛੋੜਾ ਦੇ ਕੇ ਟੁਰ ਗਈ ਸੀ।

ਉਸ ਮੁੰਡੇ ਨੇ ਰੋ-ਰੋ ਕੇ ਦੁਖੀ ਦਿਲ ਨਾਲ ਹਰਭਜਨ ਨੂੰ ਆਪਣੀ ਵਿਥਿਆ ਖ਼ਤ ਵਿਚ ਲਿਖ ਕੇ ਭੇਜੀ, ਜਦ ਹਰਭਜਨ ਖੁਦ ਉਸ ਮੁੰਡੇ ਨੂੰ ਜੁਆਬੀ ਖ਼ਤ ਲਿਖ ਰਿਹਾ ਸੀ ਤਾਂ ਉਸਦੀਆਂ ਅੱਖਾਂ ਵਿਚਲੇ ਹੰਝੂ ਉਸਦਾ ਆਪਣਾ ਦਰਦ ਬਿਆਨ ਰਹੇ ਸਨ।

ਪਰੰਪਰਾਗਤ ਲੋਕ ਗਾਥਾਵਾਂ ਤੇ ਲੋਕ ਕਲੀਆਂ ਗਾਉਣ ਵਿਚ ਉਸਦਾ ਰੰਗ ਆਪਣਾ ਹੀ ਹੈ। ਲੋਕ-ਸੱਚਾਈ ਨੂੰ ਬਿਆਨ ਕਰਦੀ ਬਾਪੂ ਪਾਰਸ ਦੀ ਰਚਨਾ, "ਜੱਗ

ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ" ਹਰਭਜਨ ਤੇ ਗੁਰਸੇਵਕ ਨੇ ਰਲਕੇ ਏਨੀ ਪੁਖਤਗੀ ਨਾਲ ਗਾਈ ਕਿ ਉਹ ਕਿੰਨੇ ਵਰ੍ਹਿਆਂ ਤੋਂ ਚੱਲੀ ਆਉਂਦੀ (ਜਦੋਂ ਪਾਰਸ ਦੇ ਜਥੇ ਨੇ ਆਪ ਵੀ ਗਾਈ ਸੀ) ਇਹ ਰਚਨਾ ਅੱਜ ਵੀ ਤਰੋਤਾਜ਼ਾ ਲਗਦੀ ਹੈ। ਬਾਬੂ ਸਿੰਘ ਮਾਨ ਦੀ ਲਿਖਤ ਕਲੀ 'ਹੀਰ', 'ਹੁਣ ਤੂੰ ਹੋਰ ਕਿਸੇ ਦੀ ਹੋਗੀ, ਨਹੀਂ ਕੋਈ ਚਾਰਾ ਨੀ ਹੀਰੇ, ਰੋਂਦਾ ਬੇਲਿਆਂ ਦੇ ਵਿਚ ਛਡਗੀ ਚਾਕ ਵਿਚਾਰਾ ਨੀ ਹੀਰੇ' ਹਰਭਜਨ ਦੀ ਲੋਕ ਸੁਰ ਵਾਲੀ ਗਾਇਨ ਸ਼ੈਲੀ ਦੀਆਂ ਸੁੰਦਰ ਵੰਨਗੀਆਂ ਹਨ। "ਰਾਠਾ ਬੋਲ ਵੇ ਸੁਲੱਖਣੀ ਜ਼ਬਾਨ 'ਚੋਂ, ਮੱਥੇ ਦੀਆਂ ਨਾ ਮਿਟੀਆਂ ਵੇ ਤਕਦੀਰਾਂ" ਅਤੇ "ਤੋਤਿਆਂ ਨੂੰ ਬਾਗ ਬੜੇ ਨਿੰਮ ਦਾ ਮਾਣ ਕਰੀਂ ਨਾ ਹੀਰੇ" ਬਾਪੂ ਪਾਰਸ ਦੀਆਂ ਹੋਰ ਕਈ ਰਚਨਾਵਾਂ ਗਾ ਕੇ ਉਹਨਾਂ ਦੇ ਨਾਂ ਨੂੰ ਚਾਰ ਚੰਨ ਲਾਉਣ ਦੀ ਆਪਣੀ ਤਰਫ਼ੋਂ ਸਫ਼ਲ ਕੋਸ਼ਿਸ਼ ਕੀਤੀ ਹੈ।

...... ...... ......

ਇਹ ਗੱਲ 1994 ਦੀ ਹੈ, ਜਦੋਂ ਮੇਰੀ ਨਿੱਕੀ ਭੈਣ ਦਾ ਵਿਆਹ ਹੋਇਆ। ਵਿਆਹ ਵਾਲੀ ਵੀਡੀਓ ਬਣ ਕੇ ਆਈ ਤਾਂ ਉਸ ਵਿਚ ਜਿਹੜਾ ਦ੍ਰਿਸ਼ ਭੈਣ ਨੂੰ ਕਾਰ ਵਿਚ ਬਿਠਾ ਕੇ ਤੋਰਨ ਵੇਲੇ ਦਾ ਹੈ, ਉਹਦੇ ਨਾਲ ਗੀਤ ਭਰਿਆ, 'ਬਾਬੁਲ ਮੇਰੀਆਂ ਗੁੱਡੀਆਂ ਤੇਰੇ ਘਰ ਰਹਿ ਗਈਆਂ, ਲਿਖੀਆਂ ਨਸੀਬਾਂ ਦੀਆਂ ਝੋਲ਼ੀ ਦੇ ਵਿੱਚ ਪੈ ਗਈਆਂ....।"

ਹਰਭਜਨ ਮਾਨ ਦੀ ਆਵਾਜ਼ ਨਾਲ ਚੰਗੀ ਤਰ੍ਹਾਂ ਇਹ ਮੇਰੀ ਪਹਿਲੀ ਜਾਣ-ਪਛਾਣ ਸੀ ਤੇ ਉਸ ਮਗਰੋਂ ਹਰਭਜਨ ਦੇ ਇਸ ਗੀਤ ਨੂੰ ਮੈਂ ਉਚੇਚ ਨਾਲ ਸੁਣਨ ਤੇ ਗੁਣਗੁਣਾਉਣ ਲੱਗਿਆ ਸਾਂ। ਉਹਨੀਂ ਦਿਨੀਂ ਮੈਨੂੰ ਭਾਵੇਂ ਗੀਤ-ਸੰਗੀਤ ਸੁਣਨ ਦਾ ਬਾਹਲ਼ਾ ਖੁੱਲ੍ਹਾ-ਡੁੱਲ੍ਹਾ ਮੌਕਾ ਨਹੀਂ ਸੀ ਲਭਦਾ ਹੁੰਦਾ, ਕਿਉਂਕਿ ਮੈਂ ਜੱਜ ਸਾਹਿਬ ਕੋਲ ਅਰਦਲੀ ਲੱਗਿਆ ਹੋਇਆ ਸਾਂ, ਤੇ ਦਿਨ-ਰਾਤ ਕੰਮ ਦੀ ਬਹੁਤਾਤ ਕਾਰਣ ਮੱਤ ਮਾਰੀ ਰਹਿੰਦੀ ਸੀ, ਪਰ ਫਿਰ ਵੀ ਮੈਂ ਹਰਭਜਨ ਦੀ ਕੈਸਿਟ 'ਜੱਗ ਜਿਉਂਦਿਆਂ ਦੇ ਮੇਲੇ' ਲਗਾ ਕੇ ਸੁਣਦਾ ਤਾਂ ਮਨ ਨੂੰ ਕੁਝ ਅਨੂਠਾ ਸਕੂਨ ਲਭਦਾ। ਉਹਨੀਂ ਦਿਨੀਂ ਹੀ ਮੈਂ ਉਹਨੂੰ ਉਹਦੇ ਇਹਨਾਂ ਗੀਤਾਂ ਦੀ ਪ੍ਰਸੰਸ਼ਾ ਕਰਦਿਆਂ ਇਕ ਖ਼ਤ ਲਿਖਿਆ ਤੇ ਥੋੜ੍ਹੇ ਦਿਨਾਂ ਮਗਰੋਂ ਹੀ ਜੁਆਬ ਆ ਗਿਆ, ਬੜੀ ਹੀ ਬੇਢੰਗੀ ਜਹੀ ਚਿੱਠੀ ਸੀ, ਲੈਟਰਪੈਡ ਦੀ ਫੋਟੋ-ਸਟੈਟ ਉੱਤੇ ਲਿਖਿਆ ਹੋਇਆ, "ਤੁਸੀਂ ਮੇਰੀ ਗਾਇਕੀ ਦੀ ਸਿਫ਼ਤ ਕੀਤੀ ਹੈ, ਧੰਨਵਾਦ! ਇਹ ਸਭ ਕੁਝ ਤੁਹਾਡੀਆਂ ਦੁਆਵਾਂ ਸਦਕੇ ਹੀ ਹੈ।" ਐਡਰੈਸ ਵੀ ਮੇਰਾ ਅੱਧ-ਪਚੱਧਾ ਜਿਹਾ ਹੀ ਲਿਖਿਆ ਹੋਇਆ ਸੀ। ਇਹ ਰਸਮੀਂ-ਪੱਤਰ ਉਹਦੇ ਕਿਸੇ ਮੈਨੇਜਰ ਦਾ ਲਿਖਿਆ ਹੋਇਆ ਸੀ। ਫਿਰ ਕੁਝ ਸਮੇਂ ਬਾਅਦ ਮੈਂ ਜੱਜ ਦੇ ਅਰਦਲੀ ਵਾਲੀ ਨੌਕਰੀ ਛੱਡ ਕੇ ਸਭਿਆਚਾਰਕ ਤੇ ਕਲਾਕਾਰੀ ਦੇ ਖੇਤਰ ਵਿਚ ਖੁੱਲ੍ਹ ਕੇ ਤੁਰਨ-ਫਿਰਨ ਲੱਗਿਆ ਤਾਂ ਮੇਰੇ ਮਿੱਤਰ ਸਾਹਿਤਕਾਰ ਸਤਪਾਲ ਭੀਖੀ ਨੇ ਸੱਦਾ-ਪੱਤਰ ਭੇਜਿਆ, ਜੋ ਭੀਖੀ ਵਿਚ ਹੋ ਰਹੇ ਸਭਿਆਚਾਰਕ ਮੇਲੇ ਉੱਤੇ ਪਹੁੰਚਣ ਲਈ ਸੀ।

ਮੈਂ ਭੀਖੀ ਗਿਆ ਲੋਕਾਂ ਦਾ ਠਾਠਾਂ ਮਾਰਦਾ ਬੇਅੰਤ ਇਕੱਠ! ਗਰਮੀ ਵੀ ਅੰਤਾਂ ਦੀ, ਲੋਕੀਂ ਸਕੂਟਰਾਂ, ਕਾਰਾਂ, ਟਰੈਕਟਰਾਂ - ਟਰਾਲੀਆਂ ਉੱਤੇ ਚੜ੍ਹੇ ਧੂੜਾਂ ਪਟਦੇ



ਫਿਰਨ। ਕਈ ਗਾਇਕਾਂ ਨੇ ਗੀਤ ਗਾਏ, ਜਦੋਂ ਹਰਭਜਨ ਮਾਨ ਦੀ ਵਾਰੀ ਆਈ ਤਾਂ ਸਭ ਤੋਂ ਪਹਿਲੋਂ ਉਹਦੇ ਸਾਜ਼ੀ ਮੰਚ ਉੱਤੇ ਆਏ, ਸਾਜ਼ ਵੱਜਣ ਲੱਗੇ, ਫਿਰ ਗੁਰਸੇਵਕ ਮਾਨ ਨੇ ਆਣ ਕੇ ਆਪਣਾ ਕੈਸੀਓ ਸੰਭਾਲਿਆ, 'ਆ ਸੁਹਣਿਆ ਵੇ ਜੱਗ ਜਿਉਂਦਿਆਂ ਦੇ ਮੇਲੇ' ਧੁੰਨ ਵੱਜੀ, ਤਾਂ ਲੋਕ ਤਾੜੀਆਂ ਮਾਰਨ ਲੱਗੇ। ਗੀਤ ਦੀ ਧੁੰਨ ਲੰਮੀ-ਲੰਮੀ ਹੁੰਦੀ ਜਾ ਰਹੀ ਸੀ। ਪੰਡਾਲ ਵਿਚ ਘੁਸਰ-ਮੁਸਰ ਜਿਹੀ ਹੋਣ ਲੱਗੀ। ਲੋਕ ਹਰਭਜਨ ਨੂੰ ਬੇਸਬਰੀ ਨਾਲ ਉਡੀਕ ਰਹੇ ਸਨ। ਸਾਡੇ ਪਿਛਲੇ ਪਾਸੇ ਵਾਲੀ ਕੁਰਸੀਆਂ ਦੀ ਕਤਾਰ 'ਚੋਂ ਇਕ ਬੰਦਾ (ਜੋ ਪ੍ਰਬੰਧਕਾਂ ਦਾ ਹੀ ਜਾਣੂੰ ਸੀ ਕੋਈ) ਬੋਲਿਆ, "ਹਰਭਜਨ ਮਾਨ ਨੂੰ ਉਹਦੇ ਪੈਸੇ ਨੀ ਦਿੱਤੇ ਅਜੇ ਮੇਲੇ ਵਾਲਿਆਂ ਨੇ। ਤਾਂ ਨ੍ਹੀ ਉਹ ਆਉਂਦਾ... ਮੇਲੇ ਵਾਲੇ ਕਹੀ ਜਾਂਦੇ ਨੇ, ਦਿੰਨੇ ਆਂ, ਦਿੰਨੇ ਆਂ, ਪਰ ਦੇਂਦੇ ਨਹੀਂ। ਜੇ ਇਹ ਪੈਸੇ ਦੇਣ, ਤਾਂ ਈ ਉਹ ਆਵੇ ?"

ਹਰਭਜਨ ਮਾਨ ਸਟੇਜ ਉੱਤੇ ਆਇਆ, ਸਾਦੀ ਜਹੀ ਪੈਂਟ ਕਮੀਜ਼ ਪਾਈ ਹੋਈ ਸੀ। ਝੂਠਾ ਜਿਹਾ ਮੁਸਕਾਉਂਦਾ ਹੋਇਆ ਉਹ ਲੋਕਾਂ ਦੇ ਸਨਮੁਖ ਸੀ। ਜ਼ੋਰਦਾਰ ਤਾੜੀਆਂ ਨਾਲ ਉਹਦਾ ਸਵਾਗਤ ਹੋਇਆ। ਉਸ ਫਤਿਹ ਬੁਲਾਈ ਤੇ ਆਖਣ ਲੱਗਿਆ, "ਜਿੰਨ੍ਹਾਂ ਨੇ ਮੈਨੂੰ ਸੱਦਿਐ, ਹੁਣ ਮੱਥੇ ਨੀ ਲੱਗਦੇ ਮੇਰੇ, ਪੈਸੇ ਤਾਂ ਕਾਹਦੇ ਦੇਣੇ ਐਂ।" ਲੋਕ ਚੀਕਾਂ-ਰੌਲ਼ੀ ਪਾਉਣ ਲੱਗੇ, ਆਖਣ "ਮਾਨ ਸਾਅ੍ਹਬ, ਗੀਤ ਗਾਓ ਤੁਸੀਂ। ਪੈਸੇ ਤੁਹਾਨੂੰ ਅਸੀਂ ਦਿਆਂਗੇ। ਤੁਸੀਂ ਗਾਓ, ਗਾਓ-ਗਾਓ।" ਲੋਕਾਂ ਦਾ ਰੌਲ਼ਾ ਵਧ ਰਿਹਾ ਸੀ। ਹਰਭਜਨ ਗਾਉਣ ਲੱਗਿਆ, ਲੋਕੀਂ ਪੈਸੇ ਦੇਣ ਲੱਗੇ। ਮਿੰਟਾਂ ਵਿਚ ਹੀ ਉਹਦੇ ਅੱਗੇ ਪੈਸਿਆਂ ਦਾ ਢੇਰ ਜੁੜ ਗਿਆ। ਜਿੱਥੋਂ ਤੱਕ ਮੇਰਾ ਖ਼ਿਆਲ ਜਾਂਦਾ ਹੈ, ਜਿੰਨੇ ਕੁ ਪੈਸੇ ਮੇਲਿਆਂ ਵਾਲਿਆਂ ਨੇ ਉਹਨੂੰ ਦੇਣੇ ਸਨ ਓਨੇ ਕੁ ਤਾਂ ਲੋਕਾਂ ਨੇ ਇਨਾਮ ਹੀ ਦਿੱਤੇ ਸਨ।

ਹਰਭਜਨ ਨੇ ਬੜਾ ਅਖਾੜਾ ਜਮਾਇਆ, ਲੋਕੀਂ ਬਾਗ-ਬਾਗ ਕਰ ਦਿੱਤੇ। ਆਪਣਾ ਟਾਈਮ ਲਾ ਕੇ ਉਹ ਚਲਿਆ ਆਇਆ। ਮੈਂ ਪਹਿਲੀ ਵਾਰੀ ਉਹਨੂੰ ਸੁਣਿਆ ਤੇ ਦੇਖਿਆ ਸੀ। ਦਿਲ ਖੁਸ਼ ਹੋਇਆ। ਉਦੋਂ ਜਿਹੇ ਹੀ ਮੈਂ ਜਲੰਧਰੋਂ ਛਪਦੇ 'ਮਿਊਜ਼ਿਕ ਟਾਈਮਜ਼' ਰਸਾਲੇ ਲਈ 'ਕੁਝ ਕਿਹਾ ਤਾਂ...' ਕਾਲਮ ਲਿਖਣਾ ਸ਼ੁਰੂ ਕੀਤਾ ਸੀ, ਹਰ ਮਹੀਨੇ ਸਭਿਆਚਾਰਕ ਮਸਲਿਆਂ ਉੱਤੇ ਲਿਖਦਾ ਸਾਂ। ਸੋ ਮੈਂ ਭੀਖੀ ਵਾਲੇ ਮੇਲੇ ਦੀ ਅੱਖੀਂ ਡਿੱਠੀ ਰਿਪੋਰਟ ਲਿਖ ਦਿੱਤੀ ਸੀ, ਮੇਲੇ ਦੇ ਦੂਜੇ ਦਿਨ ਹੀ ਮੇਲੇ ਵਾਲੇ (ਪ੍ਰਬੰਧਕ) ਜੋ ਉਲਟ-ਪੁਲਟ ਉੱਥੇ ਬੋਲੇ ਸਨ, ਉਹ ਵੀ ਰਿਪੋਰਟ ਵਿਚ ਮੈਂ ਦੇਖੇ-ਸੁਣੇ ਅਨੁਸਾਰ ਸਹਿਜੇ ਹੀ ਲਿਖ ਦਿੱਤਾ ਸੀ। ਕਈ ਸਾਲ ਲੰਘ ਗਏ। ਓਦੂੰ ਮਗਰੋਂ ਤਾਂ ਮੈਂ ਦੋ ਸਾਲ ਭਾਸ਼ਾ ਵਿਭਾਗ ਵਿਚ ਪਟਿਆਲੇ ਰਹਿ ਕੇ ਨੌਕਰੀ ਵੀ ਕਰ ਲਈ ਪਰ ਸਬੱਬ ਹੀ ਨਹੀਂ ਬਣਿਆ ਹਰਭਜਨ ਨੂੰ ਮਿਲਣ ਦਾ। ਹਾਂ, ਇਕ ਦਿਨ ਸ਼ਾਮੀਂ ਵਿਹਲਾ ਹੋ ਕੇ ਮੈਂ ਸ਼ੇਰਾਂ ਵਾਲੇ ਗੇਟ ਆਪਣੇ ਮਿੱਤਰ ਨੀਨੇ ਫੋਟੋਗ੍ਰਾਫਰ ਦੇ ਸਟੂਡੀਓ ਬੈਠਾ ਹੋਇਆ ਸਾਂ, ਹਰਭਜਨ ਆਪਣੇ ਇਕ - ਦੋ ਸਾਥੀਆਂ ਨਾਲ ਬਾਜ਼ਾਰ ਵਿਚਦੀ ਪੈਦਲ ਤੁਰਿਆ ਜਾਂਦਾ ਨਜ਼ਰੀਂ ਪਿਆ। ਨਾਲ ਗੁਰਮੁਖ ਭਲਵਾਨ ਵੀ ਸੀ। ਜਦ ਮੈਂ ਮਿਲਣ ਲਈ ਉੱਠ ਕੇ ਬਾਹਰ ਆਇਆ ਉਹ ਛੁਹਲੇ-ਛੁਹਲੇ ਕਦਮੀਂ ਕਾਫ਼ੀ ਅੱਗੇ ਨਿਕਲ ਚੁੱਕੇ ਸਨ। ਕੁਝ ਮੈਂ ਝਿਜਕ ਜਿਹੀ ਮੰਨ ਗਿਆ ਤੇ ਫਿਰ ਸਟੂਡੀਓ 'ਚ ਆਣ ਕੇ ਬੈਠ ਗਿਆ ਸਾਂ।

ਹੁਣ ਮੈਂ ਜਲੰਧਰ ਸਾਂ। ਸ਼ਾਮਾਂ ਨੂੰ ਰੇਡੀਓ ਸਟੇਸ਼ਨ ਦੇ ਬਾਹਰ ਰਾਜੂ ਦੀ ਚਾਹ ਵਾਲੀ ਦੁਕਾਨ ਉੱਤੇ ਕੁਝ ਰੇਡੀਓ ਵਾਲੇ ਮਿੱਤਰ ਜੁੜ ਬੈਠਦੇ, ਗੱਪਾਂ-ਸ਼ੱਪਾਂ ਚਲਦੀਆਂ, ਹਾਸੇ ਪੈਂਦੇ। ਅਨਾਊਂਸਰ ਸੁਖਵਿੰਦਰ ਸੁੱਖੀ, ਤਰਸੇਮ ਲਾਲ 'ਤਪਸਰਾ ਮਾਸਟਰ', ਦੁਸਾਂਝ ਗੁਰਮੀਤ, ਗੁਰਦਾਸਪੁਰੀਏ ਭਲਵਾਨ, ਰਲ ਬੈਠਦੇ! ਇਥੇ ਹੀ ਮੇਰਾ ਮੇਲ ਮੰਨੇ-ਪ੍ਰਮੰਨੇ ਸਾਹਿਤਕਾਰ ਵਰਿਆਮ ਸਿੰਘ ਸੰਧੂ ਦੇ ਸਪੁੱਤਰ ਸੁਪਨਦੀਪ ਸਿੰਘ ਸੰਧੂ ਨਾਲ ਹੋ ਗਿਆ, ਸੁਪਨ ਨਾਲ ਜਦੋਂ ਚੰਗੀ ਮਿੱਤਰਤਾ ਹੋ ਗਈ ਤਾਂ ਜਦ ਵੀ ਮੈਂ ਉਹਦੇ ਘਰ ਜਾਂਦਾ ਤਾਂ ਉਹ ਹਰਭਜਨ ਦੀ ਕੋਈ ਕੈਸਿਟ ਲਗਾ ਦਿੰਦਾ, ਆਖਦਾ, "ਏਹੋ ਏ ਇਕੋ ਇਕ ਸਿੰਗਰ ਮੇਰੀ ਪਸੰਦ ਦਾ, ਹੋਰ ਨੀ ਮੈਂ ਕਿਸੇ ਨੂੰ ਸੁਣਦਾ।" ਸੁਪਨ ਆਪਣੀ ਗੱਡੀ ਵਿਚ ਆਮ ਹੀ ਹਰਭਜਨ ਦੇ ਗੀਤ ਉੱਚੀ ਆਵਾਜ਼ ਕਰਕੇ ਲਗਾ ਛਡਦਾ। ਉਸ ਦੱਸਿਆ ਕਿ ਹਰਭਜਨ ਬੜਾ ਚੰਗਾ ਇਨਸਾਨ ਹੈ, ਮੈਂ ਉਸਨੂੰ ਇੰਗਲੈਂਡ ਦੀ ਫੇਰੀ ਮੌਕੇ ਉੱਥੇ ਸ਼ੋਅ ਕਰਨ ਗਏ ਨੂੰ ਮਿਲਿਆ ਸਾਂ। ਮੇਰੀ ਬੜੀ ਇੱਜ਼ਤ ਕਰਦਾ ਹੈ, ਮੈਂ ਤੈਨੂੰ ਉਸ ਨਾਲ ਮਿਲਾਵਾਂਗਾ।"

ਇਕ ਦਿਨ ਰਾਜੂ ਦੀ ਦੁਕਾਨ 'ਤੇ ਬੈਠੇ-ਬੈਠੇ ਹੀ ਸੁਪਨ ਨੇ ਹਰਭਜਨ ਨੂੰ ਫੋਨ ਘੁਮਾ ਲਿਆ ਤੇ ਆਖਣ ਲੱਗਾ, "ਭਾ ਜੀ, ਮੇਰੇ ਮਿੱਤਰ ਨਿੰਦਰ ਘੁਗਿਆਣਵੀ ਨਾਲ ਗੱਲ ਕਰੋ।" ਹਰਭਜਨ ਬੋਲ ਰਿਹਾ ਸੀ "ਮੈਂ ਤੁਹਾਡੀਆਂ ਲਿਖਤਾਂ ਅਕਸਰ ਹੀ ਪੜ੍ਹਦਾ ਹਾਂ, ਬਹੁਤਾ ਚੰਗਾ ਲਿਖਦੇ ਹੋ ਤੁਸੀਂ। ਮਾਨ ਸਾਅ੍ਬ (ਬਾਬੂ ਸਿੰਘ ਮਾਨ) ਵੀ ਤੁਹਾਡਾ ਅਕਸਰ ਈ ਜ਼ਿਕਰ ਕਰਦੇ ਨੇ, ਕਹਿੰਦੇ ਨੇ ਸਾਡਾ ਮੁੰਡਾ ਨਿੰਦਰ ਬਹੁਤ ਅੱਛਾ ਲਿਖਦੈ....।"

ਹਰਭਜਨ ਮੇਰੀਆਂ ਲਿਖਤਾਂ ਦੀ ਪ੍ਰਸ਼ੰਸ਼ਾ ਕਰੀ ਜਾ ਰਿਹਾ ਸੀ, ਤੇ ਮੈਂ ਉਹਦੇ ਗੀਤਾਂ ਦੀ ਪ੍ਰਸ਼ੰਸ਼ਾ ਕਰੀ ਜਾ ਰਿਹਾ ਸਾਂ, "ਭਾ ਜੀ ਤੁਸੀਂ ਬਹੁਤ ਚੰਗਾ ਗਾਉਂਦੇ ਓ...।"

ਹਰਭਜਨ ਨੇ ਆਖਿਆ, "ਜ਼ਰੂਰ ਕਿਸੇ ਦਿਨ ਸੁਪਨ ਨਾਲ ਪਟਿਆਲੇ ਆਉਣਾ।"

ਤੇ ਥੋੜ੍ਹੇ ਦਿਨਾਂ ਬਾਅਦ ਹੀ ਸੁਪਨ ਆਪਣੀ ਗੱਡੀ ਲੈ ਕੇ ਸਵੇਰੇ-ਸਵੇਰੇ ਮੇਰੇ ਕਮਰੇ ਅੱਗੇ ਹਾਰਨ ਵਜਾਣ ਲੱਗਿਆ, ਬੋਲਿਆ, "ਚੱਲ-ਚੱਲ, ਛੇਤੀ ਤਿਆਰ ਹੋ, ਹਰਭਜਨ ਭਾਜੀ ਤੋਂ ਰਾਤ ਮੈਂ ਟੈਮ ਲੈ ਲਿਆ, ਮਿਲਣ ਜਾਣੈ, ਭਾਜੀ ਨੇ ਕਿਹੈ, ਨਿੰਦਰ ਨੂੰ ਵੀ ਲੈ ਕੇ ਆਉਣਾ ਨਾਲ, ਚੱਲ, ਤਿਆਰ ਹੋ ਚੱਲੀਏ।"

ਸਰਹਿੰਦ ਰੋਡ ਉੱਤੇ ਗੁਲਾਬੀ-ਰੰਗੀ ਵੱਡੀ ਕੋਠੀ ਅੱਗੇ ਕਾਰ ਰੋਕ ਅਸੀਂ ਅੰਦਰ ਚਲੇ ਗਏ। ਸੈਕਟਰੀ ਨੇ ਚੰਗੀ ਆਓ-ਭਗਤ ਕੀਤੀ। ਪਹਿਲੋਂ ਗੁਰਸੇਵਕ ਆਣ ਕੇ ਮਿਲਿਆ, ਫਿਰ ਹਰਭਜਨ, ਬੜੇ ਹੀ ਨਿੱਘ ਅਤੇ ਤਪਾਕ ਨਾਲ। ਮੈਂ ਆਖਿਆ, "ਭਾਜੀ, ਮੈਂ ਥੋਨੂੰ ਪਹਿਲੀ ਵੇਰੀ ਭੀਖੀ ਸੁਣਿਆ ਸੀ....।" ਮੈਂ ਅਜੇ ਗੱਲ ਪੂਰੀ ਨਹੀਂ ਸੀ ਕੀਤੀ, ਹਰਭਜਨ ਬੋਲਿਆ, "ਹਾਂ ਹਾਂ, ਉਸੇ ਪ੍ਰੋਗਰਾਮ 'ਚ ਤਾਂ ਤੁਸੀਂ ਮੇਰੀ 'ਸ਼ੋਭਾ' ਕੀਤੀ ਸੀ ਲਿਖਕੇ ਆਪਣੇ ਕਾਲਮ 'ਚ.... ਮੈਨੂੰ ਬੜਾ ਦੁੱਖ ਹੋਇਆ ਸੀ ਪੜ੍ਹਕੇ.... ਇਹ ਸਹੀ ਪੱਤਰਕਾਰੀ ਨਹੀਂ ਹੁੰਦੀ...।"

ਮੈਂ ਬੜਾ ਹੈਰਾਨ ਹੋਇਆ। ਹਰਭਜਨ ਤਾਂ ਆਪਣੇ ਦਿਲ ਵਿਚ ਕੋਈ ਘੁੰਡੀ ਰੱਖੀ ਬੈਠਾ ਸੀ, ਇਸ ਗੱਲ ਦੀ, ਕਿ ਜੋ ਦੂਜੇ ਦਿਨ ਪ੍ਰਬੰਧਕਾਂ ਨੇ ਉਹਦੇ ਬਾਰੇ ਮੰਚ



ਉੱਤੇ ਉਲਟ-ਪੁਲਟ ਬੋਲਿਆ ਸੀ, ਮੈਂ ਉਹ ਵੀ ਕਿਉਂ ਲਿਖ ਦਿੱਤਾ ਸੀ ਕਾਲਮ ਵਿਚ।

ਮੈਂ ਆਖਿਆ, "ਤੁਹਾਡੇ ਖਿਲਾਫ਼ ਤਾਂ ਨਹੀਂ ਸੀ ਕੋਈ ਗੱਲ ਭਾਜੀ। ਮੈਂ ਤਾਂ ਜੋ ਦੇਖਿਆ, ਉਹੀ ਲਿਖਿਆ, ਤੁਸੀਂ ਗੁੱਸਾ ਕਰੀ ਬੈਠੇ ਓ...।"

ਹਸਦਿਆਂ ਹੋਇਆਂ, "ਨਈਂ-ਨਈਂ, ਮੈਂ ਤਾਂ ਕੋਈ ਗੁੱਸਾ ਨ੍ਹੀ ਕੀਤਾ ਹੋਇਆ, ਪਰ ਤੁਸੀਂ ਸਹੀ-ਸਹੀ ਪੱਤਰਕਾਰੀ ਕਰਿਆ ਕਰੋ।"

ਖੈਰ, ਗੱਲ ਆਈ-ਗਈ ਜਿਹੀ ਹੋ ਗਈ। ਉਸ ਆਪਣੇ ਨਾਲ ਬਿਠਾਅ ਕੇ ਸਾਡੇ ਨਾਲ ਟੁੱਕਰ ਸਾਂਝਾ ਕੀਤਾ, ਜਿੰਨਾ ਚਿਰ ਅਸੀਂ ਉਸ ਕੋਲ ਰਹੇ, ਖੂਬ ਹੱਸ-ਹੱਸ ਗੱਲਾਂ ਕਰਦਾ ਹਰਭਜਨ, ਸਾਨੂੰ ਵੀ ਹਸਾਉਂਦਾ ਰਿਹਾ। ਮੈਂ ਆਪਣੀਆਂ ਛਪੀਆਂ ਪੁਸਤਕਾਂ ਉਹਨੂੰ ਭੇਟਾ ਕੀਤੀਆਂ, ਉਸ ਉਦੋਂ ਹੀ ਮੇਜ਼ ਦੇ ਦਰਾਜ਼ ਵਿਚ ਧਰ ਦਿੱਤੀਆਂ ਤੇ ਰਸਮੀ ਜਿਹਾ ਧੰਨਵਾਦ ਕੀਤਾ। ਆਖਣ ਲੱਗਾ, "ਹੋਰਾਂ 'ਤੇ ਵੀ ਲਿਖਦੇ ਓ ਤੁਸੀਂ ਪੁਸਤਕਾਂ, ਬਾਪੂ ਪਾਰਸ ਕਰਨੈਲ ਸਿੰਘ ਰਾਮੂਵਾਲੀਆ ਸਾਹਿਬ 'ਤੇ ਵੀ ਲਿਖਣ ਬਾਰੇ ਸੋਚਿਐ ਕਦੀ ?"

ਹਰਭਜਨ ਨੇ ਬੜੀ ਠੀਕ ਗੱਲ ਜਚਾਈ ਸੀ। ਪਾਰਸ ਜੀ ਬਾਰੇ ਲਿਖਣਾ ਤਾਂ ਸਮੇਂ ਦੀ ਜ਼ਰੂਰੀ ਲੋੜ ਸੀ। ਮੈਂ ਆਖਿਆ, "ਪਾਰਸ ਜੀ ਨਾਲ ਤੁਸੀਂ ਮੈਨੂੰ ਕੇਰਾਂ, ਮਿਲਾ ਦਿਓ, ਫੇ ਮੈਂ ਜਾਣਾ, ਮੇਰਾ ਕੰਮ।"

ਕੁਝ ਮਹੀਨਿਆਂ ਦਾ ਸਮਾਂ ਲੰਘਿਆ। ਮੈਂ ਹਰਭਜਨ ਨੂੰ ਫੋਨ ਕਰਦਾ ਹੁੰਦਾ, ਬਾਪੂ ਪਾਰਸ ਨੂੰ ਮਿਲਾਉਣ ਖਾਤਰ। ਬਾਪੂ ਜੀ ਕੈਨੇਡਾ ਤੋਂ ਰਾਮੂੰਵਾਲੇ ਆਏ ਹੋਏ ਸਨ ਪਰ ਹਰਭਜਨ ਆਪਣੇ ਪ੍ਰੋਗਰਾਮਾਂ ਵਿਚ ਬੜਾ ਰੁੱਝਿਆ ਹੋਇਆ ਸੀ। ਸੋ ਮੈਂ ਹੁਣ ਹੋਰ ਦੇਰੀ ਨਹੀਂ ਸੀ ਕਰਨੀ ਚਾਹੁੰਦਾ। ਆਪੇ ਈ ਰਾਮੂੰਵਾਲੇ ਜਾ ਕੇ ਬਾਪੂ ਪਾਰਸ ਜੀ ਨੂੰ ਮਿਲਿਆ। ਉਹਨਾਂ ਪਹਿਲੀ ਮਿਲਣੀ ਵਿਚ ਹੀ ਏਨਾ ਨਿੱਘ-ਭਰਪੂਰ ਮੋਹ ਬਖਸ਼ਿਆ ਕਿ ਚਹੁੰਆਂ ਕੁ ਮਿਲਣੀਆਂ ਵਿਚ ਹੀ ਉਹਨਾਂ ਇਕ ਸਟੇਜ ਉੱਤੇ (ਆਪਣੇ ਵੱਡੇ ਪੁੱਤਰ ਹਰਚਰਨ ਸਿੰਘ ਗਿੱਲ ਨੂੰ) ਆਖ ਦਿੱਤਾ, "ਘੁਗਿਆਣਵੀ ਨਿੰਦਰ, ਅੱਜ ਤੋਂ ਸਾਡਾ ਪੁੱਤ ਐ।"

ਮੈਂ ਬਾਪੂ ਪਾਰਸ ਜੀ ਬਾਰੇ ਕਿਤਾਬ ਲਈ ਸਮੱਗਰੀ ਇਕੱਤਰ ਕਰ ਰਿਹਾ ਸਾਂ, ਪਟਿਆਲੇ ਹਰਭਜਨ ਕੋਲ ਗਿਆ, ਕੁਝ ਕਿੱਸੇ ਤੇ ਫੋਟੂ ਉਸ ਕੋਲ ਪਏ ਸਨ। ਇਹ ਮੇਰੀ ਹਰਭਜਨ ਨਾਲ ਦੂਜੀ ਮਿਲਣੀ ਸੀ। ਦੋ ਦਿਨ ਮੈਂ ਰਿਹਾ, ਮੈਂ ਉਹਨੂੰ "ਭਾਜੀ ਭਾਜੀ" ਆਖ ਕੇ ਬੁਲਾਉਂਦਾ ਸਾਂ, ਤੇ ਜਦ ਤੀਜੀ ਕਿ ਚੌਥੀ ਵਾਰੀ ਮਿਲਿਆ, ਉਹ ਬਾਹੋਂ ਫੜ੍ਹਕੇ ਆਖਣ ਲੱਗਿਆ, "ਗੱਲ ਸੁਣ ਨਿੰਦਰ, ਤੂੰ ਮੈਨੂੰ ਭਾਜੀ-ਭਾਜੀ ਨ੍ਹੀ ਕਰਨਾ, ਏਹ ਭਾਜੀ ਦੁਆਬੀਆਂ ਦਾ ਲਫ਼ਜ਼ ਐ, ਏਹਦੇ ਵਿਚ 'ਸਵਾਰਥ' ਤੇ ਹੋਰ ਬੜਾ ਕੁਝ ਛੁਪਿਐ ਹੋਇਐ..., ਆਪਾਂ ਮਲਵੱਈ ਆਂ, ਅਸਲ ਮਲਵੱਈ, ਤੇ ਆਪਣੇ 'ਬਾਈ' ਲਫ਼ਜ਼ ਚੱਲਦੈ, ਤੇ ਮੈਂ ਤੇਰਾ ਬਾਈ ਆਂ, ਤੂੰ ਬਾਈ ਕਹਿਣੈ ਅੱਜ ਤੋਂ, ਹਾਅ ਜੀ - ਜੂ ਤੇ ਤੁਸੀਂ ਤਸੀਂ ਨ੍ਹੀ ਕਹਿਣਾ, ਮੈਂ ਤੇਰਾ ਬਾਈ ਆਂ, ਹਰਭਜਨ, ਬਾਈ। ਤੇ ਤੂੰ ਨਿੰਦਰ ਐਂ, ਛੋਟਾ ਵੀਰ! ਸੁਣ ਲਿਆ, ਨਿੰਦਰੇ ?"

ਮੈਂ ਹਰਭਜਨ ਦੀ ਇਸ ਮੋਹ ਭਿੱਜੀ ਅਪਣੱਤ ਅੱਗੇ ਸਰਸ਼ਾਰ ਸਾਂ।

ਓਦਣ ਤੋਂ ਮੈਂ ਉਹਨੂੰ 'ਬਾਈ' ਆਖਦਾ ਹਾਂ ਤੇ ਹਰਮਨਦੀਪ ਨੂੰ ਭੈਣ। ਫਿਰ

ਇਕ ਦਿਨ ਹਰਭਜਨ ਦੇ ਸਹੁਰਾ ਸਾਅ੍ਹਬ ਸ੍ਰ. ਹਰਚਰਨ ਸਿੰਘ ਗਿੱਲ ਤੇ ਬਾਪੂ ਪਾਰਸ ਨਾਲ ਹਰਭਜਨ ਕੋਲ ਪਟਿਆਲੇ ਗਿਆ, ਹਰਚਰਨ ਸਿੰਘ ਨੇ ਆਖਿਆ, "ਕਾਕਾ ਹਰਭਜਨ, ਪੁੱਤਰ, ਆਹ ਵੇਖ ਨਿੰਦਰ! ਆਹ ਏਹਦੀ ਬਾਂਹ ਫੜ੍ਹ, ਏਹਨੂੰ ਮੈਂ ਪੁੱਤ ਮੰਨਿਐ.... ਤੂੰ ਏਹਦਾ ਵੱਡਾ ਵੀਰ ਐਂ।"

...... ...... ......

ਹਰਭਜਨ ਮਾਨ ਬਾਰੇ ਮੈਂ ਕਾਫੀ ਕੁਝ ਲਿਖਿਆ ਹੈ, ਕਈ ਲੇਖ ਉਸਦੀਆਂ ਕੈਸਿਟਾਂ ਬਾਰੇ, ਸ਼ਖ਼ਸੀਅਤ ਜਾਂ ਗਾਇਕੀ ਬਾਰੇ ਕਈ ਥਾਂਈ ਛਪੇ ਹਨ, ਕਈ ਸਾਰੇ ਕਾਲਮਾਂ ਵਿਚ ਉਹ ਦਾ ਜ਼ਿਕਰ ਕੀਤਾ ਹੈ। ਕੁਝ ਇਕ ਲੋਕਾਂ ਨੇ ਮੈਨੂੰ 'ਹਰਭਜਨ ਮਾਨ ਦਾ ਚਮਚਾ' ਵੀ ਆਖਿਆ ਹੈ।

ਲੋਕਾਂ ਦਾ ਕੀ ਹੈ ? ਜੱਗ ਨੂੰ ਕੋਈ ਨਹੀਂ ਜਿੱਤ ਸਕਦਾ। ਮੈਂ ਹਰਭਜਨ ਬਾਰੇ ਇਕ ਥਾਂਵੇ ਇਹ ਵੀ ਲਿਖਿਆ ਸੀ ਕਿ ਅੱਜ ਕੱਲ੍ਹ ਦੇ ਨਵੇਂ ਫੁਟਦੇ ਗਾਇਕ ਮੁੰਡੇ ਗੁਰਦਾਸ, ਹੰਸ, ਸਰਦੂਲ ਆਦਿ ਦੀਆਂ ਰੀਸਾਂ ਲਾਹੁੰਦੇ ਤਾਂ ਮੈਂ ਅਨੇਕਾਂ ਦੇਖੇ ਹਨ, ਪਰ ਹਰਭਜਨ ਦੀ ਰੀਸ ਲਾਹੁੰਦਾ ਕੋਈ ਨਹੀਂ ਦੇਖਿਆ, ਕਿਉਂਕਿ ਹਰਭਜਨ ਵਰਗਾ ਹਰਭਜਨ ਹੀ ਗਾ ਸਕਦਾ ਹੈ।

ਇਸ ਗੱਲੋਂ ਵੀ ਕਈ ਬੰਦੇ ਖ਼ਾਸਾ ਔਖੇ-ਭਾਰੇ ਹੋਏ ਸਨ।

ਹਰਭਜਨ ਜਦ ਵੀ ਮੇਰੇ ਘਰ ਆਇਆ ਹੈ ਆਪਣਿਆਂ ਵਾਂਗ, ਓਪਰਾ ਬਣ ਕੇ ਨਹੀਂ। ਬੜੇ ਥਾਂਈ ਉਹਦੇ ਨਾਲ ਗਿਆ - ਆਇਆ ਹਾਂ, ਹਰ ਥਾਂ ਤੋਂ ਹੀ ਉਹਨੂੰ ਸ਼ੋਭਾ, ਸਤਿਕਾਰ ਤੇ ਮੋਹ-ਪਿਆਰ ਮਿਲਦਾ ਦੇਖਿਆ ਹੈ।

ਹਰਭਜਨ ਆਪਣੀਆਂ ਸਾਰੀਆਂ ਮੁਲਾਕਾਤਾਂ ਵਿਚ ਹੀ ਆਮ ਤੌਰ 'ਤੇ ਜ਼ਿਕਰ ਕਰਦਾ ਹੈ ਕਿ, "ਮੈਂ ਮੁੱਖ ਤੌਰ 'ਤੇ ਆਪਣੀ ਗੱਡੀ ਵਿਚ ਸਫ਼ਰ ਕਰਦਿਆਂ ਸ਼ੌਕਤ ਅਲੀ ਸਾਹਿਬ ਜਾਂ ਭਾਈ ਹਰਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੂੰ ਜ਼ਰੂਰ ਸੁਣਦਾ ਹਾਂ।"

ਇਕ ਦਿਨ ਗੱਡੀ 'ਚ ਸਫ਼ਰ ਕਰਦਿਆਂ ਮੈਂ ਆਖਿਆ, "ਬਾਈ, ਮੈਂ ਤਾਂ ਕਦੇ ਨੀਂ ਸੁਣੀ ਅੱਜ ਤੀਕ ਥੋਡੀ ਗੱਡੀ 'ਚ ਵਜਦੀ ਸ਼ੌਕਤ ਅਲੀ ਸਾਹਬ ਦੀ ਟੇਪ।"

ਉਹਨੇ ਤੁਰੰਤ ਕਾਰ ਦਾ ਡੈਸ਼-ਬੋਰਡ ਖੋਹਲਿਆ, "ਆਹ ਲੈ, ਚੁੱਕ, ਕੇਹੜੀ ਚੁਕਦੈਂ। ਸਾਰੀਆਂ ਈ ਕੈਸਟਾਂ ਸ਼ੌਕਤ ਅਲੀ ਸਾਹਬ ਦੀਆਂ ਨੇ.... ਕੋਈ ਹੋਰ ਦੂਜੀ ਕਿਸੇ ਦੀ ਨਹੀਂ।"

ਮੈਂ ਚੁੱਕ ਕੇ ਦੇਖੀਆਂ, ਸਾਰੀਆਂ ਹੀ ਕੈਸਟਾਂ ਸ਼ੌਕਤ ਸਾਹਬ ਦੀਆਂ ਹੀ ਸਨ। ਹਰਭਜਨ ਆਖਣ ਲੱਗਾ, "ਸ਼ੌਕਤ ਅਲੀ ਸਾਹਬ ਨੂੰ ਸੁਣ-ਸੁਣ ਮੈਨੂੰ ਰੱਜ ਨਹੀਂ ਆਉਂਦਾ, ਜੀ ਕਰਦੈ, ਸੁਣੀ ਜਾਵਾਂ, ਸੁਣੀ ਜਾਵਾਂ, ਜਦ ਸ਼ੌਕਤ ਅਲੀ ਸਾਹਬ ਏਧਰ ਆਏ ਸਨ ਤਾਂ ਨਾਲ ਉਹਨਾਂ ਦੇ ਬੱਚੇ ਵੀ ਸਨ, ਉਹ ਆਪਣੇ ਬੱਚਿਆਂ ਨੂੰ ਆਖਣ ਲੱਗੇ, "ਬੱਚੂ ਉਏ, ਵੇਖੋ ਥੁਆਡੇ ਚਾਚੂ ਕੋਲ ਮੇਰੀਆਂ ਕਿੰਨੀਆਂ ਈ ਕੈਸਿਟਾਂ ਪਈਆਂ ਨੇ, ਜਦ ਮੈਂ ਨਾ ਰਹਾਂ, ਮੇਰਾ ਕੋਈ ਗੀਤ ਨਾ ਲੱਭੇ ਤਾਂ ਆਪਣੇ ਚਾਚੂ ਨੂੰ ਫੋਨ ਕਰ ਲੈਣਾ।"



ਇਹ ਦਸਦਿਆਂ ਹਰਭਜਨ ਅੱਖਾਂ ਭਰ ਆਇਆ। ਫਿਰ ਉਸਨੇ ਸ਼ੌਕਤ ਸਾਹਬ ਦੀ ਗਾਈ 'ਹੀਰ' ਲਗਾ ਦਿੱਤੀ। ਸ਼ੌਕਤ ਅਲੀ ਹੀਰ ਗਾ ਰਿਹਾ ਸੀ, ਹਰਭਜਨ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿ ਰਹੇ ਸਨ, ਉਹ ਹੋਰ ਜਜ਼ਬਾਤੀ ਹੋ ਗਿਆ ਤੇ ਬੋਲਿਆ, "ਇਹ ਰੱਬ ਨੇ, ਰੱਬ ਲੋਕ, ਪਰ ਕਦਰ ਕੋਈ ਨਹੀਂ, ਜੇ ਮੇਰਾ ਵੱਸ ਚੱਲੇ ਤਾਂ ਮੈਂ ਇਹਨਾਂ ਲੋਕਾਂ ਨੂੰ ਸੋਨੇ ਵਿਚ ਮੜ੍ਹ ਦਿਆਂ....।"

ਹਰਭਜਨ ਜਿੰਨਾ ਸ਼ੌਕਤ ਅਲੀ ਦੀ ਗਾਇਕੀ ਤੋਂ ਪ੍ਰਭਾਵਤ ਹੈ ਓਨਾ ਕਿਸੇ ਹੋਰ ਤੋਂ ਨਹੀਂ, ਇਹ ਪ੍ਰਭਾਵ ਹਰਭਜਨ ਦੇ ਗਾਏ ਕੁਝ ਗੀਤਾਂ ਵਿਚੋਂ ਪ੍ਰਤੱਖ ਝਲਕਦਾ ਹੈ।

ਬਾਪੂ ਪਾਰਸ ਤੋਂ ਉਸ ਬੜਾ ਕੁਝ ਸਿੱਖਿਆ ਹੈ ਤੇ ਆਪਣੇ ਪੱਲੇ ਨਾਲ ਬੰਨ੍ਹਿਆ ਹੋਇਆ ਹੈ। ਇਕ ਦਿਨ ਕਿਸੇ ਦੇ ਘਰ ਚਾਹ ਪੀ ਕੇ ਖਾਲੀ ਗਿਲਾਸ ਜਦ ਮੇਜ਼ ਉੱਪਰ ਰੱਖਣ ਲੱਗਿਆ ਤਾਂ ਉਸ ਏਨੀ ਸਹਿਜਤਾ ਨਾਲ ਗਿਲਾਸ ਮੇਜ਼ 'ਤੇ ਰੱਖਿਆ ਕਿ ਲਾਗੇ ਬੈਠੇ ਕਿਸੇ ਨੂੰ ਭੋਰਾ ਖੜਾਕ ਵੀ ਨਾ ਸੁਣੇ। ਆਖਣ ਲੱਗਾ, "ਹਾਅ ਗੁਣ ਵੀ ਬਾਪੂ ਪਾਰਸ ਤੋਂ ਲਿਐ.... ਬਈ ਜੇ ਤੁਸੀਂ ਮੇਜ਼ 'ਤੇ ਗਿਲਾਸ ਰੱਖਣੈ, ਤਾਂ ਕਿਵੇਂ ਰੱਖਣੈ। ਐਂ ਰੱਖਣੈ ਕਿ ਕਿਸੇ ਲਾਗੇ ਬੈਠੇ ਨੂੰ ਖੜਕਾ ਨਾ ਸੁਣੇ.... ਕਈ ਬੰਦੇ ਚੱਜ-ਆਚਾਰ ਨ੍ਹੀ ਸਮਝਦੇ, ਐਂ ਰੱਖਣਗੇ ਜਿਵੇਂ ਭੰਨਣਾ ਹੁੰਦੈ... ਠਾਹ...।"

ਸਿਆਣੇ-ਸਿਆਣੇ ਬੁੱਧੀਜੀਵੀ ਲੋਕ ਵੀ ਹਰਭਜਨ ਨੂੰ ਸਲਾਹੁੰਦੇ ਤੇ ਪਿਆਰਦੇ - ਸਤਿਕਾਰਦੇ ਹਨ। ਉੱਘੇ ਲੇਖਕ ਸੰਤੋਖ ਸਿੰਘ ਧੀਰ ਉਹਨੂੰ ਆਪਣੇ ਪੁੱਤਾਂ ਜਿਹਾ ਪਿਆਰ ਦਿੰਦੇ ਹਨ। ਹਰਭਜਨ ਮਾਨ ਪੰਜਾਬ ਦੇ ਸਾਹਿਤਕਾਰਾਂ, ਬੁੱਧੀਜੀਵੀਆਂ, ਕਲਾਕਾਰਾਂ ਦੀ ਦਿਲੋਂ ਇੱਜ਼ਤ ਕਰਦਾ ਹੈ।

ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਵਿਸ਼ਾਲ ਪੁਸਤਕ ਮੇਲੇ ਉੱਤੇ ਚਲੇ ਗਏ, ਆਖਣ ਲੱਗਾ, "ਵਧੀਆ-ਵਧੀਆ ਕਿਤਾਬਾਂ ਛਾਂਟ, ਚੰਗੇ-ਚੰਗੇ ਲਿਖਾਰੀਆਂ ਦੀਆਂ।" ਪੁਸਤਕਾਂ (ਲਗਭਗ ਚਾਰ ਹਜ਼ਾਰ ਰੁਪਏ ਦੀਆਂ) ਖ੍ਰੀਦ ਲਿਆਇਆ, ਮੈਂ ਆਖਿਆ, "ਐਨੀਆਂ ਕਿਵੇਂ ਪੜ੍ਹ ਹੋਣਗੀਆਂ ? "ਆਖਣ ਲੱਗਾ, "ਸਫ਼ਰ 'ਚ ਪੜ੍ਹੂੰਗਾ, ਲੇਖਕਾਂ ਨੂੰ ਪੜ੍ਹਨ ਖਾਤਰ ਮਨ ਬਹੁਤ ਕਰਦੈ, ਕੀ ਕਰਾਂ, ਟਾਈਮ ਨਹੀਂ ਮਿਲਦਾ।"

ਯਾਦ ਸ਼ਕਤੀ ਉਹਦੀ ਬੜੀ ਤਾਕਤਵਰ ਹੈ। ਮੋਹਾਲੀ ਦੇ ਗੁਰਦੁਆਰੇ ਅੰਬ ਸਾਹਿਬ ਵਿਖੇ ਧੀਰ ਜੀ ਦੀ ਪਤਨੀ ਦੇ ਭੋਗ ਮੌਕੇ ਸ਼ਾਇਰ ਕਸ਼ਮੀਰ ਕਾਦਰ ਨਾਲ ਜਦ ਉਹਦੀ ਜਾਣ-ਪਛਾਣ ਕਰਵਾਈ ਤਾਂ ਹਰਭਜਨ ਬੋਲਿਆ, "ਵਾਹ ਜੀ ਵਾਹ, ਕਾਦਰ ਸਾਅ੍ਹਬ ਜੀ, ਤੁਹਾਡਾ ਤਾਂ ਮੈਂ ਪਾਠਕ ਆਂ, ਤੁਸੀਂ ਲਿਖਿਆ ਸੀ :

ਸੁਹਣੀ ਤੁਸਾਂ ਦੀ ਦਲੀਲ, ਕੱਲੇ ਤੇਰੇ ਨਾਲ ਨਾਹੀਂ
ਆਏ ਕਰਦੇ ਆਂ ਅਸੀਂ, ਇੰਝ ਸਾਰਿਆਂ ਦੇ ਨਾਲ

ਕਾਦਰ ਹੈਰਾਨ ਵੀ ਹੋਇਆ ਤੇ ਖੁਸ਼ ਵੀ ਕਿ ਹਰਭਜਨ ਮਾਨ ਵਰਗਾ ਸਟਾਰ ਕਲਾਕਾਰ ਵੀ ਉਸਦੀਆਂ ਗ਼ਜ਼ਲਾਂ ਦੇ ਸ਼ਿਅਰ ਚੇਤੇ ਕਰੀ ਫਿਰਦਾ ਹੈ। ਕਾਦਰ ਨੂੰ ਮਿਲ ਕੇ ਜਦ ਅੱਗੇ ਜਾ ਰਹੇ ਸਾਂ ਹਰਭਜਨ ਮੈਨੂੰ ਮੋਢਿਓਂ ਹਲੂਣਦਾ ਬੋਲਿਆ, "ਕਿਉਂ ਉਏ ਨਿੰਦਰੀ, ਮੰਨਦਾ ਐਂ ਆਵਦੇ ਬਾਈ ਨੂੰ ? ਐਓਂ ਖੁਸ਼ ਕਰੀਦੇ ਐ ਲੋਕ, ਕਾਦਰ ਵੀ ਖੁਸ਼ ਹੋ ਗਿਆ, ਵੇਖ ਲੈ ਤੇਰੇ ਸਾਮ੍ਹਣੇ, ਜੇ ਏਹਦੀ ਗ਼ਜ਼ਲ ਚੇਤੇ ਸੀ ਤਾਂ ਸੁਣਾਤਾ ਸ਼ੇਅਰ।

ਕਿਉਂ ? ਮੰਨਦੈ ਐਂ....।"

ਹਰਭਜਨ ਮਾਨ, ਖਿੜ ਖਿੜ ਹੱਸ ਰਿਹਾ ਸੀ... ਜਿਵੇਂ ਉਹ ਮੱਥੇ ਦਾ ਚਾਨਣਾ ਆਪਣੀ ਚਮਕ ਖਿਲਾਰਦਾ ਆਖ ਰਿਹਾ ਹੋਵੇ, "ਏਥੇ ਤਿਉੜੀਆਂ ਲਈ ਕੋਈ ਥਾਂ ਨਹੀਂ।" ਤੇ ਉਹਦੇ ਹਸਦੇ ਬੁੱਲ੍ਹ ਕਹਿੰਦੇ ਹੋਣ, "ਕੌੜੇ ਸ਼ਬਦ ਏਥੇ ਕਦੀ ਜਰਬ ਨਹੀਂ ਖਾਣਗੇ।"

... ਤੇ ਉਹ ਗੁਰਦੁਆਰੇ ਅੰਦਰ ਮੱਥਾ ਟੇਕਣ ਤੁਰਿਆ ਜਾਂਦਾ ਉਸ ਗਿਆਨੀ-ਧਿਆਨੀ ਵਰਗਾ ਲੱਗ ਰਿਹਾ ਸੀ, ਜੋ ਆਪਣੇ ਸੀਨੇ ਵਿਚ ਸੱਲ ਖਾ ਕੇ ਵੀ ਆਪਣੇ ਦੁਸ਼ਮਣ ਨੂੰ ਆਖ ਦੇਂਦਾ ਹੈ, "ਜਾਹ ਬੱਚਾ, ਤੇਰਾ ਭਲਾ ਹੋਵੇ...!"

ਉਹਦੇ ਚਿੱਟੇ ਦੰਦ ਲਿਸ਼ਕ ਰਹੇ ਸਨ।

✪ ✪

## *ਕਿਸੇ ਪਰੀ ਦੇਸ਼ ਦਾ ਰਾਜਕੁਮਾਰ - ਹਰਭਜਨ ਮਾਨ*

ਉਹ ਹੱਥ ਚੁੱਕੇ
ਤਾਂ ਫੜ ਲਵੇ
ਆਕਾਸ਼ ਨੂੰ ਮੁੱਠੀ 'ਚ
ਉਹ ਝੁਕੇ
ਤਾਂ ਛਾਂ ਬਣ ਜਾਵੇ
ਉਹ ਹੱਸੇ
ਤਾਂ ਲਹਿਰ ਬਣੇ
ਉਹ ਪਿਆਰੇ
ਤਾਂ ਮਾਂ ਬਣ ਜਾਵੇ

ਜਦ ਉਹ ਆਇਆ
ਮਾਸੂਮ ਚਿਹਰਾ
ਅੱਖਾਂ 'ਚ ਨਿਰਮਲਤਾ
ਉਸਦੇ ਇੱਕ ਹੱਥ ਢੱਡ-ਸਾਰੰਗੀ
ਦੂਜੇ ਹੱਥ
ਤੀਬਰ ਜਜ਼ਬਾ ਲਗਨ ਦਾ
ਉਹ ਕਿਸੇ ਪਰੀ ਦੇਸ਼ ਦਾ ਰਾਜਕੁਮਾਰ
ਜਿਸਨੂੰ ਦਿੱਤੀ ਹੈ
ਕਿਸੇ ਸਾਧ ਨੇ ਮੁਰਾਦ
ਸਾਜ਼ ਦੀ
ਆਵਾਜ਼ ਦੀ
ਗੀਤ ਦੀ



ਸੰਗੀਤ ਦੀ

ਜਦ ਉਹ ਗਾਵੇ
ਹਵਾਵਾਂ ਵੀ ਸੁਣਨ ਚੋਰੀ-ਚੋਰੀ
ਉਸਦੀ ਆਵਾਜ਼ ਨੂੰ
ਆਵਾਜ਼ ਵਿਚਲੇ ਲਹਿਰੀਏ ਨੂੰ...

ਆਵਾਜ਼
ਇਉਂ ਟੁਣਕੇ
ਜਿਵੇਂ ਵਜਦੀਆਂ ਹੋਣ
ਕਿਸੇ ਮੰਦਰ 'ਚ ਘੰਟੀਆਂ
ਜਾਂ ਪੱਤਿਆਂ 'ਚੋਂ
ਲੰਘੇ ਕੋਈ ਤੇਜ਼ ਹਵਾ ਦਾ ਬੁੱਲਾ

ਜਦ ਉਹ ਗਾਵੇ
ਛਿੜ ਜਾਵੇ ਜਿਸਮਾਂ 'ਚ
ਅਦੁੱਤੀ ਤਰੰਗ
ਰੋਕ ਦੇਵੇ
ਵਹਿੰਦੇ ਪਾਣੀਆਂ ਨੂੰ
ਜਾਂਦੇ ਰਾਹੀਆਂ ਨੂੰ
ਹਾਲ਼ੀਆਂ-ਪਾਲ਼ੀਆਂ ਨੂੰ

ਜਦ ਉਹ ਗਾਵੇ
ਭੁੱਲ ਜਾਵੇ ਮੱਛੀਆਂ ਨੂੰ ਤਰਨਾ
ਬੱਦਲਾਂ ਨੂੰ ਵਰ੍ਹਨਾ
ਹਿਰਨਾਂ ਨੂੰ ਟੱਪਣਾ

ਉਹ ਯਾਰਾਂ ਦਾ ਯਾਰ
ਗੀਤ ਜਿਹਾ
ਸੰਗੀਤ ਜਿਹਾ
ਮਨਮੀਤ ਜਿਹਾ
ਜਦੋਂ ਵੀ ਮਿਲੋ
ਸੈਂਕੜੇ ਖੇੜੇ ਉਸਦੇ ਚਿਹਰੇ 'ਤੇ
ਉਸਦੀ ਆਵਾਜ਼ 'ਚ
ਲੋਹੜਿਆਂ ਦਾ ਦਰਦ ਹੈ
ਜਦ ਛੋਂਹਦਾ ਹੈ
"ਚਿੱਠੀਏ ਨੀ....."

"ਲੈ ਜਾ ਬਾਪੂ....."
"ਅੱਖੀਆਂ ਦਾ ਸਾਵਣ......" ਵਾਲੇ ਗੀਤ
ਤਾਂ ਕੰਧਾਂ ਵੀ
ਲੱਗ ਜਾਂਦੀਆਂ ਨੇ ਹੁਬਕੀ-ਹੁਬਕੀ ਰੋਣ

ਉਹ ਵਿਦੇਸ਼ਾਂ 'ਚ ਗਿਆ
ਪਰ ਨਹੀਂ ਭੁੱਲਿਆ ਦੇਸ਼ ਨੂੰ
ਕੰਧੋਲੀਆਂ ਓਟਿਆਂ ਨੂੰ
ਕੰਧੋਲੀਆਂ ਤੇ ਬਣਾਏ
ਮੋਰ, ਕਾਂ, ਘੁੱਗੀਆਂ, ਅਤੇ ਗੁਟ੍ਹਾਰਾਂ ਨੂੰ

ਸਿਜਦਾ ਕਰਨਾ ਬਣਦਾ ਹੈ
ਓਸ ਮਾਂ ਨੂੰ
ਜਿਸਨੇ ਅਜਿਹਾ 'ਲਾਲ' ਜਣਿਆ

ਅਦਬ ਨਾਲ
ਨਤਮਸਤਕ ਹੋਣਾ ਬਣਦਾ ਹੈ
ਉਸ ਗੁਰੂ ਅੱਗੇ
ਜਿਸਨੇ 'ਮਾਨ' ਨੂੰ 'ਮਾਣ' ਬਖਸ਼ਿਆ
ਗਾਉਣ ਦਾ

ਉਹ 'ਮਾਨ' ਹੈ
ਪਰ ਉਸ ਨੂੰ ਕੋਈ 'ਮਾਣ' ਨਹੀਂ
ਉਹ ਤਾਂ 'ਮਾਨ' ਹੈ
ਪੰਜਾਬ ਦਾ
ਪੰਜਾਬੀਆਂ ਦਾ
ਭਾਰਤ ਦਾ
ਸਾਰੇ ਸੰਸਾਰ ਦਾ 'ਮਾਣ'!

- **ਤਰਸੇਮ**
ਨੇੜੇ ਗਾਂਧੀ ਆਰੀਆ ਹਾਈ ਸਕੂਲ, ਬਰਨਾਲਾ

# *ਹਾਸ-ਕਲਾ ਦਾ ਬਾਦਸ਼ਾਹ*

ਭਗਵੰਤ ਮਾਨ ਨੂੰ ਲੋਕ ਗਾਹਲ਼ਾਂ ਵੀ ਦੇਂਦੇ ਹਨ, ਪਰ ਇਹਨਾਂ ਗਾਹਲ਼ਾਂ



ਵਿਚੋਂ ਅੰਤਾਂ ਦਾ ਲਾਡ, ਮੋਹ, ਅਪਣੱਤ ਅਤੇ ਹੈਰਾਨੀ ਉਜਾਗਰ ਹੁੰਦੀ ਹੈ। ਜਿਵੇਂ ਕੋਈ ਆਖਦਾ ਹੈ, "ਉਏ ਦੇਖ, ਭਗਵੰਤ ਮਾਨ, ਕੰਜਰ ਦਾ... ਕਿਮੇਂ ਲੀਡਰਾਂ-ਲੂਡਰਾਂ ਤੇ ਪੁਲਸੀਆਂ-ਪਲਸੀਆਂ ਦੀ ਛਿੱਲ ਲਾਹੀ ਤੁਰੀ ਜਾਂਦਾ ਐ... ਭੋਰਾ ਨੀ ਡਰਦਾ ਉਏ ਕੰਜਰ...।"

ਜਾਂ ਇੰਝ, "ਬਈ ਭਗਵੰਤ ਮਾਨ ਸੁਣਾਉਂਦੈ ਸੱਚੀਆਂ ਤੇ ਖਰੀਆਂ-ਖਰੀਆਂ... ਬੜਾ ਪਤੰਦਰ ਐ, ਮੇਰੇ ਸਹੁਰੇ ਦਾ ਢਾਊਂ ਜਿਊਆ... ਜਮਾਂ ਨੀ ਸੰਗਦਾ-ਸੁੰਗਦਾ ਉਏ, ਐਨ ਮੂੰਹ 'ਤੇ ਮਾਰਦੈ ਸੱਚੀ।"

ਸਕੂਲਾਂ ਦੇ ਜੁਆਕ ਉਹਨੂੰ ਦੇਖਕੇ ਇਕ ਦੂਜੇ ਨੂੰ ਕਰਦੇ ਨੇ, "ਦੇਖ ਉਏ ਸਾਲ਼ਿਆ, ਭਗਵੰਤ ਮਾਨ ਕੰਜਰ ਦਾ ਕਿੱਧਰ ਫਿਰਦੈ।"

ਦੂਜਾ : "ਉਏ ਨਹੀਂ ਸਾਲ਼ਿਆ ਭਗਵੰਤ ਮਾਨ ਕਦੋਂ ਆਂ ਏਹੇ... ?"

"ਉਏ ਉਹੋ ਈ ਐ ਸਾਲ਼ਾ... ਦੇਖ ਤਾਂ ਲੈ... ਉਏ ਕੰਜਰ... ਉਏ ਦੇਖ, ਭਗਵੰਤ ਮਾਨ...।"

ਸੱਥਾਂ 'ਚ ਭਗਵੰਤ ਮਾਨ ਦੀ ਕਾਮੇਡੀ ਦੀਆਂ ਇਉਂ ਗੱਲਾਂ ਹੁੰਦੀਆਂ ਨੇ, ਜਿਵੇਂ ਕਿਸੇ ਵੇਲੇ ਜਲੰਧਰ ਰੇਡੀਓ ਤੋਂ ਦਿਹਾਤੀ ਪ੍ਰੋਗਰਾਮ ਦੇ ਠੰਢੂ ਰਾਮ ਠੂਣੀਆਂ ਰਾਮ ਤੇ ਰੌਣਕੀ ਰਾਮ ਦੀਆਂ ਹੋਇਆ ਕਰਦੀਆਂ ਸਨ। ਬੱਸਾਂ-ਗੱਡੀਆਂ ਤੇ ਹੱਟੀਆਂ-ਚੌਰਾਹਿਆਂ ਉੱਤੇ ਭਗਵੰਤ ਮਾਨ ਦੀਆਂ ਗੱਲਾਂ ਛਿੜਦੀਆਂ ਹਨ। ਲੋਕ ਗੱਲੀਂ-ਗੱਲੀਂ ਉਹਦੀ ਕਾਮੇਡੀ ਦੀਆਂ ਉਦਾਹਰਨਾਂ ਦੇਣ ਲੱਗ ਪਏ ਹਨ, "ਬਈ ਭਗਵੰਤ ਮਾਨ ਈ ਸੱਚੀਆਂ ਸੁਣਾਉਂਦਾ ਏ।" ਜਾਂ "ਬਈ ਭਗਵੰਤ ਮਾਨ ਨੇ ਤਾਹੀਂ ਠੀਕ ਆਖਿਆ ਏ, ਬਈ ਏਹੇ ਲੁੱਕ ਦੀ ਥਾਂ 'ਤੇ ਥੁੱਕ ਲਾਉਂਦੇ ਐ... ਕਿੰਨਾ ਮਾੜਾ ਹਾਲ ਐ ਸੜਕਾਂ ਦਾ...।" ਭਗਵੰਤ ਨੇ ਆਹ ਆਖਿਐ, ਇਉਂ ਆਖਿਆ ਐ... ਉਹਦੀ ਗੱਲ ਐਂ ਆਂ।" ਵਗੈਰਾ-ਵਗੈਰਾ।

ਇਕ ਹੰਢੇ ਹੋਏ ਕਾਮਰੇਡ ਨੇ ਭਗਵੰਤ ਮਾਨ ਨੂੰ ਆਖਿਆ, "ਬਈ ਮੁੰਡਿਆ ਤੂੰ ਤਾਂ ਸਿਰਾ ਈ ਲਾ ਦਿੰਨੈ... ਜਿਹੜੇ ਯਤਨ ਅਸੀਂ ਕਰਦੇ ਫਿਰਦੇ ਆਂ ਤੇ ਕਾਮਯਾਬ ਘੱਟ ਹੁੰਨੇ ਆਂ, ਉਹ ਯਤਨ ਤੂੰ ਤੇਜ਼ੀ ਨਾਲ ਕਰ ਰਿਹੈਂ ਤੇ ਕਾਮਯਾਬ ਵੀ ਪੂਰਾ ਐਂ, ਤੇਰੀਆਂ ਸਾਰੀਆਂ ਗੱਲਾਂ 'ਚ ਵਜ਼ਨ ਹੁੰਦਾ ਐ, ਇਨਕਲਾਬੀ ਸੋਚ ਐ ਤੇਰੀ।"

ਭਗਵੰਤ ਮਾਨ ਬੜਾ ਤਿੱਖਾ ਕਲਾਕਾਰ ਹੈ ਤੇ ਜਿਹੜੇ ਕੰਮ ਉਹ ਆਪਣੀ ਕਾਮੇਡੀ ਕਲਾ ਰਾਹੀਂ ਕਰੀ ਤੁਰਿਆ ਜਾ ਰਿਹੈ, ਇਹ ਕੰਮ ਭੋਲ਼ੇ-ਭਾਲ਼ੇ ਬੰਦੇ ਦੇ ਵੱਸ ਦਾ ਨਹੀਂ! ... ਤੇ ਭਗਵੰਤ ਵੀ ਭੋਲ਼ਾ-ਭਾਲ਼ਾ ਨਹੀਂ। ਐਨ "ਸ਼ੈਤਾਨ ਦੀ ਟੂਟੀ" ਹੈ। ਖੁੱਲ੍ਹੇ ਮੂੰਹ ਵਾਲੀ, ਸ਼ੈਤਾਨ ਦੀ ਟੂਟੀ!

ਉਹਦਾ ਨਾਂ ਸੁਣਦਿਆਂ ਹੀ ਲੋਕ ਹੱਸਣ ਲੱਗਦੇ ਨੇ। ਤੇ ਜਦੋਂ ਉਹ ਮੰਚ ਉੱਪਰ ਹੁੰਦਾ ਹੈ, ਤਾਂ ਮੁਰਝਾਏ ਚਿਹਰੇ ਖਿੜ ਜਾਂਦੇ ਹਨ। ਕਈ ਲੋਕ ਉਸ ਨੇ ਹਸਾ-ਹਸਾ ਕੇ ਕੁਰਸੀਆਂ ਉੱਤੋਂ ਵੀ ਡੇਗੇ ਹਨ। ਲੋਕਾਂ ਦੇ ਢਿੱਡੀਂ ਪੀੜਾਂ ਪੈ ਜਾਂਦੀਆਂ ਹਨ। ਜਿੰਨੀ ਸਫ਼ਲਤਾਈ ਤੇ ਪੁਖ਼ਤਗੀ ਨਾਲ ਗੱਲ ਉਹਨੂੰ ਬਣਾਉਣੀ, ਤੇ ਫੇਰ ਸਰੋਤਿਆਂ ਅੱਗੇ ਪਰੋਸਣੀ ਆਉਂਦੀ ਹੈ, ਇਉਂ ਕਰ ਸਕਣਾ ਹਰੇਕ ਕਲਾਕਾਰ ਦਾ ਕੰਮ ਨਹੀਂ। ਉਹਦੇ ਛੁਹਲੇਪਣ ਵਿਚੋਂ ਵੀ ਸਹਿਜਤਾ ਝਲਕਦੀ ਹੈ।

ਕਨੇਡਾ ਵਿਖੇ ਉਹਦਾ ਪ੍ਰੋਗਰਾਮ ਹੋ ਰਿਹਾ ਸੀ। ਇਕ ਸਰੋਤਾ (ਜਿਹਨੂੰ ਸਾਹ ਦੀ ਬਿਮਾਰੀ ਸੀ) ਏਨਾ ਹੱਸਿਆ, ਏਨਾ ਹੱਸਿਆ ਕਿ ਉਹਦੇ ਹੋਸ਼-ਹਵਾਸ਼ ਈ ਗੁੰਮ ਗਏ, ਬੇਹੋਸ਼ ਹੋ ਕੇ ਡਿੱਗ ਪਿਆ। ਛੇਤੀ-ਛੇਤੀ ਉਹਨੂੰ ਹਸਪਤਾਲ ਪਹੁੰਚਾਇਆ ਗਿਆ। ਦੂਏ ਦਿਨ ਉਹ ਭਗਵੰਤ ਨੂੰ ਮਿਲਿਆ ਤਾਂ ਬੋਲਿਆ, "ਓ ਬਈ ਪਤੰਦਰ ਦਿਆ... ਤੂੰ ਬਾਹਲ਼ਾ ਹਸਾਉਨੈਂ... ਮੈਨੂੰ ਹਾਸੀ ਐਨੀ ਆ ਗਈ ਕਿ ਪਤਾ ਈ ਨੀ ਲੱਗਿਆ ਸਾਹ-ਸੂਹ ਜਿਆ੍ ਕਿੱਧਰ ਗਿਆ... ਮੈਂ ਸਾਹ ਲੈਣਾ ਈ ਭੁੱਲ ਗਿਆ... ਪੰਜਾਂ ਘੰਟਿਆਂ ਮਗਰੋਂ ਸੁਰਤ ਆਈ ਮੈਨੂੰ...।"

ਫਿਰ ਰੇਡੀਓ ਤੋਂ ਸੂਚਨਾ ਦਿੱਤੀ ਗਈ ਕਿ, "ਭਗਵੰਤ ਮਾਨ ਦੇ ਸ਼ੋ ਹੋ ਰਹੇ ਹਨ... ਕਿਰਪਾ ਕਰਕੇ ਉਥੇ ਸਾਹ ਦੇ ਮਰੀਜ਼ ਨਾ ਜਾਣ।"

ਪੰਜਾਬੀ ਸਮਾਜ ਦਾ ਉਹ ਕਿਹੜਾ ਵਰਗ ਜਾਂ ਪੱਖ ਹੈ, ਜਿਸ ਉੱਤੇ ਭਗਵੰਤ ਨੇ 'ਤਵਾ' ਨਹੀਂ ਲਗਾਇਆ ? ਉਹਨੇ ਤਾਂ ਵੱਡਿਆਂ-ਵੱਡਿਆਂ ਦੀ ਤੌਬਾ-ਤੌਬਾ ਕਰਵਾ ਦਿੱਤੀ ਹੈ ਅਤੇ ਉਸਦੀ ਕਹੀ ਹੋਈ ਹਰੇਕ ਨਿੱਕੀ-ਵੱਡੀ ਗੱਲ ਦਾ ਨੋਟਿਸ ਵੀ ਲਿਆ ਗਿਐ। ਅੱਜ ਵੀ ਉਹਨੂੰ ਗਾਹੇ-ਬਗਾਹੇ ਹੋਮ-ਗਾਡੀਏ ਰੋਕ ਕੇ ਆਖਦੇ ਨੇ, "ਬਾਈ ਜੀ, ਸਾਡਾ ਵੀ ਤਵਾ ਲਾ ਦਿਓ, ਕਿਤੇ ਸਾਡੀ ਵੀ ਤਨਖਾਹ-ਤਨਖੂਹ ਵਧ ਜੇ।" ਜਾਂ ਕਿਸੇ ਪਿੰਡ ਵਿਚੋਂ ਦੀ ਲੰਘਦਿਆਂ ਲੋਕ ਆਖਦੇ ਨੇ, "ਯਾਰ ਭਗਵੰਤ, ਸਾਡੇ ਬਾਰੇ ਵੀ ਕੁਛ ਬੋਲ ਦੇ ਆਵਦੀ ਕੈਸਟ 'ਚ...... ਸਾਡੇ ਪਿੰਡ ਦੀਆਂ ਫਿਰਨੀਆਂ ਤੇ ਗਲੀਆਂ ਨਾਲੀਆਂ ਵੀ ਪੱਕੀਆਂ ਹੋ ਜਾਣ...... ।" ਇਉਂ ਲੋਕ ਉਸਨੂੰ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਾਲਾ ਪ੍ਰਤੀਨਿਧ ਵੀ ਸਮਝਦੇ ਹਨ।

ਪੁਲਸੀਆਂ, ਪਟਵਾਰੀਆਂ, ਆੜ੍ਹਤੀਆਂ, ਦਰਜੀਆਂ, ਕੰਡੈਕਟਰਾਂ, ਡਰਾਇਵਰਾਂ, ਮਾਸਟਰਾਂ, ਮਾਸਟਰਨੀਆਂ, ਪਾਖੰਡੀ ਸਾਧਾਂ-ਸੰਤਾਂ, ਆਸ਼ਕਾਂ-ਮਸ਼ੂਕਾਂ, ਅਜੋਕੇ ਗਵੱਈਆਂ-ਗੀਤਕਾਰਾਂ, ਭ੍ਰਿਸ਼ਟ ਲੀਡਰਾਂ ਅਤੇ ਅਫਸਰਾਂ ਅਤੇ, ਬਿਜਲੀ ਬੋਰਡ ਤੇ ਸੀ. ਬੀ. ਆਈ. ਵਰਗੇ ਹੋਰ ਉੱਘੇ ਮਹਿਕਮਿਆਂ 'ਤੇ 'ਤਵੇ' ਲਾਉਂਦਿਆਂ ਉਹਨੇ ਸੱਭੇ ਸਮਾਜਿਕ ਬੁਰਾਈਆਂ ਨੂੰ ਆਪਣੀ ਕਾਮੇਡੀ ਵਿਚਲੇ ਤਿਖੇ-ਤਿਖੇ ਵਿਅੰਗਾਂ ਨਾਲ ਖੂਬ ਭੰਡਿਆ-ਛੰਡਿਆ ਹੈ। ਆਪਣੇ ਮਾਂ-ਪਿਓ ਉੱਤੇ ਵੀ ਉਸ ਨੇ ਵਿਅੰਗ ਕੀਤਾ ਅਤੇ ਆਪਣੇ ਆਪ ਉੱਤੇ ਵੀ, ਜਦੋਂ ਉਹ ਆਖਦਾ ਹੈ, "ਜਦੋਂ ਮੈਂ ਜੰਮਿਆਂ ਸਾਂ ਤਾਂ ਮੇਰੀ ਕਮਜ਼ੋਰੀ ਜਿਹੀ ਤੇ ਮਾੜੀ ਸੇਹਤ ਦੇਖ ਕੇ ਲੋਕੀ ਆਖਣ ਲੱਗੇ, ਬਈ ਏਹਨੇ ਤਾਂ ਆਬਦੇ ਨਾਨਕਿਆਂ ਦੀ ਪੰਜੀਰੀ ਦਾ ਮੁੱਲ ਵੀ ਨਹੀਂ ਮੋੜਿਆ......।"

ਬੜੇ ਲੋਕ ਉਸ ਤੋਂ ਔਖੇ ਹੋਏ ਅਤੇ ਹੁਣ ਵੀ ਔਖੇ ਹਨ ਪਰ ਜਿੰਨੀ ਉਸ ਨੂੰ ਵਡਿਆਈ, ਮੋਹ ਤੇ ਪ੍ਰਸਿਧੀ ਮਿਲੀ, ਉਸ ਤੋਂ ਅਤੇ ਉਸਦੀ ਬੇਹਤਰੀਨ ਕਲਾਕਾਰੀ ਤੋਂ ਪੰਜਾਬੀ ਪਿਆਰੇ ਬੇਹੱਦ ਪ੍ਰਸੰਨ ਹੋਏ ਹਨ।

ਅੱਜ ਉਹ ਕੇਵਲ ਪੰਜਾਬ ਵਿੱਚ ਹੀ ਨਹੀਂ, ਸਗੋਂ ਦੇਸ਼ਾਂ-ਵਿਦੇਸ਼ਾਂ ਵਿੱਚ ਖੂਬ ਚਰਚਿਤ ਅਤੇ ਹਰਮਨ ਪਿਆਰਾ ਹੈ, ਉਸ ਨੇ ਪੰਜਾਬ ਦੇ ਲੋਕਾਂ ਨੂੰ ਖੂਬ ਹਸਾਇਆ ਹੈ। ਪੰਜਾਬ ਵਿੱਚ ਖੁੰਭਾਂ ਵਾਂਗ ਪੈਦਾ ਹੋਏ ਅਜੋਕੇ ਬਹੁਤੇ ਗਵੱਈਆਂ ਨੇ ਤਾਂ ਉਦਾਸ ਅਤੇ ਰੋਣੇ-ਧੋਣੇ ਵਾਲੇ ਕੱਚ ਘਰੜ ਗੀਤ ਗਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ੇ ਕਰਨ ਅਤੇ ਘਟੀਆ ਗੀਤ ਸੁਣਨ ਵਾਲੇ ਪਾਸੇ ਤਾਂ ਲਾਇਆ ਹੀ, ਸਗੋਂ ਪੰਜਾਬ ਦੀਆਂ



ਜਵਾਨੀਆਂ ਗਾਲ਼ੀਆਂ ਅਤੇ ਲੋਕਾਂ ਪੱਲੇ ਨਿਰਾਸ਼ਤਾ ਪਾਈ, ਪਰ ਭਗਵੰਤ ਮਾਨ ਨੇ ਲੋਕਾਂ ਨੂੰ ਹਸਾਉਣ ਵਿੱਚ ਤਨੋ-ਮਨੋ ਜ਼ੋਰ ਲਗਾਇਆ ਹੋਇਆ ਹੈ। ਜਦੋਂ ਭਗਵੰਤ ਮਾਨ ਦੀ ਹਾਸ-ਕਲਾ ਦਾ ਆਰੰਭ ਹੁੰਦਾ ਹੈ ਤਾਂ ਐਨ ਉਦੋਂ ਕੁ ਹੀ ਪੰਜਾਬ ਵਿਚੋਂ ਕਾਲ਼ੇ ਦਿਨਾਂ ਦਾ ਖਾਤਮਾ ਹੁੰਦਾ ਹੈ। ਸੋ ਇਹ ਆਖਣਾ ਵੀ ਕਠਿਨ ਨਹੀਂ ਹੈ ਕਿ ਉਸ ਵੇਲੇ ਪੰਜਾਬ ਦੇ ਲੋਕ ਹਾਸੇ ਲਈ ਜਿਵੇਂ ਤਰਸੇ ਹੀ ਪਏ ਸਨ, ਤੇ ਉਹਨਾਂ ਨੂੰ ਕੋਈ ਹਸਾਉਣ ਵਾਲਾ ਚਾਹੀਦਾ ਸੀ। ਜਿਵੇਂ ਭਗਵੰਤ ਨੇ ਲੋਕਾਂ ਨੂੰ ਆਖਿਆ ਹੋਵੇ, "ਲੋਕੋ, ਆਓ, ਆਪਾਂ ਹੱਸੀਏ, ਖੂਬ ਹੱਸੀਏ, ਖੁੱਲ੍ਹ ਕੇ ਹੱਸੀਏ। ਨੱਚੀਏ, ਗਾਈਏ, ਮੌਜ ਮਨਾਈਏ ਲੋਕੋ! ਹੁਣ ਰੋਣਾ ਭੁੱਲ ਜਾਓ। ਰੋਣ ਦਾ ਵੇਲਾ ਮੁੱਕ ਗਿਆ ਹੈ। ਹੁਣ ਹੱਸਣ ਦਾ ਵੇਲਾ ਹੈ। ਆਓ ਲੋਕੋ, ਮੈਂ ਥੋਨੂੰ ਹਸਾਵਾਂ...।"

ਨਿਰਸੰਦੇਹ, ਭਗਵੰਤ ਮਾਨ ਨੇ ਪੰਜਾਬੀ ਹਾਸ-ਕਲਾ ਨੂੰ ਨਵੀਆਂ ਛੋਹਾਂ ਹੀ ਨਹੀਂ ਦਿੱਤੀਆਂ, ਸਗੋਂ ਉਹ ਪੰਜਾਬੀ ਹਾਸ ਕਲਾ ਨੂੰ ਸਾਧਾਰਨ ਪੱਧਰ ਦੇ ਅਖਾੜਿਆਂ ਵਿਚੋਂ ਚੁੱਕ ਕੇ ਅੰਤਰ-ਰਾਸ਼ਟਰੀ ਮੰਚ ਉੱਪਰ ਲੈ ਗਿਆ। ਕੋਈ ਸਮਾਂ ਜੀ, ਹਾਸ-ਕਲਾ ਸਿਰਫ਼ ਢਾਣੀਆਂ ਵਿਚ ਹੀ ਬੱਝੀ ਹੋਈ ਸੀ, ਮਰਾਸੀ ਲੋਕ ਇਹ ਕਿੱਤਾ ਕਰਦੇ ਸਨ ਜਾਂ ਫਿਰ ਰੇਡੀਓ ਤੋਂ ਵੰਨ-ਸੁਵੰਨੇ ਕਲਾਕਾਰ ਮਜ਼ਾਹੀਆ ਪ੍ਰੋਗਰਾਮ ਪੇਸ਼ ਕਰਿਆ ਕਰਦੇ ਸਨ, ਜਿਸ ਨਾਲ ਸਰੋਤਿਆਂ ਦਾ ਕੁਝ ਹੱਦ ਤੀਕ ਹੀ ਮਨੋਰੰਜਨ ਹੁੰਦਾ ਸੀ। ਜਾਂ ਫਿਰ ਗਵੱਈਆਂ ਨਾਲ ਜਾਂਦੇ ਸਟੇਜ ਸੈਕਟਰੀ ਇਧਰੋਂ-ਉਧਰੋਂ ਸੁਣੇ ਸੁਣਾਏ ਟੋਟਕੇ-ਟੂਟਕੇ ਜਾਂ ਚੁਟਕਲੇ ਜਿਹੇ ਸੁਣਾ ਕੇ ਲੋਕਾਂ ਨੂੰ ਹਸਾਉਣ ਦਾ ਯਤਨ ਕਰਦੇ ਸਨ। ਹਾਸ-ਵਿਅੰਗ ਲੇਖਕ ਆਪਣੀਆਂ ਲਿਖਤਾਂ ਵਿਚ ਹੀ ਮਸਰੂਫ਼ ਸਨ ਤੇ ਸਟੇਜੀ ਕਵੀ, ਕਵੀ ਦਰਬਾਰਾਂ ਵਿਚ ਹਾਸ-ਰਸ ਕਵਿਤਾਵਾਂ ਪੜ੍ਹਕੇ ਲੋਕਾਂ ਦਾ ਹਲਕਾ-ਫੁਲਕਾ ਜਿਹਾ ਮਨੋਰੰਜਨ ਕਰਿਆ ਕਰਦੇ ਸਨ। ਭਗਵੰਤ ਮਾਨ ਦੀ ਹਾਸ-ਕਲਾ ਵਿਚ ਸਿਰਫ 'ਹਾਸਾ' ਹੀ ਨਹੀਂ, ਸਮੇਂ ਦਾ ਯਥਾਰਥ ਹੈ, ਤਿੱਖਾ ਕਟਾਖਸ਼ ਹੈ, ਪਰਪੱਕਤਾ ਹੈ, ਇਮਾਨਦਾਰੀ ਹੈ, ਗਹਿਰੀ ਚੋਟ ਹੈ, ਜੁਅੱਰਤ ਹੈ, ਹਲੀਮੀ ਹੈ, ਕਾਹਲ਼ ਹੈ, ਲਾਹਨਤ ਹੈ, ਵਾਸਤਾ ਹੈ, ਸਿੱਖਿਆ ਹੈ, ਸੁੱਚਤਾ ਹੈ, ਸੰਗੀਤ ਹੈ ਅਤੇ ਮੋਹ ਹੈ ਫ਼ਜ਼ੂਲ ਦਾ ਹਾਸਾ ਨਹੀਂ, ਗੱਲ ਅਨੁਸਾਰ ਢੁਕਦਾ ਹਾਸਾ ਹੈ। ਉਸਦੀਆਂ ਕਲਾ-ਜੁਗਤਾਂ ਨਿਵੇਕਲੀਆਂ ਹਨ ਤੇ ਬਹੁ-ਪੱਖੀ ਵੀ, ਜਿੰਨ੍ਹਾਂ ਵਿਚੋਂ ਮਲਵੱਈ ਸਭਿਆਚਾਰ ਦਾ ਮੁਹਾਂਦਰਾ ਸਾਫ-ਸਪੱਸ਼ਟ ਦਿਸਦਾ ਹੈ। ਪੇਂਡੂ ਲੋਕਾਂ ਦੇ ਸਾਹ ਧੜਕਦੇ ਹਨ। ਉਹਨਾਂ ਦੇ ਦਿਲਾਂ ਦੀ ਗੱਲ ਹੁੰਦੀ ਹੈ ਅਤੇ ਹੁੰਦੀ ਵੀ ਉਹਨਾਂ ਦੇ ਰਾਹੀਂ ਹੀ ਹੈ। ਭਗਵੰਤ ਦੀਆਂ ਸਮੁੱਚੀਆਂ ਹਾਸ ਕਲਾ-ਕਿਰਤਾਂ ਵਿਚੋਂ ਪਿੰਡ ਬੋਲਦੇ ਹਨ। ਠੇਠ-ਮਲਵੱਈ ਬੋਲੀ ਭਗਵੰਤ ਨੂੰ ਉੱਘਾ ਕਰਨ ਅਤੇ ਉਹਦੀ ਕਲਾ-ਪੇਸ਼ਕਾਰੀ ਵਿਚ ਪੂਰਨ ਸਹਾਈ ਹੋਈ ਹੈ। ਇਹ ਗੱਲ ਭਗਵੰਤ ਮਾਨ ਖੁਦ ਵੀ ਆਖਦਾ ਹੈ, "ਜੋ ਮਿਠਾਸ, ਉੱਚੇ ਗੁਣ, ਸਹਿਜ-ਭਾਵ, ਸਿੱਧ-ਪੱਧਰ, ਪਿਆਰ-ਬੋਧ, ਵਿਲੱਖਣਤਾਈ ਅਤੇ ਵੰਨ-ਸੁਵੰਨਤਾ ਪੰਜਾਬੀ ਦੀ ਮਲਵੱਈ ਬੋਲੀ ਵਿਚੋਂ ਲਭਦੀ ਐ... ਉਹ ਕਿਸੇ ਹੋਰ ਬੋਲੀ ਵਿਚੋਂ ਨਹੀਂ ਲਭਦੀ...।"

...... ...... ......

ਭਗਵੰਤ ਦਾ ਸ਼ਰਾਰਤੀ ਅਤੇ ਟਿੱਚਰੀ ਅਤੇ ਹਾਜ਼ਰ-ਜੁਆਬ ਸੁਭਾਅ ਬਚਪਨ

ਤੋਂ ਹੀ ਹੈ। ਪਹਿਲੀ-ਦੂਜੀ 'ਚ ਪੜ੍ਹਦੇ ਦੀਆਂ ਗੱਲਾਂ ਹਨ, ਜਮਾਤ 'ਚ ਟਿਕਾਅ ਨਾਲ ਉਹ ਕਦੀ ਬੈਠਿਆ ਨਹੀਂ ਸੀ। ਕਦੀ ਮਾਸਟਰਾਂ-ਭੈਣਜੀਆਂ ਦੀਆਂ ਰੀਸਾਂ ਲਾਹੁੰਦਾ, ਕਦੀ ਜਮਾਤੀਆਂ-ਜਮਾਤਣਾਂ ਦੇ ਮੁੱਕੇ ਮਾਰਦਾ, ਉਹਨਾਂ ਦੀਆਂ ਕਿਤਾਬਾਂ-ਕਾਪੀਆਂ ਖੋਂਹਦਾ, ਦੰਦੀਆਂ ਚਿੜਾਉਂਦਾ, ਉਹ ਹਮੇਸ਼ਾ ਮਾਸਟਰਾਂ ਭੈਣਜੀਆਂ ਤੋਂ ਆਪਣੇ ਹੱਡ ਤੁੜਵਾਉਂਦਾ ਰਹਿੰਦਾ। ਪਰ 'ਬਾਰਾਂ ਸਾਲ ਵੰਝਲੀ 'ਚ ਪਾਈ... ਫਿਰ ਵੀ ਵਿੰਗੀ ਦੀ ਵਿੰਗੀ।' ਵਾਲੀ ਕਹਾਵਤ ਉਹਨੇ ਝੂਠੀ ਨਾ ਹੋਣ ਦਿੱਤੀ, ਹਟਦਾ ਉਹ ਫੇਰ ਨਾ। ਨਕਲਾਂ ਲਾਹੁੰਣ, ਸ਼ਰਾਰਤਾਂ ਕਰਨ ਤੇ ਹੱਡ ਤੁੜਵਾਉਣ ਦਾ ਉਹਨੂੰ ਜਿਵੇਂ ਚਸਕਾ ਹੀ ਪੈ ਚੁੱਕਿਆ ਸੀ। ਕਦੀ ਉਹ ਸਬਜ਼ੀ ਵੇਚਣ ਵਾਲਿਆਂ ਦੀਆਂ ਆਵਾਜ਼ਾਂ ਕਢਦਾ ਜਾਂ ਖਾਲੀ ਬੋਤਲਾਂ ਤੇ ਟੁੱਟੀਆਂ-ਭੱਜੀਆਂ ਚੱਪਲਾਂ ਖ਼ੀਦਣ ਵਾਲੇ ਸਾਈਕਲੀ-ਕਬਾੜੀਏ ਦੀਆਂ। ਕੋਈ ਨਾ ਕੋਈ ਪੰਗਾ ਖੜ੍ਹਾ ਕਰਨ ਦੀ ਲੂਹਣੀ ਉਹਦੇ ਮਨ ਵਿਚੋਂ ਹਰ ਵੇਲੇ ਉੱਠਦੀ ਹੀ ਰਹਿੰਦੀ ਸੀ। ਆਪਣੀ ਫੱਟੀ ਉਹ ਘੱਟ ਹੀ ਪੋਚਦਾ ਤੇ ਲਿਖਦਾ ਸੀ, ਆਪਣੇ ਹਾਣੀਆਂ ਦੀਆਂ ਢੂੰਈਆਂ ਭੰਨਣ ਦਾ ਬਹੁਤਾ ਕੰਮ ਉਹ ਫੱਟੀ ਤੋਂ ਹੀ ਲੈਂਦਾ ਸੀ। ਜੇਕਰ ਮੱਛਰੀ ਹੋਈ ਮੁੰਡੀਹਰ (ਜੁਆਕ) ਖਲਬਲੀ ਮਚਾ ਰਹੇ ਹਨ, ਚੀਕਾਂ-ਕੂਕਾਂ ਮਾਰ ਰਹੇ ਹਨ, ਤਾਂ ਭਗਵੰਤ ਸਭਨਾਂ ਦਾ ਮੋਢੀ ਹੈ, ਮੂਹਰੇ ਹੈ। ਬਾਜ਼ੀਗਰਾਂ ਵਾਂਗ ਟਪੂਸੀਆਂ ਮਾਰਨੀਆਂ ਉਹ ਸਾਥੀਆਂ ਨੂੰ ਸਿਖਾਉਂਦਾ ਹੁੰਦਾ, "ਐਂ ਨਹੀਂ ਉਏ, ਐਂ ਕਰੋ ਸਾਲ਼ਿਓ... ਮੇਰੇ ਆਂਗੂੰ...।"

ਆਂਢਣਾਂ-ਗੁਆਂਢਣਾਂ ਉਹਦੀ ਮਾਂ ਨੂੰ ਆਂਹਦੀਆਂ ਹੁੰਦੀਆਂ, "ਨੀ ਹਰਪਾਲ ਕੁਰੇ, ਥੋਡਾ ਭੰਤਾ ਤਾਂ ਬਾਹਲ਼ਾ ਈ ਤਿਖੈ ਨੀਂ... ਪਲੋ-ਪਲੀ ਰੀਸਾਂ ਲਾਹੁੰਦੈ... ਕਮਾਲਾਂ ਈ ਕਰ ਦਿੰਦਾ ਐ... ਪਤਾ ਨ੍ਹੀ ਕੁੜੇ ਏਹਨੂੰ ਮਰਾਸੀਆਂ ਦਾ ਪਾਹ ਕਿੱਥੋਂ ਲੱਗ ਗਿਆ... ਜੀਹਦੀ ਮਰਜ਼ੀ ਨਕਲ ਲੁਹਾ ਲੋ ਏਹਤੋਂ, ਹਰੇਕ ਦੀ ਈ ਲਾਹਦੂ ਜਮਾਂ ਓਵੇਂ ਈ...।"

ਕੋਈ ਉਹਦੇ ਪਿਓ ਨੂੰ ਆਖਦਾ, "ਮਾਸਟਰਾ, ਬਈ ਤੇਰਾ ਛੋਹਰਾ ਤਾਂ ਪੂਰਾ ਈ ਨਕਲੀਐ... ਐਡਾ ਚੰਟ ? ... ਪਤਾ ਨ੍ਹੀ ਕੀ ਖੁਆਉਨਾ ਐਂ ਤੂੰ ਛੋਹਰ ਨੂੰ, ਬਈ ਗੱਲ ਈ ਨੀ ਕਰਨ ਦਿੰਦਾ ਕਿਸੇ ਨੂੰ। ਏਹਨੂੰ ਤਾਂ ਕਿਸੇ ਡਰਾਮੇ-ਡਰੂਮੇ ਦੀ ਮੰਡਲੀ ਨਾਲ ਭਰਤੀ ਕਰਾ ਦੇ... ਕਮਾਲਾਂ ਕਰ ਦੂ।"

ਸਕੂਲੇ ਕਦੀ-ਕਦਾਈਂ ਬਾਲ ਸਭਾ ਜੁੜਦੀ। ਮਾਸਟਰ-ਭੈਣਜੀਆਂ ਭਗਵੰਤ ਨੂੰ ਆਖਦੇ, "ਚੱਲ ਹੁਣ, ਸੁਣਾ ਕੁਝ, ਆਵਦੀ ਮਰਜ਼ੀ ਨਾਲ ਤਾਂ ਅਵ੍ਹਾ-ਤਵ੍ਹਾ ਜਿਆ੍ ਬੋਲੀ ਜਾਨਾ ਹੁੰਨੈ... ਸੁਣਾ ਹੁਣ ਕੋਈ ਚੁਟਕਲਾ ਜਾਂ ਗਾਣਾ।" ਭਗਵੰਤ ਉਤਲੇ ਮਨੋਂ ਨਾਂਹ-ਨਾਂਹ ਜਿਹੀ ਕਰਦਾ ਤਾਂ ਇਕ ਭੈਣਜੀ ਘੂਰਦੀ, "ਹੂੰ... ਵੇਖ੍ਹਾਂ ਕਿਮੇਂ ਕਰਦੈ ਖੇਖਣ ਜੇ੍... ਸੁਣਾ ਹੁਣ... ਹੁਣ ਕਾਹਨੂੰ ਸੁਣਾਉਨੈ... ਪਰਤਿਆਈ ਘੁਮਿਆਰੀ ਕਾਹਨੂੰ ਖੋਤੀ ਉੱਤੇ ਚੜ੍ਹਦੀ ਐ... ਸੁਣਾ-ਸੁਣਾ... ਨਈਂ ਤਾਂ ਕੰਨ ਗੁਲਗਲਿਆਂ ਅਰਗੇ ਕਰਦੂੰ...।"

ਤੇ ਇਹ ਬਾਲ ਸਭਾ ਦੀ ਰੌਣਕ ਬਣ ਜਾਂਦਾ। ਪੁਰਾਣਿਆਂ ਗਵੱਈਆਂ ਦੇ ਸੁਣੇ ਰਿਕਾਰਡਾਂ ਦੀਆਂ ਨਕਲਾਂ ਲਾਹੁੰਦਾ, ਫਲਾਣਾ ਇਉਂ ਗਾਉਂਦੈ, ਫਲਾਣਾ ਇਉਂ। ਮਿਹਰ ਮਿੱਤਲ ਇਉਂ ਬੋਲਦੈ... ਤੇ ਹੋਰ ਕਈ ਕੁਝ ਉਹ ਉਥੇ ਪੇਸ਼ ਕਰਦਾ ਹੁੰਦਾ। ਇਉਂ ਭਗਵੰਤ ਦਾ ਖੁੱਲ੍ਹਿਆ ਹੋਇਆ 'ਝਕ' ਪੱਕਾ ਹੁੰਦਾ ਗਿਆ।

ਖੇਤ ਡੰਗਰ ਚਾਰਨ ਜਾਂਦਾ, ਆਬਦੇ ਨਾਲ ਦਿਆਂ ਪਾਲ਼ੀਆਂ ਨੂੰ ਆਖਦਾ,



"ਮੈਂ ਜਹਾਜ਼ ਦੀ ਵਾਜ ਕੱਢੂੰ ਓਏ। ਫੋਰ੍ਹ ਟਰੈਕਟਰ ਦੀ ਤੇ ਆਸ਼ੇ ਟਰੈਕਟਰ ਦੀ ਵਾਜ ਵੇਖਿਓ ਕਿਮੇਂ ਕਢਦਾ ਮੈਂ... ਤੁਸੀਂ ਮੇਰੇ ਪਸ਼ੂ ਮੋੜੀ ਚੱਲਿਓ... ਬਾਕੀ ਮੈਂ ਜਾਣਾ, ਮੇਰਾ ਕੰਮ।" ਤੇ ਉਹ ਸਾਰਾ ਦਿਨ ਟਾਹਲੀ ਹੇਠਾਂ ਬੈਠਾ ਇਹੋ ਘਤਿੱਤਾਂ ਹੀ ਕਰਦਾ ਰਹਿੰਦਾ, ਉਹਦੇ ਸਾਥੀ (ਪਾਲ਼ੀ) ਉਹਦੀਆਂ ਮੱਝਾਂ-ਗਾਵਾਂ ਮੋੜਦੇ ਰਹਿੰਦੇ। ਪਸ਼ੂ ਰਿੰਗਦੇ ਸੁਣਕੇ ਉਹ ਜਿਵੇਂ ਆਪ ਵੀ 'ਪਸ਼ੂ' ਹੀ ਬਣ ਜਾਂਦਾ ਸੀ। ਬੱਕਰੀ ਵਾਂਗ ਤਾਂ ਉਹ ਇਉਂ ਮਿਆਂਕਦਾ ਕਿ ਪਤਾ ਹੀ ਨਾ ਲਗਦਾ ਕਿ ਭਗਵੰਤ ਹੈ ਜਾਂ ਬੱਕਰੀ ਮਿਆਂਕਦੀ ? ਬੋਕ ਵਾਂਗ ਵੀ 'ਬੁਲ਼ - ਬੁਲ਼ - ਬੁਲ਼ - ਬੋ - ਬੋ - ਬੋ' ਕਰਦਾ। ਇਉਂ ਉਹਦਾ ਅਭਿਆਸ ਨਿਰੰਤਰ ਹੁੰਦਾ ਤੇ ਲੱਥੀ ਹੋਈ ਸੰਗ ਹੋਰ-ਹੋਰ ਲਹਿੰਦੀ ਜਾਂਦੀ। ਕਈ ਲੋਕ ਉਹਨੂੰ 'ਨਕਲੀਆ' ਜਾਂ 'ਮਰਾਸੀ' ਵੀ ਆਖ ਦੇਂਦੇ, ਉਹਨੇ ਗੁੱਸਾ ਕਾਹਦਾ ਕਰਨਾ ਸੀ ? ਸਗੋਂ ਉਹ ਖੁਸ਼ ਹੁੰਦਾ ਸੀ।

ਛੇਵੀਂ ਤੀਕ ਉਹ ਪਿੰਡੋਂ ਪੜ੍ਹਿਆ ਤੇ ਅੱਠਵੀਂ 'ਚ ਚੀਮੇ ਹਾਈ ਸਕੂਲ ਆ ਲੱਗਿਆ। ਦਸਵੀਂ ਚੰਗੇ ਨੰਬਰ ਲੈ ਕੇ ਪਾਸ ਕੀਤੀ, ਤੇ ਫਿਰ ਸੁਨਾਮ ਦੇ ਸ਼ਹੀਦ ਉਧਮ ਸਿੰਘ ਗੌਰਮਿੰਟ ਕਾਲਜ ਵਿਚ ਦਾਖ਼ਲ ਹੋਇਆ ਅਤੇ ਮੈਡੀਕਲ ਵਿਸ਼ਾ ਰੱਖ ਲਿਆ। ਮੈਡੀਕਲ ਵਿਸ਼ਾ ਰੱਖਣ ਲਈ ਪਿਤਾ ਜੀ (ਸ੍. ਮਹਿੰਦਰ ਸਿੰਘ ਸਾਇੰਸ ਮਾਸਟਰ) ਨੇ ਪ੍ਰੇਰਿਆ ਸੀ ਤੇ ਉਹਨਾਂ ਦੀ ਇਹ ਇੱਛਾ ਸੀ ਕਿ ਮੁੰਡਾ ਡਾਕਟਰ ਬਣੇਂ। ਤੇ ਭਗਵੰਤ ਸ਼ਰਾਰਤੀ ਤਾਂ ਸੀ ਹੀ, ਦੂਜਾ ਇਹ ਕਿ ਪਿੰਡੋਂ ਬੱਸ ਬੇਟਾਇਮੀ ਜਾਂਦੀ ਸੀ, ਭਗਵੰਤ ਦਾ ਮਨ ਨਾ ਖੁਭਿਆ ਮੈਡੀਕਲੀ 'ਚ, ਔਖਾ-ਔਖਾ ਜਿਹਾ ਲੱਗਿਆ, ਤੀਜਾ ਇਹ ਕਿ ਘਰ ਦੇ ਕੰਮ ਵੀ ਕਰਦਾ ਸੀ ਤੇ ਖੇਤ ਦੇ ਵੀ। ਕਾਲਜ ਵਿਚਲਾ ਮਾਹੌਲ ਸਾਹਿਤਕ ਤੇ ਸਭਿਆਚਾਰਕ ਸੀ। ਸਾਹਿਤਕਾਰ ਸੁਲੱਖਣ ਸਿੰਘ ਮੀਤ ਪ੍ਰਿੰਸੀਪਲ ਸਨ ਤੇ ਡਾ. ਸਤੀਸ਼ ਵਰਮਾ ਨਾਟਕਕਾਰ ਵੀ ਉਥੇ ਹੀ ਪੜ੍ਹਾ ਰਿਹਾ ਸੀ। ਭਗਵੰਤ ਦੇ ਨਾਲ ਜਮਾਤੀ ਸੀ ਗਾਇਕ ਕਰਮਜੀਤ ਅਨਮੋਲ, ਇਹ ਇਕੱਠੇ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਤੇ ਕਾਲਜੋਂ ਬਾਹਰ ਹੁੰਦੇ ਸਮਾਗਮਾਂ ਵਿਚ ਹੁੰਮ-ਹੁੰਮਾ ਕੇ, ਦੂਰ-ਦੂਰ ਤੀਕ ਜਾ ਪੁਜਦੇ। ਕਰਮਜੀਤ ਗਾਉਂਦਾ ਹੁੰਦਾ ਤੇ ਭਗਵੰਤ ਨਕਲਾਂ ਵਗੈਰਾ ਲਾਹ ਕੇ ਹਸਾਉਂਦਾ ਹੁੰਦਾ। ਉਹਦੇ ਪਿਤਾ ਜੀ ਵਧੇਰੇ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ, "ਸਟੇਜਾਂ-ਸਟੂਜਾਂ ਕਿਆ ਕੰਮ ਨੇ। ਤੂੰ ਮੇਹਨਤ ਨਾਲ ਪੜ੍ਹ ਲੈ। ਕੰਮ ਲੱਗ ਜਾਏਂਗਾ, ਜੇ ਨਹੀਂ ਮੈਡੀਕਲ ਹੁੰਦਾ ਤਾਂ ਬੀ.ਕਾਮ ਕਰ ਲੈ। ਕਰਦਿਆਂ-ਕਰਾਉਂਦਿਆਂ ਉਸ ਨੇ ਆਰਟਸ ਦਾ ਵਿਸ਼ਾ ਰੱਖ ਲਿਆ। ਸਟੇਜੀ ਸਰਗਰਮੀਆਂ ਚਲਦੀਆਂ ਰਹੀਆਂ ਨਾਲੋ-ਨਾਲ।

ਸਰਦੂਲ ਸਿਕੰਦਰ ਦਾ ਗੀਤ ਮਸ਼ਹੂਰ ਹੋਇਆ-ਹੋਇਆ ਸੀ, 'ਫੁੱਲਾਂ ਦੀਏ ਕੱਚੀਏ ਵਪਾਰਨੇ', ਤਾਂ ਭਗਵੰਤ ਨੇ ਕਾਮੇਡੀ ਗੀਤ ਬਣਾਇਆ, 'ਗੋਭੀ ਦੀਏ ਕੱਚੀਏ ਵਪਾਰਨੇ।' ਇਹ ਸਟੇਜਾਂ ਤੇ ਖ਼ਾਸ ਕਰ ਯੂਥ-ਫੈਸਟੀਵਲਾਂ ਵਿਚ ਗਾਉਂਦਾ ਹੁੰਦਾ, ਖੂਬ ਪਸੰਦ ਕੀਤਾ ਜਾਂਦਾ, ਸਬਜ਼ੀਆਂ ਦੀ ਲੜਾਈ ਲਿਖੀ। ਉਹਦੀ ਵੀ ਇਹ ਚੰਗੀ ਸੁਹਣੀ ਪੇਸ਼ਕਾਰੀ ਕਰਦਾ। ਰਾਮਪੁਰੇ ਫੂਲ ਅਤੇ ਮਾਲੇਰਕੋਟਲੇ ਕਾਲਜਾਂ ਵਿਚੋਂ ਉਹਨੂੰ ਜਦੋਂ ਇਨਾਮ ਮਿਲ ਗਏ ਤਾਂ ਗੱਲ ਹੋਰ ਵੀ ਅੱਗੇ ਤੁਰ ਪਈ। ਘਰ ਆਣ ਕੇ ਪਿਤਾ ਜੀ ਨੂੰ ਆਖਿਆ, "ਆਹ ਵੇਖ ਲੋ, ਮੇਰੇ 'ਚ ਕੁਝ ਹੈ, ਤਾਂ ਈ ਇਨਾਮ ਮਿਲੇ ਆ... ਜੱਜਾਂ

ਨੂੰ ਮੇਰੇ 'ਚੋਂ ਕੁਝ ਲੱਗਾ... ਤੁਸੀਂ ਮੈਨੂੰ ਇੱਧਰ ਨੂੰ ਚੱਲਣ ਦਿਓ...।"

ਇਉਂ ਉਹਦੀ ਕਲਾਕਾਰੀ ਵਧਣ-ਵਿਗਸਣ ਲੱਗੀ। ਕੁਝ ਅਖਬਾਰੀ ਰਿਪੋਰਟਾਂ ਵਿਚ ਉਹਦੀ ਚਰਚਾ ਹੋਈ। ਅਖਬਾਰ ਦੀ ਰਿਪੋਰਟ ਪੜ੍ਹਕੇ ਜਰਨੈਲ ਘੁਮਾਣ ਆਇਆ ਤੇ ਆਖਿਆ, "ਤੇਰੇ ਬਾਰੇ ਅਖਬਾਰ 'ਚੋਂ ਪੜ੍ਹਿਆ ਐ, ਤੈਨੂੰ ਰਿਕਾਰਡ ਕਰਾਂਗੇ।" ਘੁਮਾਣ ਨੇ ਉਦੋਂ ਹਾਲੇ ਰਿਕਾਰਡਿੰਗਾਂ ਕਰਨ ਦਾ ਸਿਲਸਿਲਾ ਨਵਾਂ-ਨਵਾਂ ਆਰੰਭਿਆ ਸੀ। ਭਗਵੰਤ ਨੂੰ ਲੁਧਿਆਣੇ ਸੱਦਿਆ ਤੇ ਉਥੇ ਮੁਹੰਮਦ ਸਦੀਕ ਨਾਲ ਵੀ ਮੇਲਾ-ਗੇਲਾ ਕਰਵਾਇਆ। ਸਦੀਕ ਸਾਹਬ ਨੇ ਭਗਵੰਤ ਨੂੰ ਸੁਣਕੇ ਖੁਸ਼ੀ ਪ੍ਰਗਟ ਕੀਤੀ ਤੇ ਆਖਿਆ, "ਤੂੰ ਮੇਰੇ ਨਾਲ ਸਟੇਜਾਂ 'ਤੇ ਚੱਲਿਆ ਕਰ।" ਭਗਵੰਤ ਬੇਹੱਦ ਪ੍ਰਸੰਨ ਸੀ, ਕਿਉਂਕਿ ਅੱਜ ਉਹ ਉਸ ਸਦੀਕ ਦੇ ਰੂ-ਬ-ਰੂ ਸੀ, ਜਿਸਨੂੰ ਉਹ ਪਿੰਡਾਂ ਦੇ ਅਖਾੜਿਆਂ ਵਿਚ, ਰੂੜੀ ਉੱਤੇ ਚੜ੍ਹਕੇ ਸੁਣਿਆ ਕਰਦਾ ਸੀ। ਤੇ ਉਹੋ ਸਦੀਕ ਉਸਨੂੰ ਹੱਲਾਸ਼ੇਰੀ ਦੇ ਰਿਹਾ ਸੀ, ਨਾਲ ਲਿਜਾਣ ਦੀਆਂ ਗੱਲਾਂ ਕਰ ਰਿਹਾ ਸੀ। ਭਗਵੰਤ ਨੇ ਤਾਂ ਕਦੀ ਇਹ ਚਿਤਵਿਆ ਵੀ ਨਹੀਂ ਸੀ ਕਿ ਮੁਹੰਮਦ ਸਦੀਕ ਵਰਗੇ ਵੱਡੇ ਫ਼ਨਕਾਰ ਨਾਲ ਕਦੀ ਉਸਦੀ ਮੁਲਾਕਾਤ ਵੀ ਹੋ ਸਕੇਗੀ।

ਭਗਵੰਤ ਮਾਨ ਸਦੀਕ ਸਾਹਬ ਦੀਆਂ ਸਟੇਜਾਂ ਦਾ ਸੰਚਾਲਨ ਕਰਦਾ ਹੁੰਦਾ, ਤੇ ਨਿਤ ਦਿਨ ਉਹਨਾਂ ਪਾਸੋਂ ਸਟੇਜ ਬਾਰੇ ਗੁਣ-ਗਿਆਨ ਹਾਸਲ ਕਰਦਾ। ਇਉਂ ਉਹਦੀ ਪੇਸ਼ਕਾਰੀ ਨਿਖਰਨ ਲੱਗੀ। ਲਗਭਗ ਸੱਤ-ਅੱਠ ਦਿਨ ਉਹ ਸਦੀਕ ਸਾਹਬ ਨਾਲ ਸਟੇਜਾਂ 'ਤੇ ਗਿਆ। ਜਦੋਂ ਉਹ ਪਿੰਡ ਪਰਤਿਆ ਤਾਂ ਉਹ ਉਤਸ਼ਾਹ ਜਨਕ ਗੱਲਾਂ ਨਾਲ ਭਰਿਆ-ਭਰਿਆ ਸੀ। ਹੁਣ ਉਹ ਲੋਕਾਂ ਨੂੰ ਚਾਈਂ-ਚਾਈਂ ਦਸਦਾ ਫਿਰੀ ਜਾਏ, "ਬਈ ਮੈਂ ਸਦੀਕ ਤੇ ਰਣਜੀਤ ਕੌਰ ਹੋਰਾਂ ਨਾਲ ਕਾਰ 'ਚ ਬਹਿਕੇ ਗਿਆ। ਐਥੇ ਗਏ, ਔਥੇ ਗਏ, ਇਉਂ ਹੋਇਆ। ਮੈਂ ਐਂ ਕੀਤਾ, ਫਲਾਣੇ ਨੇ ਆਹ ਆਖਿਆ।" ਗੱਲ ਕੀ ? ਉਹਨੇ ਸੱਤ ਦਿਨਾਂ ਦੀਆਂ ਗੱਲਾਂ ਆਪਣੇ ਪਿੰਡ ਦਿਆਂ ਨੂੰ ਸੱਤ ਮਹੀਨੇ ਸੁਣਾਈਆਂ। ਪਿੰਡ ਵਾਲੇ ਉਹਦੀਆਂ ਗੱਲਾਂ ਦਾ ਸੱਚ ਨਾ ਮੰਨਣ। ਆਖਣ, "ਜਾਹ ਉਏ ਜਾਹ, ਤੂੰ ਝੂਠ ਨਾ ਮਾਰ, ਤੇਰੇ ਵਰਗੇ ਤਾਂ ਬੀਹ ਸੌ ਫਿਰਦੇ ਆ... ਇਉਂ ਹਰੇਕ ਨੂੰ ਕਿਥੇ ਲਾਗੇ ਲੱਗਣ ਦਿੰਦੇ ਆ ਸਦੀਕ ਤੇ ਰਣਜੀਤ ਕੁਰ... ਗੱਪਾਂ ਕਿਸੇ ਹੋਰ ਕੋਲ ਮਾਰ ਜਾ ਕੇ...।"

ਘੁਮਾਣ ਹੋਰਾਂ ਦੇ ਯਤਨ ਕਾਮਯਾਬ ਹੋਏ, ਭਗਵੰਤ ਦੀ ਕੈਸਿਟ, 'ਗੋਭੀ ਦੀਏ ਕੱਚੀਏ ਵਪਾਰਨੇ' ਰਿਕਾਰਡ ਹੋ ਕੇ ਆਈ। ਇਸ ਵਿਚ ਛੇ ਪੈਰੋਡੀ ਗੀਤ ਸਨ, ਆਵਾਜ਼ ਸੀ ਸੰਦੀਪ ਗੋਗੀ ਦੀ, ਤੇ ਭਗਵੰਤ ਦੇ ਹਾਸਰਸ ਟੋਟਕੇ। ਇਹ ਕਾਮੇਡੀ ਭਾਵੇਂ ਬਹੁਤੀ ਅਰਥ ਭਰਪੂਰ ਜਾਂ ਉੱਚ ਪਾਏ ਦੀ ਨਹੀਂ ਸੀ ਪਰ ਇਹਨਾਂ ਦੀ ਚਰਚਾ ਤੇ ਪ੍ਰਸਿੱਧੀ ਹੋਣ ਵਿਚ ਦੇਰੀ ਨਾ ਲੱਗੀ। ਫਿਰ ਦੂਜੀ ਕੈਸਿਟ ਘੁਮਾਣ ਹੋਰਾਂ ਕੀਤੀ, 'ਕੁਲਫ਼ੀ ਗਰਮਾ ਗਰਮ' ਇਸ ਵਿਚ ਭਗਵੰਤ ਨੇ ਕਾਫੀ ਕੁਝ ਨਵਾਂ ਲਿਆਂਦਾ ਸੀ ਪੂਰੀ ਮਿਹਨਤ ਨਾਲ। ਉਹ ਇਸ ਕੈਸਿਟ ਦੀ ਪੇਸ਼ਕਾਰੀ ਨਾਲ ਨਵਾਂ ਮੋੜ ਕੱਟ ਗਿਆ। ਪਰ ਪਤਾ ਉਹਨੂੰ ਚੱਜ ਨਾਲ ਫਿਰ ਵੀ ਨਹੀਂ ਸੀ ਲੱਗ ਰਿਹਾ ਕਿ ਮੈਂ ਕੀ ਕੁਝ ਕਰੀ ਜਾ ਰਿਹਾ ਹਾਂ। ਬੱਸ, ਕੰਮ ਕਰਨ ਦਾ ਨਸ਼ਾ ਜਿਹਾ ਹੀ ਸੀ। 'ਕੁਲਫ਼ੀ ਗਰਮਾ ਗਰਮ' ਵਿਅੰਗ ਭਰਪੂਰ ਕੈਸਿਟ ਸੀ, ਉਸ ਗੱਲ ਬੜੀ ਸਾਫ਼-ਸਾਫ਼ ਕੀਤੀ ਸੀ ਕਿ ਜਿੱਥੇ ਹਸਪਤਾਲ ਡਾਕਟਰਾਂ



ਤੋਂ ਬਿਨਾਂ ਚੱਲ ਸਕਦੇ ਨੇ, ਸਕੂਲ ਅਧਿਆਪਕਾਂ ਤੋਂ ਬਿਨਾਂ ਚੱਲ ਸਕਦੇ ਨੇ... ਜਾਂ ਹੋਰ ਇਹੋ-ਜਿਹੀਆਂ ਟੀਕਾ-ਟਿੱਪਣੀਆਂ, ਵਿਅੰਗ ਤੇ ਅਣਛੋਹੀਆਂ ਗੱਲਾਂ ਸਨ। ਕੁਲਫ਼ੀ ਦਾ ਗਰਮ ਹੋਣਾ ਵੀ ਹੈਰਾਨੀ ਵਾਲੀ ਗੱਲ ਸੀ। ਠੰਢੀ ਕੁਲਫੀ ਤਾਂ ਹਰੇਕ ਨੇ ਖਾਧੀ ਹੋਈ ਸੀ। ਗਰਮ ਕੁਲਫ਼ੀ ਬੜੀ ਪਾਪੂਲਰ ਹੋਈ। ਤਿੱਖਾ ਵਿਅੰਗ ਸੀ। ਖਿਡਾਰੀਆਂ ਬਾਰੇ ਵੀ ਵਿਅੰਗ ਕਸਿਆ ਹੋਇਆ ਸੀ। ਆਡੀਓ ਖੇਤਰ ਵਿਚ ਕਿਸੇ ਵਿਅੰਗ ਕੈਸਿਟ ਦੀ ਇਹ ਪਹਿਲੀ ਪੇਸ਼ਕਾਰੀ ਸੀ।

ਭਗਵੰਤ ਮਾਨ ਸੁਪਰਸਿੱਧ ਕਾਮੇਡੀ ਕਲਾਕਾਰ ਵਜੋਂ ਜਾਣਿਆ ਜਾਣ ਲੱਗਿਆ ਤੇ ਸਮਾਜਿਕ ਅਲ੍ਹਾਮਤਾਂ ਬਾਰੇ ਵਿਅੰਗਆਤਮਿਕ ਰੂਪ ਵਿਚ ਲਿਖਣ, ਘੋਖਣ ਤੇ ਅਨੁਭਵ ਕਰਨ ਦੀ ਉਹਦੀ ਸੋਚ ਬਲਵਾਨ ਹੁੰਦੀ ਗਈ। 'ਮਿੱਠੀਆਂ ਮਿਰਚਾਂ' ਅਤੇ 'ਕੋਕੋ ਦੇ ਬੱਚੇ' ਕੈਸਿਟਾਂ ਵੀ ਚਰਚਿਤ ਹੋ ਗਈਆਂ। ਜਦੋਂ 'ਮਿੱਠੀਆਂ ਮਿਰਚਾਂ' ਕੈਸਿਟ ਰਿਕਾਰਡ ਹੋਈ ਤਾਂ ਭਗਵੰਤ ਉਦੋਂ ਵੀ ਹਾਲੇ ਕਾਲਜ 'ਚ ਪੜ੍ਹ ਰਿਹਾ ਸੀ। ਪਿੰਡੋਂ ਉਹ ਬੱਸੇ ਬੈਠ ਕਾਲਜ ਆਉਂਦਾ ਹੁੰਦਾ, ਤੇ ਉਸੇ ਬੱਸ ਵਿਚ ਉਹਦੀ ਕੈਸਿਟ ਵਜਦੀ ਹੁੰਦੀ, ਉਹ ਬੇਹੱਦ ਖੁਸ਼ ਹੁੰਦਾ। ਲੋਕ ਗੱਲਾਂ ਕਰਦੇ, "ਬਈ ਬੜੀ ਚੜ੍ਹਾਈ ਕੀਤੀ ਆ ਕਾਕੇ ਨੇ। ਨਾ ਕੱਢਤਾ ਏਹਨੇ।"

"ਆਹ ਜਾਂਦੈ ਭਗਵੰਤ ਮਾਨ।" ਲੋਕਾਂ ਨੂੰ ਸੁਣ-ਸੁਣ ਉਹਦਾ ਉਤਸ਼ਾਹ ਦੂਣਾ ਚੌਣਾ ਹੁੰਦਾ ਜਾਂਦਾ।

ਦੂਰਦਰਸ਼ਨ ਜਲੰਧਰ ਤੋਂ ਪ੍ਰੋਗਰਾਮ 'ਇਕ ਲੱਪ ਸੁਰਮੇ ਦੀ' ਵਿਚ ਉਸ ਪੈਰੋਡੀ ਗੀਤ ਗਾਇਆ, "ਪੇਠਿਆਂ ਦੇ ਮਾਲਕੋ ਸਤਾਇਆ ਨਾ ਕਰੋ।" ਤੇ ਉਸ ਪ੍ਰੋਗਰਾਮ ਨੂੰ ਪੇਸ਼ ਕੀਤਾ ਜਲੰਧਰ ਰੇਡੀਓ ਵਾਲੇ ਵਿਅੰਗਕਾਰ ਹਰਬੰਸ ਸਿੰਘ ਖੁਰਾਣਾ ਨੇ। ਜਿੱਦਣ ਉਹ ਟੀ.ਵੀ. 'ਤੇ ਆਇਆ, ਤਾਂ ਜਿਵੇਂ ਸਾਰਾ ਪਿੰਡ ਹੀ (ਆਂਢ ਗੁਆਂਢ) ਟੀ.ਵੀ. ਦੇਖਣ ਉਹਨਾਂ ਘਰੇ ਆ ਜੁੜਿਆ, ਉਹ ਲੋਕਾਂ ਨੂੰ ਦਸਦਾ ਫਿਰਦਾ ਸੀ, "ਅੱਜ ਵੇਖਿਓ, ਮੈਂ ਟੀ.ਵੀ. 'ਤੇ ਆਉਣੈ।"

ਚਰਚਾ, ਦਾਇਰਾ ਤੇ ਪ੍ਰਸਿੱਧੀ ਵਧੀ ਤਾਂ ਉਹਨੂੰ ਪਿੰਡੋਂ ਲੁਧਿਆਣੇ ਪੱਕੇ ਤੌਰ 'ਤੇ ਆਉਣਾ ਪੈ ਗਿਆ। 'ਕੱਲਾ ਮੁੰਡਾ, ਮਾਂ-ਪਿਓ ਪੱਕੇ ਤੌਰ 'ਤੇ ਛੱਡਣ ਨੂੰ ਤਿਆਰ ਨਾ, ਤਾਂ ਮਾਪੇ ਵੀ ਉਹ ਨਾਲ ਈ ਲੁਧਿਆਣੇ ਲੈ ਆਇਆ। ਸ਼ਹਿਰ 'ਚ ਰਹਿਣ-ਵਿਚਰਨ ਨਾਲ ਹੁਣ ਉਹ ਸ਼ਹਿਰੀ ਕਲਚਰ ਨੂੰ ਵਾਚਦਾ ਤੇ ਲਿਖਦਾ। ਇਹ ਸਭ ਕੁਝ ਉਸਨੇ ਆਪਣੀਆਂ ਅਗਲੀਆਂ ਸਾਰੀਆਂ ਕੈਸਿਟਾਂ ਵਿਚ ਬਾਖੂਬੀ ਤੇ ਬਾਰੀਕੀ ਨਾਲ ਪੇਸ਼ ਕੀਤਾ। ਪੰਜਾਬ ਭਰ ਦੇ ਪ੍ਰਸਿੱਧ ਤੇ ਵੱਡੇ ਮੇਲਿਆਂ ਦੀ ਉਹ ਸ਼ਾਨ ਬਣ ਗਿਆ। ਜਗਤਾਰ ਜੱਗੀ ਦੀ ਉਹਦੇ ਸਾਥੀ ਵਜੋਂ ਪਛਾਣ ਵੀ ਛੁਪੀ ਨਾ ਰਹੀ, ਜੱਗੀ ਨਾਲ ਉਸਦਾ ਮੇਲ ਜਰਨੈਲ ਘੁਮਾਣ ਨੇ ਕਰਵਾਇਆ, ਜੱਗੀ ਸਕੂਟਰ ਸੂਤ ਕਰਨ ਦਾ ਵੱਲ ਸਿੱਖ ਰਿਹਾ ਸੀ, ਤੇ ਫੇਰ ਭਗਵੰਤ ਨਾਲ ਕੰਮ ਕਰਨ ਲੱਗਿਆ। ਭਗਵੰਤ ਤੇ ਜੱਗੀ ਦੀ ਜੋੜੀ ਚਾਰੇ-ਪਾਸੇ ਛਾਅ ਗਈ। ਭਗਵੰਤ ਮਾਨ ਕਾਮੇਡੀ ਕਿੰਗ ਸੱਦਿਆ ਜਾਣ ਲੱਗਿਆ।

...... ...... ......

ਡਾ. ਸਤੀਸ਼ ਵਰਮਾ ਨੇ ਭਗਵੰਤ ਦੇ ਉਹਨਾਂ ਦਿਨਾਂ ਦੀ ਗੱਲ ਕਰਦਿਆਂ ਦੱਸਿਆ ਜਦੋਂ ਭਗਵੰਤ ਮਾਨ ਨੇ ਦੇਸ਼ ਭਗਤ ਕਾਲਜ ਬਰੜਵਾਲ ਦੇ ਫੈਂਸੀ-ਡਰੈੱਸ ਮੁਕਾਬਲਿਆਂ ਵਿਚ ਭਾਗ ਲੈ ਕੇ ਪਹਿਲਾ ਇਨਾਮ ਹਾਸਲ ਕੀਤਾ ਸੀ। ਭਗਵੰਤ ਨੇ ਉਸ ਕਬਾੜੀਏ ਵਾਲਾ ਪਹਿਰਾਵਾ ਪਹਿਨਿਆ, ਜੋ ਸਾਈਕਲ ਨਾਲ ਬੋਰੀਆਂ ਬੰਨ੍ਹ ਕੇ, ਮੈਲ਼ੇ-ਕਾਲ਼ੇ ਜਿਹੇ ਕੱਪੜਿਆਂ ਨਾਲ ਅਤੇ ਮੂੰਹ ਉੱਤੇ ਕਾਲ਼ਾ ਜਿਊਂਦਾ ਤੇਲ ਲਗਾ ਕੇ, ਪਿੰਡਾਂ ਦੀਆਂ ਗਲੀਆਂ ਵਿਚ ਹੋਕੇ ਦੇਂਦਾ ਹੈ, "ਟੁੱਟੀਆਂ ਭੱਜੀਆਂ ਬੋਤਲਾਂ, ਬੂਟ-ਚੱਪਲਾਂ ਤੇ ਅਖਬਾਰਾਂ ਦੀ ਰੱਦੀ ਵੇਚ ਲੈ ਬੀ...।" ਜਦੋਂ ਭਗਵੰਤ ਇਸ ਪਹਿਰਾਵੇ ਵਿਚ ਸਜਿਆ ਹੋਇਆ, ਭਾਗ ਲੈਣ ਲਈ ਮੰਚ ਵਾਲੇ ਪਾਸੇ ਸਾਈਕਲ ਲੈ ਕੇ ਜਾ ਰਿਹਾ ਸੀ, ਤਾਂ ਪ੍ਰਬੰਧਕਾਂ ਨੇ ਉਸਨੂੰ ਵਰਜਿਆ, "ਓ ਭਾਈ ਸੈਕਲ ਵਾਲਿਆ, ਤੂੰ ਕਿੱਧਰ ਸਟੇਜ ਵੰਨੀਂ ਤੁਰਿਆ ਜਾਨੈਂ... ਚੱਲ ਮੁੜ ਪਿੱਛੇ।" ਜਦੋਂ ਉਹ ਸਟੇਜ ਉੱਤੇ ਚੜ੍ਹਨ ਲੱਗਾ ਤਾਂ ਪ੍ਰਬੰਧਕ ਆਖਣ ਲੱਗੇ, "ਪਾਗਲ ਹੈ ਏਹ ਸਾਈਕਲ ਵਾਲਾ ਕਬਾੜੀਆ... ਭਜਾਓ ਪਰ੍ਹੇ ਏਸ ਨੂੰ।" ਭਗਵੰਤ ਨੇ ਵਾਸਤਾ ਪਾ ਕੇ ਦੱਸਿਆ, "ਓ ਭਰਾਵੋ, ਮੈਂ ਤਾਂ ਆਪ ਫੈਂਸੀ-ਡਰੈਸ ਮੁਕਾਬਲੇ ਵਿਚ ਭਾਗ ਲੈਣਾ ਹੈ, ਜਾਣ ਦਿਓ ਮੈਨੂੰ।"

ਜਦੋਂ ਉਹ ਫਸਟ ਆਇਆ ਤਾਂ ਸਭ ਹੈਰਾਨ ਸਨ। ਡਾ. ਵਰਮਾ ਨੇ ਭਗਵੰਤ ਦੀ ਕਲਾਕਾਰੀ ਬਾਰੇ ਆਪਣਾ ਨਜ਼ਰੀਆ ਪੇਸ਼ ਕੀਤਾ, "ਭਗਵੰਤ ਕਿਸੇ ਵੇਲੇ ਸਟੇਜ ਉੱਤੇ ਕਾਲ਼ੇ ਤੇਲ ਨਾਲ ਆਪਣਾ ਮੂੰਹ ਕਾਲ਼ਾ ਕਰਕੇ ਇਨਾਮ ਜਿੱਤ ਕੇ ਲੈ ਗਿਆ ਸੀ... ਤੇ ਅੱਜ ਭਗਵੰਤ ਆਪਣੀ ਕਲਾਕਾਰੀ (ਵਿਅੰਗ) ਨਾਲ ਦੇਸ਼ ਦੇ ਭ੍ਰਿਸ਼ਟ ਤੇ ਢੌਂਗੀ ਲੋਕਾਂ ਦਾ ਮੂੰਹ ਕਾਲ਼ਾ ਕਰੀ ਜਾ ਰਿਹਾ ਹੈ, ਇਹ ਬੜੀ ਚੰਗੀ ਚੱਲ ਹੈ।"

ਇਕ ਸਮਾਗਮ ਦੀ ਸਟੇਜ 'ਤੇ ਡਾ. ਦਲਜੀਤ ਸਿੰਘ ਸਿੱਧੂ ਨੇ ਆਖਿਆ, "ਗੁਰਦਾਸ ਮਾਨ ਨੇ ਪੰਜਾਬੀ ਗਾਇਕੀ ਨੂੰ ਹੇਠਲੀ ਪੱਧਰ ਤੋਂ ਚੁੱਕਿਆ, ਤੇ ਅੰਤਰਰਾਸ਼ਟਰੀ ਮੰਚ 'ਤੇ ਲੈ ਗਿਆ। ਇਵੇਂ ਹੀ ਭਗਵੰਤ ਮਾਨ ਨੇ ਪੰਜਾਬੀ ਕਾਮੇਡੀ, (ਜੋ ਦੋ ਅਰਥੀ ਸੀ, ਕੇਵਲ ਚੁਟਕਲੇ ਸਨ, ਆਮ ਜਿਹੇ ਲੋਕਾਂ ਤੱਕ ਹੀ ਸੀਮਤ ਸੀ) ਨੂੰ ਨਿਖਾਰਕੇ-ਸੰਵਾਰਕੇ, ਜੱਜਾਂ, ਵਕੀਲਾਂ, ਪ੍ਰੋਫੈਸਰਾਂ, ਮੰਤਰੀਆਂ, ਦੇਸ਼ਾਂ-ਵਿਦੇਸ਼ਾਂ ਅਤੇ ਅੱਗੇ ਫੇਰ ਉਹਨਾਂ ਲੋਕਾਂ ਵਿਚ, ਜਿੰਨ੍ਹਾਂ ਨੂੰ ਏਨਾ ਹੱਸਣਾ ਨਸੀਬ ਨਹੀਂ ਸੀ, ਪਾਸ ਲੈ ਗਿਆ ਹੈ, ਜੋ ਪੰਜਾਬੀ ਕਲਾ ਲਈ ਮਾਣਮੱਤੀ ਗੱਲ ਹੈ।"

ਬਾਪੂ-ਪਾਰਸ ਰਾਮੂਵਾਲੀਆ ਭਗਵੰਤ ਬਾਰੇ ਆਖਦਾ ਹੈ, "ਮੈਂ ਆਵਦੇ ਪੁਰਾਣੇ ਜ਼ਮਾਨੇ ਦੇ ਮਰਾਸੀ ਵੇਖੇ, ਨਕਲਾਂ ਲਾਹੁੰਦੇ, ਹਸਾਉਂਦੇ, ਤਮਾਸ਼ੇ ਰਚਾਉਂਦੇ, ਵਿਅੰਗ ਬਣਾਉਂਦੇ, ਪਰ ਜੋ ਤਨਜ਼, ਖੁੱਲ੍ਹਾਪਣ, ਹੌਸਲਾ ਤੇ ਗੂੜ੍ਹਾ ਰੰਗ ਭਗਵੰਤ ਕੋਲ ਐ, ਉਹ ਤਾਂ ਮੈਂ ਉਹਨਾਂ ਮਰਾਸੀਆਂ-ਨਕਲੀਆਂ ਵਿਚ ਵੀ ਨਹੀਂ ਵੇਖਿਆ। ਜਦੋਂ ਕਿ ਉਹ ਮਜ਼ਾਹ ਦੇ ਜਨਮ ਦਾਤੇ ਸਨ। ਭਗਵੰਤ ਸਿੰਘ ਮਾਨ ਦੇ ਤਾਂ ਪਾੜ ਖੁੱਲ੍ਹੇ ਹੋਏ ਐ, ਬੋੜਾ ਖੂਹ ਐ ਏਹ, ਜੀਹਦੇ 'ਚ ਪਾੜ ਲੱਗ ਜਾਂਦੇ ਐ, ਸੁਕਦਾ ਨਹੀਂ ਕਦੇ... ਕੁਝ ਕਲਾਕਾਰ ਹੁੰਦੇ ਐ ਜਿਹੜੇ ਤੇਲ ਦਾ ਪੈਟਰੌਲ ਪੰਪ ਹੁੰਦੇ ਐ, ਜਿੰਨਾ ਤੇਲ ਪਾਓ... ਉਨਾ ਈ ਕੱਢਿਆ ਜਾ ਸਕਦੈ... ਪਰ ਭਗਵੰਤ, ਤੇਲ ਦਾ ਖੂਹ ਐ, ਇਹਦੇ 'ਚੋਂ ਜਿੰਨਾ ਤੇਲ ਕੱਢੋਗੇ, ਓਨਾ ਈ ਵਧੀਆ ਤੇਲ ਆਈ ਜਾਊਗਾ...।"

ਭਗਵੰਤ ਮਾਨ ਦੇ ਪਿੰਡ ਲੋਕਾਂ ਦਾ ਸਰਕਾਰੇ-ਦਰਬਾਰੇ ਵੀ ਕੋਈ ਕੰਮ



ਅੜਿਆ-ਥੁੜਿਆ ਨਹੀਂ ਰਹਿੰਦਾ। ਜਦੋਂ ਲੋਕ ਜਾ ਕੇ ਆਖਦੇ ਹਨ ਕਿ ਅਸੀਂ ਭਗਵੰਤ ਮਾਨ ਦੇ ਪਿੰਡ (ਸਤੌਜ ਜ਼ਿਲ੍ਹਾ ਸੰਗਰੂਰ) ਤੋਂ ਆਂ, ਤਾਂ ਅਫਸਰ ਝੱਟ ਕਾਜ ਸੰਵਾਰ ਦੇਂਦੇ ਹਨ, "ਬਈ ਭਗਵੰਤ ਮਾਨ ਨੂੰ ਆਖਿਓ... ਤਵਾ ਈ ਨਾ ਲਾ ਦੇਵੇ ਕਿਤੇ ਸਾਡਾ... ਕੰਮ ਥੋੜਾ ਹੋ ਗਿਆ।"

...... ...... ......

ਆਪਣੇ ਵਿਆਹ ਤੋਂ ਪਹਿਲਾਂ ਭਗਵੰਤ ਮਾਨ ਆਪਣੇ ਪਿੰਡ ਦੇ ਗਰੀਬ ਲੋਕਾਂ ਲਈ ਗਰਮ ਕੰਬਲ ਲਿਆਇਆ ਤੇ ਘਰ-ਘਰ ਜਾ ਕੇ ਵੰਡ ਆਇਆ, ਆਖਣ ਲੱਗਾ, "ਏਹ ਉਹੀ ਲੋਕ ਨੇ, ਜਦੋਂ ਮੈਂ ਨਿੱਕਾ ਹੁੰਦਾ ਸਾਂ, ਤੇ ਬਿਚਾਰਿਆਂ ਦੇ ਘਰੀਂ ਦਿਹਾੜੀ ਆਖਣ ਜਾਂਦਾ ਹੁੰਦਾ, ਸਿਆਲ ਦੀ ਰੁੱਤੇ, ਉਹਨਾਂ ਲੋਕਾਂ ਦੇ ਪਤਲੀਆਂ ਪਾਟੀਆਂ ਰਜਾਈਆਂ - ਖਿੰਡੇ-ਪੁੰਡੇ ਲੋਗੜ ਵਾਲੀਆਂ, ਉਹਨਾਂ ਰਜਾਈਆਂ ਵਿਚੋਂ ਕੋਠੇ ਦੀ ਛੱਤ ਦੀਂਹਦੀ ਹੁੰਦੀ ਸੀ। ਤੇ ਮੈਂ ਰਾਜਾ ਬਣ ਕੇ ਨਹੀਂ, ਨਿਮਾਣਾ ਬਣ ਕੇ, ਨਾਲ ਆਪਣੇ ਵੱਡਿਆਂ ਨੂੰ ਲੈ ਕੇ, ਕੰਬਲ ਭੇਟ ਕਰਨ ਗਿਆ। ਉਹ ਲੋਕ ਮੈਨੂੰ ਅਸੀਸਾਂ ਦੇਣ ਲੱਗੇ।"

ਭਗਵੰਤ ਮਾਨ ਨੇ ਆਪਣੇ ਪਿੰਡ ਦੇ ਗਰੀਬ ਲੋਕਾਂ ਨੂੰ ਸਹਾਇਤਾ ਦੇਣ ਵਜੋਂ ਇਕ ਹੋਰ ਢੰਗ ਅਪਨਾਇਆ ਹੋਇਆ ਹੈ, ਉਹ ਇਹ ਕਿ ਉਹ ਹਰੇਕ ਗਰੀਬ ਲੜਕੀ ਦੇ ਵਿਆਹ ਮੌਕੇ ਆਪਣੀ ਤਰਫ਼ੋਂ ਇਕਵੰਜਾ ਸੌ ਰੁਪੱਈਆ ਭੇਟ ਕਰਦਾ ਹੈ।

1994 'ਚ ਭਗਵੰਤ, ਸਰਦੂਲ ਤੇ ਨੂਰੀ ਨਾਲ ਹਾਲੈਂਡ, ਬੈਲਜ਼ੀਅਮ, ਫਰਾਂਸ, ਜਰਮਨ 'ਚ ਗਿਆ ਸੀ। ਹੁਣ ਤੱਕ ਤਾਂ ਉਹ ਹਰ ਦੇਸ਼ ਵਿਚ ਕਈ-ਕਈ ਵਾਰੀ ਜਾ ਆਇਆ ਹੈ। ਮਸ਼ੀਨਾਂ ਵਰਗੇ ਉਹਨਾਂ ਲੋਕਾਂ ਦੀ ਜ਼ਿੰਦਗੀ ਵਿਚੋਂ ਹਾਸਾ ਗੁੰਮ ਹੈ, ਭਗਵੰਤ ਨੇ ਉਹਨਾਂ ਨੂੰ ਹਸਾਇਆ ਅਤੇ ਆਪਣੀ ਚੰਗੀ ਭੱਲ ਬਣਾਈ ? ਉਸਨੂੰ ਇਸ ਖੇਤਰ ਵਿਚ ਪ੍ਰਵੇਸ਼ ਕੀਤੇ ਨੌਂ ਵਰ੍ਹੇ ਹੋ ਚੱਲੇ ਨੇ ਅਤੇ ਕੈਸਟਾਂ ਉਸਦੀਆਂ 16 ਆ ਚੁੱਕੀਆਂ ਹਨ।

...... ...... ......

1993 'ਚ ਜਦੋਂ ਹਰਭਜਨ ਮਾਨ ਇਧਰ ਆਇਆ ਤਾਂ ਉਹਦੇ ਨਾਲ ਏਹਦੀ ਚੰਗੀ ਮਿੱਤਰਤਾ ਬਣ ਗਈ। ਹਰਭਜਨ ਦੇ ਨਾਲ ਹੀ ਉਹਦਾ ਜਾਣਾ-ਆਉਣਾ ਹੋਇਆ, ਬਾੜੇਵਾਲ। ਜਿਥੇ ਹਰਭਜਨ ਦੀ ਜੀਵਨ ਸਾਥਣ ਹਰਮਨਦੀਪ ਦੇ ਨਾਨਕੇ ਹਨ ਤੇ ਇਥੇ ਭਗਵੰਤ ਨੇ ਕਾਮਰੇਡ ਭਰਪੂਰ ਸਿੰਘ (ਮਾਸਟਰ) ਹੋਰਾਂ ਦੀ ਭਤੀਜੀ ਬੀਬੀ ਇੰਦਰ ਪ੍ਰੀਤ ਕੌਰ ਨੂੰ ਜੀਵਨ ਸਾਥਣ ਵਜੋਂ ਚੁਣ ਲਿਆ, ਵਿਚੋਲਾ ਬਣਿਆ ਹਰਭਜਨ ਮਾਨ। ਭਗਵੰਤ ਦੇ ਵਿਆਹ 'ਤੇ ਬੜੀਆਂ ਰੌਣਕਾਂ ਜੰਮੀਆਂ, ਹਰੇਕ ਕਲਾਕਾਰ ਪੁੱਜਾ। ਪਾਕਿਸਤਾਨੋਂ ਸ਼ੌਕਤ ਅਲੀ ਸਾਹਿਬ ਸਮੇਤ ਪਰਿਵਾਰ ਪਧਾਰੇ ਅਤੇ ਵਿਆਹ ਦੀ ਖੁਸ਼ੀ 'ਚ ਲੱਡੂਆਂ ਦੇ ਟੋਕਰੇ ਲਾਹੌਰ ਵੀ ਘੱਲੇ ਗਏ। ਸ਼ੌਕਤ ਅਲੀ ਦਾ ਮੁੰਡਾ ਅੱਬਾਸ ਸਰ੍ਹਵਾਲਾ ਬਣਿਆ। ਸ਼ੌਕਤ ਅਲੀ ਭਗਵੰਤ ਦੇ ਸਾਰੇ ਪਰਿਵਾਰ ਲਈ ਤੋਹਫ਼ੇ ਤੇ ਕੱਪੜੇ ਲੈ ਕੇ ਆਏ। ਤਿੰਨ ਪ੍ਰੋਗਰਾਮ ਹੋਏ, ਇਕ ਰਿਸੈਪਸ਼ਨ ਪਟਿਆਲੇ ਹੋਈ, ਦੂਜੀ ਲੁਧਿਆਣੇ ਤੇ ਤੀਜਾ ਪ੍ਰੋਗਰਾਮ ਪਿੰਡ ਵਾਲਿਆਂ ਖਾਤਰ ਪਿੰਡ 'ਚ ਰੱਖਿਆ ਗਿਆ।

1997 'ਚ ਉਸ ਪਟਿਆਲੇ ਦੀ ਮਹਿੰਦਰਾ ਕਾਲੋਨੀ 'ਚ ਆਣ ਡੇਰਾ ਲਗਾਇਆ।

...... ...... ......

ਹੁਣ ਤੱਕ ਦੀ ਕਲਾ-ਜ਼ਿੰਦਗੀ ਵਿਚ ਉਹ ਆਪਣੇ ਸਹਾਈ ਜਿਹੜੇ ਬੰਦਿਆਂ ਜਾਂ ਕਲਾਕਾਰਾਂ ਨੂੰ ਮੰਨਦਾ ਹੈ, ਉਹਨਾਂ ਵਿਚ ਹਨ ਜਰਨੈਲ ਘੁਮਾਣ, ਮੁਹੰਮਦ ਸਦੀਕ ਤੇ ਹਰਭਜਨ ਮਾਨ ਹੋਰੀਂ। ਬਾਕੀ ਉਹਨੇ ਤੁਰ-ਫਿਰ ਕੇ ਸਿੱਖਿਆ, ਬਾਕਾਇਦਾ ਉਸਤਾਦ ਕੋਈ ਨਹੀਂ ਧਾਰਿਆ।

ਮੈਟਰ ਤਿਆਰ ਕਰਕੇ ਪਹਿਲੋਂ ਉਹ ਘਰ ਦੇ ਸਾਰੇ ਜੀਆਂ ਨੂੰ ਸੁਣਾਉਂਦਾ ਹੈ। ਪਹਿਲਾਂ ਉਹੋ ਪਾਸ ਕਰਦੇ ਹਨ, ਫਿਰ ਗੱਲ ਅੱਗੇ ਤੁਰਦੀ ਹੈ। ਵਿਅੰਗ ਨੂੰ ਭਗਵੰਤ ਮਾਨ ਇਉਂ ਸਮਝਦਾ ਹੈ ਜਿਵੇਂ ਗੁੜ 'ਚ ਲਪੇਟ ਕੇ ਜ਼ਹਿਰ ਦੇ ਦੇਈਏ। ਕੌੜੀ ਵੀ ਨਾ ਲੱਗੇ, ਤੇ ਅਸਰ ਵੀ ਪੂਰਾ-ਸੂਰਾ ਕਰੇ। ਉਹਦੇ ਵਿਅੰਗ ਬਾਰੇ ਹੋਰ ਇੱਕ ਦਿਲਚਸਪ ਗੱਲ ਇਹ ਕਿ ਆਪਣੇ ਆਪ ਉੱਤੇ ਵਿਅੰਗ ਕਸਾਉਣ ਲਈ ਲੋਕ ਉਸ ਨੂੰ ਉਚੇਚਾ ਆਖਦੇ ਹਨ। ਕਈ ਵਾਰ ਪੁਲਸ ਵਾਲੇ ਫਰਮਾਇਸ਼ ਕਰਦੇ ਹਨ, "ਬਈ, ਉਹ ਸੁਣਾ ਯਾਰ, ਜਿਹੜਾ ਸਾਡੇ ਬਾਰੇ ਜੋੜ ਰੱਖਿਐ ਟੋਟਕਾ।" ਕਈ ਮਹਿਕਮਿਆਂ ਵਾਲੇ ਆਖਦੇ ਹਨ, ਜਿਵੇਂ ਫਾਇਰ ਬਿਰਗੇਡ ਦਾ ਮਹਿਕਮਾ ਹੈ, "ਭਗਵੰਤ ਸਿੰਆਂ, ਹੋਰ ਸਾਰਿਆਂ ਮਹਿਕਮਿਆਂ ਬਾਰੇ ਤਾਂ ਤੈਂ ਬੋਲਤਾ... ਸਾਡੇ ਮਹਿਕਮੇ ਬਾਰੇ ਵੀ ਬੋਲ, ਕਦੋਂ ਬੋਲੇਂਗਾ ਸਾਡੇ ਬਾਰੇ ?"

ਪਿੰਡ ਵਿਚ ਜਦੋਂ ਕੋਈ ਮੁੰਡਾ ਤੂੰਬੀ ਫੜ੍ਹਕੇ ਗਾਉਣ ਲਗਦਾ ਲੋਕ ਉਸਨੂੰ ਮਾਣਕ ਜਾਂ ਚਮਕੀਲਾ ਸੱਦਣ ਲਗਦੇ ਸਨ, ਇਵੇਂ ਹੀ ਹੁਣ ਪਿੰਡ 'ਚ ਜਿਹੜਾ ਕੋਈ ਮੁੰਡਾ ਚੁਟਕਲੇ ਸੁਣਾ-ਸੁਣਾ ਹਸਾਉਂਦਾ ਹੈ ਤਾਂ ਲੋਕ ਉਸਨੂੰ 'ਭਗਵੰਤ ਮਾਨ' ਸੱਦਣ ਲਗਦੇ ਹਨ।

ਸੱਤ ਵਰ੍ਹਿਆਂ ਦੀ ਉਮਰੇ ਭਗਵੰਤ ਦੇ ਗਲ ਦਾ ਆਪ੍ਰੇਸ਼ਨ ਹੋਇਆ, ਜਮਾਂਦਰੂ ਰਸੌਲੀ ਸੀ। ਜਦੋਂ ਉਹ ਹਸਪਤਾਲ ਦਾਖਲ ਹੋਇਆ ਸੀ ਤਾਂ ਪਿੰਡ ਦੇ ਲੋਕ ਆਖਣ, "ਮਾਸਟਰ ਦਾ ਮੁੰਡਾ ਨੀ ਬਚਦਾ, ਰੌਣਕੀ ਜ੍ਹਿਆ ਮੁੰਡਾ ਸੀ ਬਿਚਾਰਾ, ਮਾੜੀ ਗੱਲ ਐ।" ਇਹ ਗੱਲ ਭਗਵੰਤ ਖ਼ੁਦ ਦਸਦਾ ਹੈ ਕਿ ਉਹਨਾਂ ਦੇ ਪਿੰਡੋਂ ਜਿਹੜਾ ਕੋਈ ਪਟਿਆਲੇ ਜਾਂ ਚੰਡੀਗੜ੍ਹ ਦੇ ਹਸਪਤਾਲ ਦਾਖਲ ਕਰ ਲਿਆ ਜਾਵੇ ਤਾਂ ਪਿੰਡ ਦੇ ਮਗਰੋਂ ਅਫ਼ਸੋਸ ਕਰਨ ਲੱਗ ਪੈਂਦੇ ਹਨ, ਹੁਣ ਕਾਹਦਾ ਬਚਣੈ... ਬੱਸ ਹੁਣ ਖ਼ਤਮ ਕਹਾਣੀ... ਪੱਲੀਆਂ-ਦਰੀਆਂ ਵਿਛ ਜਾਂਦੀਆਂ ਨੇ ਵਿਹੜੇ ਵਿਚ। ਪਰ ਮੈਂ ਬਚਕੇ ਆ ਗਿਆ, ਆਪ੍ਰੇਸ਼ਨ ਠੀਕ-ਠਾਕ ਹੋ ਗਿਆ। ਮੈਨੂੰ ਕਿਸੇ ਰੱਬ-ਰੁੱਬ ਨੇ ਨਹੀਂ ਬਚਾਇਆ... ਮੇਰੇ ਲਈ ਤਾਂ ਡਾਕਟਰ ਹੀ ਰੱਬ ਸਨ...।"

ਭਗਵੰਤ ਮਾਨ ਤਰਕਸ਼ੀਲ ਹੈ ਅਤੇ ਅੱਗੇ ਵਧੂ ਸੋਚ ਦਾ ਧਾਰਨੀ ਵੀ। ਮੇਘ ਰਾਜ ਮਿੱਤਰ ਦੀ ਲਿਖੀ ਪੁਸਤਕ '... ਤੇ ਦੇਵ ਪੁਰਸ਼ ਹਾਰ ਗਏ' ਪੜ੍ਹਕੇ ਉਹਦੀ ਸੋਚ ਤਰਕਵਾਦੀ ਹੋ ਗਈ। ਉਹ ਆਖਦਾ ਹੈ, "ਔਰਤਾਂ ਡਾਕਟਰ ਤੋਂ ਬੁਖਾਰ ਦਾ ਟੀਕਾ ਨਹੀਂ ਲੁਵੌਂਦੀਆਂ.... ਚੇਲੇ (ਠਗਣੇ) ਨੂੰ ਇਕ ਸੌ ਇਕਵੰਜਾ ਭੇਟਾ ਕਰ ਆਉਂਦੀਆਂ ਨੇ... ਕਿੱਡੀ ਭੈੜੀ ਗੱਲ ਐ। ਬੜੀ ਤਗੜੀ ਸਮਾਜਕ ਬੁਰਾਈ ਹੈ ਇਹ। ਮੈਂ ਕੁਦਰਤ



ਦੀ ਹੋਂਦ ਵਿਚ ਪੂਰਾ ਯਕੀਨ ਰਖਦਾ ਹਾਂ। ਮੈਨੂੰ ਇਹ ਚੰਗੀ ਤਰ੍ਹਾਂ ਪਤਾ ਐ ਕਿ ਸੂਰਜ ਗੈਸਾਂ ਦਾ ਗੋਲ਼ਾ ਐ। ਧਰਤੀ ਸੂਰਜ ਦੇ ਆਸੇ-ਪਾਸੇ ਘੁੰਮਦੀ ਐ। ਮੀਂਹ ਬੱਦਲਾਂ ਵਿਚੋਂ ਪੈਂਦਾ ਐ, ਤੇ ਬੱਦਲ ਸਮੁੰਦਰ ਵਿਚੋਂ ਪਾਣੀ ਲੈਂਦੇ ਨੇ... ਗੜੇ ਪੈਂਦੇ ਨੇ, ਤਾਂ ਸੁਹਾਗਾ ਖੜ੍ਹਾ ਕਰਨ ਜਾਂ ਤਵਾ ਪੁੱਠਾ ਕਰਨ ਨਾਲ ਭਲਾ ਗੜਿਆਂ ਦਾ ਕੀ ਸਬੰਧ ਐ ? ਕੋਈ ਸੰਬੰਧ ਨਹੀਂ, ਸਭ ਵਹਿਮ, ਝੂਠ ਤੇ ਪਾਖੰਡ ਨੇ। ਮੈਂ ਹਾਲੇ ਉਦੋਂ ਸੱਤਵੀਂ ਜਮਾਤ 'ਚ ਪੜ੍ਹਦਾ ਸੀ, ਤੇ ਪਿੰਡਾਂ 'ਚ ਪੁੱਛਾਂ ਦੇਣ ਵਾਲੇ ਬੂਬਨੇ-ਸਾਧ ਆਉਂਦੇ ਹੁੰਦੇ, ਮੰਗਤੇ ਜਿਹੇ, ਨਾਲ ਬਾਂਦਰੀ ਹੁੰਦੀ, ਮੈਂ ਵਿਰੋਧ ਕਰਦਾ ਹੁੰਦਾ... ਬਈ ਮੇਰੇ ਨਾਲ ਚਲੋ ਸਾਡੇ ਖੇਤ, ਸੌ ਰੁਪੱਈਆ ਦਿਹਾੜੀ ਮਿਲੂਗੀ... ਤੇ ਜਦੋਂ ਕਣਕ ਵੱਢੋਂਗੇ ਦੁਪਹਿਰੇ ਧੁੱਪ ਕੜਕਦੀ 'ਚ... ਫੇ ਪਤਾ ਲੱਗੂ ਰੱਬ ਕੀ ਹੁੰਦੈ। ਅਸਲੀ ਰੱਬ ਤਾਂ ਪਿੰਡਾਂ ਵਿਚ ਈ ਵਸਦਾ ਐ... ਕਿਰਸਾਨ, ਜੋ ਸਾਰੇ ਦੇਸ਼ ਵਾਸੀਆਂ ਦਾ ਢਿੱਡ ਭਰਦੈ, ਹੱਕ-ਸੱਚ ਦੀ ਕਮਾਈ ਕਰਦਾ ਐ... ਤੇ ਆਪ ਵਿਚਾਰੇ ਨੂੰ ਖਾਣ ਲਈ ਰੁਖੀ-ਸੁੱਕੀ ਵੀ ਜੁੜਦੀ ਨਹੀਂ।"

ਭਗਵੰਤ ਮਾਨ ਆਪਣੀ ਇਕ ਕੈਸਿਟ ਵਿਚ ਬੜੀ ਮਹੱਤਵਪੂਰਨ ਗੱਲ ਛੋਂਹਦਾ ਹੈ। ਉਸਨੇ ਗੁੱਡੀ ਫੂਕਦੀਆਂ ਕੁੜੀਆਂ ਉੱਤੇ ਤਿੱਖਾ ਵਿਅੰਗ ਕਸਿਆ ਹੈ। ਜੋ ਮੀਂਹ ਪੁਵਾਉਣ ਲਈ ਗੁੱਡੀ ਫੂਕਦੀਆਂ ਹਨ। ਉਹ ਕਹਿੰਦਾ ਹੈ, "ਓ ਮੇਰੀਓ ਭੈਣੋ, ਹਾੜਾ ਨੀ, ਤੁਸੀਂ ਸਮਝ ਕਰੋ ਮੇਰੀਓ ਭੈਣੋ ਕਮਲੀਓ। ਲੀਰਾਂ ਦੀ ਗੁੱਡੀ, ਨਕਲੀ ਗੁੱਡੀ ਫੂਕਣ ਨਾਲ ਮੀਂਹ ਕਿਵੇਂ ਪੈ ਜੂ, ਏਥੇ ਤਾਂ ਨਿੱਤ ਅਸਲੀ ਗੁੱਡੀਆਂ (ਧੀਆਂ) ਦਾਜ ਪਿੱਛੇ ਫੂਕੀਆਂ ਜਾਂਦੀਆਂ ਨੇ... ਮੀਂਹ ਤਾਂ ਤਦ ਵੀ ਨਹੀਂ ਪੈਂਦਾ ਨੀ... ਭੈਣੋ ਮੇਰੀਓ... ਕੁਛ ਸਮਝ ਕਰੋ। ਜੇ ਰੱਬ ਹੋਵੇ ਤਾਂ ਉਹ ਅਸਲੀ ਗੁੱਡੀਆਂ ਦੀਆਂ ਚੀਕਾਂ ਸੁਣ ਲਵੇ... ਤੇ ਏਥੇ ਹੜ੍ਹ ਈ ਆਏ ਰਹਿਣ... ਨਕਲੀ ਗੁੱਡੀਆਂ ਫੂਕਣ ਦੀ ਕੀ ਲੋੜ ਐ....।"

ਕੁਝ ਗੱਲਾਂ ਭਗਵੰਤ ਮਾਨ ਦੀ ਗਾਇਕੀ ਬਾਰੇ, ਦੂਜੀ ਕੈਸਿਟ 'ਕੁਲਫੀ ਗਰਮਾ ਗਰਮ' ਵਿਚ ਉਸ ਖੁਦ ਇਕ ਪੈਰੋਡੀ ਗੀਤ ਅਕਰਮ ਰਾਹੀ ਦੀ ਤਰਜ਼ ਉੱਤੇ ਗਾਇਆ ਸੀ:

ਲੁਕ - ਲੁਕ ਪਤਨੀ ਤੋਂ ਅਸੀਂ ਰੋਂਦੇ ਰਹੇ
ਰੋਟੀਆਂ ਪਕਾਈਆਂ ਨਾਲੇ ਭਾਂਡੇ ਧੋਂਦੇ ਰਹੇ

ਤਾਂ ਇਸ ਗੱਲ ਦਾ ਪ੍ਰਮਾਣ ਸਹਿਜ ਰੂਪ ਵਿਚ ਮਿਲ ਗਿਆ ਸੀ ਕਿ ਭਗਵੰਤ ਮਾਨ ਸੁਰੀਲਾ ਗਾਇਕ ਵੀ ਹੈ, ਉਸਦੀ ਤਿੱਖੀ ਆਵਾਜ਼ ਵੀ ਰਸ ਵਾਲੀ ਹੈ।

ਉਸਦੇ ਅੱਠ ਵਿਅੰਗਆਤਮਿਕ ਗੀਤਾਂ ਦੀ ਕੈਸਿਟ 'ਜੱਟਾਂ ਦਾ ਮੁੰਡਾ ਗਾਉਣ ਲੱਗਿਆ' ਜਦੋਂ ਰਿਲੀਜ਼ ਹੋਈ, ਤਾਂ ਉਸਦੀ ਗਾਇਕੀ ਦੇ ਚਰਚੇ ਵੀ ਹੋਣ ਲੱਗੇ। ਬਾਬੂ ਸਿੰਘ ਮਾਨ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਗੀਤ ਲਿਖਿਆ, ਜਦੋਂ ਕਿ ਅੱਜ ਸਾਰੇ ਜੱਟ ਹੀ ਖੇਤੀਬਾੜੀ ਤੇ ਹੋਰ ਧੰਦੇ ਛੱਡ ਕੇ, ਸਿਰਫ਼ ਗਾਉਣ ਵਜਾਉਣ ਵਾਲੇ ਪਾਸੇ ਉੱਲਰੇ ਫਿਰਦੇ ਹਨ, ਭਗਵੰਤ ਨੇ ਗਾਇਆ :

ਭਾਂਡਾ ਟੀਂਡਾ ਮੰਜਾ, ਪੀਹੜੀ, ਡੰਗਰ, ਵੱਛਾ ਵੇਚ,
ਸਾਰੀ ਘਰਦੀ ਜ਼ਮੀਨ ਧਰ ਗਹਿਣੇ
ਜੱਟਾਂ ਦਾ ਮੁੰਡਾ ਗਾਉਣ ਲੱਗਿਆ

ਛੰਨ ਭੰਨਕੇ ਬਣਾ ਲਏ ਛੈਣੇ,
ਹਰ ਇਕ ਮੁੰਡਾ ਉਂਗਲਾਂ ਦੇ ਵਿਚ ਛਾਪਾਂ-ਛੱਲੇ ਪਾ ਕੇ, ਵਾਲ ਵਧਾ ਕੇ
ਕੱਦੂ ਦੇ ਵਿੱਚ ਡੰਡਾ ਪਾ ਕੇ, ਟੀ.ਵੀ. ਉੱਤੇ ਗਾ ਕੇ, ਟੌਹਰ ਬਣਾ ਕੇ
ਥੋੜ੍ਹਾ ਜਿਅ੍ਹਾ ਕੰਮ ਤੁਰਿਆ, ਤਾਂ ਕੈਂਹਦਾ, ਐਨੇ ਪੈਸੇ ਲੈਣੇ
ਜੱਟਾਂ ਦਾ ਮੁੰਡਾ ਗਾਉਣ ਲੱਗਿਆ...
ਕੀ ਹੋਇਆ ਜੇ ਇੱਲ ਦੀ ਥਾਂ ’ਤੇ ਕੁੱਕੜ ਵੀ ਨੀ ਆਉਂਦਾ, ਸੱਚ ਸੁਣਾਉਂਦਾ
ਸਾਰੇ ਸਿੰਗਰਾਂ ਵਿਚੋਂ, ਦੱਸੋ, ਕਿਹੜਾ ਸੁਰ ਵਿਚ ਗਾਉਂਦਾ, ਹੇਕਾਂ ਲਾਉਂਦਾ
ਨਕਲੀ ਜੱਟ ਗਵੱਈਆ ਤੋਂ ਮੈਂ, ਗਿਣ ਗਿਣ ਬਦਲੇ ਲੈਣੇ
ਜੱਟਾਂ ਦਾ ਮੁੰਡਾ...

ਇਸ ਕੈਸਿਟ ਵਿਚਲਾ ਸਭ ਤੋਂ ਵਧੇਰੇ ਚਰਚਿਤ ਗੀਤ, ਜੋ ਅਜੋਕੇ ਗਾਇਕਾਂ ਤੇ ਗੀਤਕਾਰਾਂ ਦੀ ਭੱਦੀ ਕਲਾ-ਪੇਸ਼ਕਾਰੀ ਉੱਪਰ ਸਖ਼ਤ ਕਰਾਰੀ ਚੋਟ ਸੀ ਜਿੰਨ੍ਹਾਂ ਅਣਖੀਲੀ ਪੰਜਾਬਣ ਮੁਟਿਆਰ ਨੂੰ ਆਪਣੇ ਗੀਤਾਂ ਵਿਚ ਮਾਸ਼ੂਕ ਵਜੋਂ ਪੇਸ਼ ਕਰਕੇ ਭੰਡਿਆ ਹੈ।

ਕਿਹੀ ਚੱਲ ਪਈ ਪੰਜਾਬ ’ਚ ਇਹ ਗਲਤ ਜਿਹੀ ਰੀਤ
ਧੀਆਂ ਭੈਣਾਂ ਵਾਲੇ ਸੁਣਨਗੇ ਦੱਸੋ ਕਿਹੜੇ ਗੀਤ
ਜਿਸ ਕਰਕੇ ਝੁਕੌਣਾ ਪਵੇ ਸਿਰ ਨੂੰ
ਨਾ ਇਹੋ ਜਿਹੇ ਕਰਮ ਕਰੋ
ਹਰ ਕੁੜੀ ਨੂੰ ਮਾਸ਼ੂਕ ਕਹਿਣ ਵਾਲਿਓ
ਥੋੜ੍ਹੀ ਬਹੁਤੀ ਸ਼ਰਮ ਕਰੋ......
ਕਾਲਜ ਬਣਾਤੇ ਤੁਸੀਂ ਆਸ਼ਕੀ ਦੇ ਅੱਡੇ
ਪ੍ਰਾਇਮਰੀ ਸਕੂਲਾਂ ਵਾਲੇ ਤੁਸੀਂ ਬੱਚੇ ਵੀ ਨੀ ਛੱਡੇ
ਪੈਰਾਂ ਵਿਚ ਰੋਲੋ ਨਾ ਪੰਜਾਬੀ ਮਾਂ ਬੋਲੀ
ਜਾਣ ਦਿਓ ਸੁੱਖੀ-ਸਾਂਦੀ ਕਿਸੇ ਧੀ ਦੀ ਡੋਲੀ
ਸੇਵਾ ਹੋਗੀ ਬਥੇਰੀ ਸਭਿਆਚਾਰ ਦੀ
ਉਏ ਬੰਦ ਹੁਣ ਕਲਮ ਕਰੋ
ਹਰ ਕੁੜੀ ਨੂੰ ਮਾਸ਼ੂਕ ਕਹਿਣ ਵਾਲਿਓ......
ਕੁੜੀਆਂ ਦੇ ਦੁੱਖ ਤਾਂ ਮੁਕਾਇਆਂ ਵੀ ਨ੍ਹੀ ਮੁੱਕਦੇ
ਰਹਿੰਦੇ-ਖੂੰਹਦੇ ਜ਼ਖ਼ਮਾਂ ’ਤੇ ਲੂਣ ਕਾਹਨੂੰ ਭੁੱਕਦੇ
ਘਰ ਦੀ ਗਰੀਬੀ, ਉਤੋਂ ਦਾਜ ਵਾਲੀ ਅੱਗ
ਕਿਹੜੀ ਕੁੜੀ ਚਾਹੁੰਦੀ, ਰੋਲਾਂ ਬਾਬਲੇ ਦੀ ਪੱਗ ?
ਭਾਬੀ ਨਣਦ ਦੇ ਰਿਸ਼ਤੇ ਬਿਗਾੜਕੇ ਨਾ ਜੇਬਾਂ ਤੁਸੀਂ
ਗਰਮ ਕਰੋ
ਹਰ ਕੁੜੀ ਨੂੰ ਮਾਸ਼ੂਕ ਕਹਿਣ ਵਾਲਿਓ...
ਜਦੋਂ ਵੱਜਦੇ ਸਪੀਕਰਾਂ ’ਚ ਇਹੋ ਜਿਹੇ ਗਾਣੇ



ਕੰਨਾਂ ਵਿਚ ਉਂਗਲਾਂ ਲੈ ਲੰਘਦੇ ਸਿਆਣੇ
‘ਮਾਨ’ ਕਰੇ ਬੇਨਤੀ ਓ ਗੀਤ ਗਾਓ ਚੱਜਦੇ
ਸਸਤੀਆਂ ਸ਼ੁਹਰਤਾਂ ਦੇ ਪਿੱਛੇ ਕਾਹਨੂੰ ਭੱਜਦੇ
ਗੀਤ ਲੋਕੀਂ ਇਹੋ-ਜਿਹੇ ਸੁਣਦੇ
ਉਏ ਦੂਰ ਇਹ ਭਰਮ ਕਰੋ
ਹਰ ਕੁੜੀ ਨੂੰ ਮਾਸ਼ੂਕ ਕਹਿਣ ਵਾਲਿਓ
ਓ ਥੋੜ੍ਹੀ ਬਹੁਤ ਸ਼ਰਮ ਕਰੋ...

ਉਪਰੋਕਤ ਗੀਤ ਆਪਣੇ ਆਪ ਵਿਚ ਬੇਮਿਸਾਲ ਅਤੇ ਹਰ ਪੱਖੋਂ ਚੰਗੇਰਾ ਗੀਤ ਹੈ। ਜਿਸ ਵਿਚ ਲਾਹਨਤ, ਵਿਅੰਗ, ਤਰਲਾ ਤੇ ਸਿੱਖਿਆ ਹੈ। ਭਗਵੰਤ ਨੇ ਇਸਦੀ ਤਰਜ਼ ਵੀ ਇਹੋ-ਜਿਹੀ ਹੀ ਢਾਲ਼ੀ ਹੈ ਕਿ ਸੰਜੀਦਾ ਸਰੋਤਾ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ‘ਸ਼ਰਮ ਕਰੋ’ ਲਫ਼ਜ਼ ਦਾ ਉਚਾਰਨ ਬੜਾ ਪ੍ਰਭਾਵੀ ਹੈ।

ਭਗਵੰਤ ਦਾ ਇਹ ਗੀਤ ਪ੍ਰਸਿੱਧ ਵੀ ਹੋਇਆ, ਖ਼ੂਬ ਸੁਣਿਆ। ਟੀ.ਵੀ. ਚੈਨਲਾਂ ਉੱਤੇ ਵੀ ਆਇਆ। ਲੋਕਾਂ ਸਲਾਹਿਆ ਸੀ, ਪਰ ਜਿੰਨ੍ਹਾਂ ਬਾਰੇ ਇਹ ਲਿਖਿਆ ਗਿਆ, ਉਹਨਾਂ ਸ਼ਰਮ ਕਰਨ ਦੀ ਉੱਕਾ ਹੀ ਖੇਚਲ ਨਹੀਂ ਕੀਤੀ।

“ਦਮ ਲੈ ਲਓ” ਕੈਸਿਟ ਵੀ ਭਗਵੰਤ ਦੇ ਵਿਅੰਗ ਗੀਤਾਂ ਦੀ ਚੰਗੀ ਵੰਨਗੀ ਹੈ, ਜਿਸ ਵਿਚ ਉਸਨੇ ਪੱਛਮੀ ਸਭਿਅਚਾਰ ਨੂੰ ਬੁਰੀ ਤਰ੍ਹਾਂ ਭੰਡਿਆ ਤੇ ਰੱਦ ਕੀਤਾ ਹੈ। ਪੰਜਾਬੀ ਸਭਿਆਚਾਰ ਦੇ ਅਨਿਖੜਵੇਂ ਅੰਗ ਚਰਖੇ ਦੀ ਵੀ ਹਾਲ-ਦੁਹਾਈ ਬਿਆਨ ਕੀਤੀ ਹੈ ਅਤੇ ਸਭਿਆਚਾਰ ਦੀ ਪਛਾਣ ਸਮੇਤ ਹੋਰ ਪੁਰਾਤਨ ਹੋਰਾਂ ਵਸਤਾਂ ਦੀ ਪਛਾਣ ਵੀ :

ਇਕ ਦਿਨ ਚਰਖਾ ਯਾਰੋ, ਭੁੱਬਾਂ ਮਾਰ ਕੇ ਰੋ ਪਿਆ
ਮੈਨੂੰ ਕੱਤਣ ਵਾਲੀਆਂ ਗਈਆਂ ਮਾਰ ਉਡਾਰੀ
ਵਿਲਕਣ ਪੂਣੀਆਂ, ਨਾਲੇ ਕਹਿੰਦੇ ਫਿਰਨ ਗਲੋਟੇ ਬਈ
ਅੱਜ ਕੱਲ ਕੁੜੀਆਂ ਦੀ ਤਾਂ, ਫੈਸ਼ਨ ਨੇ ਮੱਤ ਮਾਰੀ...
ਪਿੱਪਲ ਕਹਿੰਦਾ ਮੇਰੀ ਦਰਦ ਕਹਾਣੀ ਸੁਣ ਲੋ ਬਈ
ਸੁੰਨੇ ਟਾਹਣੇ ਮੇਰੇ ਕੋਈ ਨਾ ਪੀਂਘਾ ਪਾਵੇ
ਕੁੜੀਆਂ ਆਖਦੀਆਂ ਹੁਣ ਟੀ.ਵੀ. ਦੇਖਕੇ ਸਰ ਜਾਂਦੈ
ਕਿਹੜਾ ਪਿੱਪਲ ਥੱਲੇ ਜਾ ਕੇ ਤੀਆਂ ਲਾਵੇ
ਦੁਖ-ਸੁਖ ਫੋਲਣ ਲੱਗੀਆਂ ਚਾਟੀ ਅਤੇ ਮਧਾਣੀ
ਅੱਜ ਕੱਲ੍ਹ ਕਿਹੜਾ ਭੈਣੇ ਲੱਸੀ ਮੱਖਣ ਖਾਂਦਾ ਨੀ
ਗੱਭਰੂ ਨਸ਼ਿਆਂ ਨੇ ਪੱਟਤੇ ਮੇਰੇ ਵਤਨ ਪੰਜਾਬ ਦੇ
ਹੁਣ ਤਾਂ ਹਰ ਕੋਈ ਸ਼ਾਮ ਨੂੰ ਠੇਕੇ ਦੇ ਵੱਲ ਜਾਂਦਾ ਨੀ...

ਅਜੋਕੇ ਪੰਜਾਬੀ ਗਵੱਈਆਂ ਬਾਰੇ ਉਸ ਨਿਝੱਕਤਾ ਨਾਲ ਸੱਚ ਬਿਆਨਿਆ ਹੈ :

ਜਿਹੜਾ ਵੀ ਚੈਨਲ ਲਾਈਏ, ਕਹਿੰਦੇ ਆ ਜੋ ਨੱਚੀਏ-ਗਾਈਏ
ਗੋਡੇ ਲੱਗੇ ਜਾਂ ਗਿੱਟੇ, ਆਪਾਂ ਸੱਚੀਆਂ-ਸੱਚੀਆਂ ਕਹੀਏ
ਉਏ, ਅੱਜ ਕੱਲ੍ਹ ਘਰ-ਘਰ ਜੰਮਣ ਗਵੱਈਏ

ਉਏ, ਅੱਜ ਕੱਲ ਘਰ-ਘਰ ਜੰਮਣ ਗਵੱਈਏ
ਕੋਈ ਕਹੇ ਅਸੀਂ ਮਰਗੇ ਨੀ, ਕੋਈ ਕਹਿੰਦਾ ਬੱਲੇ-ਬੱਲੇ
ਹਸਦੀ ਦੇ ਕੋਈ ਦੰਦ ਗਿਣੇ, ਕੋਈ ਕਹਿੰਦਾ ਰੋਈਏ ਕੱਲੇ
ਸਮਝ ਨਹੀਂ ਆਉਂਦੀ ਮਾਰਕੀਟ 'ਚੋਂ ਕਿਹੜੀ ਕੈਸਟ ਲਈਏ
ਉਏ, ਅੱਜ ਕੱਲ੍ਹ ਘਰ-ਘਰ ਜੰਮਣ ਗਵੱਈਏ...

ਭਗਵੰਤ ਮਾਨ ਨੇ ਦੇਸ਼ ਦੀ ਭ੍ਰਿਸ਼ਟ ਹੋ ਚੁੱਕੀ ਰਾਜਨੀਤੀ ਅਤੇ ਲੜਖੜਾ ਚੁੱਕੇ ਆਰਥਿਕ ਢਾਂਚੇ ਬਾਰੇ ਖੁੱਲ੍ਹ ਕੇ ਬੋਲਿਆ ਹੈ। ਇਹਨਾਂ ਗੱਲਾਂ ਤੋਂ ਕਈਆਂ ਲੀਡਰਾਂ ਨੇ 'ਲਾਲ ਮਿਰਚਾਂ' ਵੀ ਖ਼ਾਸਾ ਛਕ ਲਈਆਂ ਤੇ ਫੇਰ 'ਬਵਾਸੀਰ' ਦੀ ਸ਼ਿਕਾਇਤ ਹੋ ਗਈ। ਪਰ ਭਗਵੰਤ ਬੇਪ੍ਰਵਾਹ ਹੈ, ਨਿਡਰ ਹੈ, ਉਸਦੇ ਵਿਚਾਰ ਬੜੇ ਸਾਫ਼ ਹਨ, ਉਹ ਆਖਦਾ ਹੈ "ਸਾਡਾ ਢਾਂਚਾ ਹੀ ਦੋਸ਼ੀ ਐ, ਲੋਕ ਕਸੂਰਵਾਰ ਨੇ। ਲੋਕ ਰਿਸ਼ਵਤ ਦੇ ਕੇ ਹੀ ਕੰਮ ਕਰਵਾਉਣਾ ਠੀਕ ਸਮਝਦੇ ਨੇ। ਲੋਕ ਵੋਟ ਵੇਚਦੇ ਨੇ, ਮੁੜਕੇ ਲੀਡਰ ਪੰਜ ਸਾਲ ਮੂੰਹ ਨਹੀਂ ਵਿਖਾਉਂਦੇ। ਢਾਂਚਾ ਈ ਸਾਡਾ ਇਹੋ-ਜਿਹਾ ਐ, ਪੰਜ ਸਾਲ ਬਾਅਦ ਫਿਰ ਵੋਟਾਂ ਮੰਗਣ ਜਾਂਦੇ ਨੇ... ਤੇ ਦੂਜੇ ਦਿਨ ਹੀ ਫਿਰ ਵੀ.ਆਈ.ਪੀ. ਬਣ ਜਾਂਦੇ ਨੇ... ਕਾਲ਼ੇ ਸ਼ੀਸ਼ਿਆਂ ਵਾਲੀਆਂ ਗੱਡੀਆਂ 'ਚ ਚੜ੍ਹ ਜਾਂਦੇ ਨੇ। ਏਥੇ ਕਾਨੂੰਨ ਦੇ ਰਖ਼ਵਾਲੇ ਤੇ ਕਾਨੂੰਨ ਬਣਾਉਣ ਵਾਲੇ, ਖੁਦ ਆਪ ਹੀ ਕਾਨੂੰਨ ਦੀ ਰੱਖਿਆ ਤੇ ਪਾਲਣਾ ਨਹੀਂ ਕਰਦੇ। ਇਥੇ ਸਭ ਕੁਝ ਸੁਧਾਰਨ ਵਾਲਾ ਐ ਬੁਰੀ ਤਰ੍ਹਾਂ ਉਲਝੀ ਤਾਣੀ ਐਂ। ਏਥੇ ਲੋਕਤੰਤਰ ਨਹੀਂ, ਪਰਲੋਕਤੰਤਰ ਹੈ। ਬਾਹਰ ਦੇਖੋ, ਉਧਰ ਮੰਤਰੀ ਵੀ ਆਪ ਆਪਣੀ ਗੱਡੀ ਚਲਾ ਕੇ ਪਾਰਲੀਮੈਂਟ ਵਿਚ ਪਹੁੰਚਦੇ ਨੇ... ਤੇ ਏਥੇ ਦੇਖਿਐ ? ਹੂਟਰ... ਹੂ - ਹੂ - ਹੂ ਤੋਂ ਬਿਨਾਂ ਪਤਾ ਈ ਨੀ ਲਗਦਾ ਕਿ ਕੋਈ ਮੰਤਰੀ ਆ ਰਿਹੈ। ਕੀ ਐ ਯਾਰ... ਪੁੱਛੋ ਈ ਨਾ ਕੁਛ... ਕੀ-ਕੀ ਬੋਲਾਂ ? ਅਸਲੀ ਗੱਲ ਇਹ ਹੈ ਕਿ ਧਰਮ ਤੇ ਰਾਜਨੀਤੀ ਵੱਖ-ਵੱਖ ਹੋਣੇ ਚਾਹੀਦੇ ਨੇ, ਇਹ ਰਲਗੱਡ ਨਹੀਂ ਹੋਣੇ ਚਾਹੀਦੇ...।"

...... ...... ......

ਪਹਿਲੋ-ਪਹਿਲ ਜਦੋਂ ਮੈਂ ਭਗਵੰਤ ਮਾਨ ਨੂੰ ਮਿਲਿਆ ਤਾਂ ਉਹ ਫੁਕਰਾ-ਫੁਕਰਾ ਜਿਹਾ ਲੱਗਿਆ। ਆਪਣੀਆਂ ਹੀ ਸੁਣਾਈ ਜਾਣ ਵਾਲਾ, ਕੰਨ ਖਾਈ ਜਾਣ ਵਾਲਾ... ਕਾਂ-ਕਾਂ-ਕਾਂ ਜਿਹਾ! ਪਹਿਲੀ ਵਾਰੀ ਉਹਦੇ ਘਰੇ ਜਾਣ ਦਾ ਮੌਕਾ ਲੱਭਿਆ ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਨਾਲ, ਤੇ ਨਾਲ ਬਾਪੂ ਪਾਰਸ ਦਾ ਵੱਡਾ ਸਪੁੱਤਰ ਹਰਚਰਨ ਸਿੰਘ ਵੀ ਸੀ। ਜਿੰਨਾ ਚਿਰ ਅਸੀਂ ਬੈਠੇ ਰਹੇ, ਭਗਵੰਤ ਆਪਣੀਆਂ ਹੀ ਸੁਣਾਈ ਗਿਆ, ਸਾਡੇ 'ਚੋਂ ਕਿਸੇ ਦੀ ਸੁਣਨ ਦੀ ਖੇਚਲ ਨਾ ਕੀਤੀ, ਬੋਲੀ ਜਾਏ, ਤਾੜੀ ਮਾਰੇ, ਤੇ ਆਪੇ ਈ ਹੱਸੇ। ਗੱਲਾਂ ਭਾਵੇਂ ਹਾਸੇ ਵਾਲੀਆਂ ਹੀ ਸਨ, ਪਰ ਓਪਰੀਆਂ-ਓਪਰੀਆਂ ਜਿਹੀਆਂ ਲੱਗ ਰਹੀਆਂ ਸਨ।

ਹਰਚਰਨ ਸਿੰਘ ਨੇ ਉਹਦੀ ਪਤਨੀ ਨੂੰ ਪੁੱਛਿਆ, "ਬੇਟਾ ਕੀ ਗੱਲ ਐ, ਉਦਾਸ ਜਿਹੀ ਕਿਉਂ ਫਿਰਦੀ ਐਂ ਤੂੰ ?"

"ਕੀ ਕਰਾਂ ਫੁਫੜ ਜੀ, ਸਾਰਾ ਦਿਨ ਕਾਵਾਂ ਰੌਲ਼ੀ, ਚੁਟਕਲੇ, ਟੋਟਕੇ, ਸਿਰ ਖਪਾਈ... ਆਹ! ਹੋਇਆ ਕਦੇ... ਪਰ ਸਾਰਾ ਦਿਨ ਈ ?"



ਭਗਵੰਤ ਦੀ ਪਤਨੀ ਨੇ ਮੱਥੇ ਤੋਂ ਮੁੜਕਾ ਪੂੰਝਿਆ ਤੇ 'ਠੰਢਾ ਹਉਕਾ' ਭਰਨ ਦਾ ਯਤਨ ਕੀਤਾ।

ਉਸ ਮਗਰੋਂ ਮੇਰੀਆਂ ਭਗਵੰਤ ਨਾਲ ਕਈ ਮਿਲਣੀਆਂ ਹੋਈਆਂ, ਹਰੇਕ ਮਿਲਣੀ ਵਿਚ ਉਹ ਨਿੱਖਰਕੇ ਸਾਹਮਣੇ ਆਉਂਦਾ ਗਿਆ, ਮੈਨੂੰ ਉਹਦੀ ਸਪੱਸ਼ਟਤਾ ਤੇ ਸਾਫ਼ਗੋਈ ਚੰਗੀ ਲਗਦੀ।

ਇਕ ਦਿਨ ਮੈਂ ਉਹਦੇ ਘਰ ਗਿਆ। ਗੇਟ ਵੜਿਆ ਤਾਂ ਦੇਖਿਆ, ਗੇਰੂਏ ਕੱਪੜੇ ਪਾਈ ਇਕ ਸਾਧ ਕੁਰਸੀ ਉੱਤੇ ਫੱਬਿਆ ਬੈਠਾ ਹੋਇਆ ਸੀ। ਮੈਂ ਸੋਚਿਆ, ਭਗਵੰਤ ਤਾਂ ਤਰਕਸ਼ੀਲ ਹੈ, ਸਾਧਾਂ-ਸੰਤਾਂ ਦੀ ਖ਼ੂਬ ਖੁੰਬ ਠਪਾਈ ਕਰਦਾ ਹੈ, ਇਸ ਸਾਧ ਨਾਲ ਇਹਦੀ ਕੀ ਸਕੀਰੀ ਹੋਈ ? ਸਾਧ ਆਖ ਰਿਹਾ ਸੀ, "ਮੈਨੂੰ ਇਕ ਘਿਓ ਦਾ ਪੀਪਾ ਲੈ ਦੇ ਬੱਚਾ... ਹਵਨ ਕਰਨਾ ਹੈ, ਤੇਰੇ ਯਸ਼ ਹੋਏਗਾ...।"

ਸਾਧ ਦੀ ਗੱਲ ਕਟਦਾ ਭਗਵੰਤ ਟਪਕਿਆ, "ਗੱਲ ਸੁਣੋ ਬਾਬਾ ਜੀ, ਘਿਓ ਦਾ ਪੀਪਾ ਥੋਨੂੰ, ਤੇ ਮੈਂ ਦੇਵਾਂ ? ਵਾਹ-ਵਾਹ-ਵਾਹ, ਸੱਤ ਜਨਮ ਨਹੀਂ। ਤੁਸੀਂ ਕੀ ਹਲ਼ ਵਾਹੁੰਨੇ ਓਂ ? ਘਿਓ ਦਾ ਪੀਪਾ ਮੈਂ ਇਕ ਹੱਡ ਭੰਨਾਉਂਦੇ ਮਜ਼ਦੂਰ ਨੂੰ ਕਿਉਂ ਨਾ ਦੇਵਾਂ ? ਤੁਸੀਂ ਤਾਂ ਘਿਓ ਅੱਗ 'ਚ ਸਾੜਨੈ... ਉਹਦਾ ਕੀ ਫੈਦਾ ਐ ? ਹਾਂ... ਰੋਟੀ-ਟੁੱਕ ਛਕੋ... ਤੇ ਡੰਡੀ ਪਕੜੋ।"

ਪਰ ਸਾਧ ਢੀਠ ਹੋਇਆ ਬੈਠਾ ਸੀ। ਹਿੱਲਣ ਦਾ ਨਾਂ ਹੀ ਨਾ ਲਵੇ। ਆਖਰ ਭਗਵੰਤ ਦੀ ਪਤਨੀ ਇੰਦਰਪ੍ਰੀਤ ਆਪਣੇ ਕਮਰਿਓਂ ਬਾਹਰ ਆਈ, ਸਾਧ ਨੂੰ ਰੋਟੀ ਖੁਆਈ ਤੇ ਪੰਜਾਹ ਰੁਪਏ ਦੇਂਦੀ ਬੋਲੀ, "ਬਾਬਾ ਜੀ, ਏਥੋਂ ਕੁਛ ਨਾ ਭਾਲ਼ੋ... ਏਹ ਨਹੀਂ ਦੇਂਦੇ ਕਿਸੇ ਬਾਬੇ ਨੂੰ ਇਕ ਧੇਲੀ ਵੀ... ਤੁਸੀਂ ਬਚ ਕੇ ਨਿਕਲ ਜਾਓ... ਨਹੀਂ ਤਾਂ ਹਾਅ ਵੀ ਖੁੱਸ ਜਾਣੇ ਨੇ ਥੁਆਡੇ... ਸਾਡੇ ਘਰੇ ਤਾਂ ਤਰਕਸ਼ੀਲ ਵਸਦੇ ਨੇ...।"

"ਅੱਛਾ ਬੇਟੀ, ਰੱਬ ਭਲਾ ਕਰੇ...।" ਸਾਧ ਟੁਰਦਾ ਬਣਿਆ।

ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਇਕ ਗਿਆਨੀ-ਧਿਆਨੀ ਬੰਦਾ, ਚਿੱਟੀ ਦਾਹੜੀ, ਪੀਲਾ ਪਟਕਾ, ਚਿੱਟੇ ਕੱਪੜੇ, ਗੇਟ ਮੂਹਰੇ ਆਪਣੇ ਸਾਈਕਲ ਤੋਂ ਲੱਥਿਆ। ਟੱਲੀਆਂ ਮਾਰਨ ਲੱਗਿਆ। ਅੰਦਰ ਆਉਂਦਾ ਹੀ ਬੋਲਿਆ, "ਓ ਆਹ ਲੈ ਬਈ ਭਗਵੰਤ ਸਿਆਂ ਤੇਰੇ ਵਾਸਤੇ ਕਾਮੇਡੀ ਗੀਤ ਲਿਖਕੇ ਲਿਆਇਐਂ ਮੈਂ, ਰਾਤੀਂ ਈ ਲਿਖਿਐ... ਐਹੋ ਜਾ ਕਿਸੇ ਨੀ ਲਿਖਿਆ ਹੋਣਾ।"

ਗਿਆਨੀ ਜੀ ਨੇ ਕਾਗਜ਼ ਜੇਬ੍ਹ 'ਚੋਂ ਕੱਢਿਆ ਤੇ ਭਗਵੰਤ ਵੱਲ ਵਧਾਇਆ। ਭਗਵੰਤ ਨੇ ਉਗੜੀ-ਦੁਗੜੀ ਜਿਹੀ ਲਿਖਤ ਪੜ੍ਹਨ ਦਾ ਅਸਫ਼ਲ ਯਤਨ ਕੀਤਾ ਤੇ ਗਿਆਨੀ ਜੀ ਵੰਨੀਂ ਕਾਗਜ਼ ਕਰਦਾ ਬੋਲਿਆ, "ਤੁਸੀਂ ਆਪੇ ਈ ਪੜ੍ਹ ਕੇ ਸੁਣਾ ਦਿਓ।"

ਗਿਆਨੀ ਜੀ ਗਾਉਣ ਲੱਗੇ :
ਝੂਠੀਏ ਨੀ ਲਾਰੇ ਤੇਰੇ ਨਹੀਂ ਮੁੱਕਣੇ
ਢੂਹੀ ਸਾਡੀ ਟੁੱਟਣ ਤੇ ਆਈ ਹੋਈ ਆ
ਤੂੰ ਜਿੰਦ ਸਾਡੀ ਸੁੱਕਣੇ ਕਿਉਂ ਪਾਈ ਹੋਈ ਆ
ਡੁੱਬ ਜਾਣੀਏਂ...

ਗਿਆਨੀ ਜੀ ਮਸਤ ਹੋਏ, ਅੱਖਾਂ ਮੁੰਦ ਕੇ ਗਾ ਰਹੇ ਸਨ। ਮੈਂ ਹੈਰਾਨ ਸਾਂ ਕਿ ਭਗਵੰਤ ਨਿਤ-ਦਿਨ ਇਹੋ ਜਿਹਿਆਂ ਗਿਆਨੀਆਂ - ਧਿਆਨੀਆਂ ਨੂੰ ਕਿੰਝ ਬਰਦਾਸ਼ਤ ਕਰਦਾ ਹੈ। ਬੜਾ ਔਖਾ ਕੰਮ ਹੈ ਇਹ ਵੀ! ਗਿਆਨੀ ਜੀ ਆਪਣਾ ਗੁੱਭ-ਗੁਭਾਰ ਕੱਢ ਹਟੇ, ਗਿਆਨੀ ਜੀ ਨੇ ਜਲ ਛਕਿਆ ਤੇ ਫੁਰਮਾਇਆ, "ਦੇਖੀਂ ਜਾਈਂ, ਕੇਰਾਂ ਭਰਵਾ ਕੇ ਤਾਂ ਦੇਖ ਇਹ ਰਕਾਟ... ਦੇਖੀਂ ਤੇਰੀ ਚੜ੍ਹਾਈ ਹੁੰਦੀ ਭਗਵੰਤ ਸਿੰਘਾਂ... ਸੱਚੇ ਪਾਤਸ਼ਾਹ ਕਲਗੀਆਂ ਵਾਲਾ... ਸਤਿਗੁਰੂ ਭਲਾ ਕਰੂ... ਦੇਖੀਂ ਜਾਈਂ।"

ਭਗਵੰਤ ਨੇ ਕਾਗਜ਼ ਫੜ੍ਹਿਆ, ਜੇਭ 'ਚ ਪਾਇਆ। ਗਿਆਨੀ ਜੀ ਦੇ ਚਰਨ ਛੂਹਕੇ ਪੁੱਛਿਆ, "ਪ੍ਰਸ਼ਾਦਾ ਛਕੋਗੇ ?"

"ਨਹੀਂ ਨਹੀਂ" ਸਤਿਗੁਰੂ ਬਾਹਲ਼ਾ ਦੇਵੇ, ਛਕਕੇ ਹੀ ਆਇਆ ਸਾਂ, ਮਸ਼ ਗੀਤ ਦੇ ਆਵਾਂ। ਤੂੰ ਤਰੱਕੀ ਕਰੇਂਗਾ... ਸਤਿਗੁਰ ਭਲੀ ਕਰੂ... ਦੇਖੀਂ ਤੂੰ ਚੜ੍ਹਦਾ...।"

ਮੈਂ ਦੇਖਿਆ, ਗਿਆਨੀ ਜੀ ਨੇ ਹੁਣ ਦੋਬਾਰਾ ਆਸ਼ੀਰਵਾਦ ਦੇ ਦਿੱਤਾ ਹੈ ਤੇ ਹੁਣ ਵਿਦਾਇਗੀ ਲੈਣਗੇ। ਮੈਂ ਆਪਣਾ ਲੇਖ ਪੂਰਾ ਕਰਨ ਲਈ ਗੱਲਬਾਤ ਨੂੰ ਅੱਗੇ ਤੋਰਾਂਗਾ। ਭਗਵੰਤ ਵੀ ਇਸੇ ਤਾਕ ਵਿਚ ਹੀ ਸੀ। ਗਿਆਨੀ ਜੀ ਨੇ ਲੱਤਾਂ ਨਸਾੜ ਲਈਆਂ ਤੇ ਸੋਫ਼ੇ ਉੱਤੇ ਚੱਜ ਨਾਲ ਜਚ ਗਏ, ਜਿਵੇਂ ਸਾਰੀ ਰਾਤ ਪਾਠ ਕਰਦੇ-ਕਰਦੇ ਹੰਭੇ ਆਏ ਹੋਣ। "ਬੇਟਾ ਕੇਰਾਂ ਗੀਤ ਗਾ, ਏਹੇ ਦੇਖੀਂ, ਸਤਿਗੁਰ ਕਿਮੇਂ ਤੇਰੇ 'ਤੇ ਕਿਰਪਾ ਕਰਦੇ... ਚੜ੍ਹਾਈ ਹੋ ਜੂ... ਸਤਿਗੁਰੂ ਬਾਜਾਂ ਵਾਲੇ...।"

ਗਿਆਨੀ ਜੀ ਦੇ ਚਰਨ ਛੂੰਹਦਾ ਭਗਵੰਤ ਛਿੱਥਾ ਜਿਹਾ ਪੈਂਦਾ ਬੋਲਿਆ, "ਬਾਬਾ ਜੀ, ਏਹ ਮੇਰੇ ਮਿੱਤਰ ਬੜੀ ਦੂਰੋਂ ਆਏ ਨੇ। ਇਹਨਾਂ ਨੇ ਮੇਰੇ ਨਾਲ ਇੰਟਰਵਿਊ ਕਰਨਾ ਹੈ ਤੇ ਫੇਰ ਦੂਰ ਹੀ ਵਾਪਸ ਜਾਣਾ ਹੈ। ਤੁਸੀਂ ਜੇਕਰ ਆਰਾਮ ਫੁਰਮਾਣਾ ਹੈ ਤਾਂ ਏਥੇ ਹੀ ਫੁਰਮਾ ਲਓ, ਲੇਟ ਜਾਓ, ਸੂਤ ਹੋ ਕੇ... ਅਸੀਂ ਉੱਧਰ ਪਰ੍ਹੇ ਬੈਠ ਜਾਂਦੇ ਆਂ, ਪ੍ਰਸ਼ਾਦਾ ਛਕ ਕੇ ਜਾਇਓ, ਐਵੇਂ ਨਾ ਜਾਇਓ...।"

"ਨਹੀਂ - ਨਹੀਂ, ਮੈਂ ਤਾਂ ਜਾਣਾ ਹੁਣ, ਮੈਂ ਤਾਂ ਚੱਲਿਆਂ ਵਾਂ... ਤੇ ਭਗਵੰਤ ਸਿੰਘਾਂ ਤੂੰ ਹਾਅ ਗੀਤ ਕੇਰਾਂ ਗਾ... ਸਤਿਗੁਰ ਸੱਚੇ ਪਾਤਸ਼ਾਹ...।"

ਭਗਵੰਤ ਨੇ ਗਿਆਨੀ ਜੀ ਦੀ ਗੱਲ ਕੱਟੀ, "ਬਾਬਾ ਜੀ, ਇਹ ਗੀਤ ਤਾਂ ਕਮਾਲ ਐ। ਮੈਂ ਹੁਣ ਆਉਂਦੀ ਕੈਸਟ 'ਚ ਏਹੀ ਗਾਊਂ... ਦੇਖਿਓ... ਏਹੀ ਗਾਊਂ।"

ਗਿਆਨੀ ਜੀ ਇਕਦਮ ਪ੍ਰਸੰਨ ਹੋ ਗਏ। "ਅੱਛਾ, ਏਹੇ ਗਾਏਂਗਾ ?... ਦੇਖੀਂ ਪੁੱਤਰ, ਤੇਰੀ ਚੜ੍ਹਾਈ ਹੁੰਦੀ ਕਿਮੇਂ...। ਸਤਿਗੁਰ ਸੱਚੇ ਪਾਤਸ਼ਾਹ...।"

ਭਗਵੰਤ ਤੇ ਮੈਂ ਗਿਆਨੀ ਜੀ ਨੂੰ ਵਿਦਾ ਕਰਨ ਲਈ ਗੇਟ ਤੱਕ ਆਏ। ਗਿਆਨੀ ਜੀ ਸਾਈਕਲ 'ਤੇ ਸਵਾਰ ਹੋ ਗਏ ਸਨ। ਭਗਵੰਤ ਤਾੜੀ ਮਾਰ ਉੱਚੀ-ਉੱਚੀ ਹੱਸ ਰਿਹਾ ਸੀ।

"ਲੈ ਬਈ, ਦੱਸ ਹੁਣ, ਕੀ ਕਰਾਂ ਮੈਂ, ਇਹੋ ਜਿਹੇ ਬੰਦਿਆਂ ਦਾ, ਗੁਰਸਿੱਖ ਐ, ਕੀ ਭੂਤ ਸੁਆਰ ਹੋਇਐ ਏਹਦੇ ਸਿਰ 'ਤੇ...। ਪਰ ਆਪਾਂ ਵੀ ਪੁੱਤ ਦੇ ਕੇ ਤੋਰਤਾ... ਗਾਊਂ ਮੈਂ ਇਹਦਾ ਵੱਡੇ ਗਿਆਨੀ ਦਾ...।"

"ਸ਼ੈਤਾਨ ਦੀ ਟੂਟੀ" ਵਿਚੋਂ ਹਾਸੇ ਦੇ ਫੁਹਾਰੇ ਛੁੱਟ ਰਹੇ ਸਨ।



✪ ✪ ✪

# ਅਨੋਖਾ ਮਾਨ

ਮੂੰਹ ਹਨ੍ਹੇਰੇ, ਅੰਮ੍ਰਿਤ ਵੇਲੇ, ਇੱਕ ਜੋਗੀ-ਫ਼ਕੀਰ, ਜੀਹਦੇ ਲੰਮੀ-ਲੰਮੀ ਦਾਹੜੀ ਵਧਾਈ ਹੁੰਦੀ, ਗੇਰੂਏ ਰੰਗੇ ਭਗਵੇਂ ਕੱਪੜੇ ਪਾਏ ਹੁੰਦੇ, ਹੱਥ ਵਿਚ ਇਕ ਤਾਰਾ (ਤੂੰਬਾ) ਫੜ੍ਹ ਕੇ, ਸੁਰੀਲੀ ਤੇ ਮੰਝੀ ਹੋਈ ਆਵਾਜ਼ 'ਚ ਗਾਉਂਦਾ, ਗਲੀਆਂ ਵਿਚ ਤੁਰਿਆ ਆਉਂਦਾ :

ਲੱਗੀ ਵਾਲੇ ਤੇ ਕਦੇ ਨਹੀਂ ਸੌਂਦੇ

ਨੀ ਤੈਂਡੀ ਕਿਵੇਂ ਅੱਖ ਲੱਗ ਗਈ
ਨਾਮ ਜਪ ਲੈ ਨਿਮਾਣੀ ਜਿੰਦੇ ਮੇਰੀਏ
ਨੀ ਔਖੇ ਵੇਲੇ ਕੰਮ ਆਊਗਾ
ਤੇਰਾ ਨਾਮ ਜਪਣ ਦਾ ਵੇਲਾ
ਤੇ ਸੁੱਤਿਆ ਤੂੰ ਜਾਗ ਬੰਦਿਆ
ਕਈ ਤਰ ਗਏ ਕਈਆਂ ਨੇ ਤਰ ਜਾਣਾ
ਜਿਹਨਾਂ ਨੇ ਤੇਰਾ ਨਾਮ ਜਪਿਆ

ਜੋਗੀ ਨੂੰ ਗਾਉਂਦਾ ਸੁਣ ਕੇ ਬੱਬੂ ਦੀ ਅੱਖ ਖੁੱਲ੍ਹ ਜਾਂਦੀ ਤੇ ਉਸ ਉੱਠਕੇ ਉਹਨੂੰ ਦੇਖਣ ਲਈ ਬਾਹਰ ਭੱਜਾ ਆਉਣਾ। ਜੋਗੀ ਨੂੰ ਚਾਹ-ਚੂਹ ਪਿਲਾਉਣੀ ਤੇ ਉਹਦੇ ਨਾਲ ਗੱਲਾਂ ਮਾਰਨੀਆਂ। ਜੋਗੀ ਦੀ ਦਰਦੀਲੀ ਤੇ ਸੁਰੀਲੀ ਆਵਾਜ਼ ਉਸ ਉੱਤੇ ਜਾਦੂਈ ਅਸਰ ਕਰ ਗਈ ਸੀ। ਉਹ ਜੋਗੀ ਦੇ ਆਉਣ ਦੀ ਉਡੀਕ ਕਈ ਵਾਰੀ ਵੇਲੇ ਤੋਂ ਪਹਿਲੋਂ ਹੀ ਜਾਗ ਕੇ ਕਰਨ ਲੱਗ ਪੈਂਦਾ ਸੀ। ਬੇਪ੍ਰਵਾਹ ਤੇ ਮਸਤ ਜੋਗੀ ਦੀ ਅਲਬੇਲੀ ਸ਼ਖਸੀਅਤ ਵੰਨੀ ਦੇਖ ਕੇ ਉਹਦਾ ਵੀ ਜੀਅ ਜੋਗੀ ਬਣ ਜਾਣ ਨੂੰ ਕਰਦਾ, ਪਰ ਇਉਂ ਹੋ ਨਾ ਸਕਦਾ, ਬੱਬੂ ਉਹਦੀ ਆਵਾਜ਼ ਦਾ ਪੱਟਿਆ ਆਪ ਈ ਗਾਉਣ ਲੱਗ ਪਿਆ, ਇਹ ਗੱਲ ਉਹਦੇ ਕਾਫੀ ਨਿੱਕੇ ਹੁੰਦੇ ਦੀ ਹੈ, ਜਦੋਂ ਹਾਲੇ ਉਹ ਗਿਆਰਾਂ-ਬਾਰਾਂ ਵਰ੍ਹਿਆਂ ਦਾ ਹੀ ਸੀ।

ਬੱਬੂ ਦਾ ਅਸਲੀ ਤੇ ਪੱਕਾ ਨਾਮ ਤੇਜਿੰਦਰ ਸਿੰਘ ਬੱਬੂ ਹੈ, (ਜਨਮ ਪਿੰਡ ਖੰਟ ਮਾਨਪੁਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ)। ਜਦ ਉਹਦੀ ਪਹਿਲੀ ਕੈਸਿਟ 'ਤੂੰ ਮੇਰੀ ਮਿਸ ਇੰਡੀਆ' ਮਸ਼ਹੂਰ ਹੋਈ ਸੀ ਤਾਂ ਬਹੁਤੇ ਅਣਜਾਣ ਜਿਹੇ ਲੋਕਾਂ ਇਹ ਆਖਣਾ ਸ਼ੁਰੂ ਕਰ ਦਿੱਤਾ ਸੀ, "ਬਈ ਮਰਾੜ੍ਹਾਂ ਵਾਲੇ ਬਾਬੂ ਸਿੰਘ ਮਾਨ ਦਾ ਮੁੰਡਾ ਗੌਣ ਲੱਗ ਪਿਐ.... ਜਿਹੜਾ ਬੰਬਈ ਰਹਿੰਦਾ ਫਿਲਮਾਂ ਆਲ਼ਾ....।" ਇਹ ਗੱਲ ਇਤਫਾਕਨ ਹੀ ਕਿ ਬੱਬੂ ਦੇ ਪਿਤਾ ਜੀ ਦਾ ਨਾਂ ਵੀ ਸ੍ਰ. ਬਾਬੂ ਸਿੰਘ ਮਾਨ ਹੈ ਤੇ ਮਾਤਾ ਸ਼੍ਰੀਮਤੀ ਕੁਲਬੀਰ ਕੌਰ, ਦੋ ਭੈਣਾਂ ਰੂਪੀ ਤੇ ਜੱਸੀ ਦਾ ਉਹ ਲਾਡਲਾ-ਪਿਆਰਾ ਤੇ ਵਿਚਾਲੜਾ ਵੀਰ ਹੈ। ਤਰੱਕੀ ਉਸਨੂੰ ਛੇਤੀ ਮਿਲ ਗਈ ਹੈ, ਕਈ ਉੱਚ ਪਾਏ ਦੇ ਕਲਾਕਾਰ ਕਿੰਨੇ-ਕਿੰਨੇ ਵਰ੍ਹੇ ਰੁਲਦੇ ਮਰ-ਖਪ ਜਾਂਦੇ ਹਨ ਤਦ ਵੀ ਉਹਨਾਂ ਦੀ ਗੱਲ ਨਹੀਂ ਬਣਦੀ, ਪਰੰਤੂ ਬੱਬੂ ਇਸ ਗੱਲੋਂ ਆਪਣੇ ਆਪ ਨੂੰ ਵਾਹਵਾ ਖੁਸ਼ਨਸੀਬ ਸਮਝਦੈ ਕਿ ਉਸਦੀ ਗੱਲ ਛੇਤੀ-ਛੇਤੀ ਬਣ ਗਈ ਹੈ ਅਤੇ ਚੰਗੀ ਤਰ੍ਹਾਂ ਬਣੀ ਹੈ, ਉਂਜ ਫਿਰ ਵੀ ਉਸਨੂੰ ਇਸ ਲਈ ਏਧਰ-ਓਧਰ ਕਾਫੀ ਹੱਥ-ਪੈਰ ਮਾਰਨੇ ਪਏ, ਅੱਜ ਕੱਲ੍ਹ ਉਸਦਾ ਨਾਮ ਪੰਜਾਬ ਦੇ ਅਜੋਕੇ ਅਤੇ ਮੂਹਰਲੀ ਕਤਾਰ ਦੇ ਨੌਜੁਆਨ ਗਾਇਕਾਂ ਵਿਚ ਆ ਗਿਆ ਹੈ ਤੇ ਉਸਦੇ ਗੀਤ ਗਲੀ-ਗਲੀ, ਮੋੜ-ਮੋੜ ਉੱਤੇ ਵਜਦੇ ਸੁਣਾਈ ਦੇਂਦੇ ਹਨ।

ਜਿਸ ਹੁਨਰਕਾਰ ਦਾ ਨਾਮ ਬੱਚਿਆਂ ਦੀ ਜ਼ੁਬਾਨੀ ਰੱਟ ਜਾਵੇ ਤਾਂ ਉਹਦੀ ਏਦੂੰ ਵੱਧ ਹੋਰ ਪ੍ਰਾਪਤੀ ਕੀ ਹੋ ਸਕਦੀ ਹੈ। ਮੇਰਾ ਨਿੱਕਾ ਜਿਹਾ ਭਤੀਜਾ ਮੇਰੇ ਲਿਖਣ ਕਮਰੇ 'ਚ ਮੇਰੇ ਕੋਲ ਆਇਆ ਤੇ ਆਪਣੀ ਤੋਤਲੀ ਆਵਾਜ਼ 'ਚ ਬੋਲਿਆ, "ਤਾਤਾ ਜੀ, ਗੀਤ ਸ਼ੁਣਾਮਾਂ ਥੋਨੂੰ।" ਤੇ ਉਹ ਆਪ ਮੁਹਾਰਾ ਹੋ ਗੁਣ ਗੁਣਾਉਣ ਲੱਗਿਆ :



ਤੰਨ ਤਾਨਣੀ ਰਾਤ ਮਹਿਫ਼ਮਾਂ
ਤਿੰਮ ਤਮੌਂਦੇ ਤਾੜੇ
ਪਿਥਲੀ ਗਲੀ ਵਿਚ ਆ ਦਾ
ਸ਼ੋਹਣੇਆ ਸ਼ੌਂ ਗੇ ਨੇ ਪਿੰਦ ਦੇ ਸ਼ਾੜੇ....

ਮੈਂ ਹੈਰਾਨ ਹੋ ਕੇ ਉਹਨੂੰ ਪੁੱਛਿਆ, "ਓਏ ਕੀਹਦਾ ਗਾਇਆ ਵਾ ਗੀਤ ਏਹੇ ?"

"ਏਹੇ... ਬੱਬੂ ਮਾਂ ਦਾ...।"

ਬੱਬੂ ਮਾਨ ਨੇ ਗੁਰਦਾਸ ਮਾਨ ਦੀ ਕਲਾ ਪ੍ਰੰਪਰਾ ਨੂੰ ਅੱਗੇ ਤੋਰਿਆ ਇਸ ਲਈ ਆਖਣਾ ਬਣਦੈ ਕਿ ਉਹ ਆਪੇ ਲਿਖਦੈ ਤੇ ਗਾਉਂਦਾ ਹੈ, ਮੇਰੇ ਆਖਣ ਦਾ ਇਹ ਮਤਲਬ ਨਹੀਂ ਕਿ ਉਹ ਗੁਰਦਾਸ ਮਾਨ ਵਰਗਾ ਗਾਉਂਦਾ ਹੈ ਜਾਂ ਲਿਖਦਾ ਹੈ, ਸਗੋਂ ਉਸਦੀ ਪਛਾਣ ਵੱਖਰੀ ਸਥਾਪਤ ਹੋਈ ਹੈ। ਉਸਦੇ ਗੀਤਾਂ ਵਿਚ ਲਾਚੀਆਂ ਵਾਲੇ ਦੁੱਧ, ਦੇਸੀ ਘਿਓ ਦੀ ਚੂਰੀ, ਕਾੜ੍ਹਨੀ, ਹਾਰੇ ਆਦਿ ਦਾ ਜ਼ਿਕਰ ਸ਼ੁਭ ਸ਼ਗਨ ਹੈ, ਪਿੰਡ ਦੀਆਂ ਫਿਰਨੀਆਂ, ਪਹਿਰਿਆਂ ਤੇ ਢਾਣੀਆਂ ਦਾ ਜ਼ਿਕਰ ਵੀ ਚੰਗਾ ਲਗਦਾ ਹੈ।

ਬੱਬੂ ਮਾਨ ਬਾਰੇ ਮੈਂ ਸੁਣ ਰੱਖਿਆ ਸੀ ਕਿ ਉਹ ਆਕੜਖੋਰਾ ਹੈ ਤੇ ਸਿੱਧੇ ਮੂੰਹ ਕਿਸੇ ਨਾਲ ਗੱਲ ਨਹੀਂ ਕਰਦਾ। 'ਮਾਨ ਪੰਜਾਬ ਦੇ' ਪੁਸਤਕ ਵਿਚ ਉਸ ਬਾਰੇ ਲੇਖ ਲਿਖਣ ਲਈ ਉਸ ਨੂੰ ਮਿਲਣਾ ਸੀ ਤੇ ਇਸੇ ਉਧੇੜ-ਬੁਣ ਵਿਚ ਹੀ ਸਾਂ ਕਿ ਕੀ ਪਤੈ ਸਿੱਧੇ ਮੂੰਹ ਗੱਲ ਕਰੇਗਾ ਜਾਂ ਨਹੀਂ, ਕਿੰਝ ਮਿਲਿਆ ਜਾਵੇ। ਇਕ ਦਿਨ ਸਵੇਰੇ-ਸਵੇਰੇ ਮਰਾੜ੍ਹਾਂ ਤੋਂ ਰਵੀ ਮਾਨ ਦਾ ਫੋਨ ਆਇਆ ਕਿ ਬੱਬੂ ਰਾਤ ਦਾ ਪਿੰਡ ਆਇਆ ਹੋਇਐ, ਉਸ ਨਾਲ ਗੱਲ ਬਾਤ ਕਰਨ ਲਈ ਪਿੰਡ ਆ ਜਾਹ। ਮੈਂ ਇਹ ਚੰਗਾ - ਮੌਕਾ ਤਾੜਕੇ ਚਲਿਆ ਗਿਆ, ਅੱਗੋਂ ਨੀਸ਼ ਮਾਨ, ਦਲਬੀਰ ਭਲਵਾਨ ਇੰਗਲੈਂਡ ਤੋਂ, ਬੱਬੂ ਤੇ ਹੋਰ ਬੈਠੇ ਹਏ ਸਨ। ਸ੍ਰ. ਬਾਬੂ ਸਿੰਘ ਮਾਨ ਨੇ ਮੇਰੀ ਜਾਣ-ਪਛਾਣ ਕਰਾਈ, ਬੱਬੂ ਮਾਨ ਬੜੀ ਅਪਣੱਤ ਨਾਲ ਮਿਲਿਆ ਤੇ ਬੋਲਿਆ, "ਅੱਛਾ-ਅੱਛਾ ਤੁਹਾਨੂੰ ਤਾਂ ਮੈਂ ਬਹੁਤ ਪੜ੍ਹਿਐ... ਆਮ ਈ ਛਪਦੇ ਓ।"

ਸ੍ਰ. ਬਾਬੂ ਸਿੰਘ ਮਾਨ ਨੇ ਉਹਨੂੰ ਦੱਸਿਆ, "ਨਿੰਦਰ ਨੇ ਇਕ ਕਿਤਾਬ ਤਿਆਰ ਕੀਤੀ ਐ 'ਮਾਨ ਪੰਜਾਬ ਦੇ'।" ਬੱਬੂ ਬੋਲਿਆ, "ਮਾਨ ਪੰਜਾਬ ਦੇ ਕਿ ਮਰਾਸੀ ਪੰਜਾਬ ਦੇ ?" ਹਾਸਾ ਪਿਆ। ਬਾਬੂ ਸਿੰਘ ਮਾਨ ਪੁਰਾਣੀ ਗੱਲ ਸੁਣਾਉਣ ਲੱਗ ਪਏ, ਕਹਿੰਦੇ, "ਇੱਕ ਵਾਰੀ ਮੈਂ ਜੰਡ ਸਾਹਬ ਸਭਿਆਚਾਰਕ ਪ੍ਰੋਗਰਾਮ ਕਰਵਾਇਆ, ਉਹਦੇ ਵਿਚ ਕਰਤਾਰ ਰਮਲਾ, ਅਮਰਨਾਥ ਤਾਨਸੈਨ, ਗੁਰਪਾਲ ਸਿੰਘ ਪਾਲ, ਸਦੀਕ-ਰਣਜੀਤ ਕੌਰ, ਕੀੜੇ ਖਾਂ ਸ਼ੁਕੀਨ ਸਮੇਤ ਕਈ ਹੋਰ ਕਲਾਕਾਰ ਆਏ। ਕਲਾਕਾਰਾਂ ਵਿਚ ਬੈਠੇ-ਬੈਠੇ ਮੈਂ ਆਖਿਆ ਬਈ ਬੜੇ ਭਾਂਤ-ਸੁਭਾਂਤੇ 'ਕੱਠੇ ਹੋਏ ਆਂ, ਕੋਈ ਮਰਾਸੀ ਐ, ਕੋਈ ਮਜ਼ਬੀ, ਕੋਈ ਪੰਡਤ, ਕੋਈ ਨਾਈ, ਤੇ ਮੈਂ ਥੋਡੇ ਵਿਚ ਮਾਨ ਜੱਟ। ਤਾਂ ਰਮਲੇ ਨੇ ਹਸਦਿਆਂ ਆਖਿਆ, ਮਾਨ ਸਾਹਬ ਫਿਕਰ ਨਾ ਕਰੋ, ਸਾਡੇ ਨਾਈਆਂ-ਮਜ਼ਬੀਆਂ ਵਿਚ ਫ਼ਿਰਦਿਆਂ ਥੋਨੂੰ ਵੀ ਕੋਈ ਜੱਟ ਨੀ ਆਂਹਦਾ, ਤੁਸੀਂ ਵੀ ਸਾਡੇ ਨਾਲ ਦੇ ਈ ਓ।"

ਇਹ ਗੱਲ ਸੁਣਦਿਆਂ ਬੱਬੂ ਤਾੜੀ ਮਾਰ ਹੱਸਿਆ।

ਰਵੀ ਨੇ ਉਸੇ ਵੇਲੇ ਹੀ ਨੀਸ਼ ਮਾਨ ਦੀ ਦੇਖ-ਰੇਖ ਹੇਠ ਤਿਆਰ ਕੀਤੀ ਬੱਬੂ

ਦੀ ਵੀਡੀਓ 'ਕਬਜ਼ਾ ਲੈਣਾ ਏਂ'' ਲਗਾ ਦਿੱਤੀ ਤਾਂ ਉਹ ਆਪਣੀ ਵੀਡੀਓ ਦੇਖਣ ਵਿਚ ਮਸਤ ਹੋ ਗਿਆ, ਆਖਣ ਲੱਗਿਆ, "ਏਹ ਪਹਿਲੀ ਵਾਰੀ ਹੋਇਐ, ਏਹੋ ਜਿਹੀ ਕੋਈ ਪਹਿਲੋਂ ਵੀਡੀਓ ਬਣੀ ਨਹੀਂ।" ਸ਼ਾਇਦ ਉਹ ਆਪਣੀ ਸਿਫ਼ਤ ਆਪੇ ਹੀ ਕਰ ਰਿਹਾ ਸੀ, ਇਹ ਗੁਣ ਵੀ ਘੱਟ ਬੰਦਿਆਂ ਵਿਚ ਹੀ ਹੁੰਦਾ ਹੈ।

'ਕਬਜ਼ਾ ਲੈਣਾ ਹੈ' ਗੀਤ ਸੰਬੰਧੀ ਬੁੱਧੀਜੀਵੀਆਂ ਵੱਲੋਂ ਟੀਕਾ-ਟਿੱਪਣੀਆਂ ਹੋਈਆਂ। ਬੱਬੂ ਨੂੰ ਕੋਰਟ ਨੇ ਵੀ ਸੱਦਿਆ। ਯੁਵਾ-ਪੀੜ੍ਹੀ ਵਿਚ ਹਿੰਸਾ ਭੜਕਾਉਣ ਦੇ ਦੋਸ਼ ਵੀ ਉਸ ਉੱਪਰ ਲਾਏ ਗਏ।

ਗੱਲਬਾਤ ਕਰਨ ਲਈ ਅਸੀਂ ਵੱਖਰੇ ਟੇਬਲ 'ਤੇ ਆ ਬੈਠੇ। ਮੈਂ ਪੁੱਛਿਆ, "ਪੜ੍ਹਾਈ ਲਿਖਾਈ ਕਿੱਥੋਂ ਤੀਕ ਕੀਤੀ ਐ।"

"ਮੈਂ ਡਬਲ ਐਮ.ਏ. ਆਂ ਹਿਸਟਰੀ ਤੇ ਉਰਦੂ ਦੀ।" ਮੈਂ ਹੈਰਾਨੀ ਨਾਲ ਪੁੱਛਿਆ, "ਵਾਹ ਬਈ ਵਾਹ, ਉਰਦੂ ਦੀ ਐਮ.ਏ. ਤਾਂ ਪੰਜਾਬੀ ਕਲਾਕਾਰਾਂ 'ਚ ਪਹਿਲੇ ਤੁਸੀਂ ਹੀ ਹੋਵੋਗੇ।"

ਬੱਬੂ ਬੋਲਿਆ, "ਹਾਂ... ਨਹੀਂ... ਉਹ ਵੀ ਸੀ ਉਹ ਰਾਈਟਰ ਸੀ, ਜਿਹੜੇ ਫਿਲਮਾ ਵਾਲੇ... ਬਲਦੇਵ ਸਾਹਨੀ, ਉਹ ਵੀ ਉਰਦੂ ਐਮ.ਏ. ਸੀ।"

ਮੈਂ ਉਸ ਵੱਲੋਂ ਲਏ ਗਏ ਗ਼ਲਤ ਨਾਂ ਵਿਚ ਸੋਧ ਕੀਤੀ, "ਬਲਦੇਵ ਨਹੀਂ, ਬਲਰਾਜ ਸਾਹਨੀ ਸੀ।"

"ਹਾਂ-ਹਾਂ ਬਲਰਾਜ ਸਾਹਨੀ.... ਪ੍ਰੀਕਸ਼ਤ ਦੇ ਪਿਤਾ। ਮੇਰੇ ਨਾਂ ਨਹੀਂ ਸੀ ਚੇਤੇ ਰਿਹਾ।"

ਮੈਨੂੰ ਏਨੀ ਕੁ ਗੱਲ ਤੋਂ ਈ ਜਾਪਿਆ ਕਿ ਜਿਵੇਂ ਬੱਬੂ ਨੂੰ ਸਾਹਿਤ ਜਾਂ ਪੁਸਤਕਾਂ ਨਾਲ ਕੋਈ ਲਗਾਓ ਨਹੀਂ ਹੈ। ਮੈਂ ਪੁੱਛ ਲਿਆ, "ਹੁਣ ਤੀਕ ਕਿਤਾਬਾਂ ਕਿਹੜੀਆਂ-ਕਿਹੜੀਆਂ ਪੜ੍ਹੀਐਂ।"

"ਨਹੀਂ, ਕਿਤਾਬਾਂ ਮੈਂ ਕੋਈ ਖ਼ਾਸ ਨਹੀਂ ਪੜ੍ਹੀਆਂ, ਰੁਚੀ ਨਹੀਂ ਬਣੀ ਏਧਰ।"

"ਪੜ੍ਹਾਈ ਕਿੱਥੇ-ਕਿੱਥੇ ਪੜ੍ਹੀ।"

"ਪੜ੍ਹਾਈ ਮੈਂ ਭਾਜੀ, ਦਸਵੀਂ ਤੱਕ ਤਾਂ ਆਪਣੇ ਪਿੰਡੋਂ ਖੰਟ ਮਾਨਪੁਰ ਤੋਂ ਤੇ ਫੇਰ ਕਈ ਕਾਲਜਾਂ ਵਿਚ, ਜਿਵੇਂ ਕਦੇ ਚੰਡੀਗੜ੍ਹ, ਕਦੇ ਰੋਪੜ, ਕਦੇ ਲੁਧਿਆਣੇ, ਕਦੇ ਫਤਿਹਗੜ੍ਹ ਸਾਹਿਬ।"

"ਐਨੇ ਕਾਲਜ ਕਿਓਂ ਬਦਲਣੇ ਪਏ।"

"ਕਾਲਜ ਭਾਜੀ, ਆਪਾਂ ਆਜ਼ਾਦ ਰਹੇ ਆਂ... ਜਿੱਥੇ ਕਿਸੇ ਕਾਲਜ 'ਚ ਚੰਗੀ ਰੌਣਕ ਜਿਹੀ ਹੋਣੀ ਵਾਹਵਾ ਕੁਝ... (ਹਸਦਾ ਹੋਇਆ) ਉਥੇ ਈ ਦਾਖਲ ਹੁੰਦਾ ਰਿਹਾ ਜਾ ਕੇ। ਉਂਜ ਬਹੁਤਾ ਸਮਾਂ ਚੰਡੀਗੜ੍ਹ 'ਚ ਰਹਿ ਕੇ ਪੜ੍ਹਿਆ ਹਾਂ। ਬਹੁਤ ਘੁੰਮਿਆ-ਫਿਰਿਆ, ਕਈ ਬੰਦੇ ਐਹੋ ਜੇ ਹੁੰਦੇ ਆ ਬਈ ਉਹ ਘਰੇ ਈ ਬੈਠੇ ਰਹਿੰਦੇ ਆ। ਜਿਹੜੇ ਬੰਦੇ ਜਾਂ ਮੁੰਡੇ ਘਰੇ ਬੁੜ੍ਹੀਆਂ ਕੋਲ ਈ ਬੈਠੇ ਰਹਿਣ, ਉਹ ਜਨਾਨੜੇ ਜਿਹੇ ਹੋ ਜਾਂਦੇ ਆ, ਉਹੋ ਜੀ ਸੋਚ ਹੋ ਜਾਂਦੀ ਆ ਜਿਵੇਂ ਕਈ ਆਖੀ ਜਾਣਗੇ ਬਈ ਮੈਂ ਫਲਾਣੇ ਦੇ ਵਿਆਹ 'ਤੇ ਗਿਆ ਸੀ.... ਉਹਨਾਂ ਨੇ ਸੇਵਾ ਨੀ ਕੀਤੀ... ਪੁੱਛਿਆ ਨੀ... ਐਹੋ ਜੀਆਂ ਗੱਲਾਂ ਕਰਨਗੇ, ਉਹੋ ਜੀ, ਸੋਚ, ਰਹਿਣ-ਬਹਿਣ ਹੋ ਜਾਂਦੈ। ਮੈਂ ਰਿਹਾਂ ਖੁੱਲ੍ਹੇ-



ਡੁੱਲ੍ਹੇ ਮਾਹੌਲ 'ਚ, ਹੋਸਟਲਾਂ 'ਚ, ਚੰਗੇ ਮੁੰਡਿਆਂ 'ਚ, ਤੇ ਉਹੋ ਜ੍ਹੀ ਖੁੱਲ੍ਹੀ-ਡੁੱਲ੍ਹੀ ਸੋਚ ਹੋ ਗਈ। ਸਾਡੇ ਘਰ ਦੇ, ਮੇਰੇ ਪਹਿਲਾਂ-ਪਹਿਲਾਂ ਗਾਉਣ ਦੇ ਖਿਲਾਫ਼ ਸੀਗੇ, ਅਖੇ ਜੱਟਾਂ ਦਾ ਮੁੰਡਾ ਇਹ ਕੀ ਕੰਮ ? ਹੁਣ ਖੁਸ਼ ਆ ਪੂਰੇ। ਸਾਡਾ ਘਰ ਦਾ ਕੰਮ ਕਾਰ ਖੇਤੀਬਾੜੀ ਤੇ ਟਰਾਂਸਪੋਰਟ ਦਾ ਵਧੀਆ ਕੰਮ, ਘਰ ਦੇ ਕਹਿੰਦੇ ਜਾਂ ਏਹ ਕੰਮ ਕਰ, ਜਾਂ ਬਾਹਰ (ਕੈਨੇਡਾ) ਆ ਕੇ ਕੰਮ ਕਰ। ਪਹਿਲਾਂ ਅਸੀਂ ਕਲਕੱਤੇ ਰਹੇ, ਫਿਰ ਇਥੇ ਪਿੰਡ। ਮੇਰੀ ਖੇਤੀ ਜਾਂ ਟਰਾਂਸਪੋਰਟ 'ਚ ਕੋਈ ਰੁਚੀ ਨੀ ਬਣੀ।"

ਮੈਂ ਸੋਚਿਆ, ਬੱਬੂ ਮਾਨ ਏਨੀ ਥਾਂਈ ਪੜ੍ਹਿਆ ਹੈ ਤੇ ਜ਼ਰੂਰ ਹੀ ਉਸਨੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਹੁੰਦੇ ਸੰਗੀਤ ਮੁਕਾਬਲਿਆਂ ਵਿਚ ਭਾਗ ਲੈ ਕੇ ਇਨਾਮ ਜਿੱਤੇ ਹੋਣਗੇ। ਉਸ ਨੇ ਇਸ ਬਾਰੇ ਗੱਲ ਸਾਫ਼ ਕੀਤੀ, ਆਖਣ ਲੱਗਾ, "ਨਾ ਜੀ, ਮੈਂ ਕਿਸੇ ਸੰਗੀਤ ਮੁਕਾਬਲੇ ਵਿਚ ਭਾਗ ਨੀ ਲਿਆ। ਕੀ ਨੇ ਇਹ ਸਭਿਆਚਾਰਕ ਮੁਕਾਬਲੇ ? ਕੀ ਹੋਇਆ, ਬਈ ਇਕ ਮੁੰਡੇ ਨੇ ਗੀਤ ਗਾਇਆ, ਦੂਜੇ ਨੂੰ ਟਰਾਫ਼ੀ ਮਿਲ ਗਈ, ਉਹ ਰਹਿ ਗਿਆ, ਤੇ ਦੂਜਾ ਈਰਖਾ ਕਰੀ ਗਿਆ, ਸੜੀ ਗਿਆ, ਆਪਣੇ ਈ ਬੰਦਿਆਂ ਨਾਲ ਕਾਹਦਾ ਮੁਕਾਬਲਾ ? ਕੋਈ ਕਰੀਏਟਿਵ ਜਿਹੀ ਗੱਲ ਹੋਵੇ... ਮੈਂ ਉਂਜ ਗਰੁੱਪ ਡਾਂਸ ਨਾਲ ਰਿਹੈ... ਉਂਜ ਫੰਕਸ਼ਨਾਂ ਵਿਚ ਪਾਰਟੀਸਿਪੇਟ ਕਰ ਲੈਂਦਾ ਸੀ ਪਰ ਮੁਕਾਬਲੇ 'ਚ ਨਹੀਂ। ਭੰਗੜੇ ਦੀ ਟੀਮ 'ਚ ਵੀ....।"

ਬੱਬੂ ਮਾਨ ਆਪਣੀ ਪਲੇਠੀ ਕੈਸਿਟ, "ਤੂੰ ਮੇਰੀ ਮਿਸ ਇੰਡੀਆ" ਦਾ ਮਾਸਟਰ-ਪੀਸ ਤਿਆਰ ਕਰਕੇ ਕਈ ਕੰਪਨੀਆਂ ਪਾਸ ਲੈ ਕੇ ਗਿਆ ਸੀ ਤੇ ਉਹਨਾਂ ਦੇ ਉਹਦਾ ਕੀਤਾ ਕੰਮ ਨੱਕ ਹੇਠ ਨਹੀਂ ਸੀ ਆਇਆ। ਕੋਈ ਕਹੇ, "ਕਿੰਦਾਂ ਦੇ ਗੀਤ ਨੇ, ਇਹ ਕੌਣ ਸੁਣੇਗਾ ?" ਕੋਈ ਆਖੇ, "ਪੇਂਡੂ ਸ਼ਬਦਾਵਲੀ ਬਹੁਤ ਜ਼ਿਆਦਾ ਰੜਕਦੀ ਐ... ਪਹਿਰਾ ਲਗਦਾ... ਕੀ ਗੱਲ ਬਣੀ ਭਲਾ ਏਹੇ।"

ਬੱਬੂ ਮਾਨ ਸਭ ਦੀਆਂ ਸੁਣੀ ਗਿਆ। ਆਖਰ ਮੇਲ-ਸਬੱਬ ਜੁੜਨ 'ਤੇ ਕੈਟਰਿਕ ਕੰਪਨੀ ਵੱਲੋਂ ਕੈਸਿਟ ਰਿਲੀਜ਼ ਹੋ ਗਈ ਤੇ ਉਹ ਰਾਤੋ-ਰਾਤੋ ਛਾਅ ਗਿਆ।

ਬੱਬੂ ਦਾ ਬਹੁਤਾ ਬਚਪਨ ਆਪਣੇ ਪਿੰਡ ਵਿਚ ਹੀ ਬੀਤਿਆ ਹੈ। ਪੇਂਡੂ ਸਾਇਕੀ ਹਾਲੇ ਵੀ ਉਹਦੇ ਮਨ ਵਿਚ ਵੱਸੀ ਹੋਈ ਹੈ। ਪੇਂਡੂ ਲੋਕ-ਮਾਨਸਿਕਤਾ, ਉਹਨਾਂ ਨੂੰ ਚੱਜ - ਆਚਾਰ, ਰਹਿਣ-ਸਹਿਣ ਆਦਿ ਬਾਰੇ ਅਜੇ ਵੀ ਉਹ ਭਰਪੂਰ ਵਾਕਫ਼ੀ ਆਪਣੇ ਦਿਲ ਵਿਚ ਲਈ ਫਿਰਦਾ ਹੈ। ਨਿੱਕਾ ਹੁੰਦਾ ਉਹ ਗੁੱਲੀ-ਡੰਡਾ ਬਹੁਤ ਖੇਡਦਾ ਰਿਹੈ ਤੇ ਗੁੱਲੀ ਮਾਰਕੇ ਉਸ ਆਪਣੇ ਕਈਆਂ ਹਾਣੀਆਂ ਦੇ ਮੱਥੇ ਵੀ ਪਾੜੇ ਸਨ। ਸੁਭਾਵਕ ਹੀ ਹੈ ਉਸਦੇ ਗੀਤਾਂ ਵਿਚ ਪਿੰਡ ਨੇ ਆਉਣਾ ਹੀ ਸੀ।

ਉਸ ਦੀ ਕੈਸਿਟ ਵਿਚ ਪ੍ਰਸਿੱਧ ਹੋਇਆ ਗੀਤ 'ਪਿੰਡ ਪਹਿਰਾ ਲਗਦਾ' ਪੁਲਿਸ ਪ੍ਰਸਾਸ਼ਨ ਵੱਲੋਂ ਲੋਕਾਂ ਦੀ ਕੀਤੀ ਜਾਂਦੀ ਰਖਵਾਲੀ ਉੱਪਰ ਤਿੱਖਾ ਕਟਾਖਸ਼ ਹੈ ਕਿ ਅਸੀਂ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਮਨਾ ਚੁੱਕੇ ਹਾਂ, ਪੰਜਾਹ ਸਾਲ ਤੋਂ ਉੱਪਰ ਹੋ ਗਏ ਨੇ ਦੇਸ਼ ਨੂੰ ਆਜ਼ਾਦ ਹੋਇਆਂ, ਆਪਣੇ ਆਪ ਨੂੰ ਮਜ਼ਬੂਤ ਅਖਵਾਉਣ ਵਾਲੀਆਂ ਸਰਕਾਰਾਂ ਲੋਕਾਂ ਦੀ ਰਾਖੀ ਲਈ ਮੁਕੰਮਲ ਪ੍ਰਬੰਧ ਨਹੀਂ ਕਰ ਸਕੀਆਂ ਤੇ ਹਾਲੇ ਵੀ ਆਪਣੇ ਆਪ ਹੀ ਲੋਕਾਂ ਨੂੰ ਪਿੰਡਾਂ ਵਿਚ ਪਹਿਰਾ ਲਗਾਕੇ ਰਹਿਣਾ ਪੈਂਦਾ ਹੈ ਜਿਵੇਂ ਕਾਲ਼ੇ ਕੱਛਿਆਂ ਵਾਲੇ ਆਉਂਦੇ ਤੇ ਲੋਕ ਆਪਣੀ ਰਾਖੀ ਪਹਿਰੇ ਲਗਾ ਕੇ

ਆਪੇ ਕਰਦੇ।

ਉਸਨੇ ਪੰਜਾਬੀ ਗਾਇਕਾਂ ਵਿਚੋਂ ਕਿਸੇ ਦਾ ਪ੍ਰਭਾਵ ਨਹੀਂ ਕਬੂਲਿਆ, ਉਂਜ ਸੁਣਦਾ-ਮਾਣਦਾ ਸਭਨਾਂ ਨੂੰ ਹੀ ਹੈ। ਉਸ ਦੱਸਿਆ, "ਚਾਹੇ ਕੋਈ ਕਲਾਕਾਰ ਨਵਾਂ ਹੈ, ਪੁਰਾਣਾ ਜਾਂ ਹੰਢਿਆ ਹੋਇਆ, ਮੈਂ ਹਰੇਕ ਨੂੰ ਸੁਣਿਆ। ਸਭ ਤੋਂ ਵੱਧ ਪ੍ਰਭਾਵ ਉਸ ਜੋਗੀ ਦਾ ਹੀ ਹੈ, ਜਿਹਨੂੰ ਮੈਂ ਸਵੇਰੇ-ਸਵੇਰੇ ਸੁਣਦਾ ਹੁੰਦਾ ਸੀ। ਐਸੀ ਆਵਾਜ਼ ਮੈਂ ਅੱਜ ਤੱਕ ਨਹੀਂ ਸੁਣੀ। ਇਹ ਜੋਗੀ ਲੋਕ, ਪੈਸੇ-ਪੂਸੇ ਜਾਂ ਪਦਾਰਥਵਾਦ ਤੋਂ ਉੱਪਰ ਉੱਠੇ ਹੋਏ ਸੀ ਤੇ ਪਹੁੰਚੇ ਹੋਏ ਲੋਕ ਸੀ। ਸਾਡੇ ਹੁਣ ਦੇ ਸੂਫੀ ਗਾਇਕ ਭਲਾ ਇਹਨਾਂ ਲੋਕਾਂ ਦੇ ਮੁਕਾਬਲੇ ਕੀ ਨੇ ? ਲੱਖਾਂ ਰੁਪਏ ਸ਼ੋਅ ਦੇ ਲੈਣੇ, ਵਧੀਆ ਵਿਦੇਸ਼ੀ ਕਾਰਾਂ ਵਿਚ ਜਾਣਾ, ਏ.ਸੀ. 'ਚ ਰਹਿਣਾ। ਆਮ ਲੋਕਾਂ ਤੋਂ ਉੱਪਰ। ਇਹ ਲੋਕ ਫ਼ਕੀਰੀ ਜਾਂ ਸੂਫੀਆਨਾ ਗਾਇਕੀ ਦੇ ਮਾਲਕ ਨਹੀਂ ਹੋ ਸਕਦੇ। ਮੈਂ ਸੱਚੀ ਕਹਿਨਾ ਆਂ... ਸਾਧਾਂ ਨੂੰ ਕੀ ਸੁਆਦਾਂ ਨਾਲ, ਜੋ ਮਿਲਿਆ ਰੁੱਖਾ-ਸੁੱਕਾ ਖਾ ਲਿਆ, ਇਹ ਕਿਧਰਲੇ ਸੂਫੀ ਹੋਏ ? ਸੂਫ਼ੀ ਗਾਇਕ ਉਹ ਐ ਜਿਹੜਾ ਤੂੰਬਾ ਫੜ ਕੇ ਕਿਸੇ ਜੰਗਲ-ਉਜਾੜ ਵਿਚ ਗਾ ਰਿਹਾ ਐ, ਜਾਂ ਗਲੀਆਂ-ਬਾਜ਼ਾਰਾਂ ਵਿਚ ਗਾਉਂਦਾ ਫਿਰਦਾ ਐ ਪੱਤੇ-ਪੁੱਤੇ ਖਾ ਕੇ ਗੁਜ਼ਾਰਾ ਕਰਦਾ ਹੈ, ਕਿਸੇ ਡੇਰੇ 'ਚ ਗਾ ਰਿਹਾ ਹੈ। ਕੋਈ ਲਾਲਚ ਨਹੀਂ, ਕੋਈ ਝੋਰਾ ਨਹੀਂ, ਕੋਈ ਵਿਖਾਵਾ ਨਹੀ, ਕੋਈ ਪਾਖੰਡ ਨਹੀਂ। ਸਭ ਕੁਝ ਤੋਂ ਬੇਪ੍ਰਵਾਹ ਤੇ ਨਿਰਲੇਪ ਐ, ਉਹੀ ਐ ਸੱਚਾ ਸੂਫੀ।"

ਉਹਨੇ ਆਖਿਆ, "ਮੈਂ ਤਾਂ ਇਹੋ ਜੇ ਪਾਖੰਡਾਂ 'ਚ ਵਿਸਵਾਸ਼ ਨੀ ਰਖਦਾ, ਜੇ ਮੈਂ ਕਦੇ ਸੂਫ਼ੀ ਗਾਇਕ ਬਣਿਆ ਤਾਂ ਏਦਾਂ ਨੀ... ਫੇ ਸਭ ਕੁਛ ਨੂੰ ਠੋਕਰ ਮਾਰ ਜੂੰ... ਘਰ-ਬਾਰ ਸਭ ਕੁਛ ਤਿਆਗ ਕੇ... ਫੇ ਲੋਕਾਂ ਲਈ ਨੀ ਗਾਉਣਾ... ਆਵਦੀ ਰੂਹ ਲਈ ਗਾਉਣੈ...।"

ਬੱਬੂ ਦੇ ਮਨ-ਭਾਉਂਦਾ ਸਿੰਗਰ ਸੁਖਵਿੰਦਰ ਹੈ, ਉਸ ਬਾਰੇ ਤਾਂ ਬੱਬੂ ਇਥੋਂ ਤੀਕ ਆਖਦਾ ਹੈ, "ਪੰਜਾਬ ਵਿਚ ਜੋ ਸਿੰਗਰ ਪੰਜਾਬੀ ਗਾਇਕੀ ਦੇ ਜਾਂ ਕਲਾਸਿਕ ਗਾਇਕੀ ਦੇ ਉੱਤਮ ਲੋਕ-ਗਾਇਕ ਜਾਂ ਮਾਹਰ ਅਖਵਾਉਣ ਦਾ ਦਾਅਵਾ ਕਰਦੇ ਨੇ, ਸੁਖਵਿੰਦਰ ਉਹਨਾਂ ਸਭਨਾਂ ਤੋਂ ਉੱਪਰ ਐ।"

ਬੱਬੂ ਰੱਬ ਉੱਪਰ ਬਹੁਤ ਵਿਸਵਾਸ਼ ਕਰਦਾ ਹੈ, ਹਰ ਗੱਲ 'ਚ ਕਹੇਗਾ, "ਰੱਬ ਨੇ ਸੁਣ ਲਈ, ਬੜਾ ਅੱਛਾ, ਰੱਬ ਨੇ ਕਿਰਪਾ ਕੀਤੀ।" ਗੱਲ ਕੀ, ਗੱਲ-ਗੱਲ 'ਚ ਰੱਬ ਦੀ ਕਿਰਪਾ ਹੀ ਮੰਨਦਾ ਹੈ। ਆਪਣੇ ਸੰਘਰਸ਼ ਬਾਰੇ ਉਸ ਆਖਿਆ, "ਮੈਂ ਸੰਘਰਸ਼ ਕੀਤੈ, ਪਰ ਹੋਰਾਂ ਵਾਂਗ ਤਰਸ ਦਾ ਪਾਤਰ ਨਹੀਂ ਬਣਿਆ। ਮੈਂ ਕਦੇ ਏਦਾਂ ਵੀ ਨਹੀਂ ਆਮ ਹੋਰਾਂ ਕਲਾਕਾਰਾਂ ਵਾਂਗ ਕਿਤੇ ਕਿਸੇ ਥਾਂ ਦਸ ਬੰਦੇ ਬੈਠੇ ਹੋਣ, ਤੇ ਮੈਂ ਜਾ ਕੇ ਹਾੜ੍ਹੇ ਘੱਤੇ ਹੋਣ ਬਈ ਮੇਰਾ ਗੀਤ ਸੁਣ ਲੌ, ਮੇਰਾ ਗੀਤ ਸੁਣ ਲੌ। ਹਾਂ, ਜੇ ਕਿਤੇ ਕਿਸੇ ਨੇ ਦਸ ਵਾਰੀ ਆਖਿਐ ਫੇ ਮੈਂ ਕਿਤੇ ਇਕ ਵਾਰੀ ਗਾਇਆ ਹੋਊ। ਏਦਾਂ ਮੈਨੂੰ ਕਦੇ ਕਿਸੇ ਅੱਗੇ "ਬਿਚਾਰਾ ਜਿਹਾ" ਬਣਨ ਜਾਂ ਉੱਥੇ ਹਮਦਰਦੀ ਲੈਣ ਲਈ ਨਹੀਂ ਜਾਣਾ ਪਿਆ, ਹਾਂ ਸਟਰਗਲ ਜ਼ਰੂਰ ਕੀਤੀ, ਸਮੇਂ ਦੀ ਉਡੀਕ ਮੈਂ ਕਰਦਾ ਰਿਹਾ ਆਂ... ਮੈਂ ਏਹ ਮਹਿਸੂਸ ਕੀਤੈ ਹਮੇਸ਼ਾ ਕਿ ਜਿਹੜੇ ਕੰਮ 'ਚ ਮੜਕ ਨਹੀਂ, ਉਹ ਕੰਮ ਕਰਨ ਦਾ ਕੀ ਫੈਦਾ ਐ।"



ਬੱਬੂ ਨੇ ਇਕ ਹੋਰ ਇਹਨਾਂ ਗੱਲਾਂ ਦੇ ਨਾਲ ਜੋੜਕੇ ਆਖੀ, "ਜਦੋਂ ਕਿਸੇ ਦੀ ਕੋਈ ਚੀਜ਼ ਨਿਕਲਦੀ ਆ, ਜਾਂ ਕੋਈ ਵੱਡਾ ਬਣਦੈ, ਤਾਂ ਲੋਕੀਂ ਕਲੇਮ ਕਰਨ ਲੱਗ ਜਾਂਦੇ ਆਂ, ਯਾਰ ਏਹ ਤਾਂ ਉਹੀ ਆ ਆਪਣੇ ਕੋਲ ਆ-ਆ ਕੇ ਹਾੜ੍ਹੇ ਕਢਦਾ ਰਿਹੈ... ਮੇਰੇ ਬਾਰੇ ਤੁਹਾਨੂੰ ਕੋਈ ਏਦਾਂ ਨਹੀਂ ਆਖੇਗਾ ਕਿ ਉਹੀ ਬੱਬੂ ਮਾਨ ਐਂ.... ਮੈਂ ਜਿੱਥੇ ਗਾਇਆ, ਪੂਰੀ ਟੌਹਰ ਨਾਲ ਗਾਇਐ, ਜਿੱਦਾਂ ਜੱਟਾਂ ਦੀ ਹੈਂਕੜ ਹੁੰਦੀ ਆ ਨਾ, ਬਈ ਮੈਂ ਤਾਂ ਐਂ ਈ ਗਾਉਂਣੈ, ਸਸਤਾ ਨੀ ਗਾਇਆ, ਮਜਬੂਰ ਹੋ ਕੇ ਨੀ ਗਾਇਆ, ਜੇਹੜੀ ਸਟਰਗਲ ਵੀ ਕੀਤੀ ਆ ਉਹ ਵੀ ਐਂ ਈ ਕੀਤੀ ਆ ਟੌਹਰ ਨਾਲ.... ਏਹ ਨੀ ਬਈ ਦਸ ਦਿਨ ਭੁੱਖੇ ਰਹਿਕੇ ਕੱਟੇ.... ਜਾਂ ਕਿਸੇ ਦੇ ਗੋਡੇ ਘੁੱਟੇ, ਮਿਲਿਆ ਮੈਂ ਬੰਦਿਆਂ ਨੂੰ ਬਹੁਤ, ਰੱਬ ਦੀ ਕਿਰਪਾ ਨਾਲ ਵਧੀਆ ਸਰਕਲ ਸੀ, ਰਿਲੇਸ਼ਨ ਸੀ ਸਾਰਿਆਂ ਨਾਲ ਵਧੀਆ.... ਜੀਹਨੂੰ ਵੀ ਅਪਰੋਚ ਕਰਨਾ ਹੁੰਦਾ ਸੀ ਸਿੱਧਾ ਜਾ ਕੇ ਅਪਰੋਚ ਕਰ ਲੈਂਦੇ ਸੀ, ਥੱਲੇ ਲੱਗਕੇ ਕਦੀ ਨੀ... ਨੀਵੇਂ ਹੋ ਕੇ ਨੀ... ਟੌਹਰ ਨਾਲ...। ਪ੍ਰਮਾਤਮਾ ਦੀ ਬਹੁਤ ਬੜੀ ਕਿਰਪਾ ਮੇਰੇ 'ਤੇ, ਬਈ ਮੈਨੂੰ ਗਾਉਣ ਲਈ ਮਜਬੂਰ ਨੀ ਹੋਣਾ ਪਿਆ, ਰੱਬ ਦੀ ਕਿਰਪੈ....।"

ਕੈਸਟ ਕੰਪਨੀਆਂ ਤੇ ਕਲਾਕਾਰਾਂ ਤੇ ਸੰਦਰਭ 'ਚ ਉਸਦਾ ਆਖਣਾ ਹੈ, "ਕੰਪਨੀਆਂ ਵਾਲੇ ਕੁਝ ਅਜਿਹੇ ਹਨ ਜੋ ਨਵੇਂ-ਨਵੇਂ ਉੱਠੇ ਕਲਾਕਾਰਾਂ ਨੂੰ ਮੂਰਖ ਬਣਾਉਂਦੇ ਨੇ, ਜੋ ਵੀ ਨਵੇਂ ਮੁੰਡੇ ਸਿੰਗਰ ਉੱਠਦੇ ਨੇ, ਕੰਪਨੀ ਵਾਲੇ ਉਹਨਾਂ ਨੂੰ ਬਾਊਂਡ ਕਰ ਲੈਂਦੇ ਨੇ ਤੇ ਸਿੰਗਰ ਚਾਅ-ਚਾਅ ਵਿਚ ਸਭ ਕੁਝ ਕਰੀ ਜਾਂਦੇ ਨੇ, ਜਦੋਂ ਕੋਈ ਚੱਲ ਨਿਕਲਦੈ ਫੇਰ ਪਛਤਾਵਾ ਹੁੰਦਾ ਐ, ਏਦਾਂ ਪਹਿਲੋ-ਪਹਿਲ ਮੈਨੂੰ ਵੀ ਹੋਇਆ ਕਿ ਮੈਂ ਬਹੁਤ ਬੜੀ ਗ਼ਲਤੀ ਕੀਤੀ ਆ। ਏਹ ਕੰਪਨੀਆਂ ਕਹਿੰਦੀਆਂ ਨੇ ਕਿ ਅਸੀਂ ਕਲਾਕਾਰ ਪੈਦਾ ਕਰਦੀਆਂ, ਮੈਂ ਇਹ ਗੱਲ ਦਾਅਵੇ ਨਾਲ ਕਹਿੰਨੈ ਕਿ ਕੰਪਨੀਆਂ ਕਲਾਕਾਰ ਨਹੀਂ ਪੈਦਾ ਕਰਦੀਆਂ, ਸਗੋਂ ਕਲਾਕਾਰ ਕੰਪਨੀਆਂ ਪੈਦਾ ਕਰਦੇ ਨੇ। ਕੰਪਨੀਆਂ ਤਾਂ ਕਲਾਕਾਰਾਂ ਤੇ ਗੀਤਕਾਰਾਂ ਤੋਂ ਵੀ ਵੱਧ ਨਾਵਾਂ ਤੇ ਨਾਮਾਂ ਕਮਾ ਜਾਂਦੀਐਂ... ਏਹ ਕਿਸੇ ਨੂੰ ਕਲਾਕਾਰ ਨੀ ਬਣਾ ਸਕਦੀਆਂ। ਸੁਣੋ ਮੇਰੀ ਗੱਲ, ਇਕ ਤਾਂ ਤੁਸੀਂ ਬਚਪਨ ਤੋਂ ਗਾਉਣੇ ਓਂ, ਲਿਖਦੇ ਓਂ, ਗੀਤ, ਫੇ ਤਰਜ਼ਾਂ ਬਣੌਨੇ ਓਂ, ਸਿਰ ਖਪਾਈ ਕਰਦੇ ਓਂ, ਟਾਈਮ ਜ਼ਾਇਆ ਹੁੰਦੈ, ਜਨੂੰਨ ਹੁੰਦੈ, ਕੀ ਏਸ ਸਭ ਕਾਸੇ ਦੀ ਵੈਲੀਊ ਈ ਕੋਈ ਨੀ ਯਾਰ ? ਬਈ ਜੇ ਕੰਪਨੀ ਨੇ ਪੰਜ-ਸੱਤ ਲੱਖ ਰੁਪੱਈਆ ਲਗਾ ਦਿੱਤਾ ਤਾਂ ਉਹ ਆਖੀ ਜਾਵੇ ਬਈ ਇਹ ਸਾਡੀ ਹੀ ਦੇਣ ਆਂ, ਆਪਣੇ ਸਿਰ ਸਿਹਰਾ ਲਈ ਜਾਵੇ। ਜਿਹੜੇ ਕੰਪਨੀ ਵਾਲੇ ਇਹ ਕਹਿੰਦੇ ਨੇ ਕਿ ਅਸੀਂ ਕਲਾਕਾਰ, ਸੁਪਰ-ਸਟਾਰ ਬਣੌਨੇ ਆਂ... ਫੇਰ ਉਹ ਇਕ ਨੂੰ ਹੀ ਕਿਉਂ ਬਣੌਨੇ ਆਂ, ਹੋਰ ਕਿਉਂ ਨਹੀਂ...। ਮੈਂ ਕਹਿੰਨੈ, ਨਾ ਕੋਈ ਕਿਸੇ ਨੂੰ ਬਣਾ ਸਕਦੈ, ਹਾਂ, ਤੁਸੀਂ ਪੌਲਿਸ਼ ਕਰ ਸਕਦੇ ਆਂ, ਬਾਕੀ ਕਿਸਮਤ ਐ, ਰੱਬ ਦੀ ਕਿਰਪਾ, ਕਲਾ ਦੀ, ਟੇਲੈਂਟ ਦੀ ਗੱਲ ਆ, ਜੋ ਪ੍ਰਮਾਤਮਾ ਨੇ ਲਿਖਿਐ, ਉਹ ਹੋਣਾ ਈ ਹੋਣੈ ਹੁੰਦੈ।"

...... ...... ......

ਬੱਬੂ ਮਾਨ ਨੇ ਪਹਿਲਾ ਗੀਤ 1984 'ਚ ਲਿਖਿਆ। ਹੋਇਆ ਇਉਂ ਕਿ

ਘਰਦਿਆਂ ਨੇ ਉਹਨੂੰ ਖੇਤ ਭੇਜ ਦਿੱਤਾ ਕਿ ਭਈਏ ਨੂੰ ਘਰੇ ਭੇਜ, ਕੰਮ ਹੈ, ਤੂੰ ਕਣਕ ਨੂੰ ਪਾਣੀ ਲਗਾ ਜਾਕੇ। ਬੱਬੂ ਕਹੀ ਚੁੱਕ ਕੇ ਤੁਰ ਪਿਆ ਤੇ ਕਣਕ ਨੂੰ ਪਾਣੀ ਲਾਉਣ ਲੱਗਿਆ। ਖ਼ਾਲ਼ ਦੇ ਨੱਕੇ ਮੋੜਦਿਆਂ ਉਸ ਗੀਤ ਲਿਖਿਆ :

ਤੁਰ ਪਰਦੇਸ ਗਿਉਂ
ਸੁੰਨੀਆਂ ਛੱਡ ਗਿਉਂ ਰਾਹਵਾਂ
ਕੱਲ ਮੁਕੱਲਾ ਖੂਹ ਆਪਣੇ 'ਤੇ
ਕਣਕ ਨੂੰ ਪਾਣੀ ਲਾਵਾਂ
ਤੇਰੀ ਯਾਦ ਵਿਚ ਸੁਹਣਿਆਂ ਸੱਜਣਾ
ਗੀਤ ਹਿਜ਼ਰ ਦੇ ਗਾਵਾਂ
ਤੁਰ ਪ੍ਰਦੇਸ ਗਿਉਂ
ਸੁੰਨੀਆਂ ਛੱਡ ਗਿਉਂ ਰਾਹਵਾਂ....

ਬੱਬੂ ਨੇ ਆਪਣੀਆਂ ਦੋਵਾਂ ਕੈਸਿਟਾਂ ਦੇ ਗੀਤ ਆਪੇ ਈ ਲਿਖੇ ਹਨ। ਗੀਤ ਉਹ ਟਿਕ-ਬੈਠ ਕੇ ਜਾਂ ਇਕੋ-ਵਾਰੀ ਵਿਚ ਨਹੀਂ ਲਿਖ ਸਕਦਾ, ਸਗੋਂ ਤੁਰਿਆ ਫਿਰਦਾ ਜਾਂ ਸਫ਼ਰ 'ਚ ਜਾਂਦਾ ਜਾਂ ਅੱਧੀ ਰਾਤ ਨੂੰ ਜਾਗ ਕੇ ਲਿਖਦਾ ਹੈ। ਜੇ ਉਸ ਕੋਲ ਕਾਗਜ਼ ਨਾ ਹੋਵੇ ਤਾਂ ਹੱਥ ਦੀ ਤਲੀ ਉੱਤੇ ਲਿਖ ਲੈਂਦਾ ਹੈ। ਜੇ ਉਸਨੂੰ ਕੋਈ ਆਖੇ ਬਈ ਅਹਿ ਗੀਤ, ਏਦਾਂ ਲਿਖ ਕੇ ਦੇਹ, ਤਾਂ ਉਹ ਨਹੀਂ ਲਿਖ ਸਕਦਾ। ਉਸ ਦੱਸਿਆ, ਕਿ ਬਹੁਤੇ ਗੀਤ ਤਾਂ ਉਸ ਨੇ ਹੋਟਲਾਂ-ਢਾਬਿਆਂ ਉੱਤੇ ਬੈਠ ਕੇ ਲਿਖੇ ਹਨ।

ਬੱਬੂ ਮਾਨ ਆਪਣੇ ਆਪ ਨੂੰ 'ਸਟਾਰ ਗਾਇਕ' ਨਹੀਂ ਸਮਝਦਾ। ਉਸ ਅਨੁਸਾਰ ਸਟਾਰ ਤਾਂ ਉਹ ਹੁੰਦੇ ਨੇ ਜਿਹਨੂੰ ਹੱਥ ਲਾਉਣ ਲਈ ਲੋਕ ਤਰਸਦੇ ਫਿਰਦੇ ਹਨ, ਲੋਕਾਂ ਦੀ ਪਹੁੰਚ ਤੋਂ ਉਹ ਬਾਹਰ ਹੁੰਦੇ ਹਨ, ਆਕੜ-ਆਕੜ ਕੇ ਤੁਰਦੇ ਹਨ। ਨੱਕ-ਬੁੱਲ੍ਹ ਚੜ੍ਹਾਉਂਦੇ ਹਨ। ਬੱਬੂ ਕਹਿੰਦਾ ਹੈ, "ਕਲਾਕਾਰ ਇੱਕ ਆਮ ਇਨਸਾਨ ਦੀ ਤਰ੍ਹਾਂ ਈ ਹੋਣਾ ਚਾਹੀਦੈ, ਜੇ ਕੋਈ ਗਰੀਬ ਬੰਦਾ, ਚਾਹੇ ਕੋਈ ਵੀ, ਸੜਕ ਉੱਤੇ ਬੈਠ ਕੇ ਚਾਹ ਪੀ ਸਕਦੈ ਤਾਂ ਮੈਂ ਕਿਉਂ ਨਹੀਂ ਪੀ ਸਕਦਾ ? ਕਲਾਕਾਰ ਲੋਕਾਂ ਦੇ ਬਣਾਏ ਈ ਬਣਦੇ ਨੇ, ਇਸ ਲਈ ਲੋਕਾਂ ਵਿਚ ਵਿਚਰਦਿਆਂ ਕੋਈ ਹਰਜ਼ ਨਹੀਂ ਹੋਣਾ ਚਾਹੀਦਾ। ਕਲਾਕਾਰ ਤਾਂ ਸਮਾਜ ਦਾ ਕਰਜ਼ ਲਾਹੁੰਦੇ ਨੇ, ਸਾਡਾ ਇਹ ਫਰਜ਼ ਆ। ਜਿੱਦਣ ਮੈਂ ਆਪਣੇ ਆਪ ਨੂੰ ਸਟਾਰ ਸਮਝਣ ਲੱਗ ਪਿਆ ਓਦਣ ਲੋਕਾਂ ਨਾਲੋਂ ਟੁੱਟ ਜਾਊਂਗਾ, ਮੇਰੇ ਮਾੜੇ ਦਿਨ ਸ਼ੁਰੂ ਹੋ ਜਾਣਗੇ। ਚੰਗਾ ਕਲਾਕਾਰ ਕਦੇ ਕਿਸੇ ਨਾਲ ਈਰਖਾ ਨਹੀਂ ਕਰਦਾ, ਬੇਪ੍ਰਵਾਹ ਹੋ ਕੇ ਆਪਣੀ ਧੁੰਨ ਵਿਚ ਮਸਤ ਰਹਿੰਦਾ ਹੈ, ਸਾਡੇ ਪੰਜਾਬ ਦੇ ਗਾਇਕ-ਕਲਾਕਾਰ ਤਾਂ ਇਕ ਦੂਜੇ ਨੂੰ ਦੇਖ-ਦੇਖ ਕੇ ਤੇ ਉਸਦੀ ਨਿੰਦਾ ਕਰ-ਕਰ ਕੇ ਸੜੇ ਪਏ ਨੇ, ਹਰੇਕ, ਹਰੇਕ ਦੀਆਂ ਬੁਰਾਈਆਂ ਉਭਾਰਦੈ ਏਥੇ ਤਾਂ। ਦੇਖੋ, ਬੰਬੇ ਫਿਲਮੀਂ ਕਲਾਕਾਰਾਂ ਦੀਆਂ ਕਾਮਯਾਬ ਯੂਨੀਅਨਾਂ ਨੇ, ਜੇ ਕਿਸੇ ਨੂੰ ਕੋਈ ਭੀੜ ਪਵੇ ਤਾਂ ਝੱਟ ਉਹ 'ਕੱਠੇ ਹੋ ਜਾਂਦੇ ਨੇ, ਤੇ ਸਾਡੇ ਪੰਜਾਬ ਵਾਲੇ ਤਾਂ ਸਗੋਂ ਆਪਣੇ ਸਾਥੀ ਦੇ ਵਿਰੋਧੀਆਂ ਦੀ ਮੱਦਦ 'ਤੇ ਜਾਣਗੇ। ਤਦੇ ਈ ਇਹਨਾਂ ਦੀ ਸਾਰੀ ਜ਼ਿੰਦਗੀ ਏਕਤਾ ਨਹੀਂ ਹੋ ਸਕਦੀ, ਕਦੇ ਦੇਖੀ ਆ ਇਹਨਾਂ ਦੀ ਏਕਤਾ ਕਿਸੇ ਨੇ ? ਡਾਕਟਰਾਂ ਦੀ ਯੂਨੀਅਨ, ਮਾਸਟਰਾਂ ਦੀ ਯੂਨੀਅਨ, ਗੱਲ ਕੀ, ਹਰ ਕਿਸੇ ਦੀ ਯੂਨੀਅਨ, ਹੁਣ



ਤਾਂ ਦੋਧੀਆਂ ਦੀ ਵੀ ਯੂਨੀਅਨ ਐਂ ਪੰਜਾਬ 'ਚ। ਪਰ ਪੰਜਾਬੀ ਗਾਇਕਾਂ ਦੀ ਯੂਨੀਅਨ ਕਿੱਥੇ ? ਮੇਰੀ ਗੱਲ ਈ ਤੁਸੀਂ ਲੈ ਲੋ.... ਮੇਰਾ ਕੈਟਰਿਕ ਨਾਲ ਝਗੜਾ ਪਿਆ, ਰੱਬ ਨੇ ਦਇਆ ਕੀਤੀ, ਰੱਬ ਨੇ ਸਾਥ ਦਿੱਤਾ, ਬੰਦੇ ਕਿਸੇ ਨੇ ਨਹੀਂ ਸਾਥ ਦਿੱਤਾ। ਜੇ ਕੈਟਰਿਕ ਰੱਬ ਹੁੰਦੀ, ਮੈਨੂੰ ਬਣੌਨ ਵਾਲੀ ਉਹੋ ਹੁੰਦੀ, ਤਾਂ ਮੇਰੀ ਹੁਣ ਵਾਲੀ 'ਸਾਉਣ ਦੀ ਝੜੀ' ਕਿੱਦਾਂ ਚੱਲ ਗਈ ? ਫੇ ਏਹ ਨਾ ਫਲਾਪ ਹੋਈ ? ਸਭ ਕੁਝ ਕਰਨੇ ਵਾਲਾ ਰੱਬ ਈ ਆ, ਪ੍ਰਮਾਤਮਾ ਈ.... ਉਹਦੀ ਕਿਰਪੈ।"

ਬੱਬੂ ਮਾਨ ਆਪਣੇ ਮਨ ਆਈਆਂ ਗੱਲਾਂ ਕਰਦਾ ਰਿਹਾ, ਮੈਂ ਜੋ ਪੁੱਛਿਆ, ਆਪਣੀ ਜਾਣੇ ਉਹ ਤਸੱਲੀ ਬਖਸ਼ ਉੱਤਰ ਦੇਈ ਗਿਆ, ਮੈਨੂੰ ਉਸਦੀਆਂ ਗੱਲਾਂ ਤੋਂ ਭਾਸਦਾ ਸੀ ਕਿ ਉਹ ਸੱਚ ਆਖਣ ਦੀ ਜੁਅੱਰਤ ਰੱਖਦਾ ਹੈ, ਥੋੜ੍ਹਾ ਕੁ ਅੜੀਅਲ ਵੀ ਹੈ, ਤੇ ਅੜੀ ਵੀ ਉਹਦੀ ਸਭਨਾਂ ਨਾਲੋਂ ਵਿਲੱਖਣ ਹੈ।

ਬੱਬੂ ਤੋਂ ਮੈਨੂੰ ਇਸ ਗੱਲ ਦੀ ਉੱਕਾ ਹੀ ਆਸ ਨਹੀਂ ਸੀ ਜੋ ਉਸ ਨੇ ਗੱਲੀਂ-ਗੱਲੀਂ ਆਖ ਦਿੱਤੀ, "ਦੇਖੋ ਭਾਜੀ, ਕੋਈ ਐਸੀ ਯੂਨੀਅਨ ਹੋਵੇ ਪੰਜਾਬ ਵਿਚ, ਜੋ ਲੋੜਵੰਦ ਤੇ ਗਰੀਬ ਸਾਹਿਤਕਾਰਾਂ, ਕਲਾਕਾਰਾਂ ਤੇ ਗੀਤਕਾਰਾਂ ਦੀ ਸਹੈਤਾ ਕਰੇ, ਕਈ ਐਹੋ ਜੇ ਰਾਈਟਰ ਨੇ ਜੋ ਬੜਾ ਵਧੀਆ ਲਿਖਦੇ ਆ ਪਰ ਰੋਟੀ ਨੂੰ ਤਰਸਦੇ ਨੇ। ਨੰਦ ਨਾਲ ਨੂਰਪੁਰੀ ਘਰ ਦੀਆਂ ਆਰਥਿਕ ਸਮੱਸਿਆਵਾਂ ਵਿਚ ਘਿਰਿਆ-ਘਿਰਿਆ ਖੂਹ ਵਿਚ ਟਪੂਸੀ ਲਾ ਗਿਆ ਤੇ ਸਾਡੇ ਕਲਾਕਾਰ ਉਸਦੇ ਗੀਤ ਗਾਕੇ ਕਿੰਨੇ-ਕਿੰਨੇ ਪੈਸੇ ਕਮੌਂਦੇ ਆ, ਉਹ ਭੁੱਖਾ ਮਰਿਆ। ਬਾਵਾ ਬਲਵੰਤ ਦਾ ਪਤਾ ਈ ਨੀ ਲੱਗਿਆ, ਕਦੋਂ ਤੁਰ ਗਿਆ। ਦੀਪਕ ਜੈਤੋਈ ਜੀ ਦਾ ਕਿੰਨਾ ਮਾੜਾ ਹਾਲ ਐ। ਪਟਿਆਲੇ ਵਾਲੇ ਬਾਕਰ ਹੁਸੈਨ ਉਸਤਾਦ ਜੀ ਨੇ, ਕਿੱਡੇ ਮਹਾਨ ਲੋਕ ਨੇ ਇਹ, ਅਸੀਂ ਤਾਂ ਇਹਨਾਂ ਦੇ ਚਰਨ ਛੂਹਣ ਦੇ ਕਾਬਲ ਵੀ ਨਹੀਂ.... ਇਹਨਾਂ ਦੇ ਨੇੜੇ-ਤੇੜੇ ਵੀ ਨਹੀਂ ਆਂ ਅਸੀਂ ਤਾਂ.... ਇਹਨਾਂ ਲੋਕਾਂ ਦੀਆਂ ਸੋਚਾਂ ਨੇ ਉੱਚੀਆਂ, ਪਰ ਕਿਸੇ ਨੇ ਇਹਨਾਂ ਨੂੰ ਸਾਂਭਿਆ ਨਹੀਂ। ਅੱਜ ਜੇ ਕੋਈ ਮੈਨੂੰ ਆਖੇ ਕਿ ਫਲਾਣੇ ਮੇਲੇ 'ਚ ਬੱਬੂ ਨੂੰ ਸਨਮਾਨਿਤ ਕਰਨੈ, ਨਾ-ਨਾ, ਨਾ ਮੈਂ ਕੀ ਕੀਤੈ ਅਜੇ, ਦੋ ਸਾਲ ਤਾਂ ਹੋਏ ਆ ਏਸ ਫੀਲਡ 'ਚ ਆਏ ਨੂੰ। ਇਹ ਸਭਿਆਚਾਰਕ ਮੇਲੇ ਗੰਦੀ ਦੌੜ ਆ। ਅਜੇ ਤਾਂ ਮੇਰੀ ਕੋਸ਼ਿਸ਼ ਆ ਕਿ ਕੁਝ ਕਰਾਂ, ਸਨਮਾਨਿਤ ਉਹਨਾਂ ਲੋਕਾਂ ਨੂੰ ਕਰੋ ਜਿਨ੍ਹਾਂ ਨੇ ਕੁਝ ਕਰਿਆ ਐ। ਸਿੰਗਰ ਨੂੰ ਤਾਂ ਹਰੇਕ ਈ ਸਨਮਾਨਿਤ ਕਰਦੈ, ਕਦੇ ਰਾਈਟਰਾਂ ਵਿਚਾਰਿਆਂ ਦਾ ਨਾਂ ਈ ਨੀ ਆਉਂਦਾ, ਉਹ ਅਣਗੌਲੇ ਈ ਰਹਿ ਜਾਨੇ ਐਂ। ਉਹ ਕਿੰਨੀ ਮਿਹਨਤ ਕਰਦੇ ਐ, ਕਿੰਨੀ ਤੰਗੀ ਕੱਟਦੇ ਐ, ਮਾੜੀਆਂ ਹਾਲਤਾਂ 'ਚ, ਏਹਨਾਂ ਦੀ ਹੈਲਪ ਵਾਲੇ ਅੱਗੇ ਆਉਣ।"

ਬੱਬੂ ਮਾਨ ਨੇ ਕਿਸੇ ਨੂੰ ਆਪਣਾ ਉਸਤਾਦ ਨਹੀਂ ਮੰਨਿਆ। ਉਂਜ ਉਸਨੇ ਸੰਗੀਤ ਸਿੱਖਿਆ ਕਈ ਸਾਰੇ ਸੰਗੀਤ ਅਧਿਆਪਕਾਂ ਪਾਸੋਂ ਹਾਸਲ ਕੀਤੀ, ਉਹ ਆਖਦੈ, "ਉਸਤਾਦ ਤਾਂ ਭਾਜੀ, ਰੱਬ ਈ ਆ ਸਭ ਕੁਛ, ਰੱਬ ਦੀ ਕਿਰਪੈ... ਉਂਜ ਵਾਜਾ, ਗਟਾਰ, ਮੈਂਡੋਲੀਅਨ, ਡਰੰਮ ਸੈੱਟ ਆਦਿ ਏਹ ਸਭ ਕੁਛ ਮੈਂ ਚੰਗੀ ਤਰ੍ਹਾਂ ਵਜਾ ਲੈਨਾ ਆਂ।"

ਉਸ ਨੇ ਆਪਣੀ ਜ਼ਿੰਦਗੀ ਵਿਚ ਐਸ਼ ਬੜੀ ਕੀਤੀ ਹੈ, ਬੜੇ ਸੁਆਦ ਤੇ ਰੰਗ-ਰਸ ਮਾਣੇ ਹਨ। ਜ਼ੇਲ੍ਹ ਯਾਤਰਾ ਵੀ ਉਸ ਕੀਤੀ ਹੈ। ਪੁਲਿਸ ਮਹਿਕਮੇ ਨਾਲ ਵੀ

ਚੰਗਾ ਵਾਹ-ਵਾਸਤਾ ਰਿਹਾ ਹੈ। ਅੱਧੀ ਰਾਤ ਨੂੰ ਜੇ ਉਹ ਢਾਬੇ ਤੋਂ ਰੋਟੀ ਖਾ ਕੇ ਆਪਣੇ ਕਮਰੇ 'ਚ ਪਰਤਿਆ ਹੈ ਤਾਂ ਫਿਰ ਵੀ ਟਿਕ ਕੇ ਪਿਆ ਜਾਂ ਬੈਠਿਆ ਨਹੀਂ, ਫਿਰ ਬਾਹਰ ਨੂੰ ਸੁੰਨ-ਵੀਰਾਨ ਜਾਂ ਖੁੱਲ੍ਹੇ ਥਾਵਾਂ ਵੱਨੀਂ ਨਿੱਕਲ ਪਿਆ ਹੈ, ਉਹ ਪੈਦਲ ਬਹੁਤ ਤੁਰਿਆ ਹੈ। ਅੱਧੀ-ਅੱਧੀ ਰਾਤ ਨੂੰ ਕਿਸੇ ਚਾਹ ਵਾਲੇ ਖੋਖੇ ਤੋਂ ਚਾਹ ਪੀਂਦਾ ਸੁੰਨੀ ਸੜਕ ਉੱਤੇ ਬੈਠਾ ਹੈ।

ਬੱਬੂ ਮਾਨ ਅਜੇ ਕਬੀਲਦਾਰੀ ਵਿਚ ਨਹੀਂ ਪਿਆ, ਸ਼ਾਇਦ ਇਸ ਲਈ ਵੀ ਉਹ 'ਮੌਜੀ' ਤੇ 'ਚੋਜੀ' ਹੈ। ਜਦ ਉਹ ਕਬੀਲਦਾਰੀ ਵਿਚ ਪੈ ਗਿਆ ਤਾਂ ਫੇਰ ਉਹਨੂੰ ਬਾਬੂ ਸਿੰਘ ਮਾਨ ਦਾ ਰਚਿਆ ਇਹ ਗੀਤ ਵੀ ਗਾਉਣਾ ਪੈ ਸਕਦਾ ਹੈ :

ਜਦੋਂ ਸਾਡੇ ਸਿਰ 'ਤੇ ਕਬੀਲਦਾਰੀ ਪੈ ਜੇ
ਫਿਰ ਮੱਖੀਆਂ ਦਾ ਉੱਡਣ ਉਡਾਈਆਂ
ਜਦੋਂ ਦੀ ਜੰਗੀਰੋ ਜੰਮ ਪਈ......

✪ ✪ ✪

# ਕੱਚ ਦਾ ਕੰਗਣ

ਸੰਨੀ ਮਾਨ ਨੂੰ ਮੈਂ ਪਹਿਲੀ ਵਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਯੁਵਕ ਮੇਲੇ 'ਤੇ ਦੇਖਿਆ। ਨਾਲ ਉਹਦੇ ਗਾਇਕ ਕਰਮਜੀਤ ਅਨਮੋਲ ਸੀ। ਇਕ ਮਿੱਤਰ ਨੇ ਦੱਸਿਆ, "ਏਹੇ ਸੰਨੀ ਮਾਨ ਹੈ, ਜੀਹਨੇ ਗੀਤ ਲਿਖਿਐ 'ਤੇਰੇ ਵਾਲਾਂ ਵਿਚਲਾ ਚੀਰ ਕੁੜੇ।"

ਮੈਂ ਆਖਿਆ, "ਕੀ ਹਾਲ ਐ ?" ਸੰਨੀ ਬੋਲਿਆ, "ਬੱਸ ਤੁਹਾਡਾ ਹੀ ਖ਼ਿਆਲ ਐ।" ਮੈਂ ਸੋਚਿਆ, ਬੜਾ ਤਿੱਖਾ ਜਿਹਾ ਹੈ। ਫਿਰ ਮੈਂ ਪੁੱਛਿਆ, "ਹੋਰ ਫਿਰ ਕਿਵੇਂ ਚੱਲ ਰਿਹੈ, ਕੀ ਕਰਦੇ ਓ ਅੱਜ ਕੱਲ ?"

"ਬੱਸ ਜੀ ਕਰਨਾ ਕੀ ਐ। ਭੁੱਖੇ ਮਰਦੇ ਆਂ... ਮੌਜਾਂ ਕਰਦੇ ਆਂ।" ਤੇ ਫੇਰ ਉਹ ਆਪੇ ਈ ਹੱਸਣ ਲੱਗਿਆ। ਆਪਣੇ ਨਾਲ ਦਿਆਂ ਨੂੰ ਵੀ ਗੱਲ-ਗੱਲ 'ਤੇ ਮਖੌਲ ਕਰਦਾ ਤੇ ਫੇਰ ਆਪੇ ਈ ਹਸਦਾ। ਜਿਵੇਂ ਹਰੇਕ ਦੀ ਗੱਲ ਨੂੰ ਹੀ 'ਟਿੱਚ' ਸਮਝ ਰਿਹਾ ਹੋਵੇ। ਫਿਰ ਆਖਣ ਲੱਗਿਆ, "ਆਪਾਂ ਤਾਂ ਗੁਆਂਢੀ ਆਂ, ਮੇਰਾ ਪਿੰਡ ਰਾਈਆਂ ਵਾਲਾ ਐ....।"

ਉਸ ਤੋਂ ਬਾਅਦ ਉਸ ਨਾਲ ਕੋਈ ਮੁਲਾਕਾਤ ਨਾ ਹੋਈ। ਗਾਂਧੀ ਸਕੂਲ ਵਿਚ ਉਸਨੇ ਇਕ ਵੱਡਾ ਸਭਿਆਚਾਰਕ ਮੇਲਾ ਕਰਵਾਇਆ, ਜਿਥੇ ਦਵਿੰਦਰ ਖੰਨੇਵਾਲਾ ਨੇ ਪਹਿਲੀ ਵਾਰੀ ਗਾਇਆ। ਹੋਰ ਵੀ ਨਾਮੀਂ ਕਲਾਕਾਰ ਆਏ। ਚੰਗਾ ਤਗੜਾ ਇਕੱਠ ਹੋਇਆ ਤੇ ਸੰਨੀ ਨੇ ਚੰਗੀ 'ਬਹਿਜਾ-ਬਹਿਜਾ' ਕਰਵਾਈ।

ਹੁਣ ਜਦੋਂ ਇਸ ਪੁਸਤਕ ਵਿਚ ਪੰਜਾਬ ਦੇ ਮਾਨਾਂ ਨੂੰ ਇਕੱਠਿਆਂ ਕਰ ਰਿਹਾ ਸਾਂ ਤਾਂ ਸੋਚਿਆ ਪਈ ਸੰਨੀ ਮਾਨ ਨਾਲ ਵੀ ਸੰਪਰਕ ਕੀਤਾ ਜਾਵੇ। ਕਿਸੇ ਮਿੱਤਰ



ਨੇ ਦੱਸਿਆ ਕਿ ਉਹ ਅਮਰੀਕਾ ਹੈ। ਮੇਰੇ ਕੋਲ ਉਸਦਾ ਫੋਨ ਜਾਂ ਪਤਾ ਵੀ ਨਹੀਂ ਸੀ। ਹਰਭਜਨ ਮਾਨ ਦੇ ਦਫ਼ਤਰ ਬੈਠਿਆ ਇਕ ਦਿਨ ਉਹਦਾ ਫ਼ੋਨ ਆਇਆ ਤਾਂ ਪਤਾ ਲੱਗਿਆ ਕਿ ਅਕਸਰ ਹੀ ਉਹਦਾ ਦੂਜੇ-ਚੌਥੇ ਨੂੰ ਏਥੇ ਫੋਨ ਆਉਂਦਾ ਰਹਿੰਦਾ ਹੈ। ਸੋ ਮੈਂ ਹਰਭਜਨ ਦੇ ਦਫ਼ਤਰ ਵਾਲਿਆਂ 'ਤੇ ਜ਼ਿੰਮੇਵਾਰੀ ਪਾ ਦਿੱਤੀ ਕਿ ਹੁਣ ਜਦ ਵੀ ਸੰਨੀ ਮਾਨ ਦਾ ਫੋਨ ਆਏ ਤਾਂ ਉਸਨੂੰ ਮੇਰਾ ਨੰਬਰ ਦੇਣਾ, ਮੇਰੇ ਨਾਲ ਗੱਲ ਕਰੇ।

ਸੰਨੀ ਮਾਨ ਦਾ ਫੋਨ ਆਉਂਦਾ, ਮੈਂ ਘਰ ਨਾ ਹੁੰਦਾ। ਘਰ ਆਉਂਦਾ ਤਾਂ ਘਰ ਦੇ ਸੁਨੇਹਾ ਦੇਂਦੇ। ਉਹਦੇ ਸੱਤ-ਅੱਠ ਫੋਨ ਆਉਣ 'ਤੇ ਵੀ ਮੇਰੇ ਨਾਲ ਸੰਪਰਕ ਨਾ ਹੋ ਸਕਿਆ।

ਇਕ ਰਾਤੀਂ ਉਸਦਾ ਫੋਨ ਆਇਆ, "ਬਾਈ ਜੀ, ਮੈਂ ਸੰਨੀ ਮਾਨ ਬੋਲ ਰਿਹਾਂ.... ਤੁਹਾਨੂੰ ਬੜੀ ਔਖ ਨਾਲ ਲੱਭਿਐ। ਐਨਾ ਤਾਂ ਵਾਜਪਾਈ ਨੂੰ ਲੱਭਣਾ ਔਖਾ ਨਹੀਂ। ਬੜੇ ਫ਼ੋਨ ਕੀਤੇ।"

ਸੁੱਖ-ਸਾਂਦ ਪੁੱਛਣ ਤੇ ਹੋਰ ਏਧਰ ਓਧਰ ਦੀਆਂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ, ਮੈਂ ਉਸਨੂੰ ਆਖਿਆ ਕਿ "ਮਾਨ ਪੰਜਾਬ ਦੇ" ਪੁਸਤਕ ਲਈ ਆਪਣਾ ਜੀਵਨ-ਬਿਊਰਾ ਲਿਖਕੇ ਅਤੇ ਕੁਝ ਚੋਣਵੇਂ ਫੋਟੋ ਭੇਜੇ। ਦੂਜੇ ਦਿਨ ਉਸ ਦਾ ਫਿਰ ਫੋਨ ਆਇਆ, "ਬਾਈ ਜੀ, ਮੈਥੋਂ ਨ੍ਹੀ ਲਿਖਿਆ ਜਾਂਦਾ ਜੀਵਨ-ਬਿਊਰਾ... ਗੱਲ ਨ੍ਹੀ ਅਹੁੜਦੀ... ਗੀਤ ਗੂਤ ਜੇ੍ਹ ਲਿਖ ਲਈਦੇ ਆ... ਫੋਟੋਆਂ ਮੈਂ ਥੋਨੂੰ ਈ-ਮੇਲ ਕਰਵਾ ਦਿੰਨੈ ਤੇ ਜੀਵਨ ਬਿਊਰਾ ਤੁਸੀਂ ਫ਼ੋਨ 'ਤੇ ਈ ਲਿਖ ਲਓ ਹੁਣੇ।"

ਫੋਨ 'ਤੇ ਹਾਸਲ ਹੋਈ ਜਾਣਕਾਰੀ ਇਸ ਲੇਖ ਵਿਚ ਭਰੀ ਗਈ ਹੈ।

ਸਭ ਤੋਂ ਪਹਿਲਾਂ ਗੱਲ ਸੰਨੀ ਮਾਨ ਦੇ ਗੀਤਾਂ ਦੀ ਕਰਦੇ ਹਾਂ। ਗੀਤ ਭਾਵੇਂ ਉਸਨੇ ਥੋੜ੍ਹੇ ਲਿਖੇ ਹਨ ਪਰ ਜਿੰਨੇ ਕੁ ਹਨ, ਚੰਗੇ ਹਨ। ਹਰਭਜਨ ਮਾਨ ਦਾ ਗਾਇਆ ਤੇ ਉਸਦਾ ਲਿਖਿਆ ਗੀਤ ਬਹੁ-ਪ੍ਰਸਿੱਧ ਹੈ।

ਸਾਨੂੰ ਬੜਾ ਪਿਆਰਾ ਲੱਗਦਾ ਏ
ਤੇਰੇ ਵਾਲਾਂ ਵਿਚਲਾ ਚੀਰ ਕੁੜੇ
ਕਿਉਂ ਹੱਥ ਵਿਖੌਨੀ ਫਿਰਦੀ ਏਂ
ਤੂੰ ਬਣ ਸਾਡੀ ਤਕਦੀਰ ਕੁੜੇ
ਇਹਨਾਂ ਪੰਡਤਾਂ ਤੈਨੂੰ ਕੀ ਦੱਸਣਾ
ਤੈਨੂੰ ਮੈਂ ਦੱਸਦਾਂ ਕੀ ਹੋਣਾ ਏਂ
ਸਾਨੂੰ ਤੂੰ ਦਿਲ ਦੀ ਗਾਨੀ ਵਿਚ
ਸੁੱਚੇ ਮੋਤੀ ਵਾਂਗ ਪਰੋਣਾ ਏਂ
ਮੈਂ ਰਾਂਝਣ ਤੇਰਾ ਬਣ ਜਾਵਾਂ
ਤੂੰ ਬਣ ਜਾ ਮੇਰੀ ਹੀਰ ਕੁੜੇ
ਸਾਨੂੰ ਬੜਾ ਪਿਆਰਾ.....
ਨੀਂ ਤੂੰ 'ਮਾਨ' ਦੇ ਘਰ ਵਿਚ ਵੱਸਣਾ ਏਂ
ਗੱਲਾਂ ਇਹੀਓ ਲੇਖ 'ਚ ਲਿਖੀਆਂ ਨੇ
ਇਹ ਕੀ ਜਾਨਣ, ਇਹ ਕੀ ਦੱਸਣ

ਇਹਨਾਂ ਗੱਲਾਂ ਚਾਰ ਹੀ ਸਿੱਖੀਆਂ ਨੇ
'ਸੰਨੀ' ਇਸ ਦੁਨੀਆਂ ਨੂੰ ਸਾਰ ਨਹੀਂ
ਅਸੀਂ ਇਕ ਰੂਹ, ਦੋ ਸਰੀਰ ਕੁੜੇ
ਸਾਨੂੰ ਬੜਾ ਪਿਆਰਾ ਲੱਗਦਾ ਏ....

ਪ੍ਰੇਮਿਕਾ ਪੰਡਤਾਂ ਉੱਪਰ ਵਿਸ਼ਵਾਸ ਕਰਨ ਵਾਲੀ ਹੈ, ਜੋ ਉਹਨਾਂ ਨੂੰ ਪੁਛਦੀ ਹੈ ਕਿ ਸਾਡੀ ਜੋੜੀ ਬਣੇਗੀ ਜਾਂ ਨਹੀਂ। ਪ੍ਰੇਮੀ ਦਾ ਨਜ਼ਰੀਆ ਤਰਕ ਵਾਲਾ ਹੈ ਜੋ ਉਸਨੂੰ ਪੰਡਤਾਂ ਉਪਰ ਵਿਸ਼ਵਾਸ ਕਰਨ ਦੀ ਬਜਾਏ ਆਪਣੇ ਧਿਆਨ ਵਿੱਚ ਵਿਸ਼ਵਾਸ ਰੱਖਣ ਲਈ ਪ੍ਰੇਰਦਾ ਹੈ ਅਤੇ ਉਹਦੇ ਵਾਲਾਂ ਵਿਚਲੇ ਸੁਨੱਖੇ 'ਚੀਰ' ਦੀ ਉਚੇਚੀ ਸਿਫ਼ਤ ਕਰਦਾ ਹੈ।

ਆਹੂਜਾ ਸਾਹਿਬ ਦੇ ਸੰਗੀਤ ਵਿੱਚ ਹਰਭਜਨ ਵਲੋਂ ਬਾਖੂਬੀ ਗਾਇਆ ਗੀਤ ਮਿੱਠੀ ਧੁੰਨ ਕਾਰਣ ਅਜੇ ਵੀ ਪਹਿਲੋਂ ਜਿੰਨਾਂ ਹੀ ਹਰਮਨ ਪਿਆਰਾ ਤੇ ਤਾਜ਼ਾ ਲਗਦਾ ਹੈ। ਅੱਗੋਂ ਹੋਰ ਗੀਤ ਲਿਖਣ ਲਈ ਇਹ ਗੀਤ ਸੰਨੀ ਲਈ ਖ਼ਾਸ ਉਤਸ਼ਾਹ ਲਿਆਇਆ। ਹਰਭਜਨ ਨਾਲ ਵੀ ਉਸਦੀ ਦੋਸਤੀ ਪੱਕੀ ਹੋਈ, ਤੇ ਉਹਦਾ ਦੂਜਾ ਗੀਤ ਗਾਇਆ :

ਤੈਨੂੰ ਚੰਨ ਵੀ ਪਿਆ ਪੁਕਾਰੇ ਨੀ
ਅੰਬਰ ਦੇ ਸਾਰੇ ਤਾਰੇ ਨੀ
ਤੇਰੇ ਰੂਪ ਦੀ ਲੋ ਜਿਹੀ ਮੰਗਦੇ ਨੇ
ਪਰ ਥੋੜ੍ਹਾ-ਥੋੜ੍ਹਾ ਜਿਹਾ ਸੰਗਦੇ ਨੇ...

ਸੰਨੀ ਮਾਨ ਨੇ ਆਪਣਾ ਪਹਿਲਾ ਗੀਤ ਬਰਜਿੰਦਰ ਕਾਲਜ ਵਿਖੇ ਬਾਰ੍ਹਵੀਂ 'ਚ ਪੜ੍ਹਦਿਆਂ ਲਿਖਿਆ, ਬੋਲ ਸਨ :

ਤੇਰੀ ਸਾਰੀ ਜ਼ਿੰਦਗੀ ਦੀ ਗੱਲ ਇਹ ਸੱਜਣਾ
ਨਿੱਕਾ ਜਿਹਾ ਸੁਆਲ ਤੇ ਨਹੀਂ
ਤੈਨੂੰ ਦਿਲ ਕਿਵੇਂ ਦੇ ਦਿਆਂ ਮੈਂ ਸੁਹਣਿਆਂ
ਦਿਲ ਏਹ ਮੇਰਾ ਰੁਮਾਲ ਤੇ ਨਹੀਂ

ਇਹ ਗੀਤ ਗਾਇਕ ਜਗਤਾਰ ਵਿਰਕ ਨੇ ਗਾਇਆ ਅਤੇ ਕੁਝ ਕੁ ਮੌਕੇ ਗਾਇਕ ਗੁਰਿੰਦਰ ਸੰਧੂ ਵੀ ਇਹਨੂੰ ਗਾਉਂਦਾ ਰਿਹਾ।

ਜਦੋਂ ਸੰਨੀ ਅਮਰੀਕਾ ਗਿਆ ਤਾਂ ਉਥੇ ਦੀ ਸਥਿਤੀ ਭਾਂਪ ਕੇ ਉਸ ਲਿਖਿਆ:

ਦੱਸ ਮੈਂ ਆਪਣੇ ਗੀਤ 'ਚ ਮਾਏ
ਤੈਨੂੰ ਕੀ ਪੈਗਾਮ ਲਿਖਾਂ
ਸਭ ਨੇ ਏਥੇ ਲੁੱਟਿਆ ਮੈਨੂੰ
ਕਿਸ-ਕਿਸ ਦਾ ਮੈਂ ਨਾਮ ਲਿਖਾਂ

✪

ਮੈਂ ਤੇ ਮੇਰਾ ਗਮ ਦੋਵੇਂ
ਅਸੀਂ ਹਾਂ ਬਿਰਹੋਂ ਦੇ ਜਾਏ
ਚਾਰ ਕੁ ਦਿਨ ਦੀ ਜ਼ਿੰਦਗੀ ਸਾਡੀ



ਅਸੀਂ ਵਰ੍ਹਿਆਂ ਵਾਂਗ ਲੰਘਾਏ

ਬਿਦੇਸ਼ੀ ਲੋਕਾਂ ਦੀ ਜ਼ਿੰਦਗੀ ਦੇ ਕਠਿਨ-ਰੁਝੇਂਵਿਆਂ ਅਤੇ ਇਕ ਨੌਜੁਆਨ ਦੇ ਜਜ਼ਬਾਤਾਂ ਦੀ ਗੱਲ, (ਜੋ ਉੱਧਰ ਜਾ ਕੇ ਕਈ-ਕਈ ਘੰਟੇ ਕੰਮ ਕਰਦਿਆਂ ਔਖ ਮਹਿਸੂਸ ਕਰਦਾ ਹੈ) ਉਸਨੇ ਇਉਂ ਲਿਖੀ ਹੈ:

ਨਹੀਂ ਪਾਣੀ ਚੁੱਕ ਕੇ ਪੀਤਾ ਸੀ
ਕੋਈ ਕੰਮ ਨਾ ਹੱਥੀਂ ਕੀਤਾ ਸੀ
ਸੋਲ੍ਹਾਂ ਘੰਟੇ ਕੰਮ ਜਦੋਂ ਹੁਣ ਕਰਨਾ ਪੈਂਦਾ
ਹਾਏ ਨੀ ਮਾਂ, ਦਿਲ ਮੱਲੋ-ਮੱਲੀ ਰੋ ਈ ਪੈਂਦਾ......
ਭਾਵੇਂ ਡਾਲਰ ਰੱਖਣ ਲੱਗ ਪਏ
ਕਦੇ ਰੁਪਈਏ ਰੱਖਦੇ ਸੀ
ਭਈਏ ਬਣ ਕੇ ਰਹਿਗੇ ਜਿਹੜੇ
ਹੱਥੀਂ ਭਈਏ ਰੱਖਦੇ ਸੀ
'ਪਾਰਕਿੰਗ ਲੌਂਟ ਵੀ ਸਾਫ ਕਰੀਂ'
ਜਦੋਂ ਮਾਲਕ ਕਹਿੰਦਾ ਏ
ਹਾਏ ਨੀ ਮਾਂ, ਦਿਲ ਮੱਲੋ-ਮੱਲੀ ਰੋ ਈ ਪੈਂਦਾ ਏ......

ਸਰਦੇ-ਪੁਜਦੇ ਜੱਟਾਂ ਦੇ ਮੁੰਡਿਆਂ ਨੂੰ ਵੀ ਉੱਧਰ ਜਾ ਕੇ ਭਈਆਂ ਵਾਂਗ ਕੰਮ ਕਰਨਾ ਪੈਂਦਾ ਹੈ, ਜੋ ਆਪਣੇ ਹੱਥੀਂ ਇੱਧਰ ਭਈਆਂ ਜਾਂ ਸੀਰੀਆਂ ਤੋਂ ਕੰਮ ਕਰਵਾਉਂਦੇ ਰਹਿੰਦੇ ਹਨ, ਪੈਸੇ ਕਮਾਉਣ ਦੀ ਵਧ ਗਈ ਲਾਲਸਾ ਵੀ ਅਤੇ ਦੂਜੇ ਪਾਸੇ ਮੰਦੀ ਪੈ ਚੁੱਕੀ ਆਰਥਕਤਾ ਵੀ, ਉਸਨੇ ਆਪਣੇ ਗੀਤ ਵਿੱਚ ਚੰਗੇ ਢੰਗ ਨਾਲ ਪੇਸ਼ ਕੀਤੀ ਹੈ।

ਗਾਇਕ ਕੁਲਵਿੰਦਰ ਕੰਵਲ ਨੇ ਵੀ ਉਸਦੇ ਕਈ ਗੀਤ ਗਾਏ, ਜਿਨ੍ਹਾਂ ਵਿੱਚੋਂ ਇੱਕ ਦੀ ਵੰਨਗੀ :

ਚੰਨ ਵੱਲ ਵੇਖਾਂ ਤਾਂ ਤੂੰ ਲੱਗਦੀ
ਫੁੱਲ ਵੱਲ ਵੇਖਾਂ ਤਾਂ ਫੁੱਲ ਲੱਗਦੀ
ਸੁੰਘਿਆ ਜਾਂ ਫੁੱਲ ਖੁਸ਼ਬੋ ਬਣ ਗਈ
ਰਾਤੀ ਸੁਪਨੇ 'ਚ ਤੂੰ ਮੇਰੀ ਉਹ ਬਣ ਗਈ......

ਕਰਮਜੀਤ ਅਨਮੋਲ, ਹਰਭਜਨ ਸ਼ੇਰਾ, ਡੌਲੀ ਸਿੰਘ, ਰਜਿੰਦਰ ਮੋਹਣੀ, ਗੁਰਕ੍ਰਿਪਾਲ ਸੂਰਾਪੁਰੀ, ਰਾਜ ਤਿਵਾੜੀ ਅਤੇ ਹਰਿੰਦਰ ਸੰਧੂ ਵਰਗੇ ਨਵੇਂ ਗਾਇਕਾਂ ਨੇ ਉਹਦੇ ਗੀਤ ਗਾਏ ਤੇ ਰਿਕਾਰਡ ਕਰਵਾਏ। ਪ੍ਰਸਿੱਧ ਗੀਤਾਂ ਵਿੱਚ ਕੁਝ ਵੇਰਵੇ :

ਨਾ ਹੰਝੂ ਮੇਰੇ ਮੁਕਦੇ ਨੇ
ਨਾ ਉਹ ਮਰ ਜਾਣੀ ਆਉਂਦੀ ਏ

✪

ਮੇਰੀ ਵੀਣੀ ਨੂੰ ਹੱਥ ਪਾਇਆ
ਨੀਂ ਜੀਤੇ ਸੁਨਿਆਰੇ ਨੇ....

✪

ਤੇਰੇ ਵਾਲ਼ਾਂ ਵਿਚਲਾ ਚੀਰ ਕੁੜੇ

✪

ਥੋੜ੍ਹਾ-ਥੋੜ੍ਹਾ ਸੰਗਦੇ ਨੇ......

✪

ਤੇਰੇ ਬਾਰੇ ਸੋਚ ਕੇ

...... ...... ......

ਜਦੋਂ ਸੰਨੀ ਕਾਲਜ ਪੜ੍ਹਦਾ ਸੀ, ਤਾਂ ਧਰਮ ਕੰਮੇਆਣਾ ਵੀ ਉਥੇ ਪੜ੍ਹ ਰਿਹਾ ਸੀ। ਧਰਮ ਕੰਮੇਆਣਾ ਕਾਫੀ ਸੀਨੀਅਰ ਸੀ, ਉਹਦੀ ਕਾਲਜ ਵਿੱਚ ਚੰਗੀ ਚਰਚਾ ਸੀ, ਉਸ ਵੱਲ ਦੇਖਕੇ ਸੰਨੀ ਦਾ ਗੀਤ ਲਿਖਣ ਲਈ ਉਤਸ਼ਾਹ ਹੋਰ ਵਧਿਆ। ਉਂਜ ਟੁੰਬਿਆ ਤਾਂ ਉਹ ਬਚਪਨ ਤੋਂ ਹੀ ਗਿਆ ਸੀ, ਢਾਡੀਆਂ-ਕਵੀਸ਼ਰਾਂ ਤੇ ਹੋਰਾਂ ਗਵੱਈਆਂ ਨੂੰ ਸੁਣ-ਸੁਣ ਕੇ। ਆਪਣੇ ਹੀ ਪਿੰਡ ਦੇ ਗੀਤਕਾਰ ਗੁਰਚਰਨ ਵਿਰਕ ਤੋਂ ਵੀ ਪ੍ਰਭਾਵਤ ਸੀ ਤੇ ਸਭ ਤੋਂ ਵਧੇਰੇ ਉਹ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਤੋਂ ਪ੍ਰਭਾਵਤ ਹੋਇਆ, ਮਾਨ ਸਾਹਬ ਦਾ ਲਿਖਿਆ ਇਕ ਗੀਤ ਤਾਂ ਉਹ ਹਰ ਵੇਲੇ ਜ਼ੁਬਾਨ 'ਤੇ ਚਾੜ੍ਹੀ, ਗੁਣ ਗੁਣਾਉਂਦਾ ਫਿਰਦਾ ਹੁੰਦਾ ਸੀ:

ਨੀਂ ਸਾਡਾ ਵਤਨ ਨਾ ਕੋਈ
ਧੁੱਪਾਂ ਵਿਚ ਫੁੱਲ ਕੁਮਲਾ ਗਏ ਨੀਂ
ਸਾਡੀ ਮਹਿਕ ਨਾ ਮੋਈ
ਹੱਥੀਂ ਖੂੰਡੀ, ਮੋਢੇ ਖੇਸੀ ਨੀਂ ਜਿੰਦੇ
ਛੋਟੀ ਉਮਰੇ ਹੋਏ ਪ੍ਰਦੇਸੀ ਨੀ ਜਿੰਦੇ

ਗੀਤਕਾਰੀ ਵਿਚ ਆਪਣੇ ਪ੍ਰੇਰਨਾ ਸਰੋਤ ਅਤੇ ਆਪਣਾ ਉਸਤਾਦ ਵੀ ਉਹ ਬਾਬੂ ਸਿੰਘ ਮਾਨ ਨੂੰ ਹੀ ਮੰਨਦਾ ਹੈ। ਜਦੋਂ ਇਕ ਦਿਨ ਬਾਬੂ ਸਿੰਘ ਮਾਨ, ਸੰਨੀ ਦੀ ਲਿਆਂਦੀ ਬੀਅਰ ਪੀ ਰਿਹਾ ਸੀ ਤਾਂ ਸੰਨੀ ਨੇ ਆਖਿਆ, "ਮਾਨ ਸਾਹਿਬ, ਮੈਨੂੰ ਸ਼ਾਗਿਰਦ ਬਣਾ ਲਵੋ।" ਮਾਨ ਸਾਹਬ ਨੇ ਆਖਿਆ, "ਤੂੰ ਤਾਂ ਆਪਣਾ ਪੁੱਤਰ ਹੈਂ, ਸ਼ਾਗਿਰਦ ਹੋਰ ਕੀ ਬਣਨੈ ਤੂੰ।" ਸੰਨੀ ਨੇ ਕਿਹਾ, "ਪੁੱਤਰ ਆਪਣੇ ਥਾਂ, ਸ਼ਾਗਿਰਦ ਆਪਣੇ ਥਾਂ, ਤੁਸੀਂ ਮੈਨੂੰ ਆਪਣਾ ਸ਼ਾਗਿਰਦ ਬਣਾ ਲਵੋ।" ਮਾਨ ਸਾਹਬ ਸਰੂਰ 'ਚ ਆਏ, "ਚੱਲ ਕੋਈ ਨਾ ਫਿਰ, ਅੱਜ ਤੂੰ ਕੱਚੀ ਸ਼ਰਾਬ (ਬੀਅਰ) ਪਿਲਾ ਰਿਹਾ ਐਂ.... ਅੱਜ ਕੱਚਾ ਸ਼ਾਗਿਰਦ ਸਹੀ... ਤੇ ਕੱਲ੍ਹ ਪੱਕੀ (ਵਿਸਕੀ) ਪਿਲਾਈਂ... ਕੱਲ ਤੈਨੂੰ ਪੱਕਾ ਈ ਬਣਾ ਲਵਾਂਗੇ...।"

1988 ਵਿਚ ਸੰਨੀ ਅਮਰੀਕਾ ਗਿਆ, ਮਾਤਾ-ਪਿਤਾ ਪਹਿਲੋਂ ਹੀ ਉੱਥੇ ਸਨ। ਉਥੇ ਜਾ ਕੇ ਕੰਮ ਕਰਨਾ ਸ਼ੁਰੂ ਕੀਤਾ ਪਰ ਰੁਝਾਨ ਬਹੁਤਾ ਗੀਤਾਂ ਵੱਲ ਹੀ ਰਿਹਾ। ਮਿਊਜ਼ਿਕ ਮਿਕਸਿੰਗ ਦਾ ਕੰਮ ਕਰਨ ਲੱਗਿਆ। ਮਨਿੰਦਰ ਗਿੱਲ ਦੇ ਆਖਣ ਉੱਤੇ ਉਸਨੇ 1992 'ਚ ਅਮਰੀਕਾ ਵਿਚ 'ਚਰਨਜੀਤ ਆਹੂਜਾ ਗਰੁੱਪ ਦੀ ਨਾਈਟ' ਵੱਡਾ ਸ਼ੋਅ ਕਰਵਾਇਆ। ਜਿਸ ਵਿਚ ਸਰਦੂਲ ਸਿਕੰਦਰ, ਹਰਭਜਨ ਮਾਨ, ਹੰਸ ਰਾਜ ਹੰਸ, ਮਿਹਰ ਮਿੱਤਰ, ਦਲਜੀਤ ਕੌਰ, ਮਨਜੀਤ ਕੁਲਾਰ, ਉਪਾਸਨਾ ਸਿੰਘ ਸਮੇਤ ਹੋਰ ਕਈ



ਕਲਾਕਾਰ ਤੇ ਐਕਟਰ ਪੇਸ਼ ਹੋਏ ਸਨ। 'ਆਵਾਜ਼' ਨਾਂ ਹੇਠ ਕੈਸਿਟ ਕੰਪਨੀ ਵੀ ਉਸ ਖੋਹਲੀ ਰੱਖੀ, ਗੁਰਚਰਨ ਵਿਰਕ ਨੇ ਸਾਥ ਦਿੱਤਾ, ਪਰ ਇਹ ਕੰਮ ਰਾਸ ਨਾ ਬੈਠਿਆ, ਛੱਡ ਦਿੱਤਾ। ਉਹਦੇ ਨਾਲ ਖੜੋਣ ਵਾਲਿਆਂ ਵਿਚ ਪ੍ਰਮੁੱਖ ਹਰਭਜਨ ਮਾਨ, ਗੁਰਚਰਨ ਵਿਰਕ, ਕਰਮਜੀਤ ਅਨਮੋਲ ਤੇ ਗੁਰਪਾਲ ਮਟੀਆਰ ਦੇ ਨਾਂ ਹਨ। ਸੰਨੀ ਮਾਨ ਰੱਬ ਨੂੰ ਮੰਨਣ ਵਾਲਾ ਹੈ ਪਰ ਉਹ ਇਹ ਵੀ ਕਹਿੰਦਾ ਹੈ, "ਰੱਬ ਤੋਂ ਪਹਿਲਾਂ ਮੈਂ ਮਾਂ ਨੂੰ ਮੰਨਦਾ ਹਾਂ।"

ਅਮਰੀਕਾ ਵਿਖੇ ਉਹ ਕੰਪਨੀ ਸਿਸਕੋ ਸਿਸਟਿਮ ਵਿਚ ਇੰਜਨੀਅਰ ਹੈ ਤੇ ਪਿੰਡ ਉਸ ਕੋਲ ਚੋਖੀ ਚੰਗੀ ਜ਼ਮੀਨ ਵੀ ਹੈ। ਪਰਿਵਾਰ ਉਹਦਾ ਛੋਟਾ ਤੇ ਖੁਸ਼ਹਾਲ ਹੈ, ਪਤਨੀ ਬਲਜਿੰਦਰ ਕੌਰ ਜੋ ਉਸ ਦੀਆਂ ਅੰਤਰੀਵੀ ਭਾਵਨਾਵਾਂ ਨੂੰ ਸਮਝਣ ਵਾਲੀ ਤੇ ਸੂਝਵਾਨ ਹੈ। ਲੜਕੇ ਦਾ ਨਾਂ ਹਰਮਨ ਮਾਨ ਤੇ ਲੜਕੀ ਦਾ ਨਾਂ ਹੈ ਏਕਮ ਮਾਨ। ਸੰਨੀ ਮਾਨ ਤੋਂ ਦੋ ਭੈਣਾਂ ਵੱਡੀਆਂ ਅਮਰਤਾ ਧਾਲੀਵਾਲ ਤੇ ਗੁਰਵਿੰਦਰ ਕੌਰ ਮਾਨ (ਅਧਿਆਪਕਾ) ਹਨ। ਗੀਤ ਉਸ ਨੇ ਹੁਣ ਤੱਕ ਅੱਸੀ-ਪਚਾਸੀ ਲਿਖੇ ਹਨ। ਲਿਖਣ ਪ੍ਰਕਿਰਿਆ ਨਿਰੰਤਰ ਜਾਰੀ ਹੈ। ਗੀਤ ਉਸਨੂੰ ਬੜੀ ਸੌਖ ਤੇ ਸਹਿਜਤਾ ਨਾਲ ਫੁਰਦਾ ਹੈ। ਆਮ ਤੌਰ 'ਤੇ ਗੱਡੀ ਚਲਾਉਂਦਾ ਜਾਂਦਾ ਉਹ ਗੀਤ ਰਚਦਾ ਹੈ। ਚੰਗੀ ਗਾਇਕੀ ਵਾਲੇ ਨਵੇਂ ਉਭਰਦੇ ਕਲਾਕਾਰਾਂ ਦੀ ਹਮੇਸ਼ਾ ਤਲਾਸ਼ 'ਚ ਰਹਿੰਦਾ ਹੈ ਤੇ ਉਹਨਾਂ ਨੂੰ ਪ੍ਰਮੋਟ ਕਰਨ ਲਈ ਸਿਰਤੋੜ ਯਤਨ ਕਰਦਾ ਹੈ।

ਸਾਡੇ ਇਲਾਕੇ ਦੇ ਇਕ ਦੋ ਜਣੇ ਮੈਂ ਇਹ ਆਖਦੇ ਸੁਣੇ ਸਨ, "ਸੰਨੀ ਮਾਨ ਤਾਂ ਫੁਕਰੀਆਂ ਮਾਰਦਾ ਰਹਿੰਦਾ ਹੈ... ਫੁਕਰਾ ਹੈ।"

ਜਦੋਂ ਸੰਨੀ ਨੂੰ ਮੈਂ ਪੁੱਛਿਆ ਕਿ ਇਹ ਗੱਲ ਕਿੰਨੀ ਕੁ ਸੱਚੀ ਹੈ, ਤਾਂ ਉਸ ਹੱਸ ਕੇ ਆਖਿਆ, "ਯਾਰ ਸਮਝ ਨੀ ਆਉਂਦੀ ਮੈਨੂੰ ਤਾਂ... ਸੱਚੀ ਹੁਣ ਕੀ... ਬਈ ਗੱਲ ਏਹ ਆ ਵਿਰੋਧੀਆਂ ਨੇ ਤਾਂ ਈਰਖਾ ਕਰਨੀ ਤੇ ਭੰਡਣਾ ਹੁੰਦਾ ਹੈ। ਬਾਕੀ ਸਾਰੇ ਇਕੋ ਜੇ੍ ਨਹੀਂ ਹੁੰਦੇ। ਜੇ ਪੰਜ ਛੇ ਸਲਾਹੁਣ ਵਾਲੇ ਹਨ ਤਾਂ ਇਕ ਦੋ ਭੰਡਣ ਵਾਲੇ ਵੀ ਚਾਹੀਦੇ ਹਨ। ਮੈਂ ਉਹਨਾਂ ਨੂੰ ਫੁਕਰਾ ਲਗਦਾ ਹੋਊਂਗਾ... ਜਿਹੜੇ ਮੈਨੂੰ ਨੇੜਿਓਂ ਨਹੀਂ ਜਾਣਦੇ ਹੋਣਗੇ। ਜਿਹੜੇ ਜਾਣਦੇ ਹਨ ਉਹਨਾਂ ਨੂੰ ਪਤੈ ਸੰਨੀ ਕਿਹੋ ਜਿਹਾ ਹੈ। ਫੁਕਰਪੰਥੀ ਕਰਕੇ ਕੀ ਲੈ ਜਾਣਾ ਐਂ ਏਸ ਦੁਨੀਆਂ ਤੋਂ। ਆਪਾਂ ਤਾਂ ਇਹੋ ਸਿੱਖਿਐ ਵੱਡਿਆਂ ਤੋਂ, ਹਰੇਕ ਨਾਲ ਪ੍ਰੇਮ-ਪਿਆਰ ਨਾਲ ਰਹੋ, ਭਾਈਚਾਰਾ ਵਧਾਓ। ਸਮਾਜ 'ਚ ਚੰਗਾ ਕੁਝ ਕਰੋ। ਚਾਰ ਦਿਨਾਂ ਦੀ ਜ਼ਿੰਦਗੀ ਹੈ। ਕੀ ਪਤਾ ਹੈ ਜਿੰਦ ਦਾ... ਕੱਚ ਦਾ ਕੰਗਣ ਹੈ, ਕਦੋਂ ਟੁੱਟ ਜਾਵੇ... ਚਾਰ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਭੱਜ ਜਾਵਣਾ ਉਇ ਕੰਗਣਾ ਕੱਚ ਦਿਆ...।"

✪ ✪ ✪

# ਸੱਚਾ ਤੇ ਚੰਗਾ ਬੰਦਾ

3 ਅਪ੍ਰੈਲ 1992 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਰਹਾਲਾ ਵਿਖੇ ਸ਼ਹੀਦ ਹਰਬੰਸ ਸਿੰਘ ਸਰਹਾਲਾ ਦੀ ਯਾਦ ਵਿਚ ਸਭਿਆਚਾਰਕ ਮੇਲਾ ਸੀ। ਮੈਂ ਪਹਿਲੀ ਵੇਰੀ ਕਿਸੇ ਸਭਿਆਚਾਰਕ ਮੇਲੇ ਉੱਤੇ ਜਗਦੇਵ ਸਿੰਘ ਜੱਸੋਵਾਲ ਨਾਲ ਗਿਆ ਸਾਂ। ਸਾਡੇ ਨਾਲ ਉਦੋਂ ਰਵਿੰਦਰ ਗਰੇਵਾਲ, ਜੀਤੀ ਸਿੱਧਵਾਂ ਵਾਲਾ, ਪਰਮਜੀਤ ਕੌਰ ਧੰਜਲ, ਇਕਬਾਲ ਕੌਰ ਉਦਾਸੀ ਅਤੇ ਦਲਜੀਤ ਧੂਰਕੋਟੀਆ ਵੀ ਗਏ ਸਨ। ਮੈਂ ਜਦੋਂ ਤੂੰਬੀ ਉੱਤੇ ਉਸਤਾਦ ਲਾਲ ਚੰਦ ਯਮਲੇ ਜੱਟ ਦਾ ਗੀਤ :

ਕਣਕਾਂ ਜੰਮੀਆਂ ਗਿੱਠ - ਗਿੱਠ ਲੰਮੀਆਂ
ਘਰ ਆ ਢੋਲ ਸਿਪਾਹੀਆ ਵੇ



ਗਾਇਆ ਤਾਂ ਇਕ ਸੱਜਿਆ-ਫੱਬਿਆ ਨੌਜਵਾਨ, ਕਾਲ਼ੀਆਂ ਐਨਕਾਂ ਲਾਈਆਂ ਹੋਈਆਂ, ਕੋਟ-ਪੈਂਟ ਪਹਿਨਿਆ, ਮੁਸਕ੍ਰਾਉਂਦਾ ਹੋਇਆ ਮੇਰੇ ਕੋਲ ਆਇਆ ਤੇ ਬੋਲਿਆ, "ਯਾਰ ਨਿੰਦਰ, ਬਈ ਤੂੰ ਤਾਂ ਕਮਾਲ ਦਾ ਗਾਉਨਾ ਐਂ। ਉਸਤਾਦ ਯਮਲੇ ਜੀ ਵਾਲਾ ਰੰਗ ਐ, ਬੜਾ ਚੰਗਾ ਲੱਗਿਆ ਮੈਨੂੰ। ਸਾਡੇ ਏਰੀਏ 'ਚ ਆਇਐਂ ਅੱਜ, ਘਰ ਚੱਲ .... ਨੇੜੇ ਈ ਐ ਐਥੋਂ।"

ਮੈਂ ਭਾਵੇਂ ਉਹਦੇ ਨਾਲ ਘਰ ਤਾਂ ਨਹੀਂ ਜਾ ਸਕਿਆ ਸੀ ਪਰ ਉਹਦੀ ਅਪਣੱਤ ਤੇ ਆਓ-ਭਗਤ ਤੋਂ ਪ੍ਰਭਾਵਤ ਹੋਏ ਬਿਨਾਂ ਵੀ ਨਹੀਂ ਸੀ ਰਹਿ ਸਕਿਆ। ਇਹ ਮੇਰੀ ਬਲਜਿੰਦਰ ਮਾਨ ਨਾਲ ਪਹਿਲੀ ਮੁਲਾਕਾਤ ਸੀ। ਉਸ ਬਾਅਦ ਬਲਜਿੰਦਰ ਮਾਨ ਮੈਨੂੰ ਅਨੇਕਾਂ ਵਾਰੀ ਮਿਲਿਐ, ਕਦੀ ਮੋਹਣ ਸਿੰਘ ਮੇਲੇ ਉੱਤੇ ਕੰਮ ਕਾਰ ਕਰਦਾ ਭੱਜਿਆ ਫਿਰਦਾ, ਕਦੀ ਜੱਸੋਵਾਲ ਦੇ ਘਰ, ਕਦੀ ਪੰਜਾਬੀ ਭਵਨ ਕਿਸੇ ਸਮਾਗਮ ਦੌਰਾਨ ਜਾਂ ਫਿਰ ਜਲੰਧਰ ਟੀ.ਵੀ. ਸਟੇਸ਼ਨ ਦੇ ਸਟੂਡੀਓ 'ਚ ਕਿਸੇ ਰਿਕਾਰਡਿੰਗ ਸਮੇਂ, ਤੇ ਜਦੋਂ ਮੈਂ ਜਲੰਧਰੋਂ ਛਪਦੇ ਹਫ਼ਤਾ ਵਾਰੀ ਅਖਬਾਰ 'ਰਾਮਗੜ੍ਹੀਆ ਮੰਚ' ਵਿਚ ਉੱਪ-ਸੰਪਾਦਕ ਵਜੋਂ ਕੰਮ ਕਰਨ ਲੱਗ ਪਿਆ ਤਾਂ ਬਲਜਿੰਦਰ ਮਾਨ ਬਾਲਾਂ ਬਾਰੇ ਆਪਣਾ ਸਾਹਿਤਕ ਰਸਾਲਾ "ਨਿੱਕੀਆਂ ਕਰੂੰਬਲਾਂ" ਟਾਈਪ ਕਰਵਾਉਣ ਲਈ ਸਾਡੇ ਦਫ਼ਤਰ ਆਉਂਦਾ ਹੁੰਦਾ ਤੇ ਇਉਂ ਖੁੱਲ੍ਹੀਆਂ ਗੱਲਾਂ ਮਾਰਨ ਦਾ ਸਬੱਬ ਵੀ ਬਣ ਜਾਂਦਾ।

ਜਦੋਂ ਬਲਜਿੰਦਰ ਮਾਨ ਦੀ ਸੁਲਝੀ ਹੋਈ ਵਿਚਾਰ ਧਾਰਾ ਨੂੰ ਜਾਣਦੇ ਹਾਂ ਅਤੇ ਉਸ ਵੱਲੋਂ ਨਿਰੰਤਰਤਾ ਨਾਲ ਕੀਤੇ ਜਾ ਰਹੇ ਸਾਹਿਤਕ, ਸਮਾਜਕ ਤੇ ਸਭਿਆਚਾਰਕ ਕਾਰਜਾਂ ਵੰਨੀਂ ਵੇਖਦੇ ਹਾਂ ਤਾਂ ਇਉਂ ਲਗਦੈ ਜਿਵੇਂ ਉਹ ਇਕੱਲਾ ਹੀ ਇਕ ਸੰਸਥਾ ਵਾਲੇ ਇਹ ਸਭ ਕਾਰਜ ਕਰੀ ਜਾ ਰਿਹਾ ਹੈ।

ਸਮਰੱਥ ਪੱਤਰਕਾਰ ਵਜੋਂ ਉਹ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਸਥਾਪਤ ਹੋ ਚੁੱਕਾ ਹੈ। ਉਸਨੇ ਖਿਡਾਰੀਆਂ ਬਾਰੇ ਵੀ ਲਿਖਿਐ, ਗਾਇਕਾਂ ਬਾਰੇ ਵੀ, ਸਮਾਜ ਸੇਵਕਾਂ ਤੇ ਸਿੱਖਿਆ ਕਰਮੀ ਅਧਿਆਪਕਾਂ ਬਾਰੇ ਵੀ। ਪੰਜਾਬੀ ਦੇ ਪ੍ਰਮੁੱਖ ਸਮਾਚਾਰ ਪੱਤਰਾਂ ਤੇ ਰਸਾਲਿਆਂ ਵਿਚ ਆਏ ਦਿਨ ਉਹਦੇ ਵੰਨ-ਸੁਵੰਨੇ ਲੇਖ, ਰਿਪੋਰਟਾਂ ਆਦਿ ਛਪਦੇ ਰਹਿੰਦੇ ਹਨ। ਖੇਡਾਂ ਅਤੇ ਪੰਜਾਬੀ ਸਭਿਆਚਾਰ ਬਾਰੇ ਉਸਨੇ ਨਿੱਠ ਕੇ ਲਿਖਿਐ ਅਤੇ ਤਾਜ਼ੇ ਭਖਦੇ ਮਸਲਿਆਂ ਉੱਤੇ ਵੀ ਉਹਦੇ ਲਿਖੇ ਮਜ਼ਮੂਨ ਪੜ੍ਹਨ ਯੋਗ ਹੁੰਦੇ ਹਨ। ਬਾਲਾਂ ਲਈ ਮਾਨ ਨੇ ਚੰਗਾ ਚੋਖਾ ਸਾਹਿਤ ਪਰੋਸਿਆ ਹੈ, ਨਵੰਬਰ 1995 ਤੋਂ ਉਸਨੇ ਬਾਲ-ਸਾਹਿਤ ਦਾ ਹੀ ਨਿਰੋਲ ਰਸਾਲਾ "ਨਿੱਕੀਆਂ ਕਰੂੰਬਲਾਂ" ਆਰੰਭ ਕੀਤਾ ਜੋ ਨਿਰਵਿਘਨ ਚੱਲ ਰਿਹੈ ਤੇ ਇਹ ਦੋ-ਮਾਸਿਕ ਪੱਤਰ ਪੰਜਾਬੀ ਬਾਲ-ਸਾਹਿਤ ਵਿਚ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ ਅਤੇ ਆਏ - ਵਾਰੀ ਬਲਜਿੰਦਰ ਮਾਨ ਦੀ ਸੁਘੜ ਸੰਪਾਦਕੀ ਦਾ ਪ੍ਰਮਾਣ ਦਿੰਦਾ ਹੈ ਜਿਸ ਵਿਚ ਮਾਨ ਦੀ ਸਮੁੱਚੀ ਮਿਹਨਤ ਅਤੇ ਕਲਾਮਈ ਜਜ਼ਬੇ ਝਲਕਾਂ ਮਾਰਦੇ ਹਨ।

ਕਿੱਤੇ ਵਜੋਂ ਬਲਜਿੰਦਰ ਮਾਨ ਸਰਕਾਰੀ ਅਧਿਆਪਕ ਹੈ। ਉਹਦੀ ਪਤਨੀ ਮਨਜੀਤ ਕੌਰ ਮਾਨ ਉਹਦੇ ਸਾਹਿਤਕ ਤੇ ਸਿਖਿਆ ਦੇ ਕਾਰਜਾਂ ਵਿਚ ਉਹਦਾ ਪੂਰਾ-ਪੂਰਾ ਹੱਥ ਵਟਾਉਂਦੀ ਹੈ। ਮਾਨ ਐਮ.ਏ., ਬੀ.ਐੱਡ. ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹੋਂ ਉਹਨੇ ਐਮ.ਏ. ਕੀਤੀ ਸੀ। ਜਨਮ ਪਿੰਡ ਉਹਦਾ ਮਾਹਿਲਪੁਰ ਨੇੜੇ ਪਿੰਡ

ਮਹਿਮਦਵਾਲ ਕਲਾਂ ਹੈ, ਜ਼ਿਲ੍ਹਾ ਹੁਸ਼ਿਆਰਪੁਰ ਪੈਂਦਾ ਹੈ ਤੇ ਤਸੀਲ ਗੜ੍ਹਸ਼ੰਕਰ।

ਬਲਜਿੰਦਰ ਮਾਨ ਦੀਆਂ ਲਿਖੀਆਂ ਪੁਸਤਕਾਂ ਆਪਣੀ ਵਿਸ਼ੇਸ਼ ਚਰਚਾ ਦੀ ਮੰਗ ਕਰਦੀਆਂ ਹਨ। "ਸਮੇਂ ਦੇ ਹਾਣੀ" ਪੁਸਤਕ 1994 ਵਿਚ ਪ੍ਰਕਾਸ਼ਤ ਹੋਈ, ਜਿਸ ਵਿਚ ਉਹਨੇ ਉੱਘੇ - ਵਿਅਕਤੀਆਂ ਦੇ ਸ਼ਬਦ ਚਿੱਤਰ ਦਰਜ ਕੀਤੇ ਜੋ ਪਹਿਲੋਂ ਵੱਖ-ਵੱਖ ਅਖਬਾਰਾਂ ਵਿਚ ਪ੍ਰਕਾਸ਼ਤ ਹੋਏ। ਇਹਨਾਂ ਸ਼ਬਦ-ਚਿੱਤਰਾਂ ਵਿਚ ਮਾਨ ਨੇ ਆਪਣੀ ਕਲਮ ਨਾਲ ਉਹਨਾਂ ਵਿਅਕਤੀਆਂ ਦੇ ਕਾਰਜਾਂ ਅਤੇ ਉਹਨਾਂ ਸ਼ਖ਼ਸੀਅਤਾਂ ਬਾਰੇ ਖੂਬ ਲਿਖਿਆ ਹੈ। ਮਾਨ ਦੀ ਦੂਜੀ ਪੁਸਤਕ ਹੈ, "ਫੁਟਬਾਲ ਜਗਤ ਮਾਹਿਲਪੁਰ", ਇਹ 1995 ਵਿਚ ਛਪੀ, ਇਸ ਵਿਚ ਉਸਨੇ ਮਾਹਿਲਪੁਰ ਦੇ ਨਿੱਕੇ ਵੱਡੇ ਫੁੱਟਬਾਲ ਖਿਡਾਰੀਆਂ ਤੇ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਹੈ। ਇਹ ਸਾਰਾ ਕਾਰਜ ਮਾਨ ਦੀ ਖੋਜ ਤੇ ਮਿਹਨਤ ਦੀ ਅਗਵਾਈ ਭਰਦਾ ਹੈ। ਪਰ ਮਾਨ ਨੇ ਸਿਰੜ ਨਾਲ ਇਹ ਕਾਰਜ ਪੂਰੇ ਕੀਤੇ ਹਨ। ਸੰਪਾਦਤ ਪੁਸਤਕਾਂ ਵਿਚ 'ਕੀ ਦੱਸਾਂ, ਕੌਣ ਸੁਣਦਾ ?' ਕਹਾਣੀ ਸੰਗ੍ਰਹਿ 1991 ਵਿਚ ਛਪਿਆ। 'ਕਰੂੰਬਲਾ' ਨਰਸਰੀ ਗੀਤ ਸੰਗ੍ਰਹਿ 2001 'ਚ ਛਪਿਆ। "ਇਨਸਾਨੀਅਤ ਦੇ ਪੁੰਜ" (1993) ਅਤੇ 'ਕਰਮਯੋਗੀ ਪ੍ਰਿੰ: ਹਰਭਜਨ ਸਿੰਘ (1992)', "ਖੋਤੀ ਵਾਲਾ ਅੰਕਲ (ਬਾਲ ਪਾਠਕਾਂ ਲਈ) 1991", ਪੁਸਤਕਾਂ ਦੇ ਨਾਂ ਵਿਸ਼ੇਸ਼ ਹਨ। ਦਰਜਨ ਦੇ ਕਰੀਬ ਹੋਰ ਸੰਪਾਦਤ ਹੋਈਆਂ ਪੁਸਤਕਾਂ ਵਿਚ ਬਲਜਿੰਦਰ ਮਾਨ ਦੇ ਲੇਖ, ਕਹਾਣੀਆਂ ਤੇ ਹੋਰ ਰਚਨਾਵਾਂ ਪ੍ਰਕਾਸ਼ਤ ਹੋਈਆਂ। ਬਲਜਿੰਦਰ ਮਾਨ ਸ਼ਾਇਰ ਵੀ ਹੈ। ਉਸਨੇ ਕਾਵਿ-ਵਿਅੰਗ, ਗ਼ਜ਼ਲਾਂ, ਕਵਿਤਾਵਾਂ ਤੇ ਗੀਤ ਵੀ ਰਚੇ ਹਨ। ਇਕ ਕਾਵਿ-ਵਿਅੰਗ ਦਾ ਨਮੂਨਾ ਪੇਸ਼ ਹੈ :

ਬਾਂਦਰ ਕਹਿੰਦਾ ਬਾਂਦਰੀ ਤਾਈਂ
ਮੈਨੂੰ ਜੋਤਸ਼ੀ ਨੇ ਦੱਸੀ ਹੈ ਜੰਤਰੀ ਜੀ।
ਇਸ ਵਾਰ ਜ਼ਰੂਰ ਲੜੋ ਚੋਣਾਂ,
ਸਿੱਧੇ ਹੀ ਬਣ ਜਾਓਗੇ ਮੰਤਰੀ ਜੀ।
ਚਾਰੋਂ ਪਾਸੇ ਹੋਵੇਗਾ ਰੋਹਬ ਸਾਡਾ,
ਅੱਗੇ ਪਿੱਛੇ ਜਦੋਂ ਹੋਣਗੇ ਸੰਤਰੀ ਜੀ।
ਮਣਾਂ-ਮੂੰਹੀਂ ਇਕੱਠਾ ਕਰੀਂ ਸੋਨਾ,
ਗੀਤ ਆਪਣੇ ਗਾਉਣ ਗਵੰਤਰੀ ਜੀ।

ਸਾਹਿਤ ਸਿਰਜਣਾ ਅਤੇ ਪੱਤਰਕਾਰੀ ਵਾਲੇ ਪੱਖਾਂ ਤੋਂ ਇਲਾਵਾ ਹੁਣ ਉਹਦੇ ਸਫ਼ਲ ਕੰਪੀਅਰ ਵਾਲੇ ਗੁਣਾਂ ਦੀ ਚਰਚਾ ਕਰਦੇ ਹਾਂ। 1993 ਤੋਂ ਮਾਨ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰਮਾਣਤ ਕੰਪੀਅਰ ਹੈ। ਹੁਣ ਤੱਕ ਉਹ ਵੱਖ-ਵੱਖ ਪ੍ਰੋਗਰਾਮਾਂ ਵਿਚ, ਵਿਗਿਆਨ ਪੱਤ੍ਰਕਾ, ਸਾਇੰਸ ਨਿਊਜ਼, ਨਵਰੰਗ, ਮੇਰੇ ਪਿੰਡ ਮੇਰੇ ਖੇਤ, ਲੋਕ ਸੁਰ ਆਦਿ ਪ੍ਰੋਗਰਾਮ ਪੇਸ਼ ਕਰ ਚੁੱਕੈ!

ਆਕਾਸ਼ਵਾਣੀ ਕੇਂਦਰ ਜਲੰਧਰ ਤੋਂ ਉਹਨੇ ਸਿੱਖਿਆ, ਸਾਹਿਤ, ਬਾਲ-ਸਾਹਿਤ, ਪੰਜਾਬੀ ਸਭਿਆਚਾਰ ਅਤੇ ਖੇਡਾਂ ਬਾਰੇ ਕਈ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਹੈ, ਵਾਰਤਾਵਾਂ ਵੀ ਪੜ੍ਹੀਆਂ ਹਨ। ਰੇਡੀਓ ਨਾਲ ਮਾਨ 1990 ਤੋਂ ਜੁੜਿਆ ਆ ਰਿਹੈ। ਇਸ ਤੋਂ ਇਲਾਵਾ ਮਾਨ ਨੇ ਕਈ ਵੱਡੇ-ਵੱਡੇ ਸਫ਼ਲ ਸਭਿਆਚਾਰਕ-ਸਾਹਿਤਕ



ਸਮਾਗਮਾਂ ਦੀ ਸਟੇਜ ਸੰਚਾਲਨਾ ਕੀਤੀ ਹੈ।

ਅਹੁਦੇਦਾਰੀਆਂ ਵਿਚ ਵੀ ਬਲਜਿੰਦਰ ਮਾਨ ਕਿਸੇ ਤੋਂ ਪਿੱਛੇ ਨਹੀਂ ਜਾਪਦਾ। ਇਕ ਗੱਲ ਇਹ ਵੀ ਕਿ ਉਹ ਜੱਸੋਵਾਲ ਦਾ ਚੇਲਾ ਵੀ ਹੈ, ਤੇ ਚੇਲਾ ਹੋਵੇ ਜੱਸੋਵਾਲ ਦਾ, ਤੇ ਫਿਰ ਵੀ ਅਹੁਦੇਦਾਰੀਆਂ ਵਿਚ ਪਿੱਛੇ ਰਵ੍ਹੇ.... ਇਹ ਕਿਵੇਂ ਹੋ ਸਕਦੈ ? ਮਾਨ ਕਈ ਸਭਾਵਾਂ ਤੇ ਕਲੱਬਾਂ ਦਾ ਮੈਂਬਰ, ਪ੍ਰੈਸ ਸਕੱਤਰ ਤੇ ਕਈਆਂ ਦਾ ਕਈ ਕੁਝ ਹੈ। ਪੰਜ ਅਜਿਹੀਆਂ ਸਭਿਆਚਾਰਕ ਸੰਸਥਾਵਾਂ ਹਨ ਜਿੰਨ੍ਹਾਂ ਦਾ ਉਹ ਮੁੱਖ ਸਲਾਹਕਾਰ ਹੈ। ਯੂਥ ਕਲੱਬ ਐਸੋਸੀਏਸ਼ਨ ਬਲਾਕ ਮਾਹਿਲਪੁਰ, ਸੁਰ-ਸੰਗਮ ਵਿਦਿਅਕ ਟਰਸਟ (ਰਜਿ:) ਮਾਹਿਲਪੁਰ ਤੇ ਸ਼ਿਵਾਲਿਕ ਯੂਥ ਕਲੱਬ ਮਹਿੰਮਦਵਾਲ, ਇਹਨਾਂ ਤਿੰਨਾਂ ਸੰਸਥਾਵਾਂ ਦਾ ਉਹ ਪ੍ਰਧਾਨ ਹੈ। ਢਾਡੀ ਅਮਰ ਸਿੰਘ ਸ਼ੌਂਕੀ ਦਾ ਮੇਲਾ ਲਾਉਣ ਵਾਲਿਆਂ ਵਿਚ ਉਹ ਮੂਹਰੇ-ਮੂਹਰੇ ਰਿਹੈ। ਮੋਹਣ ਸਿੰਘ ਮੇਲੇ ਦੀ ਪ੍ਰੈਸ ਸਕੱਤਰੀ ਵੀ ਕਰਦੈ, ਉਹਨਾਂ ਦਾ ਪੂਰਾ ਸਾਥ ਦਿੰਦੈ। ਮੇਲਾ ਹੋਣ ਮਗਰੋਂ ਕਈ ਵੇਰੀ ਦੇਖਿਆ ਪ੍ਰੈਸ-ਨੋਟ, ਰਿਪੋਰਟਾਂ ਲਿਖ-ਲਿਖ ਅਖਬਾਰਾਂ ਦੇ ਦਫ਼ਤਰਾਂ ਵਿਚ ਖੁਦ ਜਾ-ਜਾ ਕੇ ਦੇ ਕੇ ਆਉਂਦਾ ਹੈ। ਬਾਲ-ਸਾਹਿਤ ਵਰਕਸ਼ਾਪਾਂ, ਸੈਮੀਨਾਰ, ਗੋਸ਼ਟੀਆਂ, ਸਾਹਿਤਕ ਸਮਾਗਮ ਵੀ ਉਸਨੇ ਕਈ ਕਰਵਾਏ ਹਨ। ਐੱਸ. ਅਸ਼ੋਕ ਭੌਰੇ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਿਆ ਹਮੇਸ਼ਾ। ਭੌਰੇ ਨੇ ਮਾਨ ਬਾਰੇ ਲਿਖੇ ਇਕ ਲੇਖ ਵਿਚ ਇਕ ਥਾਂਵੇ ਲਿਖਿਆ ਹੈ :

"ਬਲਜਿੰਦਰ ਮਾਨ ਲਈ ਇਹੋ ਕਹਾਂਗਾ ਕਿ ਜੱਗ ਹਮੇਸ਼ਾ ਜੀਵਨ ਦੀਆਂ ਊਣਤਾਈਆਂ ਦਾ ਹੀ ਮੁਲਾਂਕਣ ਕਰਦਾ ਹੈ ਤਾਂ ਕਿ ਸਮਝਣ ਵਾਲੇ ਸੁਚੇਤ ਹੁੰਦੇ ਰਹਿਣ। ਜਿਵੇਂ ਕੱਚੀ ਟਾਹਣ ਪੀਂਘ ਦੇ ਹੁਲ੍ਹਾਰੇ ਸੁਆਦ ਵੀ ਕਿਰਕਿਰਾ ਕਰ ਦਿੰਦੀ ਹੈ ਪਰ ਮਾਨ ਦੀ ਇਸ ਮਿਹਨਤ 'ਚੋਂ ਕਿੰਨਾ ਕੁਝ ਉਘੜਦਾ ਹੈ। ਮਾਹਿਲਪੁਰ ਤੇ ਬਲਜਿੰਦਰ ਮਾਨ ਨੂੰ ਅਲਹਿਦਾ-ਅਲਹਿਦਾ ਕਰਕੇ ਦੇਖਣਾ ਔਖਾ ਹੈ ਜਿਵੇਂ ਕਿ ਜਦੋਂ ਇਹ ਅਸੰਭਵ ਹੋ ਜਾਵੇ ਕਿ ਨੱਚਣ ਵਾਲੇ ਦੋ ਪੈਰ ਤਬਲੇ ਦੀ ਤਾਲ-ਨਾਲ ਉੱਠ ਰਹੇ ਹਨ, ਜਾਂ ਕਿ ਤਬਲਾ ਪੈਰਾਂ ਦੀ ਤਾਲ ਨਾਲ ਵੱਜ ਰਿਹਾ ਹੈ।"

ਉਸਦੀ ਸ਼ਖ਼ਸੀਅਤ ਨੂੰ ਸੰਵਾਰਨ-ਨਿਖਾਰਨ ਵਿਚ ਉਹਦਾ ਨਿੱਘਾ ਤੇ ਮਿਲਾਪੜਾ ਸੁਭਾਅ ਬੜਾ ਸਹਾਈ ਹੋਇਆ ਹੈ। ਇਸ ਲਈ ਉਹਦੇ ਮਿੱਤਰਾਂ - ਦੋਸਤਾਂ ਤੇ ਮੇਲੀਆਂ - ਗੇਲੀਆਂ, ਸਹਿਯੋਗੀਆਂ ਦਾ ਘੇਰਾ ਬਹੁ-ਵਿਸ਼ਾਲ ਹੈ। ਇਹ ਸਭ ਕੰਮ ਕਰਦਿਆਂ ਤੇ ਪੱਤਰਕਾਰੀ ਦੇ ਬਿਖੜੇ ਪੈਂਡੇ ਉੱਤੇ ਤੁਰਦਿਆਂ ਜਿਹਨਾਂ ਲੋਕਾਂ ਨੇ ਹਮੇਸ਼ਾ ਬਲਜਿੰਦਰ ਮਾਨ ਦੀ ਹੌਸਲਾ ਅਫ਼ਜ਼ਾਈ ਕੀਤੀ ਹੈ ਤੇ ਉਹਨੂੰ ਪ੍ਰੇਰਨਾ ਦਿੱਤੀ ਹੈ ਉਹਨਾਂ ਵਿਚ ਉੱਘੇ ਨਾਂ ਹਨ, ਜਗਦੇਵ ਸਿੰਘ ਜੱਸੋਵਾਲ, ਜ਼ੋਰਾਵਰ ਸਿੰਘ ਬੈਂਸ, ਗਿ: ਹਰਕੇਵਲ ਸਿੰਘ ਸੈਲਾਨੀ (ਨੈਸ਼ਨਲ ਐਵਾਰਡੀ), ਸ਼ਿੰਗਾਰਾ ਸਿੰਘ ਭੁੱਲਰ, ਸਮਸ਼ੇਰ ਸਿੰਘ ਸੰਧੂ, ਪ੍ਰੇਮ ਗੋਰਖੀ, ਅਮਰੀਕ ਸਿੰਘ ਬਣਵੈਤ, ਸ਼ਿਵ ਕੁਮਾਰ ਬਾਵਾ, ਐੱਸ.ਡੀ. ਕ੍ਰਿਸ਼ਨਾ ਰਾਓ, ਅਸ਼ੋਕ ਕੁਮਾਰ, ਗੁਰਮੀਤ ਖਾਨਪੁਰੀ, ਹਰਬੰਸ ਸਿੰਘ ਬੈਂਸ, ਪਰਗਟ ਗਰੇਵਾਲ, ਗੁਰਭਜਨ ਗਿੱਲ, ਅਤੇ ਜਗਤਾਰ ਸਿੰਘ ਮਿਨਹਾਸ ਸਮੇਤ ਕਈ ਹੋਰ ਨਾਂ ਹਨ।

ਬਲਜਿੰਦਰ ਮਾਨ ਦੀਆਂ ਸਭਿਆਚਾਰਕ ਸਾਹਿਤਕ ਖੇਤਰ ਵਿਚਲੀਆਂ ਸ਼ਾਨਦਾਰ ਸੇਵਾਵਾਂ ਖਾਤਰ ਉਹਨੂੰ ਅਠਾਰ੍ਹਾਂ ਤੋਂ ਵੀ ਵਧੇਰੇ ਸੰਸਥਾਵਾਂ ਨੇ ਸਮੇਂ-ਸਮੇਂ

ਸਿਰ ਸਨਮਾਨਿਆ ਹੈ।

ਇਕ ਦਿਨ ਬਲਜਿੰਦਰ ਮਾਨ ਜੱਸੋਵਾਲ ਕੋਲ ਬੈਠਾ ਮਿਲਿਆ, ਨਾਲ ਉਹਦੇ ਇਕ ਜਣਾ ਹੋਰ ਸੀ। ਮਾਨ ਨੇ ਜੱਸੋਵਾਲ ਨੂੰ ਦੱਸਿਆ, "ਜੱਸੋਵਾਲ ਜੀ, ਏਹ ਮੁੰਡਾ ਨੀਲ ਕਮਲ ਐ, ਸਾਹਿਤਕ ਗੀਤ ਗਾਉਂਦਾ ਐ, ਤੁਸੀਂ ਏਹਦੀ ਕੋਈ ਮੱਦਤ ਕਰੋ, ਆਪਣੇ ਨਾਲ ਕਿਤੇ ਲੈ ਜਾਇਆ ਕਰੋ, ਏਹਦੀ ਕੋਈ ਗੱਲ ਬਣ ਜਾਏ ਤਾਂ... ਚੰਗਾ ਐ।"

ਉਸ ਮੁੰਡੇ ਨੇ ਹਰਮੋਨੀਅਮ ਵਜਾ ਕੇ ਸਾਹਿਤਕ ਗੀਤ ਸੁਣਾਏ। ਜਸੋਵਾਲ ਨੇ ਸਾਬਾਸ਼ ਦਿੱਤੀ ਤੇ ਕਿਹਾ, "ਮਾਨ, ਇਸਨੂੰ ਆਖ ਬੇਟਾ ਕਿ ਅੱਜ ਕੱਲ੍ਹ ਸਾਹਿਤਕ ਗੀਤ ਕੋਈ ਸੁਣਦਾ ਨਹੀਂ। ਜੇ ਮਸ਼ਹੂਰ ਹੋਣਾ ਫੇ ਅੱਜ ਵਾਂਗ.... ਜੇਹੜੇ ਹੋਰ ਮੁੰਡੇ ਗਾਉਂਦੇ ਆ, ਉਵੇਂ ਗਾਉਣਾ ਪਊ... ਸਾਹਿਤਕ ਗੀਤ ਨਹੀਂ ਸੁਣਦੇ ਲੋਕ।"

ਮਾਨ ਨਿਰਉੱਤਰ ਜਿਹਾ ਹੋ ਗਿਆ। ਫੇਰ ਉਹਨੇ ਕੁਝ ਮਿੰਟ ਸੋਚ ਕੇ ਜੱਸੋਵਾਲ ਨੂੰ ਆਖਿਆ, "ਲੋਕਾਂ ਨੂੰ ਸਾਹਿਤਕ ਗੀਤ ਸੁਣਨ ਤਾਂ ਆਪਾ ਈ ਲਾਉਣੈ। ਜੇ ਨਹੀਂ ਸੁਣਦੇ ਤਾਂ ਗੱਲ ਮਾੜੀ ਆ.... ਜੇ ਏਸ ਗਾਇਕ ਨੂੰ ਆਪਾਂ ਪ੍ਰੇਰਨਾ ਦਿਆਂਗੇ ਕਿ ਇਹ ਸਾਹਿਤਕ ਗੀਤ ਗਾਵੇ, ਲੋਕਾਂ ਨੂੰ ਸੁਣਾਵੇ, ਤੇ ਗੱਲ ਤਾਂ ਚੰਗੀ ਤਦੇ ਈ ਬਣੂੰ। ਜੇ ਆਪਾਂ ਈ ਸਾਰੇ ਗਾਇਕਾਂ ਨੂੰ ਏਦਾਂ ਈ ਕਹੀ ਗਏ ਕਿ ਬਈ ਤੂੰ ਸਾਹਿਤਕ ਗੀਤ ਨਾ ਗਾ, ਫੇਰ ਕਿਸੇ ਨੇ ਨਹੀਂ ਗਾਉਣੇ, ਤੇ ਲੋਕਾਂ ਨੇ ਕਿੱਦਾ ਸੁਣਨੇ ਆਂ।"

ਮਾਨ ਦੀ ਗੱਲ ਸੁਣ ਕੇ ਜੱਸੋਵਾਲ ਹੈਰਾਨ ਹੋ ਗਿਆ। ਤੇ ਬੋਲਿਆ, "ਬਈ ਮਾਨ ਨੂੰ ਠੀਕ ਆਖ ਰਿਹੈ.... ਮੈਂ ਖੁਸ਼ ਆਂ.... ਬਈ ਤੂੰ ਠੀਕ ਆਖ ਰਿਹੈਂ, ਮੈਂ ਖੁਸ਼ ਆਂ.... ਮੈਂ ਖੁਸ਼ ਆਂ....।"

ਮੈਂ ਮਾਨ ਦੀ ਸਾਫ਼ਗੋਈ ਤੇ ਸਪੱਸ਼ਟਤਾ ਦੇਖਕੇ ਹੈਰਾਨ ਹੀ ਨਹੀਂ ਹੋਇਆ ਸਗੋਂ ਖੁਸ਼ ਵੀ ਹੋਇਆ ਸਾਂ।

ਸੱਚਮੁੱਚ ਹੀ ਬਲਜਿੰਦਰ ਮਾਨ ਸੱਚਾ, ਸੁਹਿਰਦ ਤੇ ਚੰਗਾ ਬੰਦਾ ਹੈ।

✪ ✪ ✪

## ਪਾਇਲਟ ਵੀ ਤੇ ਗਵੱਈਆ ਵੀ



ਗੁਰਸੇਵਕ ਮਾਨ ਬੜੇ ਸਾਊ ਤੇ ਸੰਗਾਊ ਸੁਭਾਅ ਦਾ ਮਾਲਕ ਹੈ, ਜਿੰਨਾ ਸਾਊ ਹੈ ਓਨਾ ਹੀ ਜ਼ੁਬਾਨ ਦਾ ਮਿੱਠਾ। ਵੱਡਿਆਂ ਦਾ ਆਗਿਆਕਾਰੀ ਵੀ ਹੈ ਤੇ ਸਤਿਕਾਰ ਕਰਨ ਵਾਲਾ ਵੀ। ਗਾਉਂਦਾ ਵੀ ਸੁਰ 'ਚ ਹੈ, ਤੁਰਦਾ ਵੀ ਸੁਰ 'ਚ ਹੈ, ਤੇ ਹਸਦਾ ਵੀ ਸੁਰ ਵਿਚ ਹੀ ਹੈ।

ਪਹਿਲੀ ਵਾਰੀ ਮੈਂ ਉਹਨੂੰ ਭੀਖੀ ਕਸਬੇ 'ਚ ਹਰਭਜਨ ਮਾਨ ਨਾਲ ਗਾਉਂਦਾ ਦੇਖਿਆ। ਸਭ ਤੋਂ ਪਹਿਲਾਂ ਸਾਜਿੰਦੇ ਸਟੇਜ ਉੱਤੇ ਆਏ ਤੇ ਸਾਜ਼ ਜਚਾਏ। ਫਿਰ ਗੁਰਸੇਵਕ ਆਇਆ, ਉਸ ਆਪਣੇ ਕੈਸੀਓ ਨੂੰ ਸਤਿਕਾਰ ਨਾਲ ਹੱਥ ਲਾ ਕੇ ਕੰਨਾਂ ਨੂੰ ਛੁਹਾਏ ਤੇ ਕੈਸੀਓ ਉੱਤੇ ਸੁਰਾਂ ਕੱਢਣ ਲੱਗਿਆ। ਸਾਜ਼ ਵੱਜਣ ਲੱਗੇ ਉਸ ਤਰਜ਼ ਵਜਾਈ, "ਆ ਸੁਹਣਿਆਂ ਵੇ ਜੱਗ ਜਿਉਂਦਿਆਂ ਦੇ ਮੇਲੇ।" ਜਿਉਂ-ਜਿਉਂ ਸਾਜ਼ ਵਜਦੇ ਜਾਣ ਉਹਦਾ ਚਿਹਰਾ ਲਾਲ-ਲਾਲ ਹੁੰਦਾ ਜਾਵੇ। ਗਰਮੀ ਸੀ, ਕੈਸੀਓ ਉੱਤੇ ਰੱਖੇ ਛੋਟੇ ਜਿਹੇ ਤੋਲੀਏ ਨਾਲ ਪਸੀਨਾ ਪੂੰਝੀ ਜਾਏ। ਫਿਰ ਹਰਭਜਨ ਮਾਨ ਸਟੇਜ ਪਿੱਛਿਓਂ ਚਾਨਣੀ ਚੁੱਕ ਚੜ੍ਹ ਆਇਆ, ਬੜੇ ਅਦਬ ਸਹਿਤ ਜਨਤਾ ਨੂੰ ਸਤਿ ਸ੍ਰੀ ਅਕਾਲ ਆਖੀ। ਦੋਵਾਂ ਭਰਾਵਾਂ ਨੇ ਕਈ ਘੰਟੇ ਚੰਗਾ ਰੰਗ ਬੰਨ੍ਹਿਆ, ਲੋਕਾਂ ਉੱਠਣਾ ਤਾਂ ਕੀ ਸੀ, ਸਗੋਂ ਉਹਨਾਂ ਅੱਗੇ ਨੋਟਾਂ ਦੇ ਢੇਰ ਲਗਾ ਦਿੱਤੇ, ਦੂਰ-ਦੂਰ ਤੀਕ ਜੁੜੇ ਬੈਠੇ ਲੋਕ ਗੌਣ ਸੁਣਦੇ ਰਹੇ।

ਉਸ ਮਗਰੋਂ ਗੁਰਸੇਵਕ ਨੂੰ ਮੈਂ ਕਈ ਵਾਰੀ ਮਿਲਿਆ ਹਾਂ, ਜਿੰਨੀ ਵਾਰੀ ਵੀ ਮਿਲਿਆ ਹਾਂ ਉਸਨੂੰ ਹਰ ਵਾਰੀ ਬਾਗੋ-ਬਾਗ ਹੀ ਦੇਖਿਆ ਹੈ।

ਹਰਭਜਨ ਮਾਨ ਦੀ ਸਫ਼ਲਤਾ ਪਿੱਛੇ ਉਹਦਾ ਵੱਡਾ ਕੰਮ ਤੇ ਪੱਕੀ ਲਗਨ ਹੈ। ਹਰਭਜਨ ਨਾਲ ਮਿਲ ਕੇ ਗਾਉਂਦਿਆਂ ਉਸ ਨੇ ਆਪਣੀ ਜਾਣ-ਪਛਾਣ ਭਾਵੇਂ ਸਥਾਪਤ ਕਰ ਲਈ ਸੀ ਪਰ ਇਕੱਲੇ ਤੌਰ 'ਤੇ ਸਮਰੱਥ ਗਾਇਕ ਵਜੋਂ ਪਛਾਣ ਉਹਦੀ 'ਲਾਰਾ ਲੱਪਾ' ਕੈਸਿਟ ਦੀ ਆਮਦ ਨਾਲ ਸਥਾਪਤ ਹੁੰਦੀ ਹੈ, ਬਿਨਾ ਸ਼ੱਕ ਉਹ ਆਪਣੀ ਮੌਲਿਕ ਪ੍ਰਤਿਭਾ ਵਾਲਾ ਹੋਣਹਾਰ ਗਾਇਕ ਹੈ ਪਰ ਸਮੁੱਚਾ ਲੋਕ-ਪ੍ਰਮਾਣ ਹਾਸਲ ਕਰਦਿਆਂ ਅਜੇ ਉਹਨੂੰ ਦੇਰੀ ਲੱਗੇਗੀ।

ਸ਼੍ਰੋਮਣੀ ਕਵੀਸ਼ਰ ਅਤੇ ਆਪਣੇ ਉਸਤਾਦ (ਬਾਪੂ) ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੀ ਰਹਿਨੁਮਾਈ ਹੇਠ ਜਦੋਂ ਹਰਭਜਨ ਤੇ ਗੁਰਸੇਵਕ, ਨਿੱਕੇ ਹੁੰਦੇ ਕਵੀਸ਼ਰੀਆਂ ਗਾਉਂਦੇ ਹੁੰਦੇ ਸਨ ਤਾਂ ਉਦੋਂ ਕੈਨੇਡਾ ਵਿਖੇ ਰਹਿੰਦਿਆਂ ਇਹਨਾ ਕਿੱਸਾ 'ਪੂਰਨ ਭਗਤ' ਡੇਢ੍ਹ ਘੰਟੇ ਦੀ ਟੇਪ ਰਿਕਾਰਡ ਕਰਵਾਈ ਸੀ। ਉਹ ਕੈਸਿਟ ਸੁਣਦਿਆਂ ਵੱਖਰਾ ਹੀ ਲੋਕ-ਸੰਗੀਤ ਨਜ਼ਾਰਾ ਬਝਦਾ ਹੈ, ਉਸ ਵਿਚ ਗੁਰਸੇਵਕ ਨੇ ਜਿਸ ਤਰ੍ਹਾਂ ਸਾਰੰਗੀ ਵਜਾਉਂਦਿਆਂ ਆਪਣੇ ਜੌਹਰ ਦਿਖਾਏ ਹਨ ਤੇ ਜਿਸ ਤਰ੍ਹਾਂ ਉਸਨੇ ਖੁੱਲ੍ਹੇ ਅਤੇ ਉੱਚੇ ਅਲਾਪ ਲਗਾਏ ਹਨ, ਸੁਣਕੇ, ਉਸ ਉੱਪਰ ਸੱਚੀਓਂ ਫ਼ਖ਼ਰ ਹੁੰਦਾ ਹੈ, ਉਮਰ ਨਿੱਕੀ ਹੋਣ ਕਾਰਣ ਆਵਾਜ਼ ਭਾਵੇਂ ਉਹਦੀ ਕਾਫ਼ੀ ਤਿੱਖੀ ਹੈ ਪਰ ਜਿਸ ਤਰ੍ਹਾਂ ਅਮਰਜੀਤ ਗੁਰਦਾਸਪੁਰੀ ਲੰਬਾ ਤੇ ਭਰਵਾਂ ਅਲਾਪ ਲੈਂਦਾ ਹੈ ਓਵੇਂ ਗੁਰਸੇਵਕ ਨੂੰ ਅਲਾਪ ਲਗਾਉਂਦਾ ਸੁਣ ਕੇ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ। ਲਫ਼ਜ਼ਾਂ ਦਾ ਵੀ ਸ਼ੁੱਧ ਉਚਾਰਣ ਹੈ। ਮਾਨ ਭਰਾਵਾਂ ਦੀ ਗਾਈ ਕਵੀਸ਼ਰੀ 'ਪੂਰਨ ਭਗਤ' ਲੋਕ-ਸੁਰ ਦੀ ਲੋਕ-ਗਾਇਕੀ

ਦਾ ਇਕ ਸੁੰਦਰ ਨਮੂਨਾ ਹੈ। ਜਦ ਗੁਰਸੇਵਕ ਅਲਾਪ ਲੈਂਦਾ ਹੈ ਤਾਂ ਨਾਲ-ਨਾਲ ਢੱਡ ਉੱਤੇ ਸੰਗਤ ਕਰ ਰਿਹਾ ਹਰਭਜਨ ਆਖਦਾ ਹੈ, "ਬੱਲੇ ਬਈ ਬੱਲੇ ਗੁਰਸੇਵਕ ਸਿਆਂ।"

ਕੈਨੇਡਾ ਜਾ ਕੇ ਸੰਗੀਤਕਾਰ ਸ੍ਰ. ਬਲਵੀਰ ਸਿੰਘ ਭੰਗੂ ਤੋਂ ਸੰਗੀਤ ਸਿੱਖਿਆ ਲੈਣੀ ਆਰੰਭ ਕੀਤੀ ਤੇ ਜਲਦੀ ਹੀ ਗੁਰਸੇਵਕ ਸਾਰੰਗੀ, ਤੂੰਬੀ, ਹਾਰਮੋਨੀਅਮ ਅਤੇ ਕੀ-ਬੋਰਡ ਵਗੈਰਾ ਸਾਜ਼ ਵਜਾਉਣ ਲੱਗ ਪਿਆ। ਧਿਆਨ ਭਾਵੇਂ ਪੜ੍ਹਾਈ ਵੱਲ ਦੋਵਾਂ ਭਰਾਵਾਂ ਦਾ ਹੀ ਉਚੇਚਾ ਲੱਗਾ ਹੋਇਆ ਸੀ ਪਰ ਛੁੱਟੀ ਵਾਲੇ ਦਿਨ ਇਹ ਗੁਰਦੁਆਰਿਆਂ ਵਿਚ ਜਾਂ ਕਿਤੇ ਵਿਆਹ-ਸ਼ਾਦੀ ਦੇ ਨਿੱਕੇ ਮੋਟੇ ਸਮਾਗਮਾਂ ਵਿਚ ਗਾ ਲੈਂਦੇ ਤੇ ਇਉਂ ਇਹਨਾਂ ਦਾ ਝਾਸਾ ਵੀ ਪੂਰਾ ਹੋ ਜਾਂਦਾ ਤੇ ਕੁਝ ਪੈਸੇ ਵੀ ਮਿਲ ਜਾਂਦੇ ਸਨ। ਚੰਗੇ ਮਾੜੇ ਦਿਨਾਂ ਨੂੰ ਉਹ ਭੁੱਲਿਆ ਨਹੀਂ।

ਨਿੱਕਾ ਹੀ ਸੀ ਹਾਲੇ ਉਹ, ਜਦੋਂ ਉਸਨੇ ਸੈੱਲ ਵਗੈਰਾ ਤੇ ਹੋਰ ਸਾਜ਼ੋ-ਸਮਾਨ ਨਾਲ ਆਪਣੇ ਘਰ ਜਹਾਜ਼ ਤਿਆਰ ਕਰ ਲਿਆ। ਸਭ ਉਸਦੀ ਕਾਰਗੁਜ਼ਾਰੀ 'ਤੇ ਹੈਰਾਨ ਹੋਏ ਸਨ। ਜਹਾਜ਼ਾਂ ਨਾਲ ਲਗਾਓ ਉਹਨੂੰ ਮੁੱਢ ਤੋਂ ਰਿਹਾ ਹੈ। ਜਦੋਂ ਕੋਈ ਜਹਾਜ਼ ਗੂੰਜਦਾ ਸੁਣਾਈ ਦੇਂਦਾ ਤਾਂ ਉਹ ਮੂੰਹ ਚੁੱਕ ਕੇ ਉਤਾਂਹ ਦੇਖਣ ਲੱਗ ਜਾਂਦਾ, ਜਿੰਨਾ ਚਿਰ ਧੌਣ ਦੁਖਣੋਂ ਨਾ ਹਟਦੀ (ਜਹਾਜ਼ ਭਾਵੇਂ ਕਦੇ ਦਾ, ਕਿਤੇ ਦਾ ਕਿਤੇ ਪੁੱਜ ਗਿਆ ਹੁੰਦਾ) ਓਨਾ ਚਿਰ ਗੁਰਸੇਵਕ ਮੂੰਹ ਉਤਾਂਹ ਹੀ ਚੁੱਕੀ ਰਖਦਾ। ਮਿਹਨਤ ਤੇ ਲਗਨ ਓਵੇਂ ਰਹੀਆਂ। ਕਨੇਡਾ ਉਹ ਪੜ੍ਹਿਆ। ਪਾਇਲਟ ਬਣ ਗਿਆ। ਇੰਸਟਰਕਟਰ ਦੇ ਤੌਰ 'ਤੇ ਵੀ ਪੇਪਰ ਪਾਸ ਕਰ ਲਿਆ। ਪਾਇਲਟ ਦੇ ਨਾਲ-ਨਾਲ ਗਾਇਕੀ ਵੀ ਨਹੀਂ ਛੱਡੀ।

ਅੱਜ ਉਹ ਪ੍ਰਸਿੱਧ ਹੈ। ਦੇਸ਼ਾਂ-ਵਿਦੇਸ਼ਾਂ ਤੇ ਪੂਰੇ ਭਾਰਤ ਵਿਚ ਪ੍ਰੋਗਰਾਮ ਦੇ ਚੁੱਕਿਆ ਹੈ। ਰਮਨ ਉਸਦੀ ਜੀਵਨ ਸਾਥਣ ਹੈ। ਦਿੱਲੀ ਟਿਕਾਣਾ ਹੈ। ਦਫ਼ਤਰ ਦਾ ਕੰਮ-ਕਾਜ ਉਹਦਾ ਰਿਸ਼ਤੇਦਾਰ ਦਵਿੰਦਰ ਕੰਗ ਸੰਭਾਲਦਾ ਹੈ।

ਗੁਰਸੇਵਕ ਦੀ ਸਾਫ਼ਗੋਈ ਤੇ ਮਿਲਾਪੜੀ ਸ਼ਖਸੀਅਤ 'ਤੇ ਹਰੇਕ ਮੇਲੀ-ਗੇਲੀ ਨੂੰ ਮਾਣ ਹੈ। ਉਸ ਵਿਚ ਆਮ ਗਵੱਈਆਂ ਵਾਲੇ ਹੇਰ-ਫੇਰ ਨਹੀਂ ਹਨ। ਸਮਝ ਅਤੇ ਸਲੀਕਾ ਹਮੇਸ਼ਾ ਉਹਦੇ ਅੰਗ-ਸੰਗ ਰਹਿੰਦਾ ਹੈ।

✪ ✪ ✪



# ਰਜਨੀਸ਼ ਪਾਲ ਸਿੰਘ ਮਾਨ

ਰਜਨੀਸ਼ ਪਾਲ ਸਿੰਘ ਮਾਨ ਦਾ ਕੱਚਾ ਨਾਂ 'ਨੀਸ਼' ਹੈ, ਉਹਦੇ ਆਸੇ-ਪਾਸੇ ਵਾਲੇ ਉਹਨੂੰ ਏਸੇ ਨਾਂ ਨਾਲ ਸੱਦ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ।

ਜਦ ਮੈਂ ਰਜਨੀਸ਼ ਪਾਲ ਸਿੰਘ ਬਾਰੇ ਇਹ ਲੇਖ ਰਿਹਾ ਹਾਂ ਤਾਂ ਉਹਦੀਆਂ ਕਈ ਸਾਰੀਆਂ ਫੋਟੂਆਂ ਮੇਰੇ ਸਾਹਮਣੇ ਟੇਬਲ ਉੱਤੇ ਪਈਆਂ ਹਨ, ਜਿਨ੍ਹਾਂ ਨੂੰ ਦੇਖਦਿਆਂ ਇਹ ਅਹਿਸਾਸ ਹੁੰਦੈ ਕਿ ਰਜਨੀਸ਼ਪਾਲ ਨੂੰ ਅਦਾਕਾਰੀ ਦੀ ਚਿਣਗ ਬਚਪਨ ਤੋਂ ਹੈ। ਮੇਰੇ ਸਾਹਮਣੇ ਪਈਆਂ ਫੋਟੂਆਂ ਵਿਚ ਕੁਝ ਕਾਲ਼ੀਆਂ-ਚਿੱਟੀਆਂ ਉਹ ਫੋਟੂਆਂ ਵੀ ਹਨ ਜਿਹਨਾਂ ਵਿਚ ਉਹ ਚਹੁੰ ਕੁ ਵਰ੍ਹਿਆਂ ਦਾ ਹੈ, ਕੁਝ 'ਚ ਛੇਆਂ, ਅੱਠਾਂ, ਦਸਾਂ, ਪੰਦਰਾਂ, ਸੋਲ਼ਾਂ 'ਤੇ ਅਠਾਰਾਂ, ਵੀਹਾਂ ਤੇ ਉਹਦੀਆਂ ਹੁਣ ਤੱਕ ਦੀਆਂ ਵੀ ਕੁਝ ਤਾਜ਼ੀਆਂ ਫੋਟੂ ਹਨ। ਸਾਰੀਆਂ ਫੋਟੂਆਂ ਉਹਨੇ ਕਲਾਕਾਰੀ ਲਹਿਜ਼ੇ 'ਚ ਖਿਚਵਾਈਆਂ ਹਨ। ਬਾਲ ਰਜਨੀਸ਼, ਸਿਰ ਉੱਤੇ ਸ਼ੰਮ੍ਹਲੇ ਵਾਲੀ ਪਗੜੀ ਬੰਨ੍ਹੀ, ਕੁੜਤਾ-ਚਾਦਰਾ ਪਾਈ, ਫੁੱਲਾਂ ਵਿਚ ਖਲੋਤਾ ਮੁਸਕਰਾ ਰਿਹਾ ਹੈ, ਇਥੋਂ ਇਹ ਪਤਾ ਲਗਦੈ ਕਿ ਏਹ ਫੋਟੂ ਉਹਦੀ ਉਹਨਾਂ ਦਿਨਾਂ ਦੀ ਹੈ ਜਦੋਂ ਸ਼ੰਮਲਿਆ ਵਾਲੀਆਂ ਪਗੜੀਆਂ ਬੰਨ੍ਹ ਕੇ ਗਾਉਣ ਵਾਲੇ ਉਹਦੇ ਪਿਤਾ ਜੀ ਕੋਲ ਗੀਤ ਲੈਣ ਲਈ ਆਏ ਹੀ ਰਹਿੰਦੇ ਸਨ ਤੇ ਉਹਨਾਂ ਵੰਨੀਂ ਦੇਖਕੇ ਹੀ ਰਜਨੀਸ਼ ਪਾਲ ਨੂੰ ਉਸੇ ਤਰ੍ਹਾਂ ਦੀ ਫੋਟੋ ਖਿਚਾਉਣ ਦਾ ਚਾਅ ਜਾਗਿਆ ਹੋਵੇ। ਕੁਝ ਫੋਟੂਆਂ ਉਹਦੀਆਂ ਖੇਤਾਂ – ਟਿੱਬਿਆਂ 'ਤੇ ਤੁਰੇ-ਫਿਰਦੇ ਦੀਆਂ ਹਨ, ਕੁਝ ਪਰਿਵਾਰ ਨਾਲ ਤੇ ਕੁਝ ਪ੍ਰਸਿੱਧ ਕਲਾਕਾਰਾਂ ਨਾਲ। ਸਾਰੀਆਂ ਫੋਟੂਆਂ ਵਿਚੋਂ ਝਾਕਦਾ ਰਜਨੀਸ਼ ਪਾਲ ਸਿੰਘ ਇਉਂ ਹੀ ਪ੍ਰਤੀਤ ਹੁੰਦੈ ਕਿ ਜਿਵੇਂ ਅਦਾਕਾਰੀ ਦੇ ਖੇਤਰ ਵਿਚ ਕੁਝ ਕਰ ਗੁਜ਼ਰਨ ਦੀ ਚਾਹ ਉਹਦੀਆਂ ਅੱਖਾਂ ਵਿਚ ਲੱਥੀ ਹੋਈ ਹੈ।

ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲੋਂ ਤੇ ਫੇਰ ਜੰਡ ਸਾਹਿਬ ਹਾਈ ਸਕੂਲੋਂ ਤੇ ਫਿਰ ਬਰਜਿੰਦਰਾ ਕਾਲਜ ਫਰੀਦਕੋਟ ਵਿਚੋਂ ਬੀ.ਏ. ਪੜ੍ਹ ਕੇ ਰਜਨੀਸ਼ ਪਾਲ ਸਿੰਘ ਬੰਬੇ ਚਲਿਆ ਜਾਂਦਾ ਹੈ।

ਦਲੀਪ ਕੁਮਾਰ 'ਕਲਿੰਗਾ' ਫਿਲਮ ਲਈ ਹੀਰੋ ਦਾ ਸਕਰੀਨ ਟੈਸਟ ਲੈ ਰਹੇ ਸਨ। ਸਾਰੀ ਬੰਬਈ ਢੁੱਕੀ ਹੋਈ ਸੀ। ਸੰਨੀ ਦਿਓਲ ਵੀ ਟੈਸਟ ਦੇਣ ਵਾਲਿਆਂ ਵਿਚ ਹੈ ਤੇ ਸੰਜੇ ਦੱਤ ਵੀ, ਹੋਰ ਵੀ ਕਈ ਹਨ। ਛੇ ਮਹੀਨੇ ਤੱਕ ਇਹ ਸਕਰੀਨ ਟੈਸਟ ਵਾਲਾ ਸਿਲਸਲਾ ਚਲਦੈ ਤੇ ਜਦੋਂ ਰਜਨੀਸ਼ ਪਾਲ ਸਿੰਘ ਮਾਨ ਨੇ ਟੈਸਟ ਦਿੱਤਾ ਤੇ ਸਾਰੀ ਬੰਬਈ ਵਿਚੋਂ ਉਹੋ ਹੀ ਪਾਸ ਹੈ.... ਤੇ ਹਾਂ.... ਏਹ ਰਜਨੀਸ਼ਪਾਲ ਸਿੰਘ ਮਾਨ ਕੋਈ ਹੋਰ ਨਹੀਂ.... ਏਹ ਉਹੀ ਅਮਿਤੋਜ਼ ਮਾਨ ਹੈ.... ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦਾ ਹੋਣਹਾਰ ਤੇ ਨਿੱਕਾ ਫਰਜ਼ੰਦ!

ਅਮਿਤੋਜ਼ ਮਾਨ ਦੀ ਖੁਸ਼ੀ ਦਾ ਕੋਈ ਠਿਕਾਣਾ ਹੀ ਨਹੀਂ ਸੀ ਜਦ ਉਹਦੀ 'ਕਲਿੰਗਾ' ਲਈ ਸਿਲੈਕਸ਼ਨ ਹੋਈ ਸੀ।

ਵੱਡੀ ਪੱਧਰ ਉੱਤੇ ਕੰਮ ਹੋਇਆ, ਸ਼ੂਟਿੰਗ ਮੁਕੰਮਲ ਹੋ ਗਈ। ਮੀਨਾਕਸ਼ੀ ਹੀਰੋਇਨ ਤੇ ਅਮਿਤੋਜ਼ ਹੀਰੋ, ਖ਼ੂਬ ਜਚੇ। "ਗੰਗਾ ਯਮਨਾ" ਤੋਂ ਬਾਅਦ ਜੇ ਸਾਰਾ ਜ਼ੋਰ

ਦਲੀਪ ਕੁਮਾਰ ਨੇ ਏਸੇ ਫਿਲਮ ਉੱਤੇ ਹੀ ਲਗਾ ਦਿੱਤਾ ਆਖੀਏ, ਤਾਂ ਕੋਈ ਅਤਿਕਥਨੀ ਵਾਲੀ ਗੱਲ ਨਹੀਂ ਹੈ। ਬਦਕਿਸਮਤੀ ਏਹ ਕਿ ਦਲੀਪ ਕੁਮਾਰ ਤੇ ਪ੍ਰੋਡਿਊਸਰ ਸੁਧਾਕਰ ਪਾਂਡੇ ਦੀ ਕੋਈ ਅੜਾਉਣੀ ਅਜਿਹੀ ਅੜੀ ਕਿ ਫਿਲਮ ਰਿਲੀਜ਼ ਨਾ ਹੋ ਸਕੀ। 'ਨਸੀਬੋ' ਵਿਚ ਮਹਿਮਾਨ-ਕਲਾਕਾਰ ਵਜੋਂ ਅਮਿਤੋਜ਼ ਮਾਨ ਦੀ ਪਛਾਣ ਸਥਾਪਤ ਹੁੰਦੀ ਹੈ।

ਅਮਿਤੋਜ਼ ਮਾਨ ਉਰਫ਼ ਰਜਨੀਸ਼ਪਾਲ ਸਿੰਘ ਬਚਪਨ ਤੋਂ ਹੀ ਮਿਹਨਤੀ ਤੇ ਸਿਰੜੀ ਹੈ ਆਪਣੇ ਬਾਪ ਵਾਂਗ। ਕਾਲਜ ਵਿਚ ਉਹ ਵਾਲੀਵਾਲ ਦਾ ਪੰਜਾਬ ਪੱਧਰ ਦਾ ਖਿਲਾੜੀ ਰਿਹੈ। ਚੰਗੀਆਂ ਕਿਤਾਬਾਂ ਪੜ੍ਹਨ ਤੇ ਉੱਚ ਪਾਏ ਦਾ ਸੰਗੀਤ ਸੁਣਨ ਦੀ ਉਹਦੀ ਰੀਝ ਨਿੱਕੇ ਹੁੰਦੇ ਦੀ ਹੈ। ਕਿਤਾਬਾਂ ਉਹਦੀਆਂ ਪੱਕੀਆਂ ਮਿੱਤਰ ਹਨ।

ਜਦੋਂ ਬੰਬਈ ਗਿਆ ਤਾਂ ਜਾਂਦੇ ਸਾਰ ਉਹਨੇ ਰੌਸ਼ਨ ਤਨੇਜਾ ਤੋਂ ਟਰੇਨਿੰਗ ਲੈਣੀ ਸ਼ੁਰੂ ਕੀਤੀ ਤੇ ਨਾਲ-ਨਾਲ ਨਾਦਿਰਾ ਬੱਬਰ ਨਾਲ ਕਈ ਨਾਟਕਾਂ ਵਿਚ ਕੰਮ ਕੀਤਾ, ਇਉਂ ਉਹਦੀ ਜਾਣ-ਪਛਾਣ ਦਾ ਘੇਰਾ ਵਧਿਆ। ਜਦੋਂ ਹਰਭਜਨ ਮਾਨ ਦਾ ਗਾਇਆ 'ਮਿਰਜ਼ਾ' ਫਿਲਮਾਉਣ ਦੀ ਜ਼ਿੰਮੇਵਾਰੀ ਅਮਿਤੋਜ਼ ਉੱਪਰ ਆਈ ਤਾਂ ਉਹਨੇ ਚੁਣੌਤੀ ਸਮਝ ਕੇ ਇਸ ਤਰ੍ਹਾਂ ਦਾ ਕਾਰਜ ਕਰ ਵਿਖਾਇਆ ਕਿ ਕੇਵਲ ਸਫ਼ਲਤਾ ਹੀ ਨਹੀਂ ਲੱਭੀ ਸਗੋਂ ਸ਼ੋਭਾ ਤੇ ਪ੍ਰਸ਼ੰਸਾ ਵੀ। 'ਮਿਰਜ਼ਾ' ਲਿਖਿਆ ਵੀ ਮਾਨ ਨੇ, ਤੇ ਗਾਇਆ ਵੀ ਮਾਨ ਨੇ, ਤੇ ਫਿਲਮਾਇਆ ਵੀ ਮਾਨ ਨੇ। ਇਉਂ ਇਹਨਾਂ ਤਿੰਨਾਂ ਮਾਨਾਂ (ਬਾਬੂ ਸਿੰਘ ਮਾਨ, ਹਰਭਜਨ ਮਾਨ ਤੇ ਅਮਿਤੋਜ਼ ਮਾਨ) ਦੀ ਕਲਾਕਾਰੀ ਨੇ ਆਪਣਾ ਪੂਰਾ-ਪੂਰਾ ਰੰਗ ਜਮਾਇਆ।

ਮੈਂ ਦੇਖਿਆ ਜਿਸ ਤਰ੍ਹਾਂ ਅਮਿਤੋਜ਼ ਨੇ 'ਮਿਰਜ਼ਾ' ਫਿਲਮਾਉਣ ਵੇਲੇ ਸਿਰਤੋੜ ਮਿਹਨਤ ਕੀਤੀ, ਮਾਨਸਾ-ਬਠਿੰਡਾ ਦੇ ਇਲਾਕੇ 'ਚ ਤਪਦੇ ਟਿੱਬਿਆਂ ਵਿਚ ਕੰਮ ਕਰਦਾ ਉਹ ਕੋਈ ਹੰਢਿਆ ਹੋਇਆ ਫਿਲਮ ਡਾਇਰੈਕਟਰ ਜਾਪਦਾ ਸੀ। 'ਲਿਸ਼ਕਾਰਾ ਪੁਰਸਕਾਰ' ਮਿਰਜ਼ੇ ਦੇ ਸੁਚੱਜੇ ਫਿਲਮਾਂਕਣ ਲਈ ਉਸਨੂੰ ਮਿਲਿਆ।

'ਮਿਰਜ਼ਾ' ਏਨਾ ਮਕਬੂਲ ਹੋਇਆ ਕਿ ਹਰਭਜਨ ਮਾਨ ਵੀ ਚੋਖੇ ਨੰਬਰ ਲੈ ਗਿਆ। ਹਰ ਵਰਗ ਦੇ ਸ੍ਰੋਤਿਆਂ ਵੱਲੋਂ ਮਿਰਜ਼ੇ ਦੀ ਵੀਡੀਓ ਦੇਖੀ-ਮਾਣੀ ਤੇ ਸਲਾਹੀ ਗਈ। ਗ਼ੈਰ-ਪੰਜਾਬੀ ਸਰੋਤਿਆਂ ਵਿਚ ਵੀ ਮਿਰਜ਼ੇ ਦੀ ਚਰਚਾ ਚੱਲੀ ਤੇ ਕਈ ਨਿੱਕੇ ਬੱਚੇ ਵੀਡੀਓ ਦੇਖ ਕੇ ਏਨੇ ਪ੍ਰਭਾਵਿਤ ਹੋਏ ਕਿ ਆਪਣੇ ਮਾਪਿਆਂ ਤੋਂ ਮਿਰਜ਼ੇ ਦੀ ਸਾਰੀ ਕਥਾ ਸੁਣਨ ਲਈ ਉਤਾਵਲੇ ਹੋ ਗਏ। ਹੁਣ ਵੀ ਜਦ ਕਦੀ ਮੈਂ ਪਟਿਆਲੇ ਜਾਂਦਾ ਹਾਂ ਤਾਂ ਹਰਭਜਨ ਦਾ ਬੇਟਾ ਅਵਕਾਸ਼ ਹਰ ਵਾਰੀ ਪੁੱਛਦੈ, "ਮਿਰਜ਼ੇ ਦੀ ਸਟੋਰੀ ਵਾਲੀ ਬੁੱਕ ਲਿਆਂਦੀ ਐ ? ਮੈਂ ਪੜ੍ਹਨੀ ਆਂ...।"

ਬੱਬੂ ਮਾਨ ਦੇ ਗੀਤ 'ਕਬਜ਼ਾ ਲੈਣਾ ਹੈ' ਦੀ ਵੀਡੀਓ ਖ਼ੂਬ ਚਰਚਾ 'ਚ ਰਹੀ। ਉਹ ਹੋਰ ਸਾਰੇ ਗੀਤਾਂ ਦੇ ਵੀਡੀਓ ਵੀ ਅਮਿਤੋਜ਼ ਨੇ ਹੀ ਬਣਾਏ।

ਅਮਿਤੋਜ਼ ਮਾਨ ਦੇ ਜਨਮ ਦਿਨ ਦੀ ਖੁਸ਼ੀ ਵਿਚ ਪਿੰਡ ਮਰਾੜ੍ਹ ਵਿਖੇ ਹਰੇਕ ਵਾਰੀ ਸਭਿਆਚਾਰਕ ਸਮਾਗਮ ਹੁੰਦਾ ਰਿਹਾ, ਵੱਡੇ-ਵੱਡੇ ਗਵੱਈਏ ਰੌਣਕਾ ਲਾਉਂਦੇ ਰਹੇ ਹਨ। ਸਾਰਾ ਪਿੰਡ ਚਾਅ ਕਰਦਾ ਰਿਹੈ। ਪਰ ਸਮੇਂ ਦੇ ਗੇੜ ਨੇ ਸਭ ਤਬਦੀਲੀਆਂ ਕਰ ਦਿੱਤੀਆਂ ਹਨ।

ਅਮਿਤੋਜ਼ ਦੇ ਮੰਮੀ (ਸ਼੍ਰੀਮਤੀ ਗੁਰਨਾਮ ਕੌਰ ਸੇਵਾ-ਮੁਕਤ ਅਧਿਆਪਕਾ ਤੇ



ਸਟੇਟ ਐਵਾਰਡ ਜੇਤੂ) ਨੇ ਦੱਸਿਆ, "ਏਹ ਨਿੱਕਾ ਹੁੰਦਾ ਈ ਟਿਕ ਕੇ ਨੀ ਸੀ ਬਹਿੰਦਾ ਹੁੰਦਾ.... ਪੰਗਿਆ ਦੀ ਜੜ! 'ਕੇਰਾ ਫਰੀਦਕੋਟ ਦਸਮੇਸ਼ ਸਕੂਲ 'ਚ ਪੜ੍ਹਨ ਪਾਇਆ, ਜਵਾਂ ਈ ਨਿੱਕਾ ਸੀ ਹਾਲੇ.... ਉਹਨਾਂ ਨੂੰ ਬਿਨਾਂ ਦੱਸਿਆ ਈ ਸਕੂਲੋਂ ਭੱਜ ਆਇਆ.... ਸਕੂਲ ਵਾਲੇ ਭਾਲਦੇ ਫਿਰਨ। ਉਂਜ ਏਹਦੀਆਂ ਰੁਚੀਆਂ ਹਮੇਸ਼ਾ ਤੋਂ ਈ ਚੰਗੇ ਪਾਸੇ ਨੂੰ ਰਹੀਐਂ।"

...... ...... ......

ਮੈਂ ਅਮਿਤੋਜ਼ ਮਾਨ ਨੂੰ ਬਹੁਤਾ ਨਹੀਂ ਮਿਲਿਆ। ਉਹ ਬੰਬਈ ਨੂੰ ਆ ਚੁੱਕਾ ਸੀ। ਜਦ ਮੇਰੀਆਂ ਸਭਿਆਚਾਰਕ-ਸਾਹਿਤਕ ਰੁਚੀਆਂ ਬਣੀਆਂ। ਹਰਭਜਨ ਮਾਨ ਦੇ ਘਰ ਬੈਠਿਆਂ ਹੀ ਇਕ ਦਿਨ ਮੇਰੀ ਉਹਦੇ ਨਾਲ ਫ਼ੋਨ 'ਤੇ ਗੱਲ ਹੋਈ ਤਾਂ ਉਸ ਆਖਿਆ, "ਆਪਾਂ ਇਕੋ ਇਲਾਕੇ ਦੇ ਆਂ, ਏਸ ਗੱਲ ਦਾ ਵੀ ਮੋਹ ਐ। ਤੇ ਤੂੰ ਕਲਾਕਾਰ ਵੀ, ਲੇਖਕ ਵੀ, ਏਸ ਗੱਲ ਦਾ ਵੀ ਮੋਹ ਐ... ਮੈਂ ਤੇਰੀਆਂ ਕਿਤਾਬਾਂ ਪੜ੍ਹਦਾ ਰਹਿੰਨੈ।"

ਮੈਂ ਖੁਸ਼ ਹੋਇਆ ਕਿ ਅਮਿਤੋਜ਼ ਮਾਨ ਆਮ ਫ਼ਿਲਮਾਂ ਵਾਲਿਆਂ ਵਾਂਗ ਫ਼ੁਕਰਾ ਨਹੀਂ। ਮਿਰਜ਼ੇ ਦੀ ਸ਼ੂਟਿੰਗ ਵੇਲੇ ਹਰਭਜਨ ਦੇ ਘਰ ਹੀ ਮੇਲ ਹੋ ਗਿਆ ਤਾਂ ਉਹ ਬੜੇ ਤਪਾਕ ਨਾਲ ਮਿਲਿਆ ਵੱਡੇ ਭਰਾ ਵਾਂਗ।

ਸੁਭਾਅ ਦਾ ਮਿੱਠਾ ਤਾਂ ਉਹ ਆਪਣੇ ਡੈਡੀ ਵਾਂਗ ਹੀ ਹੈ। ਸਦਾ ਖੁਸ਼ ਰਹਿਣ ਵਾਲਾ ਹੈ, ਵਿਹਲਾ ਬਹਿੰਦਾ ਨਹੀਂ, ਸਾਹਿਤ ਅਧਿਐਨ ਤੇ ਕਲਾਮਈ ਰੁਚੀਆਂ ਵਿਚ ਰੁੱਝਾ ਰਹਿਣ ਵਾਲਾ ਹੈ। ਇੱਛਾ ਹੈ ਕਿ ਉਹਦੀਆਂ ਇੱਛਾਵਾਂ ਪੂਰੀਆਂ ਹੋਣ, ਉਹ ਹੋਰ ਵੱਡਾ ਕਲਾਕਾਰ ਬਣਕੇ ਚਮਕੇ ਤੇ ਆਪਣੇ ਮਾਂ-ਪਿਓ ਦਾ ਚਮਕਿਆ ਹੋਇਆ ਨਾਂ ਹੋਰ ਚਮਕਾਵੇ !

✪ ✪ ✪

# ਠੁਣੀਆਂ ਰਾਮ

ਸ੍ਰ. ਬਾਬੂ ਸਿੰਘ ਮਾਨ ਏਸ ਵਾਰੀ ਕੈਨੇਡਾ ਦੀ ਫੇਰੀ ਤੋਂ ਜਦੋਂ ਵਾਪਸ ਮੁੜੇ ਤਾਂ ਗੱਲੀਂ-ਗੱਲੀਂ ਉਹਨਾਂ ਦੱਸਿਆ ਕਿ ਉੱਥੇ ਇਕ ਕਲਾਕਾਰ ਠੁਣੀਆਂ ਰਾਮ ਦੇ ਦਰਸ਼ਨ ਵੀ ਹੋਏ, ਜੋ ਆਪਣੀ ਕਲਾ ਵਿਚ ਨਿਪੁੰਨ ਤੇ ਸਫ਼ਲ ਕਲਾਕਾਰ ਹੈ, ਟੀ.ਵੀ. ਉੱਤੇ ਪ੍ਰੋਗਰਾਮ ਵੀ ਦਿੰਦੈ ਤੇ ਸਟੇਜਾਂ ਉੱਤੇ ਵੀ ਆਪਣੀ ਕਲਾ ਦੀ ਪੇਸ਼ਕਾਰੀ ਕਰਦੈ। ਲੋਕ ਉਸਦੀ ਕਲਾ ਤੋਂ ਬੜੇ ਪ੍ਰਸੰਨ ਹੁੰਦੇ ਹਨ ਤੇ ਇਉਂ ਉਹ ਹਰ ਪ੍ਰੋਗਰਾਮ ਉੱਤੇ ਛਾਅ ਜਾਂਦੈ, 'ਮਾਨ ਮੰਡਲੀ' ਵਿਚ ਉਹ ਵੀ ਖ਼ੂਬ ਜਚਿਆ ਰਿਹਾ।"

ਟਰਾਂਟੋ ਤੋਂ ਹੀ ਮਿੱਤਰ ਸੁੱਖੀ ਨਿੱਝਰ ਦਾ ਫ਼ੋਨ ਆਇਆ ਕਿ 'ਮਾਨ ਪੰਜਾਬ ਦੇ' ਪੁਸਤਕ ਵਿਚ ਗੁਰਸ਼ਰਨ ਮਾਨ (ਠੁਣੀਆਂ ਰਾਮ) ਦਾ ਜ਼ਿਕਰ ਸਹਿਜੇ ਹੀ ਕੀਤਾ ਜਾ ਸਕਦਾ ਹੈ, ਉਹ ਏਧਰ (ਕੈਨੇਡਾ) ਵਿਚ ਚੰਗੀ ਤਰ੍ਹਾਂ ਸਲਾਹਿਆ ਗਿਆ ਅਤੇ ਮਾਨਿਆ ਜਾਂਦਾ ਕਲਾਕਾਰ ਹੈ।

ਫਿਰ ਇਕ ਦਿਨ ਗੁਰਸ਼ਰਨ ਮਾਨ ਆਪ ਹੀ ਫ਼ੋਨ ਉੱਤੇ ਬੜੀ ਮਿੱਠੀ ਆਵਾਜ਼ ਤੇ ਚੰਗੇ ਲਹਿਜ਼ੇ 'ਚ ਬੋਲ ਰਿਹਾ ਸੀ ਤੇ ਗੱਲੀਂ-ਗੱਲੀਂ ਉਸ ਨੇ ਆਪਣੇ ਬਾਰੇ ਜਾਣਕਾਰੀ ਵੀ ਦਿੱਤੀ।

ਗੁਰਸ਼ਰਨ ਮਾਨ-ਠੁਣੀਆਂ ਰਾਮ ਵਿਲੱਖਣ ਕਲਾਕਾਰ ਹੈ, ਜੋ ਠੁਣੀਆਂ ਰਾਮ ਦੇ ਕਿਰਦਾਰ ਨਾਲ ਮਜ਼ਾਹੀਆ ਕਲਾ ਹੀ ਪੇਸ਼ ਨਹੀਂ ਕਰਦਾ ਸਗੋਂ ਸਾਡੇ ਸਮਾਜ ਵਿਚ ਫੈਲ ਰਹੀਆਂ ਬੁਰਾਈਆਂ ਉੱਤੇ ਵੀ ਤਿੱਖਾ ਕਟਾਖ਼ਸ਼ ਕਰਦਾ ਹੈ, ਗੱਲ ਆਖਣ ਦੀ ਉਸ ਕੋਲ ਜਾਚ ਹੈ, ਦਰਸ਼ਕਾਂ ਅੱਗੇ ਏਨੀ ਖ਼ੂਬਸੂਰਤੀ ਨਾਲ ਗੱਲ ਪਰੋਸਦਾ ਹੈ ਕਿ ਸਰੋਤਾ ਪ੍ਰਭਾਵਤ ਹੋਏ ਬਿਨਾਂ ਰਹਿ ਨਹੀਂ ਸਕਦਾ। ਜਦ ਉਹ ਟੀ.ਵੀ. ਉੱਤੇ ਆਉਂਦਾ ਹੈ ਤਾਂ ਸਾਰਾ ਪਰਿਵਾਰ ਜੁੜ ਬੈਠਦਾ ਹੈ, ਉਹ ਚਾਰਾਂ-ਪੰਜਾਂ ਮਿੰਟਾਂ ਵਿਚ ਅਜਿਹਾ ਰੰਗ ਬੰਨ੍ਹਦਾ ਹੈ ਕਿ ਸਭ ਦੇ ਘਰ ਪੂਰੇ ਕਰ ਜਾਂਦੈ, ਹਰ ਉਮਰ ਦੇ ਲੋਕ ਉਹਦੇ ਸਰੋਤੇ ਹਨ।

ਗੁਰਸ਼ਰਨ ਮਾਨ ਨੂੰ ਬਚਪਨ ਤੋਂ ਹੀ ਰੇਡੀਓ ਸੁਣਨ ਦਾ ਸ਼ੌਕ ਸੀ ਤੇ ਜਲੰਧਰ ਰੇਡੀਓ ਤੋਂ ਪੇਸ਼ ਹੁੰਦੇ ਪ੍ਰਚੱਲਤ 'ਦਿਹਾਤੀ ਪ੍ਰੋਗਰਾਮ' ਵਿਚ ਠੁਣੀਆਂ ਰਾਮ, ਚਾਚਾ ਜੀ, ਮਾਸਟਰ ਜੀ, ਰੌਣਕੀ ਰਾਮ ਵਰਗਿਆਂ ਕਲਾਕਾਰਾਂ ਤੋਂ ਉਹ ਬੇਹੱਦ ਪ੍ਰਭਾਵਤ ਹੁੰਦਾ ਰਿਹਾ ਤੇ ਨਿੱਕਾ ਹੁੰਦਾ ਉਹ ਉਹਨਾਂ ਦੀਆਂ ਰੀਸਾਂ ਵੀ ਲਾਹੁੰਦਾ ਹੁੰਦਾ ਸੀ ਤੇ ਇਉਂ ਘਰ ਦੇ ਸੱਥ ਵਿਚ ਬੈਠੇ ਲੋਕਾਂ ਨੂੰ ਉਹ ਖ਼ੂਬ ਹਸਾਉਂਦਾ ਰਹਿੰਦਾ।

1982 ਵਿਚ ਉਹ ਕੈਨੇਡਾ ਆ ਗਿਆ, ਇਥੇ ਆ ਕੇ ਮਿਹਨਤ ਮਜ਼ਦੂਰੀ ਕਰਨ ਲੱਗਿਆ, ਨਾਲ-ਨਾਲ ਆਪਣੇ ਸ਼ੌਕ ਨੂੰ ਵੀ ਜਾਰੀ ਰੱਖਿਆ। ਚੰਡੀਗੜ੍ਹ ਤੋਂ

ਉਥੇ ਗਏ ਜਸਪਾਲ ਢਿੱਲੋਂ (ਜੋ ਚੰਗੇ ਨਾਟਕਕਾਰ ਹਨ) ਨਾਲ ਮੇਲ-ਜੋਲ ਵਧ ਗਿਆ, ਉਹਨਾਂ ਨਾਲ ਨਾਟਕਾਂ ਵਿਚ ਕੰਮ ਕਰਨ ਲੱਗ ਪਿਆ।

ਇੰਡੀਅਨ ਜਿਊਲਰਜ਼ ਵਾਲੇ ਰਵੀ ਸ਼ਰਮਾ ਨੇ ਟੀ.ਵੀ. ਪ੍ਰੋਗਰਾਮਾਂ ਵਿਚ ਬੜੀ ਸਹਾਇਤਾ ਕੀਤੀ। ਉਸ ਨੇ ਉਥੇ ਜਾ ਕੇ 'ਠੁਣੀਆਂ ਰਾਮ' ਕਲਾਕਾਰ ਬਣਕੇ ਲੋਕ ਪ੍ਰਿਯਤਾ ਹਾਸਲ ਕਰਨ ਦੀ ਸੋਚੀ, ਜਿਸ ਵਿਚ ਉਹ ਸਫ਼ਲ ਹੋਇਆ, ਬਹੁਤੀ ਵਾਰੀ ਬੀਬਾ ਸ਼ਰਨ ਉਹਦੇ ਨਾਲ ਸਾਥ ਦਿੰਦੀ ਹੈ, ਜੋ ਹਾਜ਼ਰ-ਜੁਆਬੀ 'ਚ ਉਹਦੇ ਨਾਲ ਪੂਰੀ-ਪੂਰੀ ਉਤਰਦੀ ਹੈ!

ਇਕਬਾਲ ਮਾਹਲ ਨਾਲ ਉਹਦੀ ਸੰਗਤ ਉਸ ਲਈ ਨਵੀਂ ਰੰਗਤ ਲਿਆਈ, ਮਾਹਲ ਜੀ ਨੇ ਉਸ ਨੂੰ ਸਟੇਜਾਂ ਉੱਤੇ ਆਉਣ-ਜਾਣ ਅਤੇ ਸਟੇਜ ਦੇ ਕਾਫੀ ਸਾਰੇ ਗੁਣਾਂ ਬਾਰੇ ਜਾਣਕਾਰੀ ਬਖਸ਼ਿਸ਼ ਕੀਤੀ, ਗੁਰਸ਼ਰਨ ਮਾਨ ਇਸ ਖੇਤਰ ਵਿਚ ਇਕਬਾਲ ਮਾਹਲ ਨੂੰ ਹੀ ਆਪਣਾ ਉਸਤਾਦ ਮੰਨਦਾ ਹੈ ਤੇ ਸਮੇਂ-ਸਮੇਂ ਸਿਰ ਉਹਨਾਂ ਪਾਸੋਂ ਹੋਰ ਗੁਣ ਵੀ ਗ੍ਰਹਿਣ ਕਰਦਾ ਰਹਿੰਦਾ ਹੈ।

ਗੁਰਸ਼ਰਨ ਮਾਨ ਨੇ ਪੰਜਾਬੀ ਫਿਲਮਾਂ 'ਤੇਰੀਆਂ ਮੁਹੱਬਤਾਂ' ਵਿਚ ਮਹਿਮਾਨ ਕਲਾਕਾਰ ਦੇ ਤੌਰ 'ਤੇ ਕੰਮ ਕੀਤਾ ਅਤੇ ਉੱਧਰ ਰਿਲੀਜ਼ ਹੋਈ ਟੈਲੀਫਿਲਮ 'ਪ੍ਰਦੇਸਣ' ਵਿਚ ਉਹ ਹੀਰੋ ਸੀ, ਫਿਲਮ ਕਾਫ਼ੀ ਮਕਬੂਲ ਹੋਈ। 'ਖਿਲਾੜੀ ਚਾਰ ਸੌ ਵੀਹ' ਫਿਲਮ ਵਿਚ ਵੀ ਉਹ ਮਹਿਮਾਨ ਕਲਾਕਾਰ ਸੀ।

ਵੀਡੀਓ ਟੀ.ਵੀ. ਪ੍ਰੋਡਕਸ਼ਨ ਅਤੇ (ਵੀਡੀਓ ਸਟੋਰ) ਦੇ ਆਪਣੇ ਕੰਮ ਤੋਂ ਇਲਾਵਾ ਉਸ ਨੇ ਮੰਥਲੀ 'ਵੀਡੀਓ ਮੈਗਜ਼ੀਨ' ਵੀ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਹੋਇਆ ਹੈ।

ਗੁਰਸ਼ਰਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਡੇਸਰੋਂ ਵਿਚ 1960 'ਚ ਅੱਖ ਪੁੱਟੀ। ਪਿਤਾ ਸ੍ਰ. ਹੁਸ਼ਿਆਰ ਸਿੰਘ ਫੌਜ ਵਿਚੋਂ ਸੂਬੇਦਾਰ ਸੇਵਾ ਮੁਕਤ ਹੋਏ ਅਤੇ ਮਾਤਾ ਸ਼੍ਰੀਮਤੀ ਸੁਰਜੀਤ ਕੌਰ, ਜੋ ਕਈ ਸਾਲ ਪਹਿਲਾਂ ਵਿਛੋੜਾ ਦੇ ਗਏ। ਗੁਰਸ਼ਰਨ ਮਾਨ ਨੇ ਬੀ.ਏ. ਖਾਲਸਾ ਕਾਲਜ ਮਾਹਲਪੁਰ ਤੋਂ ਪਾਸ ਕੀਤੀ। 'ਹੁਸ਼ਿਆਰ' ਸ਼ਬਦ ਉਸਦੇ ਬੜਾ ਮੁਆਫ਼ਕ ਆਇਆ, ਪਿਤਾ ਦਾ ਨਾਂ ਵੀ ਹੁਸ਼ਿਆਰ ਸਿੰਘ, ਜ਼ਿਲ੍ਹਾ ਵੀ ਹੁਸ਼ਿਆਰਪੁਰ ਤੇ ਪੜ੍ਹਾਈ ਵਿਚ ਵੀ ਹੁਸ਼ਿਆਰ, ਫਿਰ ਆਪਣੀ ਕਲਾਕਾਰੀ ਵਿਚ ਵੀ ਪੂਰਾ-ਪੂਰਾ ਹੁਸ਼ਿਆਰ।

ਪੇਂਡੂ ਪਿਛੋਕੜ ਵਾਲੇ ਇਸ ਸਮਰੱਥ ਕਲਾਕਾਰ ਕੋਲ ਆਪਣੇ ਪੰਜਾਬੀ ਸਭਿਆਚਾਰ, ਲੋਕ-ਕਲਾ, ਲੋਕ-ਮੁਹਾਵਰੇ, ਲੋਕ-ਕਥਾਵਾਂ, ਸਮਾਜਿਕ-ਰਿਸ਼ਤੇ, ਰਸਮੋ-ਰਿਵਾਜਾਂ ਅਤੇ ਪੇਂਡੂ ਲੋਕਾਂ ਦੇ ਸੁਭਾਓ ਬਾਰੇ ਭਰਪੂਰ ਵਾਕਫੀ ਹੈ। ਗੁਰਸ਼ਰਨ ਮਾਨ ਠੁਣੀਆਂ ਰਾਮ ਬਾਰੇ ਪੱਤਰਕਾਰ ਕ੍ਰਿਪਾਲ ਸਿੰਘ ਪੰਨੂੰ ਨੇ ਇਕ ਥਾਂਵੇ ਲਿਖਿਆ ਹੈ, "ਠੁਣੀਆਂ ਰਾਮ ਪੰਜਾਬੀ ਸਭਿਆਚਾਰ ਦਾ ਇਕ ਸਮੁੱਚਾ 'ਸ਼ਬਦ ਕੋਸ਼' ਹੈ, ਜਿਸਦਾ ਪ੍ਰਭਾਵ ਇਕ ਚੌਮੁਖੇ ਦੀਵੇ ਵਾਂਗਰ ਸਾਰੇ ਪਾਸੇ ਹੀ ਪਸਰਦਾ ਹੈ। ਠੁਣੀਆਂ ਰਾਮ ਦਾ ਕਹਿਣਾ ਹੈ ਕਿ ਬੱਚੇ 'ਪ੍ਰਚਾਰ' ਨਾਲ ਨਹੀਂ ਸਗੋਂ 'ਪਰਕਾਰ' ਨਾਲ ਬਹੁਤਾ ਸਿਖਦੇ ਹਨ, ਤੁਸੀਂ ਜਿਹੋ ਜਿਹੇ ਆਪਣੇ ਬੱਚਿਆਂ ਨੂੰ ਬਣਾਉਣਾ ਚਾਹੁੰਦੇ ਹੋ, ਉਸ 'ਪਰਕਾਰ' ਦੇ ਆਪ ਬਣ ਜਾਓ। ਬੱਚੇ ਅਚੇਤ ਹੀ ਉਹਨਾਂ ਪੱਬਾਂ-ਪੈੜਾਂ ਉੱਤੇ ਤੁਰ ਪੈਣਗੇ, ਇਸੇ



ਸਦੀਵੀ ਸੱਚ ਦੀ ਠੁਣੀਆਂ ਰਾਮ ਆਪ ਵੀ ਇਕ ਸੁੰਦਰ ਤਸਵੀਰ ਹੈ। ਪੰਜਾਬੀ ਸਭਿਆਚਾਰ ਦੀ ਉਹ ਆਪਣੇ ਗਲ ਵਿਚ 'ਪੋਲਾ-ਢੋਲ' ਪਾ ਕੇ ਘੋਹੀ ਨਹੀਂ ਪਿਟਦਾ, ਸਗੋਂ ਪੰਜਾਬੀ ਸਭਿਆਚਾਰ ਦੇ ਪਰਪੱਕ ਅਤੇ ਅਸਲੀ ਰੂਪ ਵਿਚ ਉਹ ਆਪ ਵਿਚਰਦਾ ਹੈ।"

ਠੁਣੀਆਂ ਰਾਮ ਲੋਕ ਹਿਤੂ ਅਤੇ ਲੋਕ ਪਰੇਮੀ, ਸੁਹਿਰਦ ਕਲਾਕਾਰ ਹੈ ਜਿਸਨੇ ਕਈ ਵਰ੍ਹਿਆਂ ਤੋਂ ਪੰਜਾਬੀਆਂ ਦਾ ਝੰਡਾ ਵਿਦੇਸ਼ੀਂ ਜਾ ਕੇ ਉੱਚਾ ਚੁੱਕਿਆ ਹੋਇਆ ਹੈ।

✪ ✪ ✪

# ਕੋਟ ਭਾਈ ਵਾਲਾ ਮਾਨ

ਕੋਟ ਭਾਈ ਦਾ ਬਲਜਿੰਦਰ ਮਾਨ ਜਦ ਕਿਤੇ ਮਿਲਦੈ ਜਾਂ ਉਹਦਾ ਫ਼ੋਨ ਆਉਂਦਾ ਹੈ ਤਾਂ ਮੈਂ ਆਖਦਾ ਹਾਂ, "ਸੁਣਾ ਬਈ ਭੂਆ ਦਿਆ ਮੁੰਡਿਆ ਕੀ ਹਾਲ-ਚਾਲ ਐ।" ਇਹ ਸੁਣ ਕੇ ਉਹ ਬੜਾ ਖੁਸ਼ ਹੁੰਦਾ ਹੈ।

ਕੋਟ ਭਾਈ (ਨੇੜੇ ਗਿੱਦੜ ਬਾਹਾ) ਮੇਰੀ ਭੂਆ ਦਾ ਪਿੰਡ ਹੈ, ਬਲਜਿੰਦਰ ਮਾਨ ਬਾਰੇ ਇਹ ਲੇਖ ਲਿਖਦਿਆਂ ਮੈਨੂੰ ਇਸ ਗੱਲ ਦੀ ਵੀ ਅਨੋਖੀ ਖੁਸ਼ੀ ਮਹਿਸੂਸ ਹੋ ਰਹੀ ਹੈ। ਕਿਉਂਕਿ ਕੋਟ ਭਾਈ 'ਚ ਮੇਰਾ ਬਚਪਨ ਬੀਤਿਆ ਹੈ, ਮੈਂ ਆਪਣੀ ਭੂਆ ਕੋਲ ਜਾਂਦਾ ਹੁੰਦਾ, ਕਈ-ਕਈ ਮਹੀਨੇ ਰਹਿੰਦਾ, ਸਾਰਾ ਪਿੰਡ ਮੈਨੂੰ ਚੰਗੀ ਤਰ੍ਹਾਂ ਜਾਣਦਾ-ਪਛਾਣਦਾ ਹੈ, ਏਥੇ ਹੀ ਮੈਂ ਛੱਪੜ 'ਚ ਨਹਾਉਂਦਾ ਰਿਹੈਂ, ਮਾਖੋਆਂ ਦਾ ਸ਼ਹਿਦ ਚੋਂਦਾ, ਬੇਰ ਚੁਗਣ ਵੀ ਜਾਂਦਾ ਰਿਹੈਂ, 'ਕੇਰਾਂ ਵਾਟਰ-ਵਰਕਸ ਨੇੜੇ ਸੂਈ ਕੁੱਤੀ ਦੇ ਕਤੂਰੇ ਲੈਣ ਆਪਣੇ ਹਾਣੀਆਂ ਨਾਲ ਜਾ ਵੜਿਆ ਸਾਂ, ਜਦ ਕੁੱਤੀ ਤਿੱਖੇ ਦੰਦ ਕੱਢ ਕੇ ਵੱਢਣ ਲਈ ਸਾਡੇ ਪਿੱਛੇ ਪੈ ਨਿਕਲੀ ਤਾਂ ਅਸੀਂ ਭੱਜ ਤੁਰੇ! ਹੁਣ ਵੀ ਮੈਂ ਜਦ ਕਦੀ ਕੋਟ ਭਾਈ ਜਾਂਦਾ ਹਾਂ ਤਾਂ ਮੈਨੂੰ ਆਪਣਾ ਬਚਪਨ ਚੇਤੇ ਆਉਣ ਲਗਦਾ ਹੈ, ਉਥੋਂ ਦੀਆਂ ਬਹੁਤੀਆਂ ਬੁੜ੍ਹੀਆਂ ਨੂੰ ਮੈਂ ਭੂਆ ਆਖਦਾ ਹਾਂ।

ਜਦ ਬਲਜਿੰਦਰ ਮਾਨ ਕੋਟ ਭਾਈ ਦੇ ਲਿਖੇ ਤੇ ਵੱਖ-ਵੱਖ ਗਾਇਕਾਂ ਵੱਲੋਂ ਗਾਏ ਗੀਤਾਂ ਵਿਚ ਕੋਟ ਭਾਈ ਦਾ ਨਾਮ ਬੋਲਦੈ ਤਾਂ ਇਸ ਨਾਲ ਵੀ ਮੈਨੂੰ ਹੋਰ ਉਚੇਚੀ ਖੁਸ਼ੀ ਲੱਭਦੀ ਹੈ।

ਬਲਜਿੰਦਰ ਦੇ ਤੀਹ ਤੋਂ ਵਧੇਰੇ ਗੀਤ ਵੱਖ-ਵੱਖ ਗਾਇਕਾਂ-ਗਾਇਕਾਵਾਂ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋ ਚੁੱਕੇ ਹਨ ਅਤੇ ਇਉਂ ਉਹਨੇ ਨਿੱਕੀ ਉਮਰੇ ਗੀਤਕਾਰ ਬਣਨ ਵਿਚ ਸਫ਼ਲਤਾ ਹਾਸਲ ਕਰ ਲਈ ਹੈ, ਭਾਵੇਂ ਕਿ ਉਹਦੇ ਗੀਤਾਂ ਵਿਚ ਹਾਲੇ ਤੋਲ-ਤੁਕਾਂਤ ਵਿਚ ਫ਼ਰਕ ਲਭਦਾ ਹੈ। ਗੀਤਕਾਰੀ ਨੂੰ ਉਸ ਨੇ ਸ਼ੌਕ ਨਾਲ ਅਪਨਾਇਆ ਸੀ ਹੁਣ ਗੀਤਕਾਰੀ ਉਹਦੀ ਰੋਜ਼ੀ-ਰੋਟੀ ਦਾ ਵੀ ਵਸੀਲਾ ਬਣ ਗਈ ਹੈ। ਉਹ ਕਹਿੰਦਾ ਹੈ ਕਿ ਜੇਕਰ ਸ਼ੌਕ ਵੀ ਪੂਰਾ ਹੋਈ ਜਾਵੇ ਤੇ ਤੋਰੀ-ਫੁਲਕਾ ਵੀ ਚੱਲੀ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ।

ਛੇਵੀਂ-ਸੱਤਵੀਂ ਵਿਚ ਪੜ੍ਹਦਿਆਂ ਬਲਜਿੰਦਰ ਨੇ ਜਦ ਸਪੀਕਰਾਂ ਵਿਚ ਸਦੀਕ-ਰਣਜੀਤ ਦੇ ਗਾਏ ਤੇ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਲਿਖੇ ਹੋਏ ਅਤੇ

ਮਾਣਕ ਦੇ ਗਾਏ ਗੀਤ ਸੁਣੇ ਤਾਂ ਉਹਨੂੰ ਉਵੇਂ ਦੇ ਗੀਤ ਜੋੜਨ ਦਾ ਭੁੱਸ ਪੈ ਗਿਆ ਤੇ ਉਹ ਤੁਕਬੰਦੀ ਕਰਦਾ ਰਹਿੰਦਾ, ਪਰ ਸਮਝ ਕੱਚੀ ਹੋਣ ਕਾਰਨ ਗੱਲ ਨਹੀਂ ਬਣਦੀ ਸੀ। ਗਾਇਕ ਵੰਨੀਂ ਭਾਵੇਂ ਉਹ ਘੱਟ ਧਿਆਨ ਦੇਂਦਾ ਪਰ ਗੀਤ ਦੇ ਜੋੜ ਕਿਵੇਂ ਜੋੜੇ ਹਨ, ਇਸ ਗੱਲ ਵੱਲ ਉਹ ਬੜੀ ਨੀਝ ਲਾਉਂਦਾ। ਫਿਰ ਉਹ ਟੁੱਟੜ-ਭੁੱਟੜ ਜਿਹੀਆਂ ਕਵਿਤਾਵਾਂ ਲਿਖਣ ਲੱਗ ਪਿਆ।

ਕੋਟ ਭਾਈ ਨੇੜੇ ਭਿੱਸੀਆਣਾ ਪਿੰਡ ਵਿਖੇ ਜਹਾਜ਼ਾਂ ਦਾ ਅੱਡਾ ਹੈ, ਬਲਜਿੰਦਰ ਜਹਾਜ਼ ਚੜ੍ਹਦੇ-ਲਹਿੰਦੇ ਦੇਖਦਾ ਤਾਂ ਮਨ ਵਿਚ ਪਾਇਲਟ ਬਣਨ ਦੀ ਰੀਝ ਪੈਦਾ ਹੋ ਗਈ। ਪਰ ਵਧੇਰੇ ਪੜ੍ਹ ਨਾ ਸਕਿਆ, ਕਿਧਰੋਂ ਕੋਈ ਸੇਧ ਨਾ ਮਿਲੀ ਤੇ ਇਹ ਉਹਦੀ ਇੱਛਾ ਪੂਰੀ ਨਾ ਹੋ ਸਕੀ। ਮੈਟ੍ਰਿਕ ਵਿਚ ਉਹਨੇ ਪਹਿਲੀ ਪੁਜੀਸ਼ਨ ਲਈ। ਬਾਰਵ੍ਹੀਂ ਵਿਚ ਪੜ੍ਹਦਿਆਂ ਉਹ ਆਪਣੀਆਂ ਕਵਿਤਾਵਾਂ ਪ੍ਰੋ. ਗੁਰਮੀਤ ਮੀਤ ਨੂੰ ਸੁਣਾਉਂਦਾ ਤੇ ਉਹ ਹੱਲਾਸ਼ੇਰੀ ਵੀ ਦਿੰਦੇ ਤੇ ਸੋਧਾਂ ਵੀ ਕਰਦੇ। ਬੀ.ਏ. ਪੜ੍ਹਨ ਲਈ ਬਲਜਿੰਦਰ ਮੁਕਤਸਰ ਗੌਰਮਿੰਟ ਕਾਲਜ ਵਿਚ ਆ ਦਾਖਲ ਹੋਇਆ ਪਰ ਬੀ.ਏ. ਪੂਰੀ ਨਾ ਹੋਈ। ਦਸਵੀਂ ਵਿਚ ਪੜ੍ਹਦਿਆਂ ਉਹਨੇ ਇਕ ਧਾਰਮਿਕ ਗੀਤ ਲਿਖ ਲਿਆ ਸੀ, ਜੋ ਉਹਦਾ ਹਾਣੀ ਤੇ ਜਮਾਤੀ ਮੁੰਡਾ ਵੀਰ ਦਵਿੰਦਰ ਗਾਉਣ ਲੱਗ ਪਿਆ, ਗੀਤ ਦੇ ਬੋਲ ਸਨ :

ਮਾਤਾ ਗੁਜ਼ਰੀ ਦੀ ਗੋਦ ਵਿਚ, ਬੈਠਿਆਂ ਨੂੰ ਮੌਤ ਦਾ ਸੰਦੇਸ਼ਾ ਆ ਗਿਆ।

ਸਕੂਲ ਵਿਚ ਬਾਲ ਸਭਾ ਲਗਦੀ, ਵੀਰ ਦਵਿੰਦਰ ਗਾਉਂਦਾ। ਅਧਿਆਪਕ ਕਸ਼ਮੀਰੀ ਲਾਲ, ਮਹਿੰਦਰ ਸਿੰਘ, ਕੰਵਰ ਸਿੰਘ, ਬਿਹਾਰੀ ਲਾਲ ਦੁੱਗਲ, ਬਲਜਿੰਦਰ ਕੌਰ ਤੇ ਕਾਂਤਾ ਦੇਵੀ ਸੱਭੇ ਹੀ ਉਤਸ਼ਾਹਿਤ ਕਰਨ ਲੱਗੇ। ਫਿਰ ਉਹਨੇ ਇਕ ਰੁਮਾਂਟਕ ਗੀਤ ਲਿਖਿਆ :

ਤੇਰਾ ਗੁੱਟ 'ਤੇ ਲਿਖਾਈ ਬੈਠੇ ਨਾ, ਸੱਜਣਾ ਦੱਸ ਕਿਵੇਂ ਮਿਟਾਵਾਂਗੇ

ਇਹ ਗੀਤ ਵੀ ਵੀਰ ਦਵਿੰਦਰ ਗਾਉਂਦਾ ਹੁੰਦਾ ਸੀ। ਪੰਜਾਬ ਸਕੂਲੀ ਸਿੱਖਿਆ ਬੋਰਡ ਵੱਲੋਂ ਸਕੂਲ ਵਿਦਿਆਰਥੀਆਂ ਦੇ ਸਭਿਆਚਾਰਕ ਮੁਕਾਬਲੇ ਹੋਏ ਤੇ ਵੀਰ ਦਵਿੰਦਰ ਨੂੰ ਸਕੂਲ ਵੱਲੋਂ ਬਠਿੰਡੇ ਗਾਉਣ ਲਈ ਭੇਜਿਆ ਗਿਆ, ਉਥੇ ਉਹਨੇ ਇਹੋ ਗੀਤ ਗਾਇਆ, ਉਸ ਸਮਾਗਮ ਵਿਚ ਹਰਦੇਵ ਮਾਹੀਨੰਗਲ (ਜੋ ਉਦੋਂ ਗਾਇਕੀ ਦੇ ਖੇਤਰ ਵਿਚ ਆਉਣ ਲਈ ਸੰਘਰਸ਼ਸ਼ੀਲ ਸੀ ਤੇ ਉਸਦੀ ਕੈਸਿਟ, "ਝੂਠੀਏ ਜਹਾਨ ਦੀਏ" ਰਿਲੀਜ਼ ਹੋ ਚੁੱਕੀ ਸੀ) ਪੁੱਜਾ ਹੋਇਆ ਸੀ। ਉਸ ਨੇ ਵੀਰ ਦਵਿੰਦਰ ਤੋਂ ਬਲਜਿੰਦਰ ਮਾਨ ਦਾ ਅਤਾ-ਪਤਾ ਲੈ ਲਿਆ, ਫਿਰ ਇਕ ਦਿਨ ਹਰਦੇਵ ਮਾਹੀਨੰਗਲ ਤੇ ਉਹਦਾ ਕੋਈ ਸਾਥੀ ਪੁੱਛਦੇ-ਪੁਛਾਉਂਦੇ ਕੋਟ ਭਾਈ ਬਲਜਿੰਦਰ ਦੇ ਘਰ ਪਹੁੰਚੇ। ਬਲਜਿੰਦਰ ਆਪਣੇ ਖੇਤ ਕਣਕ ਵੱਢ ਰਿਹਾ ਸੀ। ਗੁਆਂਢੀ ਪਰਸ਼ਣ ਮਿਸਤਰੀ ਖੇਤੋਂ ਸੱਦ ਕੇ ਲਿਆਇਆ। ਇਹਨਾਂ ਹੀ ਦਿਨਾਂ ਵਿਚ ਬਲਜਿੰਦਰ ਨੇ ਗੀਤ ਲਿਖਿਆ ਸੀ :

ਮੈਂ ਕੁੜੀ ਗ਼ਰੀਬਾਂ ਦੀ, ਮੈਨੂੰ ਪਿਆਰ ਨਾ ਮੁੰਡਿਆ ਕਰ ਵੇ
ਫਿਰ ਪਾਸਾ ਵਟਜੇਂਗਾ, ਵੇਖ ਸਾਡਾ ਕੱਚੀਆਂ ਇੱਟਾਂ ਦਾ ਘਰ ਵੇ

ਇਸ ਗੀਤ ਦੇ ਨਾਲ ਪਹਿਲਾ ਗੀਤ "ਗੁੱਟ 'ਤੇ ਲਿਖਾਈ ਬੈਠੇ ਨਾਂ" ਰਿਕਾਰਡ ਕਰਵਾਉਣ ਦੀ ਸਹਿਮਤੀ ਲੈ ਲਈ। ਬਲਜਿੰਦਰ ਤਾਂ ਸਹਿਮਤ ਸੀ ਹੀ, ਬਲਜਿੰਦਰ ਨੂੰ ਹੋਰ ਕੀ ਚਾਹੀਦਾ ਸੀ ? ਇਕ ਵਰ੍ਹਾਂ ਲੰਘ ਗਿਆ ਤੇ ਇਕ ਦਿਨ ਬਲਜਿੰਦਰ ਦੇ



ਗੁਆਂਢੀ ਮੁੰਡੇ ਨਿੱਕੇ ਨੇ ਉਹਨੂੰ ਆਖਿਆ, "ਬਲਜਿੰਦਰਾ ਉਏ, ਤੇਰਾ ਗੀਤ ਮਾਹੀਨੰਗਲ ਦੀ ਕੈਸਟ 'ਚ ਆ ਗਿਐ.... ਮੈਂ ਕੈਸਟ ਲਿਆਂਦੀ ਐ ਮੰਡੀਓਂ.... ਆਹ ਦੇਖ।"

ਬਲਜਿੰਦਰ ਨੇ ਉਹਦੇ ਡੈੱਕ ਵਿਚ ਜਦ ਕੈਸਿਟ ਲਗਾ ਕੇ ਸੁਣੀ ਤਾਂ ਉਹਦੇ ਪੱਬ ਧਰਤੀ ਉੱਤੇ ਨਾ ਲੱਗਣ। ਜਿਉਂ-ਜਿਉਂ ਇਹ ਗੀਤ ਮਸ਼ਹੂਰ ਹੁੰਦਾ ਗਿਆ ਬਲਜਿੰਦਰ ਨੂੰ ਵੀ ਇਕ ਤਰ੍ਹਾਂ ਦਾ ਸਰੂਰ ਜਿਹਾ ਚੜ੍ਹਦਾ। ਜਦ ਗੀਤ ਟੀ.ਵੀ. ਉੱਤੋਂ ਆਇਆ ਤਾਂ ਪਿੰਡ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਖ਼ੁਸ਼ੀ ਮਨਾਈ। ਗੀਤ ਵਿਚ ਪਿੰਡ ਦਾ ਨਾਂ ਇੰਝ ਸੀ :

"ਪਿੰਡ ਕੋਟ ਭਾਈ ਨਾ ਵੇ ਜਾਹ ਮੁੰਡਿਆ, ਡਰ ਲਗਦਾ 'ਮਾਨ' ਮੁਹੱਬਤਾਂ ਤੋਂ

ਤਾਂ ਇਉਂ ਇਲਾਕੇ ਵਿਚ ਵੀ ਹੋਰ ਚਰਚਾ ਹੋਣ ਲੱਗ ਪਈ ਕਿ, "ਕੋਟ ਭਾਈ ਦਾ ਮੁੰਡਾ ਗੀਤ ਲਿਖਦੈ।"

ਬਲਜਿੰਦਰ ਦੀ ਕਲਮ ਵਿਚ ਹੋਰ ਵਹਾਅ ਆ ਗਿਆ। ਫਿਰ ਉਸ ਹੋਰ ਗੀਤ ਲਿਖੇ ਤੇ ਹਰਦੇਵ ਮਾਹੀਨੰਗਲ ਨੂੰ ਦਿੱਤੇ, ਮਾਹੀਨੰਗਲ ਨੇ ਉਹਨੂੰ ਦੱਸਿਆ ਕਿ, "ਤੇਰੇ ਦੋ ਗੀਤ ਹੋਰ ਅਗਲੀ ਟੇਪ ਵਿਚ ਆ ਰਹੇ ਨੇ।" ਮਾਹੀਨੰਗਲ ਦੀ ਅਗਲੀ ਕੈਸਿਟ ਦਾ ਟਾਈਟਲ ਹੀ ਬਲਜਿੰਦਰ ਦੇ ਗੀਤ "ਵੱਡੀ ਭਾਬੀ ਮਾਂ ਵਰਗੀ" ਦਾ ਸੀ, ਇਹ ਕੈਸਿਟ ਵੀ ਮਕਬੂਲ ਹੋਈ। ਬਲਜਿੰਦਰ ਮਾਨ ਗਾਇਕਾਂ, ਗੀਤਕਾਰਾਂ ਤੇ ਕੈਸਿਟ ਕੰਪਨੀਆਂ ਵਿਚ ਜਾਣਿਆ-ਪਛਾਣਿਆ ਗਿਆ।

ਅੰਮ੍ਰਿਤਾ ਵਿਰਕ ਨੇ ਉਹਦਾ ਗੀਤ, "ਗੋਰੀ ਗੱਲ੍ਹ ਉੱਤੇ ਮਿੱਠੀ ਜਹੀ ਚਪੇੜ ਮਾਰਕੇ ਨੀ ਮਾਹੀ ਛੇੜਦਾ" ਰਿਕਾਰਡ ਕਰਵਾਇਆ। ਉਸਦਾ ਸੇਵਾ ਫਲ ਦਸ ਹਜ਼ਾਰ ਰੁਪੱਈਆ ਬਲਜਿੰਦਰ ਨੂੰ ਮਿਲਿਆ। ਕਾਕੇ ਫੂਲ ਵਾਲੇ ਨੇ ਵੀ ਅੱਠ ਹਜ਼ਾਰ ਵੱਖਰਾ ਦਿੱਤਾ। ਇਉਂ ਗੀਤਾਂ ਦਾ ਇਵਜ਼ਾਨਾ ਮਿਲਣ 'ਤੇ ਬਲਜਿੰਦਰ ਦਾ ਹੌਸਲਾ ਹੋਰ ਵੀ ਵਧ ਗਿਆ। ਕਰਮਜੀਤ ਅਨਮੋਲ ਦੀ ਆਵਾਜ਼ 'ਚ ਗੀਤ, "ਗੱਲ ਤੇਰੇ ਮੇਰੇ ਪਿਆਰ ਦੀ" ਰਿਕਾਰਡ ਹੋਇਆ ਤਾਂ ਪੰਜ ਹਜ਼ਾਰ ਉਹਨੇ ਦੇ ਦਿੱਤਾ। ਜਦੋਂ ਬਲਜਿੰਦਰ ਮਾਨ ਦਾ 11 ਫਰਵਰੀ 2000 ਨੂੰ ਸ਼ੁੱਭ ਵਿਆਹ ਬੀਬੀ ਖੁਸ਼ਵਿੰਦਰ ਕੋਰ ਨਾਲ ਹੋਇਆ ਤਾਂ ਉਹਨੂੰ ਪੈਸੇ ਚਾਹੀਦੇ ਹੀ ਸਨ। ਅਮਰ ਕੰਪਨੀ ਦੇ ਮਾਲਕ ਪਿੰਕੀ ਧਾਲੀਵਾਲ ਨੇ ਦੋਸਤ ਹੋਣ ਦੇ ਨਾਤੇ ਪੰਜ ਹਜ਼ਾਰ ਰੁਪੈ ਦਿੱਤੇ। ਗਾਇਕ ਨਵਦੀਪ ਸੰਧੂ ਨੇ "ਨਵੀਂ ਦੁਨੀਆਂ ਵਸਾ ਲਈ ਤੂੰ ਮੁਬਾਰਕਾਂ" ਗੀਤ ਹਿੱਟ ਹੋਣ ਇਨਾਮ ਦਿੱਤਾ। ਆਕਾਸ਼ ਕੰਪਨੀ ਦੇ ਮਾਲਕ ਤੇ ਗੀਤਕਾਰ ਰਾਜਿੰਦਰ ਹੈਪੀ ਨੇ ਵੀ ਉਸਨੂੰ ਛੇ ਹਜ਼ਾਰ ਰੁਪਈਆ ਦਿੱਤਾ।

ਬਲਜਿੰਦਰ ਮਾਨ ਹੁਣ ਤੀਕ ਸੌ ਤੋਂ ਵੀ ਵਧੇਰੇ ਗੀਤ ਲਿਖ ਚੁੱਕਾ ਹੈ, ਵੱਖ-ਵੱਖ ਗਾਇਕਾਂ ਤੇ ਗਾਇਕਾਵਾਂ ਨੇ ਗਾਏ ਤੇ ਟੀ.ਵੀ. ਚੈਨਲਾਂ ਤੋਂ ਵੀ ਪ੍ਰਸਾਰਿਤ ਹੋਏ ਹਨ। ਰਿਕਾਰਡ ਗੀਤਾਂ ਦੇ ਕੁਝ-ਕੁਝ ਵੇਰਵੇ :

ਮੁੱਖ ਮਾਂ ਨੇ ਬੜੇ ਚਿਰ ਦਾ ਲੁਕੋਇਆ, ਵੱਡੀ ਭਾਬੀ ਮਾਂ ਵਰਗੀ
ਮਾਂ ਮਰੀ ਦਾ ਅਹਿਸਾਸ ਵੀ ਨਾ ਹੋਇਆ
ਪੁੱਤਰਾਂ ਦੇ ਵਾਂਗੂੰ ਮੇਰਾ ਰੱਖਦੀ ਖਿਆਲ ਉਹ
ਸੁਭਾ-ਸ਼ਾਮ ਰੋਟੀ ਵੀ ਖੁਵਾਉਂਦੀ ਮੈਨੂੰ ਨਾਲ ਉਹ

ਮੈਨੂੰ ਲੱਗਦਾ ਮੈਂ ਕੁਝ ਵੀ ਨਾ ਖੋਇਆ
ਵੱਡੀ ਭਾਬੀ ਮਾਂ ਵਰਗੀ....
ਜਦੋਂ ਵੱਡੀ ਭਾਬੀ ਮੈਨੂੰ ਰੁੱਸੇ ਨੂੰ ਮਨਾਉਂਦੀ ਆ
ਦੱਸਿਆ ਨਾ ਜਾਏ ਕਿੰਨਾ ਪਿਆਰ ਉਹ ਜਤਾਉਂਦੀ ਆ
ਪੁੱਛੇ, ਕੇਹੜੀ ਗੱਲੋਂ ਸੁਹਣਾ ਪੁੱਤ ਰੋਇਆ
ਵੱਡੀ ਭਾਬੀ ਮਾਂ ਵਰਗੀ....
ਆ ਜਾਏ ਉਲ੍ਹਾਭਾਂ ਕੋਈ, ਕੰਨੋਂ ਫੜ੍ਹ ਤਾੜਦੀ
ਪੋਲਾ-ਪੋਲਾ ਕੁੱਟ ਕੇ ਗੁਆਂਢੀਆਂ ਨੂੰ ਠਾਰਦੀ
ਵੱਡਾ ਵੀਰ ਵੀ ਨਾ ਕਦੇ ਗੁੱਸੇ ਹੋਇਆ
ਵੱਡੀ ਭਾਬੀ ਮਾਂ ਵਰਗੀ....
ਸੁੱਚੀ ਨਹੀਂਓ ਜਿਹੜੇ ਦਿਓਰ ਭਾਬੀ ਦੀ ਪਰੀਤ ਓਏ
ਉਹਨਾਂ ਨੂੰ ਕਦੇ ਵੀ ਚੰਗਾ ਲੱਗਣਾ ਨਾ ਗੀਤ ਓਏ
ਕੋਟ ਭਾਈ ਵਾਲੇ ਸੱਚ ਹੀ ਪਰੋਇਆ
ਵੱਡੀ ਭਾਬੀ ਮਾਂ ਵਰਗੀ, ਮਾਂ ਮਰੀ ਦਾ ਅਹਿਸਾਸ ਵੀ ਨਾ ਹੋਇਆ

'ਮੈਂ ਕੁੜੀ ਗਰੀਬਾਂ ਦੀ ਮੈਨੂੰ ਪਿਆਰ ਨਾ ਮੁੰਡਿਆ ਕਰ ਵੇ' ਗੀਤ ਵਿਚ ਬਲਜਿੰਦਰ ਮਾਨ ਨੇ ਇਕ ਗਰੀਬ ਘਰ ਦੀ ਕੁੜੀ ਦੀ ਤ੍ਰਾਸਦੀ ਅਤੇ ਯਥਾਰਥ ਨੂੰ ਬਿਆਨ ਕੀਤਾ ਹੈ :

ਕੀ ਲੈਣਾ ਉਹਨਾਂ ਪਿਆਰਾਂ ਤੋਂ ਜੋ ਅੱਧ ਵਿਚਕਾਰੇ ਟੁੱਟ ਜਾਵਣ
ਕਿਉਂ ਵੇਖਣੇ ਸੁਫ਼ਨੇ ਉਹ ਮੁੰਡਿਆ, ਜੋ ਵਿਚ ਜਵਾਨੀ ਲੁੱਟ ਜਾਵਣ
ਮੇਰੇ ਮੁੱਖ 'ਤੇ ਲੱਖ ਪਰੇਸ਼ਾਨੀਆਂ ਨੇ, ਆ ਨੇੜੇ ਹੋ ਕੇ ਪੜ੍ਹ ਵੇ
ਮੈਂ ਕੁੜੀ ਗਰੀਬਾਂ ਦੀ, ਮੈਨੂੰ ਪਿਆਰ ਨਾ ਮੁੰਡਿਆ ਕਰ ਵੇ।

ਆਮ ਤੌਰ 'ਤੇ ਪੰਜਾਬੀ ਗੀਤਾਂ ਵਿਚ ਕੁੜੀਆਂ ਨੂੰ ਸਹੁਰਿਆਂ ਦੇ ਘਰੇ ਤੰਗੀ ਵਿਚ ਦਿਨ-ਕਟੀ ਕਰਦੀਆਂ ਅਤੇ ਸਹੁਰਿਆਂ ਦੇ ਸਮੁੱਚੇ ਪਰਿਵਾਰ ਸਿਰ ਦੋਸ਼ ਥਪਦੀਆਂ ਦਿਖਾਇਆ ਗਿਆ ਹੈ, ਪਰ ਬਲਜਿੰਦਰ ਮਾਨ ਨੇ ਆਪਣੇ ਇਸ ਗੀਤ ਵਿਚ ਹਟ ਕੇ ਅਤੇ ਵਿਲੱਖਣ ਗੱਲ ਕੀਤੀ ਹੈ :

ਬੜਾ ਲਗਦਾ ਏ ਚਿੱਤ ਮੇਰਾ ਸਹੁਰਿਆ ਦੇ ਘਰੇ
ਮਾਹੀ ਜਾਨ ਤੋਂ ਪਿਆਰੀ ਨੀ ਪਿਆਰ ਬੜਾ ਕਰੇ
ਇਕ ਦੂਏ ਕੋਲੋਂ ਅਸੀਂ ਤਾਂ ਸਹੇਲੀਓ, ਬਿੰਦ ਵੀ ਤਾਂ ਹੋਈਏ ਨਾ ਪਰ੍ਹਾਂ
ਪਹਿਲਾਂ ਮਾਪਿਆਂ ਨੇ ਪੁਤਾਂ ਵਾਂਗੂੰ ਪਾਲ਼ੀ ਮੁਟਿਆਰ
ਹੁਣ ਸਹੁਰੇ ਮੈਨੂੰ ਰੱਖਦੇ ਨੇ ਫੁੱਲਾਂ ਦੀ ਤਰ੍ਹਾਂ
ਸੱਸ ਧੀਆਂ ਤੋਂ ਵੀ ਵੱਧ ਮੈਨੂੰ ਸਮਝੇ,
ਨੀ ਲੱਗੇ ਮੇਰੀ ਮਾਂ ਵਰਗੀ, ਮੈਨੂੰ ਆਉਂਦੀ ਨੂੰ ਫੜਾਈਆਂ ਸਭ ਕੁੰਜੀਆਂ
ਨੀ ਸੱਤੀਂ ਹੱਥੀਂ ਛਾਂ ਕਰਦੀ, ਮੈਂ ਵੀ ਪੈਰ ਧੋ-ਧੋ ਪੀਵਾਂ ਪੀਣ ਜੋਗੀ ਦੇ
ਨੀ ਤਨੋਂ-ਮਨੋਂ ਸੇਵਾ ਵੀ ਕਰਾਂ
ਪਹਿਲਾਂ ਮਾਪਿਆਂ ਨੇ ਪੁੱਤਾਂ ਵਾਂਗੂੰ ਪਾਲ਼ੀ ਮੁਟਿਆਰ



ਹੁਣ ਸਹੁਰੇ ਮੈਨੂੰ ਰੱਖਦੇ ਨੇ ਫੁੱਲਾਂ ਦੀ ਤਰ੍ਹਾਂ
ਮੇਰੀ ਨਿੱਕੀ ਜਿਹੀ ਨਨਾਣ ਦਿਓਰ ਲਾਡਲਾ ਨੀਂ
ਭਾਬੀ-ਭਾਬੀ ਰਹਿਣ ਕਰਦੇ, ਮੈਂ ਵੀ ਝੱਲਾਂ ਨਾ ਕਿਸੇ ਦਾ ਸਿਰ ਦੁਖਦਾ
ਤੇ ਢਿੱਲਾ ਮੂੰਹ ਜਵਾਂ ਨੀ ਕਰਦੇ, ਸਹੁਰਾ ਪੁੱਤ-ਪੁੱਤ ਕਰਦਾ ਨੀਂ ਥੱਕਦਾ ਤੇ ਮੈਂ ਵੀ
ਬਾਪੂ-ਬਾਪੂ ਵੀ ਕਰਾਂ, ਪਹਿਲਾਂ ਮਾਪਿਆਂ ਨੇ ਪੁੱਤਾਂ ਵਾਂਗੂੰ....
ਆਪ ਰੱਬ ਨੇ ਮਿਲਾਏ ਮੇਲ ਸਾਡੇ ਨੀਂ, ਜੋੜੀਆ ਨੇ
ਜੱਗ ਥੋੜ੍ਹੀਆਂ, ਹੋਰ ਕੁਝ ਵੀ ਨਾ ਮੰਗਾਂ ਸੱਚੇ ਪਾਤਸ਼ਾਹ ਤੋਂ
ਐਤਕੀਂ ਵੰਡਾਦੇ ਲੋਹੜੀਆਂ, ਕੋਈ ਲਾ ਦੇ ਨਾ ਨਜ਼ਰ ਸਾਡੇ ਘਰ ਨੂੰ,
ਨੀ ਮੈਂ ਤਾਂ ਏਸੇ ਗੱਲ ਤੋਂ ਡਰਾਂ, ਪਹਿਲਾਂ ਮਾਪਿਆਂ ਨੇ ਪੁੱਤਾਂ ਵਾਂਗੂੰ ਪਾਲ਼ੀ ਮੁਟਿਆਰ
ਹੁਣ ਸਹੁਰੇ ਮੈਨੂੰ ਰੱਖਦੇ ਨੇ ਫੁੱਲਾਂ ਦੀ ਤਰ੍ਹਾਂ....

ਬਲਜਿੰਦਰ ਮਾਨ ਦੇ ਇਕ ਗੀਤ ਵਿਚ ਕੁੜੀ ਆਪਣੀਆਂ ਸਹੇਲੀਆਂ - ਹਾਨਣਾਂ ਨੂੰ ਬੜੀ ਤੰਦਰੁਸਤ ਸੋਚਣੀ ਰਾਹੀਂ ਬਹੁਮੁੱਲੀ ਸਿੱਖਿਆ ਇਉਂ ਦਿੰਦੀ ਹੈ :

ਸੁਣੋ ਨੀ ਪੰਜਾਬ ਦੀ ਕੁੜੀਓ, ਗੱਲ ਸੁਣ ਲੈਣੀ ਭੈਣਾਂ ਮੇਰੀਓ
ਦਿਲਾਂ ਨੂੰ ਨਾ ਲਾਉਣੀਆਂ ਬਿਮਾਰੀਆਂ, ਸੁੱਚੀਆਂ ਹੀ ਰਹਿਣਾ ਭੈਣਾ ਮੇਰੀਓ
ਰੰਗ-ਰੂਪ ਰੱਬ ਦੀਆਂ ਰਹਿਮਤਾਂ, ਹੁੰਦੀ ਹੈ ਅਮਾਨਤ ਇਹ ਮਾਹੀ ਦੀ
ਮਾਪਿਆਂ ਨੇ ਜੀਹਦੇ ਨਾਲ ਤੋਰਤੀ
ਸਦਾ ਸੁਖ ਓਸੇ ਦੀ ਮਨਾਈ ਦੀ
ਸਾਂਭ-ਸਾਂਭ ਰੱਖਿਓ ਜਵਾਨੀਆਂ
ਜਵਾਨੀਆਂ ਹਮੇਸ਼ਾ ਕੰਮ ਆਉਂਦੀਆਂ
ਫੋਕੇ ਜਿਹੇ ਪਿਆਰ ਪਾਉਣ ਜਿਹੜੀਆਂ
ਮਾਹੀ ਦਾ ਪਿਆਰ ਨਾ ਹੰਢਾਉਂਦੀਆਂ
ਰੁਲਦੀਆਂ ਜਿਵੇਂ ਲਾਸ਼ ਰੁਲਦੀ
ਮੰਜ਼ਿਲਾਂ ਤੋਂ ਦੂਰ ਕਿਸੇ ਰਾਹੀ ਦੀ
ਮਾਪਿਆਂ ਨੇ ਜੀਹਦੇ .....
ਸਹੁਰਿਆਂ ਦੇ ਘਰ ਜਾ ਕੇ ਕੁੜੀਓ
ਪੇਕਿਆਂ ਦਾ ਛੱਡ ਦੇਈਏ ਮਾਣ ਨੀਂ
ਸਹੁਰੇ ਘਰ ਉੱਚਾ ਨਾ ਨੀ ਬੋਲੀਏ
ਆਖੇ "ਕੋਟ ਭਾਈ ਵਾਲਾ ਮਾਨ" ਨੀ
ਗੱਲ 'ਬਲਜਿੰਦਰ ਦੀ' ਕੁੜੀਓ,
ਪੱਲੇ ਨਾਲ ਬੰਨ੍ਹਕੇ ਲਿਜਾਈ ਦੀ
ਮਾਪਿਆਂ ਨੇ ਜੀਹਦੇ ਨਾਲ ਤੋਰਤੀ
ਖ਼ੈਰ ਸਦਾ ਓਸੇ ਦੀ ਮਨਾਈ ਦੀ

ਹਰਦੇਵ ਮਾਹੀਨੰਗਲ ਦੀ ਆਵਾਜ਼ ਵਿਚ ਛੇ ਗੀਤ, ਇਕ ਗੀਤ ਅੰਮ੍ਰਿਤਾ ਵਿਰਕ ਦੀ

ਆਵਾਜ਼ ਵਿਚ, ਇਕ ਗੀਤ ਧਰਮਪ੍ਰੀਤ, ਇਕ ਗੀਤ ਕਰਮਜੀਤ ਅਨਮੋਲ, ਵੀਰ ਦਵਿੰਦਰ (ਰੁਲਗੇ ਪਰਾਂਦੇ ਡੋਰੀਆਂ - ਟਾਈਟਲ ਕੈਸਟ) ਅਤੇ "ਸੱਜਣਾ ਜੁਦਾਈਆਂ ਪੈਣਗੀਆਂ।" ਦੋ ਗੀਤ ਦੀਪ ਦਵਿੰਦਰ, ਦੋ ਗੀਤ ਰਾਜਪ੍ਰੀਤ, ਦੋ ਗੀਤ ਨਵਦੀਪ ਸੰਧੂ, ਇਕ ਕਲੀ - ਸ਼ਬੀਰ ਖਾਨ, ਛੇ-ਗੀਤ ਸੰਧੂ ਸੁਲਤਾਨਪੁਰੀ, ਇਕ ਗੀਤ ਮਨਜਿੰਦਰ ਬਿੱਟੂ, ਇਕ ਗੀਤ ਅਮਨ ਧਾਲੀਵਾਲ ਦੀ ਆਵਾਜ਼ 'ਚ ਅਤੇ 'ਰੇਸ਼ਮੀ ਲਹਿੰਗੇ' (ਟਾਈਟਲ ਗੀਤ ਕਮਲ ਕਿੰਗਰਾ (ਸਾਦਿਕ) ਦੀ ਆਵਾਜ਼ ਰਿਕਾਰਡ ਹਨ।

ਗੀਤਕਾਰੀ ਵਿਚ ਬਲਜਿੰਦਰ ਆਪਣਾ ਉਸਤਾਦ ਮਾਣਯੋਗ ਗਾਇਕ ਹਾਕਮ ਸੂਫੀ ਨੂੰ ਮੰਨਦਾ ਹੈ ਕਿਉਂ ਹਾਕਮ ਸੂਫੀ ਗਾਇਕ ਤੋਂ ਇਲਾਵਾ ਗੀਤ - ਲੇਖਕ ਵੀ ਕਮਾਲ ਦਾ ਹੈ। ਹਾਕਮ ਸੂਫੀ ਨੇ ਸਮੇਂ-ਸਮੇਂ ਬਲਜਿੰਦਰ ਮਾਨ ਦੀ ਬਣਦੀ-ਸਰਦੀ ਮੱਦਤ ਵੀ ਕੀਤੀ ਹੈ ਤੇ ਥਾਪੜਾ ਤਾਂ ਦਿੱਤਾ ਹੀ ਹੈ। ਬਲਜਿੰਦਰ ਦੇ ਪੱਕੇ-ਦੋਸਤ ਤੇ ਸਹਿਯੋਗੀ ਸੱਜਣਾਂ ਵਿਚ ਦਿਲਵਿੰਦਰ ਢਿੱਲੋਂ, ਨਛੱਤਰ 'ਬਾਬਾ', ਖੰਨਾ, ਪਾਸ਼ੀ, ਜਸਵਿੰਦਰ ਵਿਰਕ ਕਲਾਂ, ਅੰਗਰੇਜ਼ ਬਰਾੜ, ਸੁੱਖਾ ਮਾਨ, ਬਿੰਦਰ ਤੇ ਗੁਰਮੀਤ ਤਿਉਣਾ ਦੇ ਨਾਂ ਉਹ ਦਸਦਾ ਹੈ।

ਬਲਜਿੰਦਰ ਦਾ ਜਨਮ 5-5-1976 ਦਾ ਹੈ ਤੇ ਪਿਤਾ ਸ੍ਰ. ਕ੍ਰਿਸ਼ਨ ਸਿੰਘ ਮਾਨ ਹਨ ਮਾਤਾ ਦਾ ਨਾਂ ਹੈ ਸ਼੍ਰੀਮਤੀ ਜਸਪਾਲ ਕੌਰ। ਬਲਜਿੰਦਰ ਦੀ ਜੀਵਨ ਸਾਥਣ ਖੁਸ਼ਵਿੰਦਰ ਕੌਰ ਉਸਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣ ਵਾਲੀ, ਕਲਾ ਦੀ ਕਦਰਦਾਨ ਤੇ ਸੁਹਿਰਦ ਪਤਨੀ ਹੈ। ਇਕ ਪਿਆਰਾ ਬੇਟਾ ਹੈ।

# ਹੋਰ ਮਾਨ

## ਲਖਵਿੰਦਰ ਮਾਨ

ਲਖਵਿੰਦਰ ਮਾਨ ਦਾ ਦਾਦਾ ਸ੍ਰ. ਕਰਨੈਲ ਸਿੰਘ (ਹੁਣ ਸਵ.) ਹੈ, ਬਾਬੂ ਸਿੰਘ ਮਾਨ ਦੇ ਸਕੇ ਤਾਏ ਚਤਰ ਸਿੰਘ ਦਾ ਪੁੱਤਰ ਸੀ, ਇਉਂ ਲਖਵਿੰਦਰ ਮਾਨ ਬਾਬੂ ਸਿੰਘ ਮਾਨ ਦੇ ਪੋਤਿਆਂ ਦੀ ਥਾਂਵੇ ਲਗਦਾ ਹੈ, ਉਸਨੇ ਗੀਤ ਲਿਖਕੇ ਬਾਬੂ ਸਿੰਘ ਮਾਨ ਦੀ ਗੀਤ ਪ੍ਰੰਪਰਾ ਦਾ ਮੁਦੱਈ ਹੋਣ ਦਾ ਸਬੂਤ ਦਿੱਤੈ। ਬਾਬੂ ਸਿੰਘ ਮਾਨ ਨੂੰ ਉਹ ਆਪਣਾ ਉਸਤਾਦ ਵੀ ਮੰਨਦੈ। ਜਦੋਂ ਲਖਵਿੰਦਰ ਮਾਨ ਨੇ ਬਾਬੂ ਸਿੰਘ ਮਾਨ ਨੂੰ ਸੰਗਦਿਆਂ-ਸੰਗਦਿਆਂ ਆਖਿਆ ਸੀ, "ਚਾਚਾ ਜੀ, ਮੈਂ ਵੀ ਗੀਤ ਲਿਖਦੈਂ।" ਤਾਂ ਉਹ ਲਖਵਿੰਦਰ ਨੂੰ ਆਪਣੇ ਘਰ ਵਿਚ ਕਿਤਾਬਾਂ ਦੀ ਵੱਡੀ ਸਾਰੀ ਅਲਮਾਰੀ ਮੂਹਰੇ ਲੈ ਗਏ ਸਨ ਤੇ ਆਖਿਆ ਨੀ, "ਪੁੱਤ ਮੈਂ ਇਹ ਸਭ ਕਿਤਾਬਾਂ ਪੜ੍ਹੀਐਂ... ਫੇ ਕਿਤੇ ਜਾ ਕੇ ਲਿਖਣ ਜੋਗਾ ਹੋਇਆ ਸਾਂ, ਤੂੰ ਵੀ ਵੱਧ ਤੋਂ ਵੱਧ ਪੁਸਤਕਾਂ ਪੜ੍ਹ ਤੇ ਅਧਿਐਨ ਕਰ।"

ਉਸ ਦਿਨ ਤੋਂ ਆਰੰਭ ਕਰਕੇ ਲਖਵਿੰਦਰ ਮਾਨ ਨੇ ਮਾਨ ਸਾਹਬ ਦੀ ਅਲਮਾਰੀ ਵਿਚਲੀਆਂ ਸਭ ਕਿਤਾਬਾਂ ਪੜ੍ਹ ਦਿੱਤੀਆਂ। ਬਹੁਤ ਸਾਰਾ ਸਾਹਿਤ ਪੜ੍ਹਨ ਲਈ ਮਾਨ ਸਾਹਿਬ ਦੇ ਛੋਟੇ ਸਪੁੱਤਰ ਅਮਿਤੋਜ਼ ਮਾਨ (ਨੀਸ਼ ਪਾਲ) ਨੇ ਵੀ ਲਖਵਿੰਦਰ



ਨੂੰ ਦਿੱਤਾ ਤੇ ਪ੍ਰੇਰਿਆ।

ਲਖਵਿੰਦਰ ਮਾਨ ਸੱਤਰ ਕੁ ਗੀਤ ਲਿਖ ਚੁੱਕੈ ਤੇ ਵੀਹ ਕੁ ਗੀਤ ਰਿਕਾਰਡ ਹੋ ਚੁੱਕੇ ਹਨ। ਗੀਤ ਲਿਖਣ ਦਾ ਸ਼ੌਕ ਉਸ ਨੂੰ ਬਾਬੂ ਸਿੰਘ ਮਾਨ ਨੂੰ ਦੇਖ ਕੇ ਹੀ ਹੋਇਆ। ਉਸ ਨੇ ਪਹਿਲਾਂ ਜਿਹੜਾ ਗੀਤ ਰਚਿਆ, ਉਸਦੇ ਮੁਢਲੇ ਬੋਲ ਇਉਂ ਸਨ :

ਨਾ ਵੰਝਲੀ, ਨਾ ਰਹਿਗੇ ਬੇਲੇ
ਰਹੇ ਨਾ ਗੋਰਖ ਨਾਥ ਦੇ ਚੇਲੇ
ਕਿਥੋਂ ਲਵਾਂ ਦੱਸ ਮੁੰਦਰਾਂ ਹੁਣ ਮੈਂ
ਕਿਥੋਂ ਕੰਨ ਪਰੋਵਾਂ
ਰਾਂਝਾ ਤਾਂ ਗੱਲ ਲੱਗ ਰੋਇਆ
ਬੇਲਿਆਂ ਦੇ
ਮੈਂ ਕੀਹਦੇ ਗੱਲ ਲੱਗ ਰੋਵਾਂ

ਸਫ਼ਲ ਗਾਇਕ-ਗੀਤਕਾਰ ਰਾਜ ਬਰਾੜ ਤੋਂ ਪ੍ਰਭਾਵਿਤ ਹੋ ਕੇ ਲਖਵਿੰਦਰ ਉਹਨੂੰ ਉਹਦੇ ਪਿੰਡ ਜਾ ਮਿਲਿਆ ਤੇ ਆਪਣੇ ਗੀਤ ਵਿਖਾਏ, ਰਾਜ ਨੇ ਕਿਹਾ, "ਗੀਤ ਲੈਣ ਮੈਂ ਚਹੁੰ ਦਿਨਾਂ ਨੂੰ ਤੇਰੇ ਕੋਲ ਤੇਰੇ ਪਿੰਡ ਆਉਂਗਾ।" ਰਾਜ ਤਿੰਨਾਂ ਦਿਨਾਂ ਮਗਰੋਂ ਹੀ ਉਸ ਕੋਲ ਪਿੰਡ ਚਲਾ ਗਿਆ ਤੇ ਗੀਤ ਲਏ। ਪਹਿਲਾ ਗੀਤ ਰਿਕਾਰਡ ਕਰਵਾਇਆ :

ਉਹ ਕੌਣ ਕੁੜੀ ਸੀ ਨੀ ਭਾਬੀ
ਜੋ ਵਿਆਹ ਤੇਰੇ ਵਿਚ ਨਚਦੀ ਸੀ
ਉਸ ਸੱਜਰੀ ਸੁਰਖ ਜੁਆਨ ਕੁੜੀ ਦੇ
ਕਾਲ਼ੀ ਗਾਨੀ ਜਚਦੀ ਸੀ
ਉਹਦੇ ਹਸਦੀ ਤੋਂ ਫੁੱਲ ਕਿਰਦੇ ਸੀ
ਕਿਰਦੇ ਸੀ ਸੂਹੇ ਲਾਲ
ਉਹਨੇ ਈਲੂ-ਈਲੂ ਲਿਖਿਆ ਸੀ
ਤਲੀਆਂ 'ਤੇ ਮਹਿੰਦੀ ਨਾਲ

ਇਸ ਗੀਤ ਤੋਂ ਇਲਾਵਾ ਰਾਜ ਬਰਾੜ ਨੇ ਲਖਵਿੰਦਰ ਦੇ ਸੱਤ ਗੀਤ ਹੋਰ ਵੀ ਰਿਕਾਰਡ ਕਰਵਾਏ ਜਿਨ੍ਹਾਂ ਵਿਚ, ਪਿਆਰ ਦੀ ਪਤੰਗ, ਸੱਟ ਲੱਗੀ ਐ ਦਰਦ ਤਾਂ ਹੋਣਾ ਈ ਐ, ਦਿਲ ਚਾਹੀਦਾ, ਬਚਕੇ - ਬਚਕੇ, ਨੱਚੇ ਕੁੜੀ ਪੰਜਾਬਣ, ਮੇਰੇ ਮਹਿਬੂਬ, ਇਕ ਸੀ ਰਾਜਾ ਇਕ ਸੀ ਰਾਣੀ। ਗਾਇਕ ਸੁਰਜੀਤ ਭੁੱਲਰ ਦੀ ਆਵਾਜ਼ 'ਚ ਗੀਤ ਭਾਬੀਏ ਨੀ ਭਾਬੀਏ, ਨਜ਼ਰਾਂ ਦੇ ਤੀਰ, ਰੋਵੇ ਨਾ ਤਾਂ ਹੋਰ ਕੀ ਕਰੇ, ਨਾਜੋ ਰਾਣੀਏ (ਕੈਸਿਟ ਦਾ ਟਾਈਟਲ ਗੀਤ), ਤੂੰ ਕਦੇ ਪੁੱਛਿਆ ਈ ਨਹੀਂ, ਏਸ ਜੁਆਨੀ ਨੇ, ਸਭ ਕੁਝ ਬਦਲ ਗਿਆ। ਗਾਇਕ ਪ੍ਰਿੰਸ ਦੀਪ ਦੀ ਆਵਾਜ਼ 'ਚ 'ਕਿੱਥੇ ਗਈਆਂ ਦਿਲਬਰੀਆਂ' ਅਤੇ ਗਾਇਕ ਮੇਜਰ ਮਹਿਰਮ ਦੀ ਆਵਾਜ਼ ਵਿਚ, 'ਬਣ ਜਾਵੀਂ ਚੰਨ ਕੁੜੀਏ, ਮੈਂ ਤੈਨੂੰ ਸਾਰੀ ਰਾਤ ਤੱਕਿਆ ਕਰੂੰ।" ਮੁਹੰਮਦ ਸਦੀਕ ਦੀ ਆਵਾਜ਼ 'ਚ ਨੱਚ ਲੈ, ਗਾਨੀ ਤੇਰੀ ਦੇ ਮਣਕੇ, ਯਾਦ ਕੀਰਨੇ ਪਾਵੇ, ਟੁੱਟੀਆਂ ਦੇ ਦੁੱਖ, ਰਿਕਾਰਡ ਹੋਏ। ਕੁਲਵਿੰਦਰ ਕੰਵਲ ਤੇ ਬੀਬਾ ਸਪਨਾ ਕੰਵਲ ਨੇ ਵੀ ਲਖਵਿੰਦਰ ਦੇ ਗੀਤਾਂ ਨੂੰ ਗਾਇਆ ਹੈ, ਕੰਵਲ ਵੱਲੋਂ

ਸਟੇਜਾਂ ਉੱਪਰ ਗਾਇਆ ਜਾਂਦਾ ਗੀਤ ਖ਼ਾਸ ਮਕਬੂਲ ਹੈ :

ਲੈ ਲੈ ਵੇ ਸਰਪੰਚ ?
ਸਰਕਾਰੀ ਪੈਸਾ ਖਾਵਾਂਗੇ

ਇਹ ਗੀਤ ਆਪਣੇ ਵਿਆਹ ਤੋਂ ਇਕ ਦਿਨ ਪਹਿਲਾਂ ਹੀ ਲਖਵਿੰਦਰ ਨੇ ਲਿਖਿਆ ਸੀ ਤੇ ਦੂਜੇ ਦਿਨ ਹੀ ਵਿਆਹ ਦੇ ਪ੍ਰੋਗਰਾਮ ਮੌਕੇ ਕੁਲਵਿੰਦਰ ਕੰਵਲ ਨੇ ਗਾ ਦਿੱਤਾ ਸੀ। ਸਪਨਾ ਕੰਵਲ ਦਾ ਗਾਇਆ ਗੀਤ :

ਡੁੱਬ ਕੇ ਮਰੇ ਵਿਚੋਲਾ ਜੀਹਨੇ ਤੇਰੇ ਨਾਲ ਵਿਆਹਿਆ
ਬੂਰ੍ਹੀ ਮੱਝ ਲਵੇਰੀ ਠੇਕੇਦਾਰਾਂ ਨੂੰ ਦੇ ਆਇਆ
ਦੁੱਧ ਦੇ ਦਰਸ਼ਨ ਕਰਿਆਂ ਨੂੰ ਵੀ ਹੋ ਗਿਆ ਸਵਾ ਮਹੀਨਾ
ਤੇਰੀ ਬੋਤਲ ਨੇ, ਘਰ ਪੱਟਤਾ ਢੋਲ ਸ਼ੌਕੀਨਾ

ਲਖਵਿੰਦਰ ਮਾਨ ਨੇ ਜ਼ਿਆਦਾਤਰ ਰੁਮਾਂਟਿਕ ਕਿਸਮ ਦੇ ਗੀਤ ਹੀ ਲਿਖੇ ਹਨ। ਉਸਦੇ ਘਰ ਦਿਆਂ ਉਸਨੂੰ ਪੂਰਾ-ਪੂਰਾ ਸਹਿਯੋਗ ਦਿੱਤੈ ਤੇ ਦੇ ਰਹੇ ਹਨ। ਘਰ ਦਿਆਂ ਨੂੰ ਵੀ ਪਹਿਲੋਂ ਨਹੀਂ ਸੀ ਪਤਾ ਕਿ ਮੁੰਡਾ ਗੀਤ ਲਿਖਦੈ। ਜਦ ਰਾਜ ਬਰਾੜ ਵੀ ਆਵਾਜ਼ 'ਚ ਗੀਤ ਰਿਕਾਰਡ ਹੋ ਕੇ ਆਇਆ, ਫਿਰ ਹੀ ਪਤਾ ਲੱਗਿਆ।

ਲਖਵਿੰਦਰ ਮਾਨ ਦੇ ਪਿਤਾ ਦਾ ਨਾਂ ਸ੍ਰ. ਗੁਰਦੇਵ ਸਿੰਘ ਮਾਨ ਹੈ ਤੇ ਮਾਤਾ ਸ਼੍ਰੀਮਤੀ ਨਸੀਬ ਕੌਰ, ਲਖਵਿੰਦਰ ਦੀ ਪਤਨੀ ਦਾ ਨਾਂ ਹੈ ਸ਼੍ਰੀਮਤੀ ਕੁਲਵਿੰਦਰ ਕੌਰ, ਤੇ ਬੇਟੀ ਪਰਵਾਜ਼, ਜੋ ਡੇੜ ਸਾਲ ਦੀ ਹੀ ਸੀ ਹਾਲੇ, ਆਪਣੀ ਜ਼ਿੰਦਗੀ ਦੇ ਦੋ ਵਰ੍ਹੇ ਵੀ ਨਾ ਪੂਰੇ ਕੀਤੇ, ਸਦਾ-ਸਦਾ ਲਈ ਇਹਨਾਂ ਕੋਲੋਂ 'ਪਰਵਾਜ਼' ਭਰ ਗਈ। ਉਹਨੀਂ ਦਿਨੀਂ ਲਖਵਿੰਦਰ ਮਾਨਸਿਕ ਤੌਰ 'ਤੇ ਟੁੱਟ ਗਿਆ ਸੀ।

ਲਖਵਿੰਦਰ ਉਨੱਤੀ ਵਰ੍ਹਿਆਂ ਦਾ ਹੈ। ਜੰਡ ਸਾਹਬ ਦੇ ਸਰਕਾਰੀ ਹਾਈ ਸਕੂਲ ਵਿਚੋਂ ਮੈਟ੍ਰਿਕ ਤੱਕ ਪੜ੍ਹਿਆ ਹੈ। ਰਾਜ ਬਰਾੜ ਨੇ ਉਸ ਦੀ ਆਰਥਿਕ ਤੌਰ 'ਤੇ ਭਰਪੂਰ ਮਦਦ ਕੀਤੀ ਤੇ ਕਰ ਰਿਹੈ। ਇਸ ਗੱਲੋਂ ਵੀ ਉਹ ਬਹੁਤ ਖੁਸ਼ ਹੈ। ਬਾਬੂ ਸਿੰਘ ਮਾਨ ਦੀ ਪ੍ਰੇਰਨਾ ਤੇ ਸਰਪ੍ਰਸਤੀ ਨੇ ਉਸਨੂੰ ਨਵਾਂ ਰੰਗ ਚਾੜ੍ਹਿਆ ਹੈ। ਬਾਬੂ ਸਿੰਘ ਮਾਨ ਨੇ ਉਸ ਨੂੰ ਆਖਿਆ ਸੀ

"ਹਲਕਾ ਲਿਖਕੇ ਪੈਸਾ ਤਾਂ ਕਮਾਇਆ ਜਾ ਸਕੇਗਾ... ਪਰ ਇੱਜ਼ਤ ਨਹੀਂ।"

ਉਸ ਨੇ ਇਹ ਗੱਲ ਪੱਲੇ ਬੰਨ੍ਹੀ ਹੋਈ ਹੈ।

ਇਕ ਵਾਰ ਲਖਵਿੰਦਰ ਮਾਨ ਦਾ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਸਨਮਾਨ ਹੋਇਆ। ਕੁਝ ਦਿਨਾਂ ਮਗਰੋਂ ਉਹ ਮੁਹੰਮਦ ਸਦੀਕ ਕੋਲ ਬੈਠਾ ਸੀ ਉਹਦੇ ਕਿਸੇ ਗੀਤ ਦੀ ਧੁੰਨ ਬਣਾ ਰਹੇ ਸਨ। ਗੱਲਾਂ-ਗੱਲਾਂ ਵਿਚ ਸਦੀਕ ਸਾਹਬ ਨੇ ਲਖਵਿੰਦਰ ਨੂੰ ਕਿਹਾ, "ਤੈਨੂੰ ਹੁਣੇ ਤੋਂ ਮਾਨਾਂ-ਸਨਮਾਨਾਂ ਦੇ ਚੱਕਰਾਂ ਵਿਚ ਨਹੀਂ ਉਲਝਣਾ ਚਾਹੀਦਾ, ਸਨਮਾਨਿਤ ਹੋ ਕੇ ਬੰਦਾ ਸੰਤੁਸ਼ਟ ਹੋ ਜਾਂਦੈ.... ਫੇਰ ਹੋਰ ਕੁਝ ਕਰਨ ਨੂੰ ਹੌਸਲਾ ਨੀ ਮਿਲਦਾ।"

ਲਖਵਿੰਦਰ ਨੇ ਆਖਿਆ, "ਸਦੀਕ ਸਾਹਿਬ ਜੋ ਮੈਨੂੰ ਨਿੱਕੀ ਉਮਰ ਵਿਚ ਸਤਿਕਾਰ ਮਿਲ ਰਿਹੈ, ਉਹਦਾ ਮੈਨੂੰ ਬਹੁਤ ਵੱਡਾ ਹੌਂਸਲਾ ਤੇ ਮਾਣ ਐ।" ਸਦੀਕ ਨੇ ਹੈਰਾਨ ਹੋ ਕੇ ਪੁੱਛਿਆ, "ਉਹ ਕਿਵੇਂ ?" ਤਾਂ ਲਖਵਿੰਦਰ ਮਾਨ ਨੇ ਆਖਿਆ, "ਤੁਸੀਂ ਮੇਰੇ ਪਿਓ ਦੇ ਵਿਆਹ ਉੱਤੇ ਅਖਾੜਾ ਲਾਇਆ ਸੀ ਤੇ ਤੁਸੀਂ ਹੀ ਅੱਜ ਮੇਰੇ ਗੀਤ ਗਾ ਰਹੇ ਹੋ। ਏਦੂੰ ਵੱਡਾ ਹੋਰ ਮੇਰਾ ਸਨਮਾਨ ਭਲਾ ਕੀ ਹੋ ਸਕਦੈ ਸਦੀਕ ਸਾਹਿਬ।"

ਲਖਵਿੰਦਰ ਕੋਲੋਂ ਇਹ ਗੱਲ ਸੁਣ ਕੇ ਸਦੀਕ ਸਾਹਿਬ ਬਾਗੋ-ਬਾਗ ਹੋ ਗਏ ਤੇ ਲਖਵਿੰਦਰ ਨੂੰ ਥਾਪੀ ਦਿੱਤੀ।

## *ਧੀਰਾ ਮਾਨ*

ਰਣਧੀਰ ਸਿੰਘ ਉਰਫ਼ ਧੀਰਾ ਮਾਨ ਥੀਏਟਰ ਅਤੇ ਫਿਲਮਾਂ ਵਿਚ ਜਾਣਿਆ ਪਛਾਣਿਆ ਨਾਮ ਹੈ। ਉਸਦਾ ਪਿੰਡ ਹੈ ਜੈ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਵਿਚ। ਪਿਤਾ ਦਾ ਨਾਂ ਹਰਨੇਕ ਸਿੰਘ ਅਤੇ ਮਾਤਾ ਸ਼੍ਰੀਮਤੀ ਸੁਰਜੀਤ ਕੌਰ। ਇਹ ਚਾਰ ਭੈਣ ਭਰਾ ਹਨ। ਧੀਰੇ ਦੀ ਪਤਨੀ ਦਾ ਨਾਮ ਸ਼੍ਰੀਮਤੀ ਬਲਜੀਤ ਕੌਰ ਹੈ। ਪੁੱਤਰ ਦਾ ਨਾਂ ਗਗਨਦੀਪ ਸਿੰਘ ਅਤੇ ਬੇਟੀ ਅਮਨਦੀਪ ਕੌਰ। ਧੀਰੇ ਨੇ 13 ਜਮਾਤਾਂ ਪਾਸ ਕੀਤੀਆਂ। ਕਲਾਕਾਰੀ ਦੀ ਚਿਣਗ ਉਸਨੂੰ ਬਚਪਨ ਤੋਂ ਲੱਗੀ। 1978 ਵਿਚ ਪਹਿਲੇ ਦੋ ਨਾਟਕ 'ਕਵੀ ਅਤੇ ਕਵਿਤਾ' ਅਤੇ 'ਲੌਟ ਕੇ ਬੁੱਧੂ ਘਰ ਕੋ ਆਏ' ਕੀਤਾ। ਫੇਰ ਉਹ ਰੰਗ ਮਹਿਲ ਡਰਾਮਾ ਡਵੀਜ਼ਨ ਗਿੱਦੜਬਾਹਾ, ਜਾਗ੍ਰਿਤੀ ਡਰਾਮਾ ਡਵੀਜ਼ਨ ਮਲੋਟ, ਬਰੈਕਡੀਅਨ ਮਿਹਰ ਗਰੁੱਪ ਦਿੱਲੀ ਆਦਿ ਥੀਏਟਰ ਗਰੁੱਪਾਂ ਵਿਚ ਕੰਮ ਕਰਨ ਲੱਗਿਆ। ਸ਼ੀਲਾ ਭਾਟੀਆ ਵੱਲੋਂ ਨਿਰਦੇਸ਼ਤ ਕੀਤੇ ਨਾਟਕ 'ਦਰਦ ਆਏਗਾ ਦਬੇ ਪਾਂਓ' ਅਤੇ 'ਮਿੱਤਰੋ ਮਰ ਜਾਣੀ' ਵਿਚ ਕੰਮ ਕੀਤਾ। ਜਿਹੜੇ ਹੋਰਨਾਂ ਨਾਟਕਾਂ ਵਿਚ ਕੰਮ ਕੀਤਾ ਉਹਨਾਂ ਵਿਚ ਬਲਵੰਤ ਗਾਰਗੀ ਦਾ 'ਬਲਦੇ ਟਿੱਬੇ', ਗੁਰਦਿਆਲ ਸਿੰਘ ਦਾ 'ਚੋ ਅਜੇ ਨਹੀਂ ਸੁੱਕਾ', ਰਾਜਧੀਰ ਦੇ ਦੋ ਨਾਟਕ 'ਇਕ ਘੁੱਟ ਦਾਰੂ ਦੀ' ਅਤੇ 'ਮੁੰਡਾ ਵਿਕਾਊ ਹੈ' ਇਸ ਤੋਂ ਇਲਾਵਾ 'ਵੇਖ ਧੀਆਂ ਦੇ ਲੇਖ', 'ਕਮਰਾ ਖਾਲੀ ਹੈ', 'ਜਨਤੰਤਰ ਜ਼ਿੰਦਾਬਾਦ', 'ਘਰ ਜਵਾਈ', 'ਬਗਾਨੇ ਬੋਹੜ ਦੀ ਛਾਂ' ਆਦਿ ਜ਼ਿਕਰਯੋਗ ਹਨ। 'ਜੱਟ ਜਿਉਣਾ ਮੌੜ' ਅਤੇ 'ਮਿਰਜ਼ਾ ਜੱਟ' ਰਵਿੰਦਰ ਰਵੀ ਵੱਲੋਂ ਡਾਇਰੈਕਟ ਕੀਤੀਆਂ ਫਿਲਮਾਂ ਅਤੇ ਬੂਟਾ ਸਿੰਘ ਸ਼ਾਦ ਵੱਲੋਂ 'ਵੈਰੀ' ਫਿਲਮ, 'ਤੁਝੇ ਦੇਖ ਕੇ ਦੀਵਾਨੇ ਹੂਏ ਹਮ', 'ਯਾਰਾਂ ਨਾਲ ਬਹਾਰਾਂ' ਪੰਜਾਬੀ ਫਿਲਮ ਆਦਿ ਵਿਚ ਕੰਮ ਕੀਤਾ।

ਧੀਰਾ ਮਾਨ ਨੇ ਸ਼੍ਰੀ ਰਾਮ ਸੈਂਟਰ ਫਾਰ ਆਰਟ ਐਂਡ ਕਲਚਰ ਨਵੀਂ ਦਿੱਲੀ ਤੋਂ ਡਿਪਲੋਮਾ ਪਾਸ ਕੀਤਾ ਹੈ ਅਤੇ ਜਲੰਧਰ ਦੂਰਦਰਸ਼ਨ ਤੋਂ ਬਤੌਰ ਨਾਟਕ ਕਲਾਕਾਰ ਪਾਸ ਹੋਇਆ। ਟੀ.ਵੀ. ਪ੍ਰੋਗਰਾਮ 'ਰੌਣਕ ਮੇਲਾ', 'ਇਕ ਲੱਪ ਸੁਰਮੇ ਦੀ', 'ਸੰਦਲੀ ਪੈੜਾਂ' ਆਦਿ ਵਿਚ ਉਸ ਆਪਣੀ ਕਲਾ ਪੇਸ਼ ਕੀਤੀ। ਹਿੰਦੀ ਸੀਰੀਅਲ 'ਆਲ ਦੀ ਬੈਸਟ', 'ਫੈਮਿਲੀ ਨੰਬਰ ਵਨ', 'ਯੁਗ', 'ਮੁਝੇ ਚਾਂਦ ਚਾਹੀਏ', 'ਚਸ਼ਮੇ ਬਦੂਰ', 'ਅਗਨੀ ਚੱਕਰ' ਅਤੇ ਪੰਜਾਬੀ ਸੀਰੀਅਲ 'ਕੌਣ ਜਾਣੇ ਪੀੜ ਪਰਾਈ', 'ਸੰਤਾ ਬੰਤਾ' ਵਿਚ ਕੰਮ ਕਰਨ ਤੋਂ ਇਲਾਵਾ ਟੈਲੀ ਫਿਲਮਾਂ 'ਰੌਸ਼ਨੀ', 'ਵਿਧਵਾ' ਅਤੇ 'ਬਲਦਾ ਦਰਿਆ' ਵਿਚ ਕੰਮ ਕੀਤਾ।

ਤਿੰਨ ਸਾਲ ਉਹ ਕੁਲਦੀਪ ਮਾਣਕ ਨਾਲ ਬਤੌਰ ਸਟੇਜ ਸੈਕਟਰੀ ਕੰਮ ਕਰਦਾ ਰਿਹਾ ਤੇ ਹਾਕਮ ਸੂਫ਼ੀ ਨਾਲ ਵੀ ਸਟੇਜਾਂ ਉੱਪਰ ਜਾਂਦਾ ਰਿਹਾ। ਲੋਕ ਸੰਪਰਕ ਵਿਭਾਗ

ਵਿਚ ਇਕ ਸਾਲ ਕੈਜੂਅਲ ਆਰਟਿਸਟ ਦੇ ਤੌਰ 'ਤੇ ਕੰਮ ਕੀਤਾ। ਚਾਰ ਗੀਤ ਕੁਲਦੀਪ ਮਾਣਕ ਨੇ ਗਾਏ। ਇਕ ਗੀਤ ਪਰਗਟ ਭਾਗੂ ਨੇ ਗਾਇਆ। ਇਹਨਾਂ ਗੀਤਾਂ ਵਿਚੋਂ ਹੇਠ ਲਿਖੇ ਨਮੂਨੇ :

ਲੱਤਾ ਭਾਰ ਨਾ ਝੱਲਦੀਆਂ ਜਦ ਬਿਪਤਾ ਪੈਂਦੀ......

✪

ਹੀਰ ਦੀਆਂ ਕੂਕਾਂ......

✪

ਜਿੰਦ ਯਾਰ ਦੇ ਹਵਾਲੇ ਕੀਤੀ ਖਸਮਾਂ ਨੂੰ ਖਾਵੇ ਦੁਨੀਆਂ......

✪

ਸਾਡਾ ਪੁੱਗਿਆ ਨਹੀਂ ਪਿਆਰ ਪੈਸੇ ਦੇ ਬਾਝੋਂ......

1999 ਵਿਚ ਉਸ ਨੇ ਭਜਨੇ ਅਮਲੀ ਨਾਲ ਹੱਡ-ਬੀਤੀ ਅਮਲੀ ਦੀ', ਕੈਸਿਟ ਵਿਚ ਲੁਤਰੋ ਵਜੋਂ ਰੋਲ ਕੀਤਾ ਅਤੇ ਚਰਚਾ ਵਿਚ ਰਿਹਾ। ਕਈਆਂ ਵਰ੍ਹਿਆਂ ਤੋਂ ਧੀਰਾ ਬੰਬੇ ਹੁੰਦਾ ਹੈ। ਗੁੱਗੂ ਗਿੱਲ, ਕ੍ਰਿਸ਼ਨ ਸਾਹਨੀ, ਬੂਟਾ ਸਿੰਘ ਸ਼ਾਦ, ਇਕਬਾਲ ਢਿੱਲੋਂ ਅਤੇ ਰਵਿੰਦਰ ਰਵੀ ਦਾ ਉਹ ਧੰਨਵਾਦੀ ਹੈ ਜਿੰਨ੍ਹਾਂ ਉਹਨੂੰ ਸਮੇਂ-ਸਮੇਂ ਸਿਰ ਬਣਦਾ-ਸਰਦਾ ਸਹਿਯੋਗ ਦਿੱਤਾ।

ਧੀਰਾ ਮਾਨ ਆਪਣੇ ਇਕ ਨਾਟਕ ਦੇ ਸਿਲਸਿਲੇ ਸੰਬੰਧੀ ਚਾਰ ਕੁ ਸਾਲ ਪਹਿਲਾਂ ਮੈਨੂੰ ਪਟਿਆਲੇ ਭਾਸ਼ਾ ਭਵਨ ਵਿਖੇ ਮਿਲਿਆ ਅਤੇ ਮੈਂ ਉਸ ਦੇ ਨਿੱਘੇ ਮਿਲਾਪੜੇ ਅਤੇ ਸਪਸ਼ਟ ਸੁਭਾਅ ਤੋਂ ਪ੍ਰਭਾਵਤ ਹੋਇਆ ਸਾਂ। ਫੇਰ ਕਈ ਸਾਲ ਮੇਲ ਨਾ ਹੋਇਆ ਤਾਂ ਇਕ ਦਿਨ ਉਹ ਅਚਾਨਕ ਹੀ ਭਗਵੰਤ ਮਾਨ ਦੇ ਘਰ ਆ ਪ੍ਰਗਟ ਹੋਇਆ। ਤਾਂ ਉਸ ਨਾਲ ਖੁੱਲ੍ਹੀਆਂ ਗੱਲਾਂ-ਬਾਤਾਂ ਹੋਈਆਂ। ਇਹ ਪੁਸਤਕ ਵਿਚ ਉਸ ਬਾਰੇ ਸੰਖੇਪ ਲੇਖ ਹੀ ਸ਼ਾਮਿਲ ਹੋ ਸਕਿਆ ਹੈ ਕਿਉਂਕਿ ਜਦੋਂ ਉਹ ਮਿਲਿਆ ਤਾਂ ਪੁਸਤਕ ਪ੍ਰੈਸ ਵਿਚ ਸੀ।

## ਕਾਕਾ ਸਿੰਘ ਮਾਨ

ਕਾਕਾ ਮਾਨ ਦਾ ਜਨਮ ਮਾਨਸਾ ਤੋਂ ਚੜ੍ਹਦੇ ਵੱਲ 9 ਕਿਲੋਮੀਟਰ ਦੀ ਦੂਰੀ 'ਤੇ ਵਸੇ ਪਿੰਡ ਬਰਨਾਲਾ ਵਿਖੇ ਮਾਤਾ ਸ਼੍ਰੀਮਤੀ ਅਮਰਜੀਤ ਕੌਰ ਦੀ ਕੁੱਖੋਂ ਸਵ: ਪਿਤਾ ਸ: ਨਿਰੰਜਣ ਸਿੰਘ ਦੇ ਘਰ ਹੋਇਆ। ਮੈਟ੍ਰਿਕ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਤੋਂ ਕੀਤੀ ਅਤੇ ਬੀ.ਏ. ਨਹਿਰੂ ਮੈਮੋਰੀਅਲ ਕਾਲਜ ਮਾਨਸਾ ਤੋਂ ਕੀਤੀ। ਅੱਜ ਕੱਲ ਮਾਨ ਬਤੌਰ ਜੇ.ਬੀ.ਟੀ. ਅਧਿਆਪਕ ਸੇਵਾ ਨਿਭਾ ਰਿਹਾ ਹੈ।

ਕਾਕਾ ਮਾਨ ਨੇ ਦੱਸਿਆ ਕਿ ਮੇਰੇ ਪਿਤਾ ਜੀ ਧਨੌਲੇ ਕੋਲ ਪਿੰਡ ਕਾਲੇਕੇ ਵਿਖੇ ਸਰਕਾਰੀ ਨੌਕਰੀ ਕਰਦੇ ਸਨ। ਪਿਤਾ ਜੀ ਚਾਹੁੰਦੇ ਸਨ ਕਿ ਮੈਂ ਮਾਣਕ ਨਾਲ ਸਟੇਜਾਂ 'ਤੇ ਜਾਇਆ ਕਰਾਂ ਪਰ ਉਨ੍ਹੀਂ ਦਿਨੀਂ ਅਚਾਨਕ ਮੇਰੇ ਪਿਤਾ ਜੀ ਸਵਰਗ ਸਿਧਾਰ ਗਏ ਤੇ ਗੱਲ ਉਥੇ ਹੀ ਆਈ-ਗਈ ਹੋ ਗਈ ਪਰ ਮੇਰੇ ਜ਼ਿਹਨ ਵਿਚ ਕਲਾ ਦਾ ਬੀਜ ਪੁੰਗਰਨਾ ਸ਼ੁਰੂ ਹੋ ਗਿਆ ਤੇ ਮੈਂ ਕਲਮ ਫੜ ਕੇ ਲਿਖਣ ਦੀ ਕੋਸ਼ਿਸ਼ ਵਿਚ ਜੁਟ ਗਿਆ। ਸਭ ਤੋਂ ਪਹਿਲਾਂ ਮੈਂ ਇਕ ਕਹਾਣੀ ਲਿਖੀ ਜੋ ਕਾਲਜ ਦੇ ਮੈਗਜ਼ੀਨ ਵਿਚ ਛਪੀ। ਕਾਲਜ ਦੇ ਪ੍ਰੋਫੈਸਰਾਂ ਤੇ ਯਾਰਾਂ-ਦੋਸਤਾਂ ਨੇ ਕਹਾਣੀ ਦੀ ਬਹੁਤ ਤਾਰੀਫ਼ ਕੀਤੀ। ਫਿਰ ਗੀਤਕਾਰੀ ਵੱਲ ਝੁਕਾਅ ਹੁੰਦਾ ਚਲਾ ਗਿਆ।

ਕਾਕਾ ਮਾਨ ਦਾ ਸਭ ਤੋਂ ਪਹਿਲਾ ਗੀਤ 'ਦੋ ਪਲ ਰੁਕ ਜਾ, ਇਕ ਗੱਲ ਰਹਿ ਗਈ ਮਾਹੀਆ ਵੇ' ਬੀਨਾ ਸਾਗਰ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਫਿਰ ਸਮਾਜਿਕ ਰਿਸ਼ਤਿਆਂ ਦੇ ਗੀਤ ਗਾਉਣ ਵਾਲੇ ਗਾਇਕ ਪਾਲੀ ਦੇਤਵਾਲੀਆ ਦੀ ਆਵਾਜ਼ ਵਿਚ ਉਸਦਾ ਗੀਤ 'ਰੋਂਦੀਆਂ ਗਰੀਬਾਂ ਦੀਆਂ ਧੀਆਂ' ਰਿਕਾਰਡ ਹੋਇਆ। ਇਹ ਕੈਸੇਟ ਦਾ ਟਾਈਟਲ ਗੀਤ ਸੀ। ਅਨਮੋਲ ਕੰਪਨੀ 'ਚ ਗਾਇਕ ਗੋਰਾ ਚੱਕ ਵਾਲਾ ਦੀ ਆਵਾਜ਼ 'ਚ 'ਆਪ ਨਾ ਵਸਾਇਆ ਨਾ ਵੱਸਣ ਜੋਗੀ ਛੱਡੀ' ਗੀਤ ਰਿਕਾਰਡ ਹੋਇਆ ਜੋ ਕਿ ਬਹੁਤ ਸਲਾਹਿਆ ਗਿਆ। ਬੱਸ ਫਿਰ ਕੀ, ਉਹ ਹੋਰ ਲਿਖਦਾ ਗਿਆ ਤੇ ਰਿਕਾਰਡ ਹੁੰਦਾ ਗਿਆ। ਦਰਜਨ ਤੋਂ ਉੱਪਰ ਉਸਦੇ ਗੀਤ ਵੱਖ-ਵੱਖ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਹੋ ਚੁੱਕੇ ਹਨ। ਕਾਕੇ ਦੇ ਗੀਤ ਵਧੇਰੇ ਕਰਕੇ ਪਾਲੀ ਦੇਤਵਾਲੀਏ ਨੇ ਰਿਕਾਰਡ ਕਰਵਾਏ ਹਨ।

## ਸੁਖਚਰਨ ਮਾਨ

ਸੁਖਚਰਨ ਮਾਨ ਦਾ ਜਨਮ ਮਾਤਾ ਸ਼ਾਮ ਕੌਰ ਪਿਤਾ ਸਵਰਗਵਾਸੀ ਸ. ਬਿਸ਼ਨ ਸਿੰਘ ਮਾਨ ਦੇ ਘਰ ਮਿਤੀ 5 ਅਗਸਤ 1964 ਨੂੰ ਪਿੰਡ ਗਿਦੜ ਖੇੜਾ ਜ਼ਿਲਾ ਸਿਰਸਾ ਹਰਿਆਣਾ ਵਿਖੇ ਹੋਇਆ।

ਇਹਨਾਂ ਨੇ ਦਸਵੀਂ ਤੱਕ ਦੀ ਪੜ੍ਹਾਈ ਸਪੋਰਟਸ ਸਕੂਲ ਜਲੰਧਰ ਅਤੇ ਬੀ.ਏ. ਰਾਜਿੰਦਰਾ ਕਾਲਜ ਬਠਿੰਡਾ ਤੋਂ ਕੀਤੀ। ਇਹਨਾਂ ਪੜ੍ਹਦੇ ਵਕਤ (ਸਪੋਰਟਸ) ਖੇਡਾਂ ਵਿਚ ਕਾਫੀ ਮੱਲਾਂ ਮਾਰੀਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਚੈਂਪੀਅਨ ਵੀ ਰਹੇ। ਇਹਨਾਂ ਦੇ ਨਾਲ-ਨਾਲ ਸੰਗੀਤ ਦੇ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ। ਇਹ ਦੀਦਾਰ ਸੰਧੂ, ਮੁਹੰਮਦ ਸਦੀਕ, ਕਰਤਾਰ ਰਮਲਾ ਅਤੇ ਗੁਰਦਾਸ ਮਾਨ ਦੀ ਗਾਇਕੀ ਤੋਂ ਕਾਫ਼ੀ ਪ੍ਰਭਾਵਿਤ ਹੋਏ। ਇਹਨਾਂ ਨੇ ਗੀਤ ਲਿਖਣ ਵਿਚ ਕਾਫ਼ੀ ਰੁਚੀ ਰੱਖੀ ਹੋਈ ਹੈ। ਇਹਨਾਂ ਦੇ ਲਿਖੇ ਗੀਤ ਕਾਫੀ ਕਲਾਕਾਰ ਗਾ ਰਹੇ ਹਨ।

ਇਹਨਾਂ ਦੇ ਪਰਿਵਾਰ ਵਿਚ ਧਰਮ ਪਤਨੀ ਪਰਮਜੀਤ ਕੌਰ ਮਾਨ, ਬੇਟਾ ਸੁਖਦੀਪਇੰਦਰ ਮਾਨ, ਬੇਟੀ ਰਮਨਪ੍ਰੀਤ ਕੌਰ ਮਾਨ ਹਨ। ਇਹ ਪਿੰਡ ਗਿਦੜ ਖੇੜਾ ਦੇ 1990 ਤੋਂ ਸਰਪੰਚ ਬਣੇ ਹਨ। ਇਹਨਾਂ ਦੇ ਵੱਡੇ ਭਰਾ ਸ. ਛੋਟਾ ਸਿੰਘ ਮਾਨ ਸਰਪੰਚ ਤੋਂ ਹੀ ਸਰਪੰਚ ਬਣਨ ਦੀ ਇੱਛਾ ਜਾਗੀ।

ਇਹਨਾਂ ਦੇ ਸਟੇਜਾਂ ਤੇ ਚਰਚਿਤ ਗੀਤ ਹਨ :

- ਤਿੰਨ ਚੀਜ਼ਾਂ ਨਾ ਮਿਲਣ ਬਜ਼ਾਰੋਂ ਹੁਸਨ, ਜਵਾਨ, ਮਾਪੇ ਬਈ
- ਕੱਢੋ ਨਾ ਭਰਾਵਾਂ ਨਾਲ ਕਦੇ ਵੈਰ ਨੂੰ
- ਸੋਲਾਂ ਆਨੇ ਸੱਚ ਨਿਕਲੇ ਮਾੜੀ ਗੱਲ ਦਾ ਨਤੀਜਾ ਮਾੜਾ
- ਧਰਤੀ ਨਾ ਝਲਦੀ ਭਾਰ ਕੂੜੇ

ਇਹਨਾਂ ਦਾ ਕਾਫੀ ਮਾਨ ਸਨਮਾਨ ਵੀ ਹੋਇਆ। ਉਸਤਾਦ ਲਾਲ ਚੰਦ ਯਮਲਾ ਜੱਟ ਟਰਸਟ ਲੁਧਿਆਣਾ ਵੱਲੋਂ ਸਨਮਾਨ ਚਿੰਨ ਮਿਲਿਆ। ਇਹਨਾਂ ਦੀਆਂ ਦੋ ਕੈਸੇਟਾਂ ਜਲਦੀ ਮਾਰਕੀਟ ਵਿਚ ਆ ਰਹੀਆਂ ਹਨ। ਇਹਨਾਂ ਨੇ ਅੱਜ ਤੱਕ ਕਾਫੀ ਨਾਮਵਰ ਗਾਇਕਾਂ ਨਾਲ ਸਟੇਜਾਂ ਸਾਂਝੀਆਂ ਕੀਤੀਆਂ ਹਨ ਜਿਵੇਂ ਕਿ ਜਸਵਿੰਦਰ ਬਰਾੜ, ਚਰਨਜੀਤ ਚੰਨੀ, ਰਿੰਪੀ ਗਰੇਵਾਲ, ਜਸਪਾਲ ਜੱਸੀ, ਸਰਵਜੀਤ ਸੁੱਖੀ, ਨਵਦੀਪ ਨੀਤੂ, ਕਿਰਨ ਜੋਤੀ, ਸਵ: ਜਸਵਿੰਦਰ ਯਮਲਾ, ਰਜਮਿੰਦਰ ਮਾਨ, ਅਮਨਪ੍ਰੀਤ ਵਿੱਕੀ ਆਦਿ ਦੇ ਨਾਂ ਹਨ।

## ਬਲਰਾਜ ਮਾਨ

1974-75 ਦੀ ਗੱਲ ਹੈ ਜਦੋਂ ਬਲਰਾਜ ਮਾਨ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਦਾ ਵਿਦਿਆਰਥੀ ਸੀ ਤੇ ਉਹਦੇ ਕਈ ਸਾਥੀ ਪ੍ਰੋ. ਅਜਮੇਰ ਸਿੰਘ ਔਲਖ ਨਾਲ ਨਾਟਕ ਖੇਡਦੇ ਸਨ, ਤੇ ਬਲਰਾਜ ਦਾ ਧਿਆਨ ਫੁੱਟਬਾਲ ਖੇਡਣ ਵੱਲ ਸੀ। ਇਕ ਵਾਰ, ਪ੍ਰੋ. ਔਲਖ ਨੇ ਆਪਣਾ ਨਾਟਕ 'ਅਰਬਦ ਨਰਬਦ ਧੁੰਦੂਕਾਰਾ' ਕਾਲਜ ਵਿਚ ਖੇਡਣਾ ਸੀ, ਉਹਦੀ ਤਿਆਰੀ ਕਰਵਾ ਰਹੇ ਸਨ ਤਾਂ ਪ੍ਰੋਫੈਸਰ ਔਲਖ ਦਾ ਇਕ ਕਲਾਕਾਰ ਉਹਨਾਂ ਨਾਲੋਂ ਕਿਸੇ ਗੱਲੋਂ ਨਰਾਜ਼ ਹੋ ਕੇ ਚਲਿਆ ਗਿਆ, ਹੁਣ 'ਕਲਾਕਾਰ' ਦੀ ਲੋੜ ਸੀ। ਬਲਰਾਜ ਨੂੰ ਉਹਦੇ ਸਾਥੀ ਔਲਖ ਜੀ ਕੋਲ ਲੈ ਗਏ ਤਾਂ ਔਲਖ ਜੀ ਨੇ ਆਖਿਆ, "ਬਈ ਮਿੱਤਰਾ, ਤੂੰ ਆਹ ਰੋਲ ਕਰਨੈ....।" ਤੇ ਉਹਨਾਂ ਰੋਲ ਬਾਰੇ ਕੁਝ ਹਦਾਇਤਾਂ ਦੇ ਕੇ ਸਮਝਾਇਆ ਵੀ। ਬਲਰਾਜ ਇਸ ਗੱਲੋਂ ਡਰ ਰਿਹਾ ਸੀ ਕਿ ਕਿਤੇ ਇਹ ਮੈਨੂੰ ਆਪਣੀ ਟੀਮ ਵਿਚ ਹੀ ਫਿੱਟ ਨਾ ਕਰ ਲੈਣ। ਸੋ ਉਸ ਨੇ ਪ੍ਰੋ. ਔਲਖ ਦੇ ਸਮਝਾਏ ਰੋਲ ਤੋਂ ਬਿਲਕੁਲ ਉਲਟ ਰੋਲ ਕਰ ਦਿੱਤਾ ਤੇ ਉਹ ਹੋਰ ਜਚ ਗਿਆ ਤੇ ਉਹਨਾਂ ਇਹਦਾ ਖਹਿੜਾ ਹੀ ਨਾ ਛੱਡਿਆ। ਉਹ ਰੋਲ ਸੀ ਰਾਂਝੇ ਦਾ, ਫਿਰ ਬਲਰਾਜ 1983 ਤੱਕ ਉਸ ਨਾਟਕ ਵਿਚ ਰਾਂਝਾ ਬਣਦਾ ਰਿਹਾ ਤੇ 1983 ਵਿਚ ਉਸ ਨੂੰ ਮੰਡੀ ਬੋਰਡ ਵਿਚ ਨੌਕਰੀ ਮਿਲ ਗਈ ਤੇ ਥੋੜ੍ਹਾ ਕੁ ਇਧਰੋਂ ਪਰ੍ਹਾਂ ਹੋਣਾ ਪਿਆ, ਪਰ ਚੰਡੀਗੜ੍ਹ ਸਰਵਿਸ 'ਚ ਰਹਿੰਦਿਆਂ ਆਪਣਾ ਸ਼ੌਂਕ ਪੂਰਾ ਕਰਦਾ ਰਿਹਾ। ਉਂਜ ਉਸਨੇ ਪ੍ਰੋ. ਔਲਖ ਦੇ ਸਾਰੇ ਨਾਟਕਾਂ ਵਿਚ ਹੀ ਕੰਮ ਕੀਤੈ, ਜਿਵੇਂ 'ਅਰਬਦ ਨਰਬਦ ਧੁੰਦੂਕਾਰਾ' ਵਿਚ ਰਾਂਝਾ, 'ਬੇਗਾਨੇ ਬੋਹੜ ਦੀ ਛਾਂ' ਵਿਚ ਗੱਜਣ ਸਿੰਘ, 'ਤੂੜੀ ਵਾਲਾ ਕੋਠਾ' ਵਿਚ ਗਿਆਨੀ, 'ਬਹਿਕਦਾ ਰੋਹ' ਵਿਚ ਮਾਧੋ ਬਣਿਆ।

ਨਾਟਕਾਂ ਤੋਂ ਇਲਾਵਾ ਬਲਰਾਜ ਮਾਨ ਭੰਗੜਾ ਅਤੇ ਮੋਨੋ ਐਕਟਿੰਗ ਵੀ ਕਰਦਾ ਰਿਹੈ ਤੇ ਮੋਨੋ ਐਕਟਿੰਗ ਵਿਚ ਉਹਨੇ ਲਗਾਤਾਰ ਦੋ ਸਾਲ ਯੂਨੀਵਰਸਿਟੀ ਪੱਧਰ ਉੱਤੇ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਇਕ ਵਾਰ ਆਲ ਇੰਡੀਆ ਪੱਧਰ 'ਤੇ ਪਹਿਲਾ ਇਨਾਮ ਹਾਸਿਲ ਕੀਤਾ।

ਉਸ ਨੇ ਆਪਣਾ ਪਹਿਲਾ ਨਾਟਕ, 1987 ਵਿਚ 'ਇਕ ਰੁੱਗ ਦਰਦਾਂ ਦਾ' ਰਚਿਆ ਸੀ ਅਤੇ ਦੂਸਰਾ ਇਕਾਂਗੀ ਸੰਗ੍ਰਹਿ "ਧ੍ਰਿਗ ਤਿਨਾ ਕਾ ਜੀਵਿਆ" ਰਚਿਆ। ਕੁਝ ਮਿੱਤਰਾਂ ਸੰਗ ਰਲਕੇ "ਲੋਕ ਧਾਰਾ ਰੰਗ ਮੰਚ" ਨਾਂ ਹੇਠ ਨਾਟਕ ਮੰਡਲੀ ਬਣਾਈ ਤੇ ਪਿੰਡਾਂ ਵਿਚ ਨਾਟਕ ਖੇਡਣੇ ਸ਼ੁਰੂ ਕੀਤੇ।

ਬਲਰਾਜ ਮਾਨ ਹੁਣ ਤੱਕ 12 ਇਕਾਂਗੀ ਲਿਖ ਚੁੱਕੈ ਤੇ ਇਹਨਾਂ ਵਿਚੋਂ "ਡੰਡੀਆਂ" ਇਕਾਂਗੀ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਸੇਵਾਵਾਂ ਦੇ ਡਾਇਰੈਕਟਰ ਡਾ. ਦਲਜੀਤ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਪੁਸਤਕ 'ਪਗਡੰਡੀਆਂ' ਵਿਚ ਸ਼ਾਮਲ ਕੀਤਾ ਗਿਆ ਹੈ। 'ਯੇ ਆਇਨਾ ਮੇਰੇ ਦੇਸ਼ ਕਾ' ਇਕਾਂਗੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਗਏ ਵਿਦਿਅਕ ਅਤੇ ਸਭਿਆਚਾਰਕ ਮੁਕਾਬਲਿਆਂ ਵਿਚੋਂ ਜੇਤੂ ਰਿਹਾ, 'ਡੰਡੀਆਂ' ਅਤੇ 'ਬੋਲ ਮਿੱਟੀ ਦਿਆ ਬਾਵਿਆ' ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਇਕਾਂਗੀ ਲੇਖਣੀ ਮੁਕਾਬਲਿਆਂ ਵਿਚੋਂ ਪਹਿਲਾ ਸਥਾਨ ਹਾਸਲ ਕਰ ਚੁੱਕੇ ਹਨ। 'ਯੇ ਆਇਨਾ ਮੇਰੇ ਦੇਸ਼ ਕਾ' ਆਲ ਇੰਡੀਆ ਬਾਬਾ ਫਰੀਦ ਪੰਜਾਬੀ ਡਰਾਮਾ ਫੈਸਟੀਵਲ ਵਿਚ ਵੀ ਜੇਤੂ ਰਿਹਾ।

ਬਲਰਾਜ ਮਾਨ ਦੇ ਨਾਟਕਾਂ ਦੀ ਇਕ ਪੁਸਤਕ ਵੀ ਛਪਵਾਈ ਅਧੀਨ ਹੈ। ਪ੍ਰੋ. ਅਜਮੇਰ ਸਿੰਘ ਔਲਖ ਦੀ ਨਾਟਕ ਕਲਾ ਤੇ ਪ੍ਰੋ. ਗੁਰਦਿਆਲ ਸਿੰਘ ਦੀ ਸਾਹਿਤ ਕਲਾ ਤੋਂ ਉਹ ਬੇਹੱਦ ਪ੍ਰਭਾਵਤ ਹੈ। ਰਾਜ ਜੋਸ਼ੀ ਪਾਲਾ ਤੇ ਤੋਲੇ ਕਲ੍ਹੈਰੀ ਉਸਦੇ ਮਿੱਤਰ ਹਨ, ਜਿੰਨਾ ਦੀ ਚੰਗੀ ਵਿਚਾਰਧਾਰਾ ਤੇ ਸਹਿਯੋਗ ਉਸ ਲਈ ਬੜਾ ਸਹਾਈ ਹੁੰਦੈ। ਮੰਡੀ ਬੋਰਡ ਵਿਚ ਉਹ ਨੌਕਰੀ ਕਰਦੈ ਤੇ ਮਾਨਸਾ ਪੱਕੇ ਤੌਰ ਤੇ ਉਹ ਰਿਹੈ। ਪਿਤਾ ਕਾਮਰੇਡ ਹਰਦੇਵ ਸਿੰਘ ਅਤੇ ਮਾਤਾ ਸ਼੍ਰੀਮਤੀ ਅਜਮੇਰ ਕੌਰ। ਬਲਰਾਜ ਦੀ ਜੀਵਨ ਸਾਥਨ ਦਾ ਨਾਂ ਹੈ ਸ਼੍ਰੀਮਤੀ ਸਰਬਜੀਤ ਕੌਰ ਅਤੇ ਬੇਟੀ ਗੁਣਵੰਤ ਮਾਨ ਹੈ, ਬੇਟਾ ਹਰਜੀਤ ਮਾਨ ਹੈ, ਬੱਚੇ ਹੁਸ਼ਿਆਰ ਹਨ ਤੇ ਪੜ੍ਹਦੇ ਹਨ। ਬਲਰਾਜ ਮਾਨ ਨੇ ਮੁੱਢਲੀ ਵਿਦਿਆ (ਪੰਜਵੀਂ ਤੱਕ) ਆਪਣੇ ਨਾਨਕੇ ਪਿੰਡ ਬੜਿੰਗ ਖੇੜਾ ਤੋਂ ਪ੍ਰਾਪਤ ਕੀਤੀ ਸੀ। ਉਹ ਇਤਿਹਾਸ ਦੀ ਐਮ.ਏ. ਹੈ। ਚੰਗਾ ਸਾਹਿਤ ਪੜ੍ਹਨਾ, ਚੰਗੀਆਂ ਫਿਲਮਾਂ ਵੇਖਣਾ ਉਸ ਦਾ ਸ਼ੌਂਕ ਹੈ। ਨਿੱਘੇ ਸੁਭਾਅ ਵਾਲਾ ਹੈ, ਮਿਲਾਪੜਾ ਅੰਤਾਂ ਦਾ। ਪ੍ਰੀਤਮ ਸਿੰਘ ਰੁਪਾਲ ਨੇ ਉਸ ਬਾਰੇ ਲਿਖੇ ਆਪਣੇ ਇਕ ਲੇਖਕ ਵਿਚ ਉਸ ਨੂੰ, "ਸੰਜੀਦਾ ਅਦਾਕਾਰੀ ਦਾ ਵਗਦਾ ਦਰਿਆ" ਲਿਖਿਆ ਹੈ।

## ਪਰਮਜੀਤ ਮਾਨ

ਪਰਮਜੀਤ ਮਾਨ ਮਾਨਸਾ ਜ਼ਿਲੇ ਦੇ ਰੜ ਪਿੰਡ ਵਿਚ 1951 'ਚ ਪੈਦਾ ਹੋਇਆ। ਪਿਤਾ ਸ੍. ਤਾਰਾ ਸਿੰਘ ਦੀ ਸਾਹਿਤਕ ਲਗਨ ਤੋਂ ਉਸਨੂੰ ਸਾਹਿਤ ਪੜ੍ਹਨ ਦਾ ਸ਼ੌਂਕ ਹੋਇਆ। ਮਾਤਾ ਸ਼੍ਰੀਮਤੀ ਭਗਵੰਤ ਕੌਰ ਨੇ ਖ਼ੂਬ ਲਾਡ ਲਡਾਏ। ਪਰਮਜੀਤ ਮਾਨ ਨੇ ਬੀ.ਏ. ਅਤੇ ਡਿਪਲੋਮਾ ਇਲੈਕਟ੍ਰੀਕਲ ਇੰਜਨੀਅਰ ਪਾਸ ਕੀਤਾ। 18 ਸਾਲ ਉਹ ਇੰਡੀਅਨ ਨੇਵੀ 'ਚ ਰਿਹਾ ਤੇ 10 ਸਾਲ ਮਰਚੈਂਟ ਨੇਵੀ 'ਚ। ਦੇਸ਼ ਵਿਦੇਸ਼ ਖ਼ੂਬ ਘੁੰਮੇ। ਅਨੁਭਵੀ ਮਨ ਸਾਹਿਤ ਸਿਰਜਣਾ ਕਰਨ ਲੱਗਿਆ। ਕਵਿਤਾਵਾਂ ਦੀਆਂ ਦੋ ਪੁਸਤਕਾਂ ਲਿਖੀਆਂ, 'ਧੁਖਦੀਆਂ ਸਵੇਰਾਂ - ਬਲਦੀਆਂ ਸ਼ਾਮਾਂ' ਅਤੇ 'ਸਾਗਰ ਦੇ ਸਫ਼ੇ 'ਤੇ'। ਕਹਾਣੀਆਂ ਲਿਖੀਆਂ, ਜੋ ਸਮਦਰਸ਼ੀ, ਜਗ ਬਾਣੀ, ਤੇ ਕਹਾਣੀ ਪੰਜਾਬ ਵਿਚ ਛਪੀਆਂ। ਕਿਤਾਬ ਜਲਦ ਆ ਰਹੀ ਹੈ। ਬਰਨਾਲੇ ਦੇ ਸਮੁੱਚੇ ਸਾਹਿਤਕ ਮਾਹੌਲ ਤੋਂ

ਪ੍ਰਭਾਵ ਕਬੂਲਿਆ। ਅੱਜ ਕੱਲ ਪਰਮਜੀਤ ਮਾਨ ਬਰਨਾਲੇ ਰਹਿੰਦਾ ਹੈ ਤੇ ਪੰਜਾਬ ਉਦਯੋਗਿਕ ਟਰੇਨਿੰਗ ਸੈਂਟਰ ਬਰਨਾਲਾ ਦਾ ਪ੍ਰਿੰਸੀਪਲ ਹੈ। ਇਕ ਲੜਕੀ ਮਨਜੀਤ ਕੌਰ ਐਮ.ਏ. ਹੈ। ਲੜਕਾ ਜਤਿੰਦਰ ਅੱਠਵੀ 'ਚ ਹੈ। ਵੱਡਾ ਲੜਕਾ ਕਮਲਜੀਤ ਬੀ.ਸੀ.ਏ. ਕਰ ਰਿਹਾ ਹੈ। ਪਤਨੀ ਦਾ ਨਾਂ ਸੁਰਿੰਦਰ ਕੌਰ ਹੈ। ਸੂਝਵਾਨ ਪਰਿਵਾਰ ਹੈ, ਜੋ ਉਸਦੀ ਸਾਹਿਤਕ ਲਗਨ ਦੇ ਟਿਕਾਓ 'ਚ ਸਹਾਈ ਹੁੰਦਾ ਹੈ।

## *ਸੁਖਵੀਰ ਸਿੰਘ ਮਾਨ*

ਸੁਖਵੀਰ ਸਿੰਘ ਮਾਨ ਕਬੱਡੀ ਦਾ ਖਿਡਾਰੀ ਹੈ। ਉਸ ਦੇ ਪਿਤਾ ਦਰਸ਼ਨ ਸਿੰਘ ਪੰਜਾਬ ਪੁਲਿਸ ਵਿਚ ਸਰਵਿਸ ਕਰਦੇ ਹਨ। ਸੁਖਵੀਰ ਬਰਜਿੰਦਰਾ ਕਾਲਜ ਵਿਖੇ ਬੀ.ਏ. ਭਾਗ ਪਹਿਲਾ ਵਿਚ ਪੜ੍ਹ ਰਿਹਾ ਹੈ।

ਸਭ ਤੋਂ ਪਹਿਲਾਂ 1996 ਵਿਚ ਜ਼ਿਲ੍ਹਾ ਪੱਧਰ ਦੇ ਮੁਕਾਬਲਿਆਂ ਵਿਚ ਉਸ ਨੇ ਕਬੱਡੀ ਖੇਡੀ। 1997-98 ਵਿਚ ਪੰਜਾਬ ਪੱਧਰ ਦੇ ਮੁਕਾਬਲੇ, ਜੋ ਮਾਨਾਂ ਵਾਲਾ (ਅੰਮ੍ਰਿਤਸਰ) ਵਿਖੇ ਹੋਏ ਸਨ, ਭਾਗ ਲਿਆ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਜਿੱਥੇ ਉਸਦੀ ਚੋਣ ਨੈਸ਼ਨਲ ਖਿਡਾਰੀ ਵਜੋਂ ਹੋਈ ਪਹਿਲੇ ਇੰਡੀਆ ਕੋਚਿੰਗ ਕੈਂਪ ਲਈ ਗਾਂਧੀ ਨਗਰ ਗਿਆ। ਉਸ ਤੋਂ ਬਾਅਦ 1999 ਅਤੇ 2000 ਵਿਚ ਪੰਜਾਬ ਪੱਧਰ ਦੇ ਮੁਕਾਬਲੇ, ਜੋ ਕੋਟ ਕਰੋੜ ਵਿਖੇ ਹੋਏ ਵਿਚ ਭਾਗ ਲਿਆ। ਫਿਰ ਇਸ ਦੀ ਚੋਣ ਨੈਸ਼ਨਲ ਗੇਮਜ਼ ਲਈ ਹੋਈ ਅਤੇ ਜੈਪੁਰ ਵਿਖੇ ਖੇਡਣ ਗਿਆ। ਇਥੋਂ ਉਸਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਭਾਰਤੀ ਕਬੱਡੀ ਕੈਂਪ ਲਈ ਚੁਣਿਆ ਗਿਆ ਅਤੇ ਇਸ ਕੈਂਪ ਵਿਚ ਭਾਗ ਲੈਣ ਵਾਲਾ ਇਹ ਪੰਜਾਬ ਦਾ ਇਕੋ ਇਕ ਖਿਡਾਰੀ ਸੀ। ਫਿਰ ਇਸਦੀ ਚੋਣ ਭਾਰਤੀ ਕਬੱਡੀ ਦੀ ਟੀਮ ਲਈ ਹੋਈ। ਜੋ ਏਸ਼ੀਆ ਕਬੱਡੀ ਚੈਂਪੀਅਨਸ਼ਿਪ ਫਰੀਦਾਬਾਦ ਵਿਖੇ ਹੋਈ ਵਿਚ ਭਾਗ ਲਿਆ। ਉਥੇ ਭਾਰਤ ਤੋਂ ਇਲਾਵਾ ਥਾਈਲੈਂਡ, ਸ਼੍ਰੀਲੰਕਾ, ਬੰਗਲਾਦੇਸ਼, ਨੇਪਾਲ ਆਦਿ ਦੇ ਖਿਡਾਰੀ ਵੀ ਭਾਗ ਲੈਣ ਆਏ ਸਨ ਅਤੇ ਭਾਰਤ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਫੇਰ ਸੁਖਵੀਰ ਨੇ ਬੁਢਲਾਡੇ ਹੋਈਆਂ ਸੀਨੀਅਰ ਪੰਜਾਬ ਪੱਧਰ ਦੀਆਂ ਖੇਡਾਂ ਵਿਚ ਭਾਗ ਲਿਆ ਅਤੇ ਦੂਜਾ ਸਥਾਨ ਹਾਸਲ ਕੀਤਾ। ਉਸ ਨੂੰ ਮੁੰਬਈ ਵਿਖੇ ਹੋਈ ਸੀਨੀਅਰ ਨੈਸ਼ਨਲ ਲਈ ਚੁਣਿਆ ਗਿਆ। ਮੰਡੀ ਕਲਾਂ ਵਿਖੇ ਹੋਈ ਸੀਨੀਅਰ ਪੰਜਾਬ ਚੈਂਪੀਅਨਸ਼ਿਪ ਵਿਚ ਉਸਨੇ ਭਾਗ ਲਿਆ ਤਾਂ ਉਸ ਨੂੰ ਮਲਾਇਆ (ਕਰਨਾਟਕ) ਵਿਖੇ ਨੈਸ਼ਨਲ ਖੇਡਾਂ ਲਈ ਚੁਣਿਆ ਗਿਆ। ਇਸ ਨੇ ਯੂ.ਪੀ. ਵਿਖੇ ਹੋਈਆਂ ਨਾਰਥ ਗੇਮਜ਼ ਵਿਚ ਵੀ ਭਾਗ ਲਿਆ। ਕਾਲਜ ਦੀਆਂ ਇੰਟਰ ਵਰਸਿਟੀ ਖੇਡਾਂ ਵਿਚ ਭਾਗ ਲਿਆ ਅਤੇ ਇਨਾਮ ਹਾਸਲ ਕੀਤੇ। ਜਦੋਂ ਸੁਖਵੀਰ ਸਿੰਘ ਮਾਨ ਦੀ ਚੋਣ ਪੰਜਾਬ ਵਿਚ ਹੋਣ ਵਾਲੀਆਂ ਨੈਸ਼ਨਲ ਖੇਡਾਂ ਦੇ ਕੈਂਪ ਲਈ ਹੋਈ ਤਾਂ ਉਸ ਦਾ ਆਲਾ ਦੁਆਲਾ ਸਭ ਖੁਸ਼ ਨਜ਼ਰ ਆ ਰਿਹਾ ਸੀ। ਹੁਣ ਤੱਕ ਉਹ ਸੱਤ ਵਾਰ ਪੰਜਾਬ ਪੱਧਰ ਤੇ ਪੰਜ ਵਾਰ ਨੈਸ਼ਨਲ ਪੱਧਰ ਤੇ ਅਤੇ ਇਕ ਵਾਰ ਇੰਟਰਨੈਸ਼ਨਲ ਪੱਧਰ ਤੇ ਖੇਡ ਚੁੱਕਾ ਹੈ ਅਤੇ ਇਨਾਮ ਸਨਮਾਨ ਜਿੱਤ ਚੁੱਕਾ ਹੈ। ✪✪✪